ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 10 | 09 April 2021 to 15 April 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

10 ਵਿਸ਼ੇਸ਼ ਰਿਪੋਰਟ
ਪੰਜਾਬ ਦੀਆਂ ਚੋਣ ਤਿਆਰੀਆਂ ਤੇ ਕਿਸਾਨੀ ਏਜੰਡਾ



13 ਵਿਸ਼ੇਸ਼ ਰਿਪੋਰਟ
ਕਿਸਾਨ ਅੰਦੋਲਨ ਨੂੰ ਫੇਲ ਕਰਨ ਦੀ ਮੋਦੀ ਚਾਣਕੀਆ ਨੀਤੀ



16 ਵਾਤਾਵਰਣ
ਸਾਫ਼-ਸੁਥਰਾ ਵਾਤਾਵਰਨ ਮਨੁੱਖ ਦੇ ਭਵਿੱਖ ਲਈ ਜ਼ਰੂਰੀ



27 ਸਾਹਿਤ/ ਮਨੋਰੰਜਨ
ਵਿਸਾਖੀ ਅਤੇ ਪੰਜਾਬੀ ਫਿਲਮਾਂ



# ਆੜ੍ਹਤੀਆਂ ਰਾਹੀਂ ਅਦਾਇਗੀ ਸੰਬੰਧੀ ਰਾਜ ਸਰਕਾਰ ਦੇ ਫ਼ੈਸਲੇ ਨੂੰ ਕੇਦਰ ਸਰਕਾਰ ਨੇ ਕੀਤਾ ਨਾ ਮੰਨਜ਼ੂਰ

## ✪ ਪੰਜਾਬ 'ਚ ਹੁਣ ਜਿਣਸ ਦੀ ਸਿੱਧੀ ਅਦਾਇਗੀ ਵਾਲਾ ਕੇਂਦਰੀ ਫਾਰਮੂਲਾ ਲਾਗੂ ਹੋਣ ਦੇ ਬਣੇ ਆਸਾਰ ✪ ਜਮੀਨੀ ਰਿਕਾਰਡ ਆਨਲਾਈਨ ਕਰਨ ਦਾ ਅਮਲ ਛੇ ਮਹੀਨੇ ਲਈ ਅੱਗੇ ਪਾਇਆ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਕਿਸਾਨੀ ਸੰਘਰਸ਼ ਦੇ ਚੱਲਦੇ ਹੋਏ ਵੀ ਕੇਂਦਰ ਸਰਕਾਰ ਨੇ ਪੰਜਾਬ ਨੂੰ ਨਵਾਂ ਝਟਕਾ ਦਿੰਦੇ ਹੋਏ ਕਣਕ ਦੀ ਖਰੀਦ ਲਈ ਸਿੱਧੀ ਅਦਾਇਗੀ ਬਾਰੇ ਪੰਜਾਬ ਸਰਕਾਰ ਦੀ ਮੰਗ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਕੇਂਦਰ ਸਰਕਾਰ ਦੀ ਅਜਿਹੀ ਕੋਰੀ ਨਾਂਹ ਨਾਲ ਪੰਜਾਬ 'ਚ ਹੁਣ ਜਿਣਸ ਦੀ ਸਿੱਧੀ ਅਦਾਇਗੀ ਵਾਲਾ ਕੇਂਦਰੀ ਫਾਰਮੂਲਾ ਲਾਗੂ ਹੋਣ ਦੇ ਆਸਾਰ ਬਣ ਗਏ ਹਨ। ਕੇਂਦਰ ਸਰਕਾਰ ਦੀ ਦੋ-ਹਰਫੀ ਨਾਂਹ ਨੇ ਪੰਜਾਬ ਦੇ ਆੜ੍ਹਤੀਆਂ ਨੂੰ ਹਲੂਣ ਦਿੱਤਾ ਹੈ ਜਦੋਂ ਕਿ ਪੰਜਾਬ ਸਰਕਾਰ ਆੜ੍ਹਤੀਆਂ ਦੇ ਪੱਖ 'ਚ ਕੇਂਦਰ ਸਰਕਾਰ ਅੱਗੇ ਕੋਈ ਠੋਸ ਸਟੈਂਡ ਨਹੀਂ ਲੈ ਸਕੀ। ਪਰ ਇਸ ਦੇ ਨਾਲ ਹੀ ਕੇਂਦਰ ਨੇ ਸਿੱਧੀ ਅਦਾਇਗੀ ਲਈ ਜਮੀਨੀ ਰਿਕਾਰਡ ਆਨਲਾਈਨ ਕਰਨ ਦੇ ਅਮਲ ਨੂੰ ਛੇ ਮਹੀਨੇ ਲਈ ਮੁਲਤਵੀ ਕਰ ਦਿੱਤਾ ਹੈ। ਕੇਂਦਰੀ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਪਿਊਸ਼ ਗੋਇਲ ਨਾਲ ਪੰਜਾਬ ਦੇ ਮੰਤਰੀ ਸਮੂਹ ਦੇ ਨਾਲ ਨਾਲ ਮੈਂਬਰ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸਨ ਆਸ਼ੂ, ਖਜਾਨਾ ਮੰਤਰੀ ਮਨਪ੍ਰੀਤ ਬਾਦਲ, ਵਿਜੈਇੰਦਰ ਸਿੰਗਲਾ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਅਤੇ ਪ੍ਰਮੁੱਖ ਸਕੱਤਰ ਖ਼ੁਰਾਕ ਤੇ ਸਿਵਲ ਸਪਲਾਈ ਕੇ.ਏ.ਪੀ. ਸਿਨਹਾ ਨੇ ਕਰੀਬ ਦੋ ਘੰਟੇ ਲੰਮੀ ਮੀਟਿੰਗ ਕੀਤੀ ਜਿਸ 'ਚ ਮੰਤਰੀ ਸਮੂਹ ਨੇ ਸਿੱਧੀ ਅਦਾਇਗੀ ਖਿਲਾਫ ਪੱਖ ਰੱਖਿਆ ਅਤੇ ਇਸ ਲਈ ਮੋਹਲਤ ਮੰਗੀ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੀਟਿੰਗ ਮਗਰੋਂ ਦੱਸਿਆ ਕਿ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੀ ਆੜ੍ਹਤੀਆਂ ਰਾਹੀਂ ਅਦਾਇਗੀ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ ਅਤੇ ਹੁਣ ਪੰਜਾਬ ਕੋਲ ਕੋਈ ਬਦਲ ਨਹੀਂ ਬਚਿਆ ਹੈ। ਉਨ੍ਹਾਂ ਦੱਸਿਆ ਕਿ ਕੇਂਦਰੀ ਖ਼ੁਰਾਕ ਮੰਤਰੀ ਪਿਊਸ਼ ਗੋਇਲ ਨੇ ਸਪੱਸ਼ਟ ਆਖ ਦਿੱਤਾ ਕਿ ਕੇਂਦਰ ਸਰਕਾਰ ਕਣਕ ਦੀ ਖਰੀਦ ਅਤੇ ਅਦਾਇਗੀ ਤਾਂ ਹੀ ਕਰੇਗੀ, ਜੇ ਪੰਜਾਬ 'ਚ ਕਿਸਾਨਾਂ ਨੂੰ ਜਿਣਸ ਦੀ ਸਿੱਧੀ ਅਦਾਇਗੀ ਕੀਤੀ ਜਾਵੇਗੀ। ਕੇਂਦਰੀ ਮੰਤਰੀ ਨੇ ਮੀਟਿੰਗ 'ਚ ਆਖਿਆ ਕਿ ਜੇ ਪੰਜਾਬ ਸਰਕਾਰ ਨੇ ਆੜ੍ਹਤੀਆਂ ਜਰੀਏ ਅਦਾਇਗੀ ਕਰਨੀ ਹੈ ਤਾਂ ਰਾਜ ਸਰਕਾਰ ਖੁਦ ਆਪਣੇ ਪੱਧਰ 'ਤੇ ਜਿਣਸ ਖਰੀਦ ਦੇ ਪ੍ਰਬੰਧ ਕਰ ਲਵੇ। ਅਜਿਹੇ ਸ਼ਬਦਾਂ ਤੋਂ ਸਪੱਸ਼ਟ ਹੋ ਜਾਂਦਾ



ਹੈ ਕਿ ਕੇਂਦਰ ਸਰਕਾਰ ਆਪਣੀਆਂ ਨਵੀਂਆਂ ਸਿਆਸਤੀ ਖੇਡਾਂ ਰਚ ਰਹੀ ਹੈ ।

ਮਨਪ੍ਰੀਤ ਬਾਦਲ ਨੇ ਕਿਹਾ ਕਿ ਹੁਣ ਉਨ੍ਹਾਂ ਕੋਲ ਕੋਈ ਚਾਰਾ ਨਹੀਂ ਬਚਿਆ ਹੈ। ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸਨ ਆਸ਼ੂ ਨੇ ਦੱਸਿਆ ਕਿ ਕੇਂਦਰੀ ਮੰਤਰੀ ਪਿਊਸ਼ ਗੋਇਲ ਨਾਲ ਅੱਜ ਸੁਖਾਵੇਂ ਮਾਹੌਲ ਵਿੱਚ ਕਣਕ ਦੀ ਖਰੀਦ ਸਬੰਧੀ ਚਰਚਾ ਹੋਈ ਅਤੇ ਕੇਂਦਰ ਸਰਕਾਰ ਨੇ ਪੰਜਾਬ ਦੇ ਲੈਂਡ ਰਿਕਾਰਡ ਨੂੰ ਆਨਲਾਈਨ ਕਰਨ ਦਾ ਫੈਸਲਾ 6 ਮਹੀਨੇ ਲਈ ਟਾਲ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ 'ਚ ਵਫਦ ਵੱਲੋਂ ਸਿੱਧੀ ਅਦਾਇਗੀ (ਡੀਬੀਟੀ) ਲੈਂਡ ਰਿਕਾਰਡ ਨੂੰ ਆਨਲਾਈਨ ਕਰਨ, ਦਿਹਾਤੀ ਵਿਕਾਸ ਫੰਡ (ਆਰਡੀਐਫ) ਦੀ ਕੇਂਦਰ ਸਰਕਾਰ ਵੱਲ ਖੜ੍ਹੀ ਬਕਾਇਆ ਰਾਸ਼ੀ ਨੂੰ ਜਲਦ ਜਾਰੀ ਕਰਨ ਅਤੇ ਪੰਜਾਬ ਦੇ ਗੁਦਾਮਾਂ ਵਿੱਚੋਂ ਅਨਾਜ ਦੀ ਜਲਦੀ ਚੁਕਾਈ ਕਰਨ ਬਾਰੇ ਚਰਚਾ ਕੀਤੀ ਗਈ।

ਕੇਂਦਰੀ ਮੰਤਰੀ ਗੋਇਲ ਨੇ ਮੀਟਿੰਗ ਦੌਰਾਨ ਪੰਜਾਬ ਸਰਕਾਰ ਨੂੰ ਦਿਹਾਤੀ ਵਿਕਾਸ ਫੰਡ ਦੀ ਲੰਘੇ ਤਿੰਨ ਸਾਲਾਂ ਦੀ ਆਮਦਨ ਅਤੇ ਖਰਚ ਬਾਰੇ ਰਿਪੋਰਟ ਮੁੜ ਭੇਜਣ ਲਈ ਆਖਿਆ ਹੈ। ਉਨ੍ਹਾਂ ਇਸ ਰਿਪੋਰਟ ਮਗਰੋਂ ਹੀ ਬਕਾਇਆ ਦੋ ਫੀਸਦੀ ਆਰਡੀਐੱਫ ਜਾਰੀ ਕਰਨ ਦੀ ਗੱਲ ਕਹੀ ਹੈ। ਪੰਜਾਬ ਦੇ ਮੰਤਰੀਆਂ ਨੇ ਪੱਖ ਰੱਖਿਆ ਕਿ ਕੇਂਦਰ ਇਸ ਬਾਰੇ ਆਡਿਟ ਵੀ ਕਰਵਾ ਸਕਦਾ ਹੈ, ਪ੍ਰੰਤੂ ਦਿਹਾਤੀ ਵਿਕਾਸ ਫੰਡ ਦੀ ਵਰਤੋਂ ਕਾਨੂੰਨ ਅਨੁਸਾਰ ਹੀ ਕੀਤੀ ਗਈ ਹੈ। ਕੇਂਦਰੀ ਮੰਤਰੀ ਨੇ ਮੀਟਿੰਗ ਦੌਰਾਨ ਪੰਜਾਬ ਦੀ ਵੱਖ ਵੱਖ ਹੈੱਡਾਂ ਤਹਿਤ ਕੇਂਦਰ ਵੱਲ ਬਕਾਇਆ ਰਾਸ਼ੀ ਨੂੰ ਜਲਦ ਜਾਰੀ ਕਰਨ ਦਾ ਵੀ ਭਰੋਸਾ ਦਿੱਤਾ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਹੁਣ ਆੜ੍ਹਤੀਆਂ ਸਾਹਮਣੇ ਸਿੱਧੀ ਅਦਾਇਗੀ ਦੇ ਬਦਲੇ ਵਿਚ ਕੋਈ ਵਿੱਤੀ ਸੁਰੱਖਿਆ ਦਾ ਫਾਰਮੂਲਾ ਰੱਖੇਗੀ।

ਬਾਕੀ ਸਫ਼ਾ 15 'ਤੇ

# ਕੋਰੋਨਾ ਨੇ ਮਚਾਈ ਤਬਾਹੀ, ਪਿਛਲੇ 24 ਘੰਟਿਆਂ ਵਿੱਚ 1 ਲੱਖ 30,000 ਕੇਸ, 780 ਮੌਤਾਂ

**ਨਵੀਂ ਦਿੱਲੀ/ਏ.ਟੀ.ਨਿਊਜ਼:** ਦੇਸ਼ ਵਿਚ ਕੋਰੋਨਾ ਦੀ ਲਾਗ ਬੇਕਾਬੂ ਹੋ ਗਈ ਹੈ। ਨਵੇਂ ਕੇਸਾਂ ਦੀ ਗਿਣਤੀ ਹਰ ਦਿਨ ਰਿਕਾਰਡ ਤੋੜ ਰਹੀ ਹੈ। ਸਿਹਤ ਮੰਤਰਾਲੇ ਦੀ ਤਾਜ਼ਾ ਰਿਪੋਰਟ ਅਨੁਸਾਰ ਪਿਛਲੇ 24 ਘੰਟਿਆਂ ਵਿੱਚ 1,31,968 ਨਵੇਂ ਕੋਰੋਨਾ ਮਾਮਲੇ ਸਾਹਮਣੇ ਆਏ ਹਨ ਅਤੇ 780 ਲੋਕਾਂ ਦੀ ਮੌਤ ਹੋ ਗਈ ਹੈ। ਹਾਲਾਂਕਿ, 61,899 ਲੋਕ ਵੀ ਕੋਰੋਨਾ ਤੋਂ ਬਰਾਮਦ ਹੋਏ ਹਨ। ਇਸ ਤੋਂ ਪਹਿਲਾਂ 4,6 ਅਤੇ 7 ਅਪ੍ਰੈਲ ਨੂੰ ਇਕ ਮਿਲੀਅਨ ਤੋਂ ਵੱਧ ਮਾਮਲੇ ਸਾਹਮਣੇ ਆਏ ਸਨ। ਮਹਾਂਰਾਸ਼ਟਰ ਵਿੱਚ ਕੱਲ ਕੋਰੋਨਾ ਵਾਇਰਸ ਦੇ ਸੰਕਰਮਣ ਦੇ 56,286 ਨਵੇਂ ਕੇਸ ਦਰਜ ਕੀਤੇ ਗਏ ਹਨ, ਜਿਸ ਨਾਲ ਰਾਜ ਵਿੱਚ ਸੰਕਰਮਣ ਦੀ ਕੁਲ ਗਿਣਤੀ 32,29,547 ਹੋ ਗਈ ਹੈ। ਇਸ ਦੇ ਨਾਲ ਹੀ ਰਾਜ ਵਿਚ ਮਰਨ ਵਾਲਿਆਂ ਦੀ ਗਿਣਤੀ 57,



028 ਹੋ ਗਈ ਹੈ ਅਤੇ 376 ਹੋਰ ਮੌਤਾਂ ਦੇ ਨਾਲ ਹਨ। ਇਸ ਦੇ ਨਾਲ, ਕਰਨਾਟਕ ਵਿੱਚ ਲਾਗ ਦੇ 6,570 ਨਵੇਂ ਕੇਸ ਦਰਜ ਕੀਤੇ ਗਏ ਹਨ, ਤਾਮਿਲਨਾਡੂ ਵਿੱਚ 4,276, ਗੁਜਰਾਤ ਵਿੱਚ 4,021, ਪੰਜਾਬ ਵਿੱਚ 3,119, ਅਤੇ ਹਰਿਆਣਾ ਵਿੱਚ 2,872, ਮਹਾਰਾਸ਼ਟਰ ਵਿੱਚ 59,907 ਕੇਸ ਦਰਜ ਹੋਏ ਅਤੇ ਬੁਡੇਨੇਸਡਾ ਵਿੱਚ 322 ਲੋਕਾਂ ਦੀ ਮੌਤ ਹੋਈ।

ਕੋਰੋਨਾ ਟੀਕਾ ਲਗਵਾਉਣ ਦੀ ਮੁਹਿੰਮ ਦੇਸ਼ ਵਿਚ 16 ਜਨਵਰੀ ਤੋਂ ਸ਼ੁਰੂ ਹੋਈ ਸੀ। 8 ਅਪ੍ਰੈਲ ਤੋਂ ਦੇਸ਼ ਭਰ ਵਿਚ 9 ਮਿਲੀਅਨ 43 ਲੱਖ 34 ਹਜ਼ਾਰ 262 ਲੋਕਾਂ ਨੂੰ ਕੋਰੋਨਾ ਖੁਰਾਕ ਦਿੱਤੀ ਗਈ ਹੈ। ਟੀਕੇ ਦੀ ਦੂਜੀ ਖੁਰਾਕ ਦਾ ਪ੍ਰਬੰਧ ਕਰਨ ਦੀ ਮੁਹਿੰਮ 13 ਫਰਵਰੀ ਨੂੰ ਸ਼ੁਰੂ ਹੋਈ ਸੀ। 1 ਅਪ੍ਰੈਲ ਤੋਂ 45 ਸਾਲਾਂ ਤੋਂ ਵੱਧ ਉਮਰ ਦੇ ਲੋਕਾਂ ਨੂੰ ਟੀਕਾ ਲਗਾਇਆ ਜਾ ਰਿਹਾ ਹੈ।

# ਦੀਪ ਸਿੱਧੂ ਦਾ ਕੋਰਟ ਵਿਚ ਦਾਅਵਾ, ਕੋਈ ਸਬੂਤ ਨਹੀਂ ਹੈ ਕਿ ਮੈਂ ਭੀੜ ਇਕੱਠੀ ਕੀਤੀ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਕਿਸਾਨ ਟਰੈਕਟਰ ਪਰੇਡ ਦੌਰਾਨ 26 ਜਨਵਰੀ ਨੂੰ ਹੋਈ ਹਿੰਸਾ ਨੂੰ ਲੈ ਕੇ ਮੁਲਜ਼ਮ ਪੰਜਾਬੀ ਅਦਾਕਾਰ ਦੀਪ ਸਿੱਧੂ ਨੇ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਵੀਰਵਾਰ ਨੂੰ ਦਿੱਲੀ ਕੋਰਟ ਵਿਚ ਸਫਾਈ ਦਿੱਤੀ ਹੈ। ਲਾਲ ਕਿਲਾ ਹਿੰਸਾ ਵਿਚ ਮੁਲਜ਼ਮ ਦੀਪ ਸਿੱਧੂ ਦੇ ਵਕੀਲ ਨੇ ਕੋਰਟ 'ਚ ਕਿਹਾ ਕਿ ਉਸ ਖ਼ਿਲਾਫ਼ ਕੋਈ ਸਬੂਤ ਨਹੀਂ ਹੈ, ਜਿਸ ਤੋਂ ਪਤਾ ਲੱਗ ਸਕੇ ਕਿ ਉਸ ਨੇ ਹਿੰਸਾ ਲਈ ਲੋਕਾਂ ਨੂੰ ਭੜਕਾਇਆ। ਉਸ ਨੇ ਇਹ ਵੀ ਕਿਹਾ ਕਿ ਕਿਸਾਨ ਟਰੈਕਟਰ ਪਰੇਡ ਲਈ ਕਿਸਾਨ ਆਗੂਆਂ ਵੱਲੋਂ ਅਪੀਲ ਕੀਤੀ ਗਈ ਸੀ। ਦੀਪ ਸਿੱਧੂ ਤਾਂ ਕਿਸਾਨ ਯੂਨੀਅਨ ਦਾ ਮੈਂਬਰ ਨਹੀਂ ਹੈ। ਦੀਪ ਨੇ ਲਾਲ ਕਿਲੇ 'ਚ ਜਾਣ ਲਈ ਕੋਈ ਕਾਲ ਵੀ ਨਹੀਂ ਕੀਤੀ। ਕੋਰਟ ਦੇ ਸਾਹਮਣੇ ਦੀਪ ਸਿੱਧੂ ਨੇ ਆਪਣੇ ਵਕੀਲ ਰਾਹੀਂ ਕਿਹਾ ਕਿ ਉਸ ਨੇ ਦਿੱਲੀ 'ਚ ਹਿੰਸਾ ਦਾ ਇਕ ਵੀ ਕੰਮ ਨਹੀਂ ਕੀਤਾ ਹੈ। ਹਿੰਸਾ ਭੜਕਾਉਣ ਤੋਂ ਪਹਿਲਾਂ ਹੀ ਉਹ ਅੰਦੋਲਨ ਤੋਂ ਵੱਖ ਹੋ ਗਿਆ ਸੀ। ਦੀਪ ਸਿੱਧੂ ਦੀ ਜ਼ਮਾਨਤ 'ਤੇ ਸੋਮਵਾਰ ਨੂੰ ਸੁਣਵਾਈ ਹੋਵੇਗੀ।

ਬੁੱਧਵਾਰ ਨੂੰ ਹਰਿਆਣਾ ਦੇ ਯਮੁਨਾਨਗਰ 'ਚ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਬੁਲਾਰਾ ਰਾਕੇਸ਼ ਟਿਕੈਤ ਨੇ ਕਿਹਾ ਕਿ 26 ਜਨਵਰੀ ਨੂੰ ਲਾਲ ਕਿਲੇ 'ਤੇ ਹੋਈ ਹਿੰਸਾ ਦੀ ਘਟਨਾ ਦੇ ਮੁਲਜ਼ਮ ਦੀਪ ਸਿੱਧੂ ਅੰਦੋਲਨਕਾਰੀਆਂ ਨਾਲ ਆਉਣਾ ਚਾਹੁੰਦੇ ਹਨ ਤਾਂ ਆ ਸਕਦੇ ਹਨ। ਇਸ 'ਚ ਕੋਈ ਬੁਰਾਈ ਨਹੀਂ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS Loves Roady's AMBEST

## FUEL CARDS
NO CREDIT - NO PROBLEM
BEST CUSTOMER SERVICE
QUIKQ wex




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE BAYS. EXPERTISE. SOLUTIONS.

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਅਮਰੀਕਾ ਵਿਚ ਗਵਾਂਢੀ ਮੁਲਕਾਂ ਦੀ ਤੁਲਨਾ ਨਾਲੋਂ ਕੋਵਿਡ ਟੀਕਾਕਰਨ ਦੀ ਰਫ਼ਤਾਰ ਤੇਜ਼

## ਕੁਵੈਤ ਦੇ ਪ੍ਰਵਾਸੀਆਂ ਨੂੰ ਟੀਕਾਕਰਨ ਦੇ ਲਈ ਨਾ ਕਰਨ ਸੰਬੰਧੀ ਹੋਈ ਅਲੋਚਨਾ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਅਮਰੀਕਾ ਵਿਚ ਕੋਵਿਡ-19 ਦੇ ਬਚਾਅ ਲਈ ਮੌਜੂਦ ਟੀਕੇ ਲੈਣ ਦਾ ਢੰਗ ਤਰੀਕਾ ਟੇਢਾ ਮੇਢਾ ਹੋ ਸਕਦਾ ਹੈ ਪਰ ਟੀਕਾਕਰਨ ਦੀ ਰਫਤਾਰ ਗਵਾਂਢੀ ਮੁਲਕਾਂ ਤੋਂ ਕਿਤੇ ਵਧ ਹੈ। ਹੁਣ ਤੱਕ 30% ਅਮਰੀਕਨਾਂ ਨੂੰ ਘੱਟੋ ਘੱਟ ਇਕ ਟੀਕਾ ਲਗਾਇਆ ਜਾ ਚੁੱਕਾ ਹੈ ਜਦ ਕਿ ਕੈਨੇਡਾ ਵਿਚ ਤਕਰੀਬਨ 12% ਲੋਕਾਂ ਨੂੰ ਇਕ ਟੀਕਾ ਲੱਗਾ ਹੈ। ਇਹ ਅੰਕੜੇ ਦੋਨਾਂ ਦੇਸ਼ਾਂ ਦੇ ਜਨਤਿਕ ਸਿਹਤ ਵਿਭਾਗਾਂ ਤੋਂ ਪ੍ਰਾਪਤ ਹੋਏ ਹਨ। ਇਸ ਨੂੰ ਲੈ ਕੇ ਕੈਨੇਡਾ ਸਰਕਾਰ ਦੀ ਅਲੋਚਨਾ ਵੀ ਹੋ ਰਹੀ ਹੈ ਕਿ ਆਖਰਕਾਰ ਕੀ ਵਜਾ ਹੈ ਜਿਸ ਕਾਰਨ ਕੈਨੇਡਾ ਟੀਕਾਕਰਨ ਵਿਚ ਅਮਰੀਕਾ ਨਾਲੋਂ ਕਾਫੀ ਪਿਛੇ ਹੈ। ਕੰਜਰਵੇਟਿਵ ਕੈਨੇਡੀਅਨ ਸੰਸਦ ਮੈਂਬਰ ਮਿਸ਼ੈਲ ਰਮਪੈਲ ਨੇ ਟਵਿਟਰ ਉਪਰ ਅਮਰੀਕਾ ਦੁਆਰਾ ਆਪਣੇ ਸਾਰੇ ਬਾਲਗਾਂ ਲਈ ਟੀਕਾਕਰਨ ਸ਼ੁਰੂ ਕਰਨ ਦਾ ਨੋਟਿਸ ਲਿਆ ਹੈ। ਉਸ ਨੇ ਓਕਲੈਂਡ ਚਿੜੀਆਘਰ ਵੱਲੋਂ ਆਪਣੇ ਉਨਾਂ ਪਸ਼ੂਆਂ ਦੇ ਟੀਕਾਕਰਨ ਦੀ ਯੋਜਨਾ ਬਣਾਉਣ ਦੀ ਵੀ ਪ੍ਰਸੰਸਾ ਕੀਤੀ ਹੈ ਜਿਨਾਂ ਦੇ ਬਿਮਾਰ ਹੋਣ ਦੀ ਜਿਆਦਾ ਸੰਭਾਵਨਾ ਹੈ। ਉਸ ਨੇ ਟਵੀਟ ਕੀਤਾ ਹੈ 'ਅਗਲੇ ਇਕ ਜਾਂ ਦੋ ਹਫਤਿਆਂ ਦੌਰਾਨ 16 ਸਾਲ ਜਾਂ ਇਸ ਤੋਂ ਵਧ ਉਮਰ ਦੇ ਅਮਰੀਕੀ ਟੀਕਾ ਲਵਾ ਲੈਣਗੇ ਜਦ ਕਿ ਕੈਨੇਡਾ ਵਿਚ ਅਜੇ ਅਜਿਹਾ ਕਰਨਾ ਦੂਰ ਦੀ ਗੱਲ ਹੈ। ਇਥੋਂ ਤੱਕ ਕਿ ਕੈਨੇਡੀਅਨ ਲੋਕਾਂ ਤੋਂ ਪਹਿਲਾਂ ਅਮਰੀਕਾ ਦੇ ਚਿੜੀਆਘਰਾਂ ਦੇ ਪਸ਼ੂਆਂ ਨੂੰ ਵੀ ਟੀਕਾ ਲਗਾਇਆ ਜਾ ਸਕਦਾ ਹੈ।' ਇਥੇ ਜ਼ਿਕਰਯੋਗ ਹੈ ਕਿ ਅਮਰੀਕਾ ਵੱਲੋਂ ਹਾਲ ਹੀ ਵਿਚ ਇਕ ਦਿਨ ਵਿਚ ਤਕਰੀਬਨ 40 ਲੱਖ ਲੋਕਾਂ ਦੇ ਟੀਕਾਕਰਨ ਕੀਤਾ ਗਿਆ ਹੈ ਜਦ ਕਿ ਕੈਨੇਡਾ ਵਿਚ ਇਕ ਦਿਨ ਵਿਚ ਵੱਧ ਤੋਂ ਵੱਧ 72000 ਲੋਕਾਂ ਦੇ ਟੀਕਾਕਰਨ ਹੋਇਆ ਹੈ। ਇਸੇ ਦੌਰਾਨ ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (ਸੀ ਡੀ ਸੀ) ਨੇ ਕਿਹਾ ਹੈ ਕਿ ਜਿਨਾਂ ਅਮਰੀਕਨਾਂ ਨੇ ਕੋਵਿਡ ਦੇ ਬਚਾਅ ਲਈ ਟੀਕੇ ਲਵਾ ਲਏ ਹਨ ਉਹ ਇਧਰ ਉਧਰ ਜਾ ਸਕਦੇ ਹਨ। ਉਨਾਂ ਨੂੰ ਜਿਨਾਂ ਲੋਕਾਂ ਨੇ ਟੀਕਾ ਨਹੀਂ ਲਵਾਇਆ ਦੀ ਤੁਲਨਾ ਵਿਚ ਖਤਰਾ ਘੱਟ ਹੈ ਪ੍ਰੰਤੂ ਅਜੇ ਵਧ ਰਹੇ ਕੋਰੋਨਾ ਮਾਮਲਿਆਂ ਕਾਰਨ ਉਹ ਲੋਕਾਂ ਨੂੰ ਸਫਰ ਕਰਨ ਦੀ ਇਜਾਜ਼ਤ ਦੇਣ ਦੇ ਹੱਕ ਵਿਚ ਨਹੀਂ ਹੈ।

**ਮਿਸ਼ੀਗਨ ਵਿਚ ਨਵੇਂ ਮਾਮਲੇ ਵਧੇ-** ਮਿਸ਼ੀਗਨ ਵਿਚ ਦਸੰਬਰ ਤੋਂ ਬਾਅਦ ਪਹਿਲੀ ਵਾਰ ਲੰਘੇ ਦਿਨ ਕੋਵਿਡ-19 ਦੇ ਰਿਕਾਰਡ 8413 ਨਵੇਂ ਮਾਮਲੇ ਸਾਹਮਣੇ ਆਏ ਹਨ। ਪਿਛਲੇ ਸਾਲ 7 ਦਸੰਬਰ ਨੂੰ 9350 ਨਵੇਂ ਮਾਮਲੇ ਰਿਕਾਰਡ ਹੋਏ ਸਨ। 8 ਹਫਤੇ ਪਹਿਲਾਂ ਸਭ ਤੋਂ ਘੱਟ 563 ਮਾਮਲੇ ਦਰਜ ਹੋਏ ਸਨ। ਇਨਾਂ ਅੰਕੜਿਆਂ ਤੋਂ ਕੋਵਿਡ-19 ਕਾਰਨ ਹਾਲਾਤ ਹੋਰ ਗੰਭੀਰ ਹੋ ਜਾਣ ਦਾ ਸੰਕੇਤ ਮਿਲ ਰਿਹਾ ਹੈ। ਯੁਨੀਵਰਿਸਟੀ ਆਫ ਮਿਨੀਸੋਟਾ ਸੈਂਟਰ ਫਾਰ ਇਨਫੈਕਸ਼ੀਅਸ਼ ਡਸੀਜ਼ ਰਿਸਰਚ ਐਂਡ ਪਾਲਿਸੀ ਦੇ ਡਾਇਰੈਕਟਰ ਮੀਸ਼ੈਲ ਓਸਟਰਹੋਲਮ ਨੇ ਕਿਹਾ ਹੈ ਕਿ ਇਹ ਕੋਰੋਨਾ ਵਾਇਰਸ ਦੇ ਫੈਲਾਅ ਦੀ ਚੌਥੀ ਲਹਿਰ ਹੈ ਜਿਸ ਕਾਰਨ ਹਸਪਤਾਲਾਂ ਵਿਚ ਬਿਮਾਰਾਂ ਦੀ ਗਿਣਤੀ ਵਧ ਰਹੀ ਹੈ। ਖਾਸ ਕਰਕੇ 30 ਤੋਂ 50 ਸਾਲ ਦੇ ਲੋਕ ਜਿਨਾਂ ਦੇ ਕੋਵਿਡ ਤੋਂ ਬਚਾਅ ਲਈ ਟੀਕਾ ਨਹੀਂ ਲੱਗਾ ਹੈ, ਪ੍ਰਭਾਵਿਤ ਹੋ ਰਹੇ ਹਨ।

**ਕੁਵੈਤ ਦੀ ਆਲੋਚਨਾ-** ਜਿਨਾਂ ਵਿਦੇਸ਼ੀਆਂ ਨੇ ਤੇਲ ਨਾਲ ਭਰਪੂਰ ਕੁਵੈਤ ਦੀ ਅਰਥਵਿਵਸਥਾ ਨੂੰ ਮਜ਼ਬੂਤ ਬਣਾਇਆ ਤੇ ਕੁਵੈਤੀ ਸਮਾਜ ਦੀ ਸੇਵਾ ਕੀਤੀ, ਉਹ ਕੋਵਿਡ ਤੋਂ ਬਚਾਅ ਲਈ ਟੀਕੇ ਲਵਾਉਣ ਵਾਸਤੇ ਜਦੋ-ਜਹਿਦ ਕਰ ਰਹੇ ਹਨ। ਖਾੜੀ ਦੇ ਦੂਸਰੇ ਦੇਸ਼ਾਂ ਦੇ ਉਲਟ ਕੁਵੈਤ ਵੱਲੋਂ ਪਹਿਲਾਂ ਆਪਣੇ ਲੋਕਾਂ ਨੂੰ ਟੀਕਾ ਲਗਾਉਣ ਦੇ ਫੈਸਲੇ ਕਾਰਨ ਸਖਤ ਅਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਏਸ਼ੀਆ, ਅਫਰੀਕਾ ਤੇ ਹੋਰ ਦੇਸ਼ਾਂ ਦੇ ਕਿਰਤੀ ਜੋ ਕੁਵੈਤੀਆਂ ਦੇ ਬੱਚਿਆਂ ਦੀ ਸਾਂਭ ਸੰਭਾਲ ਕਰਦੇ ਹਨ, ਉਨਾਂ ਨਾਲ ਡਰਾਇਵਰ ਵਜੋਂ ਕੰਮ ਕਰਦੇ ਹਨ ਜਾਂ ਹੋਰ ਕੰਮ ਕਰਦੇ ਹਨ, ਦੇ ਅਜੇ ਕੋਵਿਡ ਤੋਂ ਬਚਾਅ ਲਈ ਇਕ ਟੀਕਾ ਵੀ ਨਹੀਂ ਲੱਗਾ।

# 'ਹੰਗਰ ਮਿਟਾਓ' ਭਾਰਤੀ ਅਮਰੀਕਾ ਸੰਸਥਾ ਵੱਲੋਂ ਭੋਜਨ ਮੁਹਿੰਮ ਦੀ ਸ਼ੁਰੂਆਤ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਭਾਰਤੀ ਮੂਲ ਦੇ ਅਮਰੀਕੀਆਂ ਵੱਲੋਂ ਗਠਿਤ ਸੰਸਥਾ 'ਹੰਗਰ ਮਿਟਾਓ' ਵੱਲੋਂ 'ਸਪਰਿੰਗ ਫੂਡ ਡਰਾਈਵ' ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਸੰਸਥਾ ਸਥਾਨਕ ਫੂਡ ਬੈਂਕ ਰਾਹੀਂ ਲੋੜਵੰਦਾਂ ਨੂੰ ਭੋਜਨ ਮੁਹੱਈਆ ਕਰਵਾਉਂਦੀ ਹੈ। ਸੰਸਥਾ ਨੂੰ ਬਣਿਆਂ ਅਜੇ 3 ਸਾਲ ਤੋਂ ਥੋਹੜਾ ਜਿਹਾ ਜਿਆਦਾ ਸਮਾਂ ਹੋਇਆ ਹੈ ਪਰ ਇਹ ਆਪਣੀਆਂ ਫੰਡ ਇਕੱਠਾ ਕਰਨ ਦੀਆਂ ਕੋਸ਼ਿਸ਼ਾਂ ਰਾਹੀਂ ਉਤਰੀ ਟੈਕਸਾਸ ਫੂਡ ਬੈਂਕ ਨੂੰ ਇਕ ਕਰੋੜ ਲੋਕਾਂ ਲਈ ਭੋਜਨ ਮੁਹੱਈਆ ਕਰਵਾ ਚੁੱਕੀ ਹੈ। ਭਿਆਨਕ ਸਰਦ ਰੁੱਤ ਦੇ ਤੂਫਾਨ ਦੇ ਮੱਦੇਨਜਰ ਸੰਸਥਾ ਟੈਕਸਾਸ ਫੂਡ ਬੈਂਕ ਲਈ ਵਧ ਤੋਂ ਵਧ ਸਾਧਨ ਜੁਟਾਉਣ ਦੇ ਯਤਨ ਵਿਚ ਹੈ। ਹੰਗਰ ਮਿਟਾਓ ਦੇ ਸਹਿ ਸੰਸਥਾਪਕ ਰਾਜ ਅਸਾਵਾ ਦਾ ਕਹਿਣਾ ਹੈ ਕਿ ਇਕ ਵਿਅਕਤੀ ਨੂੰ ਦਿਨ ਵਿਚ ਦੋ ਜਾਂ ਤਿੰਨ ਵਾਰ ਭੋਜਨ ਦੀ ਲੋੜ ਹੁੰਦੀ ਹੈ ਇਸ ਲਈ ਜਰੂਰੀ ਹੈ ਕਿ ਲੋਕਾਂ ਕੋਲ ਭਰੋਸੇਯੋਗ ਸਾਧਨ ਹੋਵੇ ਤਾਂ ਜੋ ਉਹ ਆਪਣੀ ਜਿੰਦਗੀ ਨੂੰ ਅੱਗੇ ਤੋਰ ਸਕਣ ਤੇ ਪੈਰਾਂ ਉਪਰ ਖੜੇ ਹੋ ਸਕਣ।



'ਹੰਗਰ ਮਿਟਾਓ' ਸੰਸਥਾ ਦੇ ਵਾਲੰਟੀਅਰ ਤੇ ਸਮਰਥਕ

ਉਨਾਂ ਨੇ ਲੋੜਵੰਦ ਲੋਕਾਂ ਦੀ ਮਦਦ ਲਈ ਸਰਗਰਮ ਉਤਰੀ ਟੈਕਸਾਸ ਫੂਡ ਬੈਂਕ ਦਾ ਧੰਨਵਾਦ ਕੀਤਾ ਹੈ ਜੋ 13 ਕਾਉਂਟੀਆਂ ਵਿਚ ਆਪਣੀਆਂ ਸੇਵਾਵਾਂ ਜਾਰੀ ਰਖ ਰਹੀ ਹੈ।

# ਨਿਊਜ਼ੀਲੈਂਡ 'ਚ ਟੈਕਸੀ ਡਰਾਈਵਰ ਤੋਂ ਪੁਲਿਸ ਅਫ਼ਸਰ ਬਣਨ ਵਾਲੀ ਮਨਦੀਪ ਕੌਰ

**ਚੰਡੀਗੜ/ਏ.ਟੀ.ਨਿਊਜ਼ :** ਮਨਦੀਪ ਕੌਰ ਨੂੰ ਨਿਊਜ਼ੀਲੈਂਡ 'ਚ ਜਾ ਕੇ ਅਜਿਹੀ ਪਹਿਲੀ ਔਰਤ ਪੁਲਿਸ ਅਧਿਕਾਰੀ ਬਣਨ ਦਾ ਮਾਣ ਹਾਸਲ ਹੋਇਆ ਹੈ, ਜਿਨਾਂ ਦਾ ਜਨਮ ਭਾਰਤ 'ਚ ਹੋਇਆ ਹੈ। ਉਨਾਂ ਨੂੰ ਮਾਰਚ ਮਹੀਨੇ ਦੌਰਾਨ ਤਰੱਕੀ ਦੇ ਕੇ ਸੀਨੀਅਰ ਸਾਰਜੈਂਟ ਨਿਯੁਕਤ ਕੀਤਾ ਗਿਆ ਹੈ।

ਨਿਊਜ਼ੀਲੈਂਡ ਦੇ ਪੁਲਿਸ ਕਮਿਸ਼ਨਰ ਆਂਦਰੀਆ ਕੋਸਟਰ ਨੇ ਵੇਲਿੰਗਟਨ 'ਚ ਇੱਕ ਸਮਾਰੋਹ ਦੌਰਾਨ ਬੈਜ ਲਾ ਕੇ ਮਨਦੀਪ ਕੌਰ ਨੂੰ ਤਰੱਕੀ ਦਾ ਮਾਣ ਬਖ਼ਸ਼ਿਆ। ਨਿਊਜ਼ੀਲੈਂਡ ਦੇ ਇੱਕ ਸਥਾਨਕ ਮੀਡੀਆ ਆਊਟਲੈੱਟ ਅਨੁਸਾਰ 52 ਸਾਲਾ ਮਨਦੀਪ ਕੌਰ ਨੇ ਆਪਣਾ ਕਰੀਅਰ 17 ਵਰੇ ਪਹਿਲਾਂ ਸ਼ੁਰੂ ਕੀਤਾ ਸੀ, ਜਦੋਂ ਉਹ 2004 ਦੌਰਾਨ ਪੁਲਿਸ 'ਚ ਭਰਤੀ ਹੋਏ ਸਨ।

ਉਸ ਤੋਂ ਬਾਅਦ ਮਨਦੀਪ ਕੌਰ ਹੁਰਾਂ ਨੇ ਪਿੱਛੇ ਮੁੜ ਕੇ ਨਹੀਂ ਤੱਕਿਆ। ਹੁਣ ਉਹ ਅਨੇਕ ਭਾਰਤੀਆਂ ਲਈ ਪ੍ਰੇਰਨਾ ਸਰੋਤ ਹਨ। ਨਿਊਜ਼ੀਲੈਂਡ ਪੁਲਿਸ ਦੀ ਅਧਿਕਾਰਤ



ਵੈੱਬਸਾਈਟ ਨੇ ਦੱਸਿਆ ਹੈ ਕਿ ਮਨਦੀਪ ਕੌਰ ਨਿਊਜ਼ੀਲੈਂਡ 'ਚ ਪੁਲਿਸ ਅਧਿਕਾਰੀ ਬਣਨ ਵਾਲੀ ਅਜਿਹੀ ਪਹਿਲੀ ਮਹਿਲਾ ਹਨ, ਜਿਨਾਂ ਦਾ ਜਨਮ ਭਾਰਤ 'ਚ ਹੋਇਆ ਹੈ। ਭਰਤੀ ਵੇਲੇ ਉਨਾਂ ਦੇ ਰਾਹ ਵਿੱਚ ਕਈ ਤਰਾਂ ਦੇ ਨਿੱਜੀ ਤੇ ਸਭਿਆਚਾਰਕ ਅੜਿੱਕੇ ਵਿਖਾਈ ਦਿੰਦੇ ਸਨ। ਜਿਵੇਂ ਉਨਾਂ ਦੇ ਦੋ ਬੱਚੇ ਤਦ ਛੋਟੇ ਸਨ ਪਰ ਉਨਾਂ ਬਹੁਤ ਬਹਾਦਰੀ ਨਾਲ ਅਜਿਹੇ ਸਾਰੇ ਅੜਿੱਕਿਆਂ ਦਾ ਸਾਹਮਣਾ ਕੀਤਾ ਹੈ।

ਦੱਸ ਦੇਈਏ ਕਿ ਮਨਦੀਪ ਕੌਰ ਦਾ ਜ਼ਿਆਦਾਤਰ ਸਮਾਂ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ 'ਚ ਬੀਤਿਆ ਹੈ। ਉਹ ਕੁਝ ਸਮਾਂ ਆਸਟ੍ਰੇਲੀਆ ਵਿੱਚ ਵੀ ਰਹੇ ਜਿੱਥੇ ਉਹ 26 ਸਾਲ ਦੀ ਉਮਰ 'ਚ ਆ ਗਏ ਸਨ। ਮਨਦੀਪ ਕੌਰ ਨੇ ਟੈਕਸੀ ਡਰਾਇਵਰ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ ਪਰ ਹੁਣ ਰੋਡ ਪੁਲੀਸਿੰਗ, ਪਰਿਵਾਰਕ ਹਿੰਸਾ, ਜਾਂਚ ਸਹਾਇਤਾ, ਨੇਬਰਹੁੱਡ ਪੁਲਿਸਿੰਗ ਤੇ ਕਮਿਊਨਿਟੀ ਪੁਲੀਸਿੰਗ ਵਿੱਚ ਉਨਾਂ ਦਾ ਇੱਕ ਨਾਂ ਹੈ। ਰੀਪਬਲਿਕ ਵਰਲਡ ਦੀ ਰਿਪੋਰਟ ਅਨੁਸਾਰ ਮਨਦੀਪ ਕੌਰ ਹੁਰਾਂ ਦੱਸਿਆ ਕਿ ਉਹ ਰੋਜ਼ਾਨਾ ਗੁਰੂਘਰ 'ਚ ਮੱਥਾ ਟੇਕਣ ਜਾਂਦੇ ਹਨ।

# ਕਿਸੇ ਤੋਂ ਰੋਕਿਆ ਨਹੀਂ ਜਾਣਾ ਕਾਫਲਾ: ਲੱਖਾ ਸਿਧਾਣਾ

## ਲੱਖੇ ਨੇ ਭੀੜ ਨੂੰ ਨਹੀਂ ਲੋਕਾਂ ਦੇ ਦਿਲਾਂ ਨੂੰ ਜਿੱਤਿਆ ਹੈ



**ਨਵੀਂ ਦਿੱਲੀ /ਏ.ਟੀ.ਨਿਊਜ਼:** ਲੱਖਾ ਸਿਧਾਣਾ ਗੁਰੂਦੁਆਰਾ ਮਸਤੂਆਣਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਓਟ ਤੇ ਆਸਰਾ ਲੈ ਕੇ ਦਿੱਲੀ ਨੂੰ ਰਵਾਨਾ ਹੋਵੇਗਾ। ਇਸ ਸਬੰਧੀ ਨੌਜਵਾਨਾਂ ਦਾ ਭਾਰੀ ਇਕੱਠ ਹੋਣ ਦੀ ਸੰਭਾਵਨਾ ਹੈ ਪੰਜਾਬ-ਹਰਿਆਣਾ ਦੀ ਸਰਹੱਦ ਸਥਿਤ ਸ਼ੰਭੂ ਬਾਰਡਰ 'ਤੇ ਵੱਡੀ ਗਿਣਤੀ 'ਚ ਨੌਜਵਾਨਾਂ ਦੇ ਪਹੁੰਚਣ ਦੀ ਸੰਭਾਵਨਾ ਹੈ। ਕਿਸਾਨ ਯੂਨੀਅਨ ਵੱਲੋਂ ਮੈਸੇਜ ਵੀ ਵਾਇਰਲ ਕੀਤਾ ਜਾ ਰਿਹਾ ਹੈ। ਕਿਸਾਨ ਅੰਦੋਲਨ 'ਚ ਲੱਖਾ ਸਿਧਾਣਾ ਨੌਜਵਾਨਾਂ ਦੀ ਅਰਵਾਈ ਕਰਦਾ ਰਿਹਾ ਹੈ। 26 ਜਨਵਰੀ ਨੂੰ ਲਾਲ ਕਿਲ੍ਹਾ ਦੇ ਮਾਮਲੇ 'ਚ ਲੱਖਾ ਸਿਧਾਣਾ ਦਾ ਨਾਂ ਸ਼ਾਮਲ ਹੈ ਤੇ ਦਿੱਲੀ ਪੁਲਿਸ ਨੇ ਸਿਧਾਣਾ 'ਤੇ 1 ਲੱਖ ਰੁਪਏ ਦਾ ਇਨਾਮ ਰੱਖਿਆ ਸੀ। ਦੱਸ ਦੇਈਏ ਕਿ ਭਾਰਤੀ ਕਿਸਾਨ ਯੂਨੀਅਨ ਵੱਲੋਂ ਇਕ ਮੈਸੇਜ ਵਾਇਰਲ ਕੀਤਾ ਜਾ ਰਿਹਾ ਹੈ, ਜਿਸ 'ਚ ਦੱਸਿਆ ਜਾ ਰਿਹਾ ਹੈ ਕਿ ਸ਼ੰਭੂ ਟੋਲ ਬੈਰੀਅਰ 'ਤੇ ਭਾਰਤੀ ਕਿਸਾਨ ਯੂਨੀਅਨ ਵੱਲੋਂ ਧਰਨਾ ਦਿੱਤਾ ਜਾ ਰਿਹਾ ਹੈ। ਇਸੇ ਧਰਨੇ 'ਤੇ ਸ਼ੁੱਕਰਵਾਰ ਸ਼ਾਮ 4 ਵਜੇ ਲੱਖਾ ਪਹੁੰਚੇਗਾ। ਦੱਸਣਯੋਗ ਹੈ ਕਿ ਬੀਤੇ ਦਿਨੀਂ ਕਿਸਾਨੀ ਸੰਘਰਸ਼ ਮੋਰਚੇ ਨੇ ਲੱਖਾ ਸਧਾਣਾ ਨੂੰ ਮੁੜ ਮੋਰਚੇ ਵਿੱਚ ਸ਼ਾਮਿਲ ਕਰ ਲਿਆ ਸੀ ਅਤੇ ਨਾਲ ਹੀ ਕਿਹਾ ਸੀ ਕਿ ਲੱਖਾ ਸਿਧਾਣਾ ਨੇ ਕੋਈ ਵੀ ਅਜਿਹੀ ਹਿੰਸਕ ਵਾਰਦਾਤ ਨਹੀਂ ਕੀਤੀ , ਜਿਸ ਨਾਲ ਉਸ ਨੂੰ ਕਿਸਾਨੀ ਸੰਘਰਸ਼ ਤੋਂ ਦੂਰ ਰੱਖਿਆ ਜਾਵੇ । ਕਿਸਾਨੀ ਮੋਰਚੇ ਦੇ ਲੀਡਰਾਂ ਦਾ ਥਾਪੜਾ ਹੁਣ ਲੱਖਾ ਸਿਧਾਣਾ ਨੂੰ ਮਿਲ ਗਿਆ ਹੈ ਜਿਸ ਦੇ ਕਾਰਨ ਹੀ ਕਿਸਾਨੀ ਸੰਘਰਸ਼ ਮੋਰਚੇ ਵਿਚ ਇਕ ਵਾਰ ਫਿਰ ਤੋਂ ਨੌਜਵਾਨੀ ਸੈਲਾਬ ਆ ਰਿਹਾ ਹੈ ।

## 20ਵੇਂ ਜਥੇ ਦੀ ਅਗਵਾਈ ਅਵਤਾਰ ਸਿੰਘ ਗਿੱਲ ਨੇ ਕੀਤੀ

# ਕਿਸਾਨ ਹਮਾਇਤੀ ਜਥੇ ਨੂੰ ਕਾਲਜ ਵਿਦਿਆਰਥੀਆਂ ਵੱਲੋਂ ਹੁੰਗਾਰਾ

**ਵਾਸ਼ਿੰਗਟਨ ਡੀ ਸੀ (ਗਿੱਲ) :** ਵਾਈਟ ਹਾਊਸ ਸਾਹਮਣੇ ਕਿਸਾਨਾਂ ਦੀ ਹਮਾਇਤ ਕਰ ਰਹੇ ਅੰਦੋਲਨ ਨੂੰ ਉਸ ਸਮੇਂ ਹੁਲਾਰਾ ਮਿਲਿਆ ਜਦੋਂ ਅਮਰੀਕਾ ਦੇ ਕਾਲਜ ਵਿਦਿਆਰਥੀਆਂ ਵੱਲੋਂ ਇਸ ਨੂੰ ਆਪਣੇ ਹੱਥ ਵਿੱਚ ਲੈਣ ਦੀ ਸਹਿਮਤੀ ਪ੍ਰਗਟਾਈ ਗਈ। ਉਨਾਂ ਕਿਹਾ ਕਿ ਮੋਦੀ ਸਰਕਾਰ ਨੂੰ ਜਿਤਾਉਣ ਸਮੇਂ ਨੌਜਵਾਨਾਂ ਦਾ ਵੱਡਾ ਯੋਗਦਾਨ ਹੈ। ਹੁਣ ਮੋਦੀ ਕਿਸੇ ਦੀ ਵੀ ਸੁਣ ਨਹੀਂ ਰਿਹਾ ਹੈ। ਕਿਸਾਨ ਦੇਸ ਦਾ ਸਰਮਾਇਆ ਹਨ। ਉਨਾਂ ਨੂੰ ਰਾਹਤ ਦੇਣਾ ਸਰਕਾਰ ਦਾ ਫਰਜ ਹੈ।ਜੇਕਰ ਸਰਕਾਰ ਨੇ ਇਸੇ ਤਰਾਂ ਕਿਸਾਨ ਮੰਗਾਂ ਨੂੰ ਲਟਕਾਇਆ ਤਾਂ ਹਰ ਮੈਂਬਰ ਪਾਰਲੀਮੈਂਟ ਦਾ ਘਰੋਂ ਨਿਕਲਣਾ ਬੰਦ ਕਰ ਦੇਵਾਂਗੇ। ਸ਼ਾਂਤੀ ਅੰਦੋਲਨ ਧਰਤੀ ਮਾਂ ਨੂੰ ਬਚਾਉਣ ਲਈ ਸ਼ੁਰੂ ਕੀਤਾ ਗਿਆ ਹੈ। ਸਰਕਾਰ ਹਰ ਚੀਜ਼ ਨੂੰ ਵੇਚ ਕੇ ਕਾਰਪੋਰੇਟ ਸੈਕਟਰ ਦੇ ਹੱਥਾਂ ਵਿੱਚ ਦੇਣਾ ਚਾਹੁੰਦੀ ਹੈ ਜਿਸ ਦੀ ਸ਼ੁਰੂਆਤ ਮੋਦੀ ਨੇ ਅਡਾਨੀ ਅੰਬਾਨੀ ਨੂੰ ਮੂਹਰੇ ਲਾ ਕੇ ਕੀਤੀ ਹੈ। ਜਿਸ ਦੇ ਨਤੀਜੇ ਮਾੜੇ ਆਉਣੇ ਸ਼ੁਰੂ ਹੋ ਗਏ ਹਨ, ਹਰ ਵਰਗ ਦੁਖੀ ਹੈ, ਮਹਿੰਗਾਈ ਨੇ ਆਮ ਵਿਅਕਤੀ ਦਾ ਲੱਕ ਤੋੜ ਦਿੱਤਾ ਹੈ। ਹੁਣ ਸਰਕਾਰ ਕਿਸਾਨਾਂ ਦਾ ਦਿਵਾਲਾ ਕੱਢਣਾ ਚਾਹੁੰਦੀ ਹੈ ਜਿਸ ਲਈ ਮੋਰਚੇ ਨੂੰ ਸਫਲ ਕਰਨਾ ਅਤੀ ਜ਼ਰੂਰੀ ਹੈ। ਮੋਦੀ ਸਰਕਾਰ ਨੂੰ ਨੌਜਵਾਨ ਵਰਗ ਅਪੀਲ ਕਰਦਾ ਹੈ ਕਿ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਵਾਪਸ ਲਵੇ। ਜੇਕਰ ਸਰਕਾਰ ਨੇ ਕੁਝ ਨਾ ਕੀਤਾ ਤਾਂ ਕਿਸਾਨਾਂ ਨੂੰ ਜਥੇਬੰਦਕ ਹੋ ਕੇ ਸੱਤਾ ਤੇ ਕਾਬਜ਼ ਹੋਣਾ ਪਵੇਗਾ। ਉਨਾਂ ਕਿਹਾ ਕਿ ਹਾਲ ਦੀ ਘੜੀ ਮੋਰਚਾ ਕਾਮਯਾਬੀ ਵੱਲ ਵਧਦਾ ਨਜ਼ਰ ਆ ਰਿਹਾ ਹੈ ਜਿਸ ਲਈ ਹਰ ਵਰਗ ਕਿਸਾਨਾਂ ਦੀ ਹਮਾਇਤ ਕਰ ਰਿਹਾ ਹੈ।




# ਭਾਰਤ ਨੇ ਕਬੂਲੀ ਅਮਰੀਕਾ ਦੀ ਸਰਦਾਰੀ

## ਭਾਰਤ ਸਮੇਤ ਪੰਜ ਦੇਸ਼ਾਂ ਦੇ ਸਮੁੰਦਰੀ ਫੌਜਾਂ ਨੇ ਸ਼ੁਰੂ ਕੀਤਾ ਤਿੰਨ ਦਿਨਾਂ ਮੈਗਾ ਜੰਗੀ ਅਭਿਆਸ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੂਰਬੀ ਹਿੰਦ ਮਹਾਂਸਾਗਰ ਵਿਚ ਤਿੰਨ ਦਿਨਾ ਮੈਗਾ ਸਮੁੰਦਰੀ ਫ਼ੌਜ ਦਾ ਜੰਗੀ ਅਭਿਆਸ ਸ਼ੁਰੂ ਹੋ ਗਿਆ ਹੈ। ਇਸ ਵਿਚ ਫਰਾਂਸ ਦੇ ਨਾਲ ਹੀ ਭਾਰਤ ਤੇ ਤਿੰਨ ਹੋਰ ਕਵਾਡ ਮੈਂਬਰ ਦੇਸ਼ ਸ਼ਾਮਲ ਹੋ ਗਏ ਹਨ ਤਾਂ ਕਿ ਇਸ ਖੇਤਰ ਵਿਚ ਵਧਦੇ ਰਣਨੀਤਕ ਸਹਿਯੋਗ ਦਾ ਮੁੜ ਟੀਚਾ ਤੈਅ ਹੋ ਸਕੇ। ਅਧਿਕਾਰੀਆਂ ਨੇ ਕਿਹਾ ਕਿ ਬਹੁ ਆਯਾਮੀ ਫ਼ੌਜੀ ਅਭਿਆਸ 'ਲਾਅ ਪੈਰੋਜ' ਵਿਚ ਭਾਰਤੀ ਸਮੁੰਦਰੀ ਫ਼ੌਜ ਜਹਾਜ਼ ਸਤਪੁਰਾ ਤੇ ਕਿਲਤਨ ਨਾਲ ਹੀ ਲੰਬੀ ਦੂਰੀ ਦੀ ਪੈਟ੍ਰੋਲਿੰਗ ਲਈ ਸਮੁੰਦਰੀ ਫ਼ੌਜ ਦਾ ਜਹਾਜ਼ ਪੀ-8ਆਈ ਵੀ ਸ਼ਾਮਲ ਹੋ ਰਿਹਾ ਹੈ।ਅਧਿਕਾਰੀਆਂ ਨੇ ਦੱਸਿਆ ਕਿ ਫ਼ੌਜ ਅਭਿਆਸ ਦੌਰਾਨ ਭਾਰਤੀ ਸਮੁੰਦਰੀ ਫ਼ੌਜ ਦੇ ਜਹਾਜ਼ ਫਰਾਂਸ, ਆਸਟ੍ਰੇਲੀਆ, ਜਾਪਾਨ ਤੇ ਅਮਰੀਕਾ ਦੇ ਜੰਗੀ ਬੇੜਿਆਂ ਨਾਲ ਜੰਗੀ ਅਭਿਆਸ ਕਰਨਗੇ। ਭਾਰਤੀ ਸਮੁੰਦਰੀ ਫ਼ੌਜ ਦੇ ਬੁਲਾਰੇ ਕਮਾਂਡਰ ਵਿਵੇਕ ਮਧਵਾਲ ਨੇ ਦੱਸਿਆ ਕਿ ਇਸ ਫ਼ੌਜੀ ਅਭਿਆਸ ਵਿਚ ਗੁੰਝਲਦਾਰ ਤੇ ਅਤਿ-ਆਧੁਨਿਕ ਸਮੁੰਦਰੀ ਫ਼ੌਜ ਅਭਿਆਸ ਸਮੇਤ ਸਤਾ ਤੋਂ ਹਮਲਾ, ਹਵਾਈ ਹਮਲੇ ਰੋਕਣ ਦੀ ਜੰਗੀ ਪ੍ਰਣਾਲੀ ਤੇ ਹਵਾਈ ਸੁਰੱਖਿਆ ਫ਼ੌਜ ਅਭਿਆਸ ਹੋਣਗੇ। ਇਸ ਫ਼ੌਜੀ ਅਭਿਆਸ ਨਾਲ ਵੱਖ-ਵੱਖ ਮਿੱਤਰ ਦੇਸ਼ਾਂ ਦੀਆਂ ਸਮੁੰਦਰੀ ਫ਼ੌਜਾਂ ਵਿਚਾਲੇ ਬਿਹਤਰ ਤਾਲਮੇਲ ਤੇ ਸਦਭਾਵਨਾ ਦੀ ਵਿਵਸਥਾ ਹੋਵੇਗੀ। ਮਧਵਾਲ ਨੇ ਕਿਹਾ ਕਿ ਮੇਜ਼ਬਾਨ ਦੇਸ਼ ਫਰਾਂਸ ਤੋਂ ਇਲਾਵਾ ਕਵਾਡ ਗੱਠਜੋੜ ਦੇ ਚਾਰ ਹੋਰ ਮੈਂਬਰ ਦੇਸ਼ ਵੀ ਸ਼ਾਮਲ ਹੋਏ ਹਨ। ਭਾਰਤ ਨੇ ਅਮਰੀਕਾ, ਜਾਪਾਨ, ਆਸਟ੍ਰੇਲੀਆ ਤੇ ਫਰਾਂਸ ਦੀ ਸਮੁੰਦਰੀ ਫ਼ੌਜ ਨਾਲ ਫੌਜੀ ਅਭਿਆਸ ਸ਼ੁਰੂ ਕਰ ਦਿੱਤਾ ਹੈ।

# ਕੈਪੀਟਲ ਬਿਲਡਿੰਗ ਦੇ ਬਾਹਰਵਾਰ ਲੱਗੇ ਨਾਕੇ ’ਤੇ ਇਕ ਕਾਰ ਦੋ ਪੁਲਿਸ ਅਧਿਕਾਰੀਆਂ ਉੱਤੇ ਚੜ੍ਹਾਈ ਗਈ

## ✪ 1 ਦੀ ਮੌਤ 1 ਜ਼ਖਮੀ ✪ ਕਾਰ ਦੇ ਡਰਾਈਵਰ ਦੀ ਪੁਲਿਸ ਗੋਲੀ ਨਾਲ ਮੌਤ



ਮਾਰੇ ਗਏ ਪੁਲਿਸ ਅਧਿਕਾਰੀ ਵਿਲੀਅਮ ਬਿਲੀ ਏਵਾਨਜ ਦੀ ਇਕ ਪੁਰਾਣੀ ਤਸਵੀਰ
ਕੈਪੀਟਲ ਬਿਲਡਿੰਗ ਨੇੜੇ ਨਾਕਾ ਤੋੜਕੇ ਖੜੀ ਕਾਰ

**ਸੈਕਰਾਮੈਂਟ/ ਹੁਸਨ ਲੜੋਆ ਬੰਗਾ:** ਯੂ.ਐਸ ਕੈਪੀਟਲ ਬਿਲਡਿੰਗ ਦੇ ਬਾਹਰਵਾਰ ਲੱਗੇ ਇਕ ਸੁਰੱਖਿਆ ਨਾਕੇ ’ਤੇ ਤਾਇਨਾਤ 2 ਪੁਲਿਸ ਅਧਿਕਾਰੀਆਂ ਉਪਰ ਇਕ ਵਿਅਕਤੀ ਨੇ ਆਪਣੀ ਕਾਰ ਚੜ੍ਹਾ ਦਿੱਤੀ ਜਿਸ ਨਾਲ ਇਕ ਅਧਿਕਾਰੀ ਦੀ ਮੌਤ ਹੋ ਗਈ ਜਦਕਿ ਦੂਸਰਾ ਜ਼ਖਮੀ ਹੋ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬਾਅਦ ਵਿਚ ਪੁਲਿਸ ਵੱਲੋਂ ਹਮਲਾ ਕਰਨ ਦੀ ਕੋਸ਼ਿਸ਼ ਕਰ ਰਹੇ ਕਾਰ ਡਰਾਈਵਰ ਨੂੰ ਗੋਲੀ ਮਾਰ ਦਿੱਤੀ ਗਈ। ਪੁਲਿਸ ਨੇ ਇਸ ਘਟਨਾ ਨੂੰ ਹਮਲਾ ਕਰਾਰ ਦਿੱਤਾ ਹੈ। ਯੂ ਐਸ ਕੈਪੀਟਲ ਪੁਲਿਸ ਮੁਖੀ ਯੋਗਾਨੰਦਾ ਪਿਟਮੈਨ ਨੇ ਕਿਹਾ ਕਿ ਹਮਲਾਵਰ ਦੇ ਹਮਲੇ ਵਿਚ ਜ਼ਖਮੀ ਹੋਇਆ ਉਤਰੀ ਨਾਕੇ ਉਪਰ ਤਾਇਨਾਤ ਅਧਿਕਾਰੀ ਵਿਲੀਅਮ ਬਿਲੀ ਏਵਾਨਜ ਬਾਅਦ ਵਿਚ ਜਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਪੁਲਿਸ ਅਧਿਕਾਰੀ ਦੀ ਉਮਰ 18 ਸਾਲ ਸੀ। ਉਸ ਨੇ ਦਸਿਆ ਕਿ ਕਾਰ ਦਾ ਡਰਾਈਵਰ ਨਾਕੇ ਵਿਚ ਟੱਕਰ ਮਾਰਨ ਤੋਂ ਬਾਅਦ ਰੁਕਿਆ ਨਹੀਂ ਤੇ ਉਹ ਹਮਲਾਵਰ ਰੁਖ ਅਪਣਾਉਂਦਿਆਂ ਹੋਇਆਂ ਕਾਰ ਨੂੰ ਅੱਗੇ ਤੱਕ ਲੈ ਗਿਆ। ਬਾਅਦ ਵਿਚ ਉਹ ਚਾਕੂ ਲੈ ਕੇ ਕਾਰ ਵਿਚੋਂ ਨਿਕਲਿਆ ਤੇ ਉਸ ਨੇ ਪੁਲਿਸ ਅਫਸਰਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਪੁਲਿਸ ਵੱਲੋਂ ਦਿੱਤੀ ਚਿਤਾਵਨੀ ਵੱਲ ਕੋਈ ਧਿਆਨ ਨਹੀਂ ਦਿੱਤਾ ਜਿਸ ’ਤੇ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਉਸ ਦੀ ਮੌਤ ਹੋ ਗਈ। ਸ਼ੱਕੀ ਹਮਲਾਵਰ ਦੀ ਪਛਾਣ ਨੋਆਹ ਗਰੀਨ (25) ਵਜੋਂ ਹੋਈ ਹੈ ਜੋ ਇੰਡੀਆਨਾ ਦਾ ਰਹਿਣ ਵਾਲਾ ਸੀ। ਡੀ ਸੀ ਮੈਟਰੋਪੋਲੀਟਨ ਪੁਲਿਸ ਮੁਖੀ ਰਾਬਰਟ ਜੇ ਕੋਨਟੀ ਨੇ ਕਿਹਾ ਹੈ ਕਿ ਇਹ ਮਾਮਲਾ ਅੱਤਵਾਦ ਨਾਲ ਸਬੰਧਤ ਨਹੀਂ ਲੱਗਦਾ, ਫਿਰ ਵੀ ਪੁਲਿਸ ਗਰੀਨ ਦੇ ਇਰਾਦੇ ਦਾ ਪਤਾ ਲਾਉਣ ਲਈ ਜਾਂਚ ਕਰ ਰਹੀ ਹੈ। ਕੋਨਟੀ ਨੇ ਸਪੱਸ਼ਟ ਕੀਤਾ ਕਿ ਸ਼ੱਕੀ ਹਮਲਾਵਰ ਬਾਰੇ ਪੁਲਿਸ ਨੂੰ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ ਤੇ ਨਾ ਹੀ ਜਨਵਰੀ ਵਿਚ ਕੈਪਟੀਲ ਹਿੱਲ ਉਪਰ ਹੋਏ ਹਮਲੇ ਵਿਚ ਉਸ ਦੀ ਕੋਈ ਸ਼ਮੂਲੀਅਤ ਸੀ। ਇਸ ਘਟਨਾ ਉਪਰੰਤ ਕੈਪੀਟਲ ਬਿਲਡਿੰਗ ਨੂੰ ਬੰਦ ਕਰ ਦਿੱਤਾ ਗਿਆ ਹੈ।

# ਉਤਰੀ ਕੈਰੋਲੀਨਾ ਦੇ ਇਕ ਘਰ ਵਿਚ ਪਾਰਟੀ ਦੌਰਾਨ ਹੋਈ ਗੋਲੀਬਾਰੀ

## 3 ਮੌਤਾਂ 4 ਜ਼ਖਮੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਵਿਲਮਿੰਗਟਨ (ਉੱਤਰੀ ਕੈਰੋਲੀਨਾ) ਦੇ ਇਕ ਘਰ ਵਿਚ ਚੱਲ ਰਹੀ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿਚ 3 ਵਿਅਕਤੀ ਮਾਰੇ ਗਏ ਤੇ 4 ਹੋਰ ਜ਼ਖਮੀ ਹੋ ਗਏ ਜਿਨਾਂ ਨੂੰ ਇਲਾਜ ਲਈ ਨਿਊ ਹੈਨਓਵਰ ਰੀਜਨਲ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਵਿਲਮਿੰਗਟਨ ਪੁਲਿਸ ਵਿਭਾਗ ਅਨੁਸਾਰ ਇਹ ਘਟਨਾ ਅੱਧੀ ਰਾਤ ਤੋਂ ਬਾਅਦ ਵਾਪਰੀ। ਮ੍ਰਿਤਕਾਂ ਦੇ ਨਾਵਾਂ ਦਾ ਅਜੇ ਖੁਲਾਸਾ ਨਹੀਂ ਕੀਤਾ ਹੈ। ਪੁਲਿਸ ਅਨੁਸਾਰ ਗੋਲੀਬਾਰੀ ਦੇ ਮਕਸਦ ਬਾਰੇ ਅਜੇ ਕੁਝ ਨਹੀਂ ਪਤਾ ਲੱਗ ਸਕਿਆ ਤੇ ਇਸ ਸਬੰਧੀ ਸਾਰੇ ਪੱਖਾਂ ਤੋਂ ਜਾਂਚ ਕੀਤੀ ਜਾਵੇਗੀ। ਲੋਕ ਸੰਪਰਕ ਅਧਿਕਾਰੀ ਜੈਸਿਕਾ ਵਿਲੀਅਮਜ਼ ਨੇ ਕਿਹਾ ਹੈ ਕਿ ਇਹ ਕੋਈ ਬਿਨਾਂ ਸੋਚੇ ਸਮਝੇ ਵਾਪਰੀ ਘਟਨਾ ਨਹੀਂ ਹੈ। ਉਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੋ ਵੀ ਕੋਈ ਇਸ ਘਟਨਾ ਬਾਰੇ ਜਾਣਦਾ ਹੈ ਉਹ ਪੁਲਿਸ ਨਾਲ ਸੰਪਰਕ ਕਰੇ ਤਾਂ ਜੋ ਪੀੜਤਾਂ ਨੂੰ ਇਨਸਾਫ਼ ਮਿਲ ਸਕੇ।

# ਅਮਰੀਕਾ ਨੇ ਗਵਾਂਤਾਨਾਮੋ ਬੇ ਸਥਿਤ ਗੁਪਤ ਕੈਦਖ਼ਾਨੇ ’ਤੇ ਲਾਇਆ ਜੰਦਰਾ

## 9/11 ਦੇ ਦੋਸ਼ੀਆਂ ਨੂੰ ਰੱਖਿਆ ਗਿਆ ਜੇਲ ਵਿਚ

ਨਿਊਯਾਰਕ : ਅਮਰੀਕਾ ਨੇ ਗਵਾਂਤਾਨਾਮੋ ਬੇ ਜੇਲ ਦੀ ਇਕ ਸੀਕ੍ਰੇਟ ਯੂਨਿਟ (ਕੈਂਪ-7) ਨੂੰ ਬੰਦ ਕਰ ਦਿੱਤਾ ਹੈ। ਇੱਥੇ ਸਜਾ ਕੱਟ ਰਹੇ ਕੈਦੀਆਂ ਨੂੰ ਕਿਊਬਾ ਵਿਚ ਇਕ ਹੋਰ ਅਮਰੀਕੀ ਬੇਸ ’ਤੇ ਸਥਿਤ ਜੇਲ ’ਚ ਭੇਜ ਦਿੱਤਾ ਗਿਆ ਹੈ। ਇਹ ਜਾਣਕਾਰੀ ਅਮਰੀਕੀ ਫ਼ੌਜ ਨੇ ਦਿੱਤੀ ਹੈ। ਦੱਸ ਦੇਈਏ ਕਿ ਕੈਂਪ-7 ਨੂੰ ਬੇਹੱਦ ਹੀ ਗੁਪਤ ਕੈਦਨਾਮਾ ਮੰਨਿਆ ਜਾਂਦਾ ਹੈ। ਇੱਥੇ ਦੁਨੀਆ ਦੇ ਕੁਝ ਸਭ ਤੋਂ ਖੂੰਖਾਰ ਕੱਟੜਪੰਥੀਆਂ ਨੂੰ ਰੱਖਿਆ ਗਿਆ ਹੈ।

ਅਮਰੀਕਾ ਦੇ ਦੱਖਣੀ ਕਮਾਨ ਦੇ ਇਕ ਬੁਲਾਰੇ ਨੇ ਇਕ ਬਿਆਨ ਵਿਚ ਕਿਹਾ, ‘ਕੈਂਪ-7 ਵਿਚ ਬੰਦ ਕੈਦੀਆਂ ਨੂੰ ਇਸ ਕੋਲ ਸਥਿਤ ਇਕ ਹੋਰ ਜੇਲ ਵਿਚ ਭੇਜ ਦਿੱਤਾ ਹੈ। ਮਿਆਮੀ ਸਥਿਤ ਦੱਖਣੀ ਕਮਾਨ ਨੇ ਇਹ ਨਹੀਂ ਦੱਸਿਆ ਕਿ ਨਵੀਂ ਜੇਲ ਵਿਚ ਕਿੰਨੇ ਕੈਦੀਆਂ ਨੂੰ ਰੱਖਿਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕੈਂਪ-7 ਵਿਚ 14 ਲੋਕਾਂ ਨੂੰ ਕੈਦ ਕਰ ਕੇ ਰੱਖਿਆ ਗਿਆ ਸੀ। ਗਵਾਂਤਾਨਾਮੋ ਜੇਲ ਵਿਚ 40 ਕੈਦੀ ਹਨ। ਦੱਸ ਦੇਈਏ ਕਿ ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਸੀ ਕਿ ਉਨਾਂ ਦਾ ਇਰਾਦਾ ਗਵਾਂਤਾਨਾਮੋ ਬੇ ਸਥਿਤ ਇਸ ਜੇਲ ਨੂੰ ਬੰਦ ਕਰਨ ਦਾ ਹੈ ਇਸ ਲਈ ਕੁਝ ਕੈਦੀਆਂ ਨੂੰ ਸੁਣਵਾਈ ਜਾਂ ਜੇਲ ਦੀ ਸਜਾ ਦੇਣ ਲਈ ਸੰਸਦ ਤੋਂ ਮਨਜ਼ੂਰੀ ਦੀ ਲੋੜ ਹੋਵੇਗੀ। ਕੈਂਪ-7 ਵਿਚ ਪੰਜ ਕੈਦੀਆਂ ਨੂੰ ਰੱਖਿਆ ਗਿਆ ਹੈ, ਜਿਨਾਂ ’ਤੇ 11 ਸਤੰਬਰ 2001 ਨੂੰ ਹੋਏ ਅੱਤਵਾਦੀ ਹਮਲਿਆਂ ਲਈ ਮਦਦ ਕਰਨ ਦਾ ਦੋਸ਼ ਹੈ।

# ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਪਹਿਲੇ ਹਫਤੇ 19 ਗਵਾਹੀਆਂ ਭੁਗਤੀਆਂ

## ਮੈਡੀਕਲ ਮਾਹਿਰਾਂ ਦੀ ਗਵਾਹੀ ਹੋਵੇਗੀ ਅਹਿਮ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਵਿਸ਼ਵ ਭਰ ਵਿਚ ਚਰਚਾ ਦਾ ਵਿਸ਼ਾ ਬਣੇ ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਪਹਿਲੇ ਹਫਤੇ 14 ਮੈਂਬਰੀ ਜੁਡੀਸ਼ਰੀ ਅੱਗੇ ਕੁਲ 19 ਗਵਾਹੀਆਂ ਹੋਈਆਂ। ਮਿਨੀਪੋਲਿਸ ਦੇ ਪੁਲਿਸ ਅਧਿਕਾਰੀ ਸ਼ੌਵਿਨ ਡੈਰਕ ਵਿਰੁੱਧ ਲੱਗੇ ਹੱਤਿਆ ਦੇ ਦੋਸ਼ਾਂ ਬਾਰੇ ਸੁਣਵਾਈ ਦੀ ਸ਼ੁਰੂਆਤ ਦੌਰਾਨ ਫਲਾਇਡ ਦੀ ਗ੍ਰਿਫਤਾਰੀ ਤੋਂ ਲੈ ਕੇ ਉਸ ਦੀ ਮੌਤ ਤੱਕ ਦੀ ਵੀਡੀਓ ਅਦਾਲਤ ਵਿਚ ਵਿਖਾਈ ਗਈ। ਗਵਾਹੀ ਦੌਰਾਨ ਅਨੇਕਾਂ ਗਵਾਹ ਫਲਾਇਡ ਦੀ ਮੌਤ ਦਾ ਦ੍ਰਿਸ਼ ਯਾਦ ਕਰਕੇ ਆਪਣੇ ਅਥਰੂ ਰੋਕੇ ਬਿਨਾਂ ਨਹੀਂ ਰਹਿ ਸਕੇ। ਹਫਤੇ ਦੇ ਦੂਸਰੇ ਅੱਧ ਦੌਰਾਨ ਅਦਾਲਤ ਦਾ ਧਿਆਨ ਪੁਲਿਸ ਦੇ ਬਾਡੀ ਕੈਮਰਾ ਵੀਡੀਓ ਉਪਰ ਕੇਂਦ੍ਰਿਤ ਰਿਹਾ। ਅਜੇ ਮੈਡੀਕਲ ਮਾਹਿਰਾਂ ਦੀਆਂ ਗਵਾਹੀਆਂ ਹੋਣੀਆਂ ਹਨ ਜੋ ਇਸ ਮਾਮਲੇ ਵਿਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ ਕਿਉਂਕਿ ਬਚਾਅ ਪੱਖ ਦਾ ਕਹਿਣਾ ਹੈ ਕਿ ਫਲਾਇਡ ਦੀ ਮੌਤ ਡਰੱਗ ਦੀ ਵਰਤੋਂ ਤੇ ਹੋਰ ਸਿਹਤ ਸਮੱਸਿਆਵਾਂ ਕਾਰਨ ਹੋਈ ਹੈ ਜਦਕਿ ਇਸਤਗਾਸਾ ਧਿਰ ਦਾ ਦੋਸ਼ ਹੈ ਕਿ ਮਿਨੀਪੋਲਿਸ ਦੀ ਪੁਲਿਸ ਵੱਲੋਂ ਵਰਤੀ ਗਈ ਤਾਕਤ ਕਾਰਨ ਫਲਾਇਡ ਦਮ ਤੋੜ ਗਿਆ ਸੀ। ਖਾਸ ਕਰਕੇ ਪੁਲਿਸ ਅਧਿਕਾਰੀ ਸ਼ੌਵਿਨ ਡੈਰਕ ਵੱਲੋਂ ਧੌਣ ਨੂੰ 9 ਮਿੰਟ ਤੋਂ ਵੀ ਵੱਧ ਸਮਾਂ ਦਬਾਅ ਕੇ ਰੱਖਣ ਕਾਰਨ ਫਲਾਇਡ ਦਾ ਸਾਹ ਬੰਦ ਹੋ ਗਿਆ ਸੀ। ਜਿਆਦਾਤਰ ਗਵਾਹਾਂ ਨੇ ਵੀ ਇਸਤਗਾਸਾ ਪੱਖ ਦੀ ਇਸ ਦਲੀਲ ਦੀ ਪੁਸ਼ਟੀ ਕੀਤੀ ਹੈ ਤੇ ਉਨਾਂ ਕਿਹਾ ਹੈ ਕਿ ਫਲਾਇਡ ਵਾਰ ਵਾਰ ਸਾਹ ਨਾ ਆਉਣ ਦੀ ਗੱਲ ਕਰ ਰਿਹਾ ਸੀ ਤੇ ਉਹ ਪੁਲਿਸ ਨੂੰ ਛੱਡ ਦੇਣ ਦੀ ਬੇਨਤੀ ਕਰ ਰਿਹਾ ਸੀ। ਇਥੇ ਜ਼ਿਕਰਯੋਗ ਹੈ ਕਿ ਮਿਨੀਪੋਲਿਸ ਦੇ ਕੱਪ ਫੂਡਜ਼ ਸਟੋਰ ਤੋਂ ਫਲਾਇਡ ਵੱਲੋਂ ਸਿਗਰਟ ਖਰੀਦਣ ਉਪਰੰਤ ਉਸ ਵੱਲੋਂ ਦਿੱਤੇ ਗਏ 20 ਡਾਲਰ ਦੇ ਨੋਟ ਤੋਂ ਬਾਅਦ ਝਗੜਾ ਸ਼ੁਰੂ ਹੋਇਆ ਸੀ। ਸੇਲਜ਼ਮੈਨ ਦਾ ਕਹਿਣਾ ਸੀ ਕਿ 20 ਡਾਲਰ ਦਾ ਨੋਟ ਜਾਅਲੀ ਹੈ। ਉਸ ਵੱਲੋਂ ਕੀਤੀ ਕਾਲ ’ਤੇ ਪਹੁੰਚੀ ਪੁਲਿਸ ਨੇ ਫਲਾਇਡ ਨੂੰ ਹਿਰਾਸਤ ਵਿਚ ਲੈ ਲਿਆ ਸੀ ਤੇ ਉਸ ਦੇ ਹੱਥ ਪਿਛੇ ਬੰਨ ਦਿੱਤੇ ਸਨ ਤੇ ਬਾਅਦ ਵਿਚ ਜਮੀਨ ਉਪਰ ਪੁੱਠਾ ਲਿਟਾ ਕੇ ਉਸ ਦੀ ਧੌਣ ਉਪਰ ਗੋਡਾ ਰੱਖਣ ਕਾਰਨ ਉਸ ਦੀ ਮੌਤ ਹੋ ਗਈ ਸੀ।

### ਪੁਲਿਸ ਮੁਖੀ ਨੇ ਜਾਰਜ ਫਲਾਇਡ ਦੀ ਹੱਤਿਆ ਦੇ ਮਾਮਲੇ ਵਿਚ ਸਾਬਕਾ ਪੁਲਿਸ ਅਧਿਕਾਰੀ ਵਿਰੁੱਧ ਦਿੱਤੀ ਗਵਾਹੀ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਮਿਨੀਪੋਲਿਸ ਦੇ ਪੁਲਿਸ ਮੁਖੀ ਮੇਡਾਰੀਆ ਅਰਾਡੋਨਡੋ ਨੇ ਪਿਛਲੇ ਸਾਲ ਮਈ ਵਿਚ ਜਾਰਜ ਫਲਾਇਡ ਦੀ ਗ੍ਰਿਫਤਾਰੀ ਦੌਰਾਨ ਪੁਲਿਸ ਅਧਿਕਾਰੀ ਡੈਰਕ ਸ਼ੌਵਿਨ ਵੱਲੋਂ ਕੀਤੀ ਗਈ ਕਾਰਵਾਈ ਨੂੰ ਵਿਭਾਗ ਦੀ ਨੀਤੀ ਦੇ ਵਿਰੁੱਧ ਕਰਾਰ ਦਿੱਤਾ ਹੈ। ਸ਼ੌਵਿਨ ਵਿਰੁੱਧ ਫਲਾਇਡ ਦੀ ਹੱਤਿਆ ਕਰਨ ਦੇ ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਵਿਚ ਆਪਣੀ ਗਵਾਹੀ ਦਿੰਦਿਆਂ ਅਰਾਡੋਨਡੋ ਨੇ ਕਿਹਾ ਕਿ ਜਦੋਂ ਫਲਾਇਡ ਨੇ ਵਿਰੋਧ ਕਰਨਾ ਬੰਦ ਕਰ ਦਿੱਤਾ ਸੀ ਤੇ ਯਕੀਨਨ ਉਹ ਦਬਾਅ ਵਿਚ ਸੀ ਤੇ ਛੱਡਣ ਲਈ ਬੇਨਤੀ ਕਰ ਰਿਹਾ ਸੀ ਤਾਂ ਉਸ ਉਪਰ ਤਾਕਤ ਦੀ ਵਰਤੋਂ ਬੰਦ ਕਰ ਦੇਣੀ ਚਾਹੀਦੀ ਸੀ। ਉਨਾਂ ਕਿਹਾ ਕਿ ਇਕ ਵਿਅਕਤੀ ਜਿਸ ਦੇ ਹੱਥ ਪਿਛੇ ਬੰਨੇ ਹੋਏ ਸਨ ਤੇ ਉਹ ਉਲਟਾ ਜਮੀਨ ਉਪਰ ਲੇਟਿਆ ਹੋਇਆ ਸੀ ਤੇ ਉਸ ਨੇ ਵਿਰੋਧ ਕਰਨਾ ਬੰਦ ਕਰ ਦਿੱਤਾ ਸੀ ਤਾਂ ਅਜਿਹੇ ਵਿਚ ਤਾਕਤ ਦੀ ਵਰਤੋਂ ਸਮਝ ਤੋਂ ਬਾਹਰ ਦੀ ਗੱਲ ਹੈ। ਇਹ ਸਾਡੀ ਸਿਖਲਾਈ ਦਾ ਹਿੱਸਾ ਨਹੀਂ ਹੈ ਤੇ ਨਾ ਹੀ ਸਾਡੀਆਂ ਕਦਰਾਂ ਕੀਮਤਾਂ ਇਸ ਦੀ ਇਜਾਜ਼ਤ ਦਿੰਦੀਆਂ ਹਨ। ਅਰਾਡੋਨਡੋ ਨੇ ਹੋਰ ਕਿਹਾ ਸ਼ੌਵਿਨ ਵੱਲੋਂ 9 ਮਿੰਟ 29 ਸੈਕੰਡ ਫਲਾਇਡ ਦੀ ਧੌਨ ਉਪਰ ਗੋਡਾ ਰਖਕੇ ਦਬਾਈ ਰਖਣ ਸਿੱਧੇ ਤੌਰ ’ਤੇ ਪੁਲਿਸ ਵਿਭਾਗ ਦੀ ਨੀਤੀ ਦੀ ਉਲੰਘਣਾ ਹੈ ਜਦਕਿ ਉਸ ਸਮੇਂ ਫਲਾਇਡ ਨੂੰ ਸਹਾਇਤਾ ਦੀ ਲੋੜ ਸੀ।

# ਪੰਜਾਬ ਪੁਲਿਸ ਦਾ ਜ਼ਾਲਮ ਚੇਹਰਾ ਬੇਨਕਾਬ

## ✪ ਦੋਸ਼ੀਆਂ ਨੂੰ ਗੁਲਾਮਾਂ ਵਾਂਗ ਸ਼ਿਕੰਜੇ ਵਿਚ ਫਸਾਇਆ

## ✪ ਵੀਡੀਓ ਵਾਇਰਲ ਹੋਣ ਮਗਰੋਂ ਥਾਣੇਦਾਰ ਸਸਪੈਂਡ

**ਮੋਗਾ/ਏ.ਟੀ.ਨਿਊਜ਼ :** ਪੰਜਾਬ ਪੁਲਿਸ ਦਾ ਕਰੂਰ ਚਿਹਰਾ ਸਾਹਮਣੇ ਆਇਆ ਹੈ। ਮੋਗਾ ਦੇ ਥਾਣਾ ਸਿਟੀ ਵਿੱਚ ਕੋਰੀਅਰ ਕੰਪਨੀ ਦੇ ਮੈਨੇਜਰ ਤੇ ਸੁਰੱਖਿਆ ਗਾਰਡ ਨੂੰ ਗ਼ੈਰਕਾਨੂੰਨੀ ਹਿਰਾਸਤ ਵਿੱਚ ਰੱਖ ਕੇ ਉਨਾਂ ਨੂੰ ਤਸੀਹੇ ਦਿੱਤੇ ਗਏ ਹਨ। ਇਸ ਦਾ ਵੀਡੀਓ ਵਾਇਰਲ ਹੋਣ ’ਤੇ ਹਾਹਾਕਾਰ ਮੱਚ ਗਈ ਤੇ ਪੁਲਿਸ ਮੁਲਾਜ਼ਮਾਂ ਖਿਲਾਫ ਸਖਤ ਕਾਰਵਾਈ ਕੀਤੀ ਗਈ ਹੈ।

ਮੋਗਾ ਦੇ ਪੁਲਿਸ ਮੁਖੀ ਹਰਮਨਬੀਰ ਸਿੰਘ ਨੇ ਸਖਤ ਕਾਰਵਾਈ ਕਰਦਿਆਂ ਥਾਣਾ ਮੁਖੀ ਇੰਸਪੈਕਟਰ ਜਸਵੰਤ ਸਿੰਘ ਤੇ ਮੁੱਖ ਮੁਨਸ਼ੀ ਯਾਦਵਿੰਦਰ ਸਿੰਘ ਨੂੰ ਲਾਈਨ ਹਾਜ਼ਰ ਕਰ ਦਿੱਤਾ ਹੈ। ਇਸ ਦੇ ਨਾਲ ਹੀ ਏਐਸਆਈ ਅਮਰਜੀਤ ਸਿੰਘ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਹੈ।

ਇਸ ਬਾਰੇ ਸੋਸ਼ਲ ਮੀਡੀਆ ’ਤੇ ਵੀਡੀਓ ਵਾਇਰਲ ਕਰਨ ਵਾਲੇ ਸਮਾਜ ਸੇਵੀ ਮਹਿੰਦਰਪਾਲ ਲੂੰਬਾਂ ਨੇ ਦੱਸਿਆ ਕਿ ਉਨਾਂ ਥਾਣੇ ਅੰਦਰੋਂ ਤਸੀਹੇ ਦੇਣ ਦੀ ਘਟਨਾ ਦੀ ਵੀਡੀਓ ਬਣਾਈ। ਉਨਾਂ ਦੱਸਿਆ ਕਿ 25 ਮਾਰਚ ਦੇਰ ਸ਼ਾਮ ਨੂੰ ਕੋਰੀਅਰ ਕੰਪਨੀ ਦੇ ਮੈਨੇਜਰ ਲਵਕਿਰਨ ਸਿੰਘ ਵਾਸੀ ਪਿੰਡ ਦੁਸਾਂਝ ਤੇ ਸੁਰੱਖਿਆ ਗਾਰਡ ਰਿੰਕੂ ਸਿੰਘ ਦਾ ਕੰਪਨੀ ਦਫ਼ਤਰ ਅੱਗੇ ਕਾਰ ਪਾਰਕਿੰਗ ਕਰਨ ਤੋਂ ਰਸੂਖਵਾਨਾਂ ਨਾਲ ਮਾਮੂਲੀ ਝਗੜਾ ਹੋ ਗਿਆ ਸੀ। ਮਗਰੋਂ ਏਐਸਆਈ ਅਮਰਜੀਤ ਸਿੰਘ ਨੇ ਇਨਾਂ ਨੂੰ ਥਾਣੇ ਲਿਆ ਕੇ ਹਵਾਲਾਤ ਵਿੱਚ ਬੰਦ ਕਰ ਦਿੱਤਾ ਤੇ ਉਨਾਂ ਦੀਆਂ ਲੱਤਾਂ ਕਾਠ ਵਿੱਚ ਫਸਾ ਕੇ ਤਸੀਹੇ ਦਿੱਤੇ।

ਉਸ ਵੱਲੋਂ ਇਹ ਵੀਡੀਓ ਵਾਇਰਲ ਕਰਨ ਮਗਰੋਂ ਐਸਐਸਪੀ ਨੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ। ਐਸਪੀ ਹੈੱਡਕੁਆਰਟਰ ਗੁਰਦੀਪ ਸਿੰਘ, ਡੀਐਸਪੀ ਸਿਟੀ ਬਲਜਿੰਦਰ ਸਿੰਘ ਭੁੱਲਰ ਥਾਣੇ ਪੁੱਜੇ ’ਤੇ ਉਸ ਨੂੰ ਵੀ ਸੱਦਿਆ ਗਿਆ। ਹੁਣ ਪੁਲਿਸ ਅਧਿਕਾਰੀਆਂ ਨੇ ਕਸੂਰਵਾਰ ਏਐਸਆਈ ਨੂੰ ਬਰਖ਼ਾਸਤ ਕਰਨ, ਥਾਣਾ ਮੁਖੀ ਤੇ ਮੁਨਸ਼ੀ ਨੂੰ ਲਾਈਨ ਹਾਜ਼ਰ ਕਰਨ ਦੀ ਪੁਸ਼ਟੀ ਕੀਤੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# 1978 ਵਿਸਾਖੀ ਦੇ 13 ਸ਼ਹੀਦਾਂ ਸਿੰਘਾਂ ਦੀ ਯਾਦ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਮਾਰਚ' ਕੱਢਣ ਦਾ ਐਲਾਨ



**ਅ੍ਰੰਮਿਤਸਰ/ਏ.ਟੀ.ਨਿਊਜ਼ :** ਅੰਮ੍ਰਿਤਸਰ ਦੀ ਪਾਵਨ ਧਰਤੀ ਤੇ 1978 ਦੀ ਵਿਸਾਖੀ ਵਾਲੇ ਦਿਨ ਵਾਪਰੇ 13 ਸਿੰਘਾਂ ਦੇ ਸ਼ਹੀਦੀ ਸਾਕੇ ਦੀ ਯਾਦ ਨੂੰ ਸਮਰਪਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਮਾਰਚ' 13 ਅਪ੍ਰੈਲ ਮੰਗਲਵਾਰ ਨੂੰ ਕੱਢਣ ਦਾ ਫੈਸਲਾ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਕਮੇਟੀ ਵੱਲੋਂ ਲਿਆ ਗਿਆ ਹੈ। ਇਹ ਮਾਰਚ ਗੁਰਦੁਆਰਾ ਸ਼ਹੀਦ ਗੰਜ ਬੀ ਬਲਾਕ ਰੇਲਵੇ ਕਲੋਨੀ ਤੋਂ ਸਵੇਰੇ 11 ਵਜੇ ਪੰਜ ਸਿੰਘਾਂ ਦੀ ਅਗਵਾਈ ਵਿੱਚ ਆਰੰਭ ਹੋਵੇਗਾ ਤੇ ਵੱਖ ਵੱਖ ਬਾਜ਼ਾਰਾਂ ਤੋਂ ਹੁੰਦਾ ਹੋਇਆ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅਰਦਾਸ ਉਪਰੰਤ ਸਮਾਪਤ ਹੋਵੇਗਾ ਜਿੱਥੇ 13 ਸ਼ਹੀਦ ਸਿੰਘਾਂ ਦੇ ਪਰਵਾਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਮਾਰਚ ਦੌਰਾਨ ਰਸਤੇ ਵਿੱਚ ਗੁਰਬਾਣੀ ਕੀਰਤਨ ਰਾਹੀ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਮਾਰਚ ਸ਼ਾਂਤਮਈ ਤੇ ਮਰਿਯਾਦਾ ਵਿੱਚ ਹੋਵੇਗਾ। ਹਵਾਰਾ ਕਮੇਟੀ ਨੇ ਸਪੱਸ਼ਟ ਕੀਤਾ ਕਿ 13 ਸ਼ਹੀਦ ਸਿੰਘ ਕੌਮ ਦੇ ਸਾਂਝੇ ਹਨ ਇਸ ਲਈ ਮਾਰਚ ਸਮੁੱਚੇ ਖਾਲਸਾ ਪੰਥ ਦਾ ਹੈ ਜਿਸ ਵਿੱਚ ਸਮੂਹ ਜਥੇਬੰਦੀਆਂ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਮੀਟਿੰਗ ਵਿੱਚ ਵਿਚਾਰਾਂ ਹੋਈਆਂ ਕਿ 1978 ਦਾ ਸ਼ਹੀਦੀ ਸਾਕਾ ਮੌਜੂਦਾ ਸੰਘਰਸ਼ ਦਾ ਮੁੱਢ ਹੈ ਤੇ ਉਸ ਸਮੇਂ ਦੀ ਸ਼ਹੀਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਤੇ ਸਤਿਕਾਰ ਬਹਾਲ ਰੱਖਣ ਲਈ ਕੀਤੀ ਗਈ ਸੀ। ਜ਼ਿਕਰਯੋਗ ਹੈ ਇਸ ਸਾਕੇ ਵਿੱਚ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਅਗਵਾਈ ਅਖੰਡ ਕੀਰਤਨੀ ਜਥੇ ਦੇ ਭਾਈ ਫੌਜਾ ਸਿੰਘ ਨੇ ਕੀਤੀ ਸੀ। ਬਾਦਲ ਸਰਕਾਰ ਨੇ ਨਕਲੀ ਨਿਰੰਕਾਰੀਆਂ ਨੂੰ ਅੰਮ੍ਰਿਤਸਰ ਵਿਖੇ ਵਿਸਾਖੀ ਸਮਾਗਮ ਦੀ ਪ੍ਰਵਾਨਗੀ ਦੇ ਕੇ ਸਿੱਖਾਂ ਦੀ ਭਾਵਨਾਵਾਂ ਨੂੰ ਭੜਕਾਇਆ ਸੀ।

ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਹੋਣ ਦੇ ਬਾਵਜੂਦ ਵੀ ਨਕਲੀ ਨਿਰੰਕਾਰੀਆਂ ਸਮੇਤ ਦੋਸ਼ੀ ਪੁਲਿਸ ਅਫਸਰਾਂ ਨੂੰ ਕੋਈ ਵੀ ਸਜ਼ਾ ਨਹੀਂ ਮਿਲ ਸਕੀ ਸੀ। ਅੱਜ ਲੋੜ ਹੈ ਪੰਥਕ ਜਥੇਬੰਦੀਆਂ ਇਕ ਦੂਸਰੇ ਨੂੰ ਸਹਿਯੋਗ ਦੇ ਕੇ ਆਪਣੇ ਸ਼ਾਨਾਮਤੇ ਇਤਿਹਾਸ ਤੋਂ ਮੌਜੂਦਾ ਪੀੜੀ ਨੂੰ ਜਾਣੂ ਕਰਵਾਉਣ। ਮੀਟਿੰਗ ਵਿੱਚ ਹਾਜ਼ਰ ਪ੍ਰੋਫੈਸਰ ਬਲਜਿੰਦਰ ਸਿੰਘ, ਪੰਜਾਂ ਸਿੰਘਾਂ ਚੋ ਭਾਈ ਸਤਨਾਮ ਸਿੰਘ ਝੰਝੀਆ, ਭਾਈ ਸਤਨਾਮ ਸਿੰਘ ਖੰਡਾਂ, ਭੁਪਿੰਦਰ ਸਿੰਘ ਭਲਵਾਨ ਜਰਮਨੀ, ਮਹਾਬੀਰ ਸਿੰਘ ਸੁਲਤਾਨਵਿੰਡ, ਰਘਬੀਰ ਸਿੰਘ ਭੁੱਚਰ, ਸੁਖਰਾਜ ਸਿੰਘ ਵੇਰਕਾ, ਮਾਸਟਰ ਬਲਦੇਵ ਸਿੰਘ, ਜਸਪਾਲ ਸਿੰਘ ਪੁਤਲੀਘਰ, ਨਰਿੰਦਰ ਸਿੰਘ ਗਿਲ਼, ਰਾਜ ਸਿੰਘ, ਮਨਮੋਹਨ ਸਿੰਘ, ਪਰਮਜੀਤ ਸਿੰਘ ਆਦਿ ਨੇ ਕਿਹਾ ਕਿ 1978 ਸਾਕਾ, 1986 ਨਕੋਦਰ ਸਾਕਾ ਤੇ 2015 ਦਾ ਬਹਿਬਲ ਕਲਾਂ ਘਟਨਾਵਾਂ ਬਾਦਲਾਂ ਦੇ ਚੇਹਰੇ 'ਤੇ ਕਲੰਕ ਹੈ ਤੇ ਇਤਿਹਾਸ ਦਾ ਹਿੱਸਾ ਬਣ ਚੁੱਕੀਆਂ ਹਨ।

**ਜਾਰੀ ਕਰਤਾ**
**ਪ੍ਰੋਫੈਸਰ ਬਲਜਿੰਦਰ ਸਿੰਘ**
੯੮੮੮੦੦੧੮੮੮

# ਕੋਰੋਨਾ ਤੋਂ ਠੀਕ ਹੋਣ ਵਾਲੇ ਹਰ 3 'ਚੋਂ 1 ਵਿਅਕਤੀ ਨੂੰ ਹੁੰਦੀ ਹੈ ਦਿਮਾਗੀ ਸਮੱਸਿਆ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਇੱਕ ਨਵੇਂ ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਕੋਰੋਨਾ ਵਾਇਰਸ ਤੋਂ ਠੀਕ ਹੋਏ ਲੋਕਾਂ ਦੇ ਨਿਊਰੋਲਾਜਿਕਲ ਹੈਲਥ ਅਤੇ ਮੈਂਟਲ ਹੈਲਥ 'ਤੇ ਇਹ ਇਨਫੈਕਸ਼ਨ ਕਿਵੇਂ ਪ੍ਰਭਾਵ ਪਾਉਂਦਾ ਹੈ। ਪਤਾ ਲੱਗਾ ਹੈ ਕਿ ਕੋਰੋਨਾ ਵਾਇਰਸ ਇਨਫੈਕਸ਼ਨ ਤੋਂ ਠੀਕ ਹੋਣ ਤੋਂ ਬਾਅਦ ਤਿੰਨ ਵਿੱਚੋਂ ਇੱਕ ਸ਼ਖਸ ਨੂੰ 6 ਮਹੀਨਿਆਂ ਵਿੱਚ ਨਿਊਰੋਲਾਜਿਕਲ ਜਾਂ ਮਾਨਸਿਕ ਸਮੱਸਿਆਵਾਂ ਤੋਂ ਲੰਘਣਾ ਪਿਆ ਹੈ। ਦਿ ਲੈਂਸੇਟ ਸਾਇਕੇਟਰੀ ਜਰਨਲ ਵਿੱਚ ਛਪੇ ਅਧਿਐਨ ਵਿੱਚ ਇਹ ਗੱਲ ਕਹੀ ਗਈ ਹੈ। ਅਧਿਐਨ ਨੇ 230,000 ਤੋਂ ਜ਼ਿਆਦਾ ਲੋਕਾਂ ਦੇ ਸਿਹਤ ਰਿਕਾਰਡ ਨੂੰ ਧਿਆਨ ਵਿੱਚ ਰੱਖਿਆ, ਜੋ ਕੋਰੋਨਾ ਵਾਇਰਸ ਨੂੰ ਹਰਾ ਕੇ ਠੀਕ ਹੋਏ ਹਨ। ਪੜਾਈ ਦੇ ਅਨੁਸਾਰ, 34 ਫ਼ੀਸਦੀ ਲੋਕਾਂ ਨੂੰ 6 ਮਹੀਨੇ ਦੇ ਅੰਦਰ ਨਿਊਰੋਲਾਜਿਕਲ ਜਾਂ ਮਨੋਰੋਗ ਸਬੰਧੀ ਬੀਮਾਰੀ ਤੋਂ ਪੀੜਤ ਪਾਇਆ ਗਿਆ।

ਜ਼ਿਆਦਾਤਰ ਚਿੰਤਾਵਾਂ ਦੀਆਂ ਸ਼ਿਕਾਇਤਾਂ ਮਿਲੀਆਂ। ਅਜਿਹੇ 17% ਲੋਕ ਮਿਲੇ ਜਦੋਂ ਕਿ 14% ਲੋਕਾਂ ਵਿੱਚ ਮੂਡ ਡਿਸਆਰਡਰ ਦੀ ਸ਼ਿਕਾਇਤ ਦੀ ਜਾਣਕਾਰੀ ਮਿਲੀ। ਵਿਸ਼ਲੇਸ਼ਣ ਕਰਨ ਵਾਲੇ ਖੋਜਕਾਰਾਂ ਨੇ ਕਿਹਾ ਕਿ ਹੁਣੇ ਤੱਕ ਇਹ ਸਾਫ਼ ਨਹੀਂ ਹੈ ਕਿ ਮਨੋਰੋਗ ਨਾਲ ਇਹ ਵਾਇਰਸ ਕਿਵੇਂ ਜੁੜਿਆ ਹੈ।

# ਆਮ ਆਦਮੀ ਪਾਰਟੀ ਨਾਲ ਕੋਈ ਰਲੇਵਾਂ ਨਹੀਂ ਹੋਏਗਾ-ਪਰਮਿੰਦਰ ਸਿੰਘ ਢੀਂਡਸਾ



**ਚੰਡੀਗੜ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਨੇ ਆਮ ਆਦਮੀ ਪਾਰਟੀ ਦੀਆਂ ਆਸਾਂ ਨੂੰ ਝਟਕਾ ਦਿੰਦਿਆਂ ਪਾਰਟੀ ਦੇ ਸੀਨੀਅਰ ਲੀਡਰ ਪਰਮਿੰਦਰ ਸਿੰਘ ਢੀਂਡਸਾ ਨੇ ਸਪੱਸ਼ਟ ਕੀਤਾ ਹੈ ਕਿ ਆਮ ਆਦਮੀ ਪਾਰਟੀ ਨਾਲ ਕੋਈ ਰਲੇਵਾਂ ਨਹੀਂ ਹੋਏਗਾ। ਉਨਾਂ ਨੇ 'ਆਪ' ਲੀਡਰ ਹਰਪਾਲ ਸਿੰਘ ਚੀਮਾ ਵੱਲੋਂ ਰਲੇਵੇਂ ਬਾਰੇ ਦਿੱਤੇ ਬਿਆਨ ਦਾ ਜ਼ੋਰਦਾਰ ਖੰਡਨ ਕੀਤਾ ਹੈ।

ਸ. ਢੀਂਡਸਾ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਪੰਥਕ ਪਾਰਟੀ ਹੈ ਤੇ ਕਿਸੇ ਵੀ ਹੋਰ ਪਾਰਟੀ ਵਿੱਚ ਸ਼ਾਮਲ ਨਹੀਂ ਹੋ ਸਕਦੀ। ਉਨਾਂ ਕਿਹਾ ਕਿ ਪੰਜਾਬ ਦੇ ਬਿਹਤਰ ਭਵਿੱਖ ਲਈ ਹਮਖਿਆਲੀ ਲੋਕਾਂ ਜਾਂ ਹਮਖਿਆਲੀ ਪਾਰਟੀਆਂ ਵਿਚਾਲੇ ਸਮਝੌਤਾ ਹੋਣਾ ਮਾੜਾ ਨਹੀਂ। ਉਨਾਂ ਕਿਹਾ ਕਿ ਪੰਜਾਬ ਤੇ ਪੰਥ ਦੇ ਸੁਨਹਿਰੇ ਭਵਿੱਖ ਲਈ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਭਾਜਪਾ ਨੂੰ ਛੱਡ ਕੇ ਕਿਸੇ ਵੀ ਹਮਖਿਆਲੀ ਪਾਰਟੀ ਨਾਲ ਚੋਣ ਸਮਝੌਤਾ ਕੀਤਾ ਜਾ ਸਕਦਾ ਹੈ।

ਦੱਸ ਦਈਏ ਕਿ 'ਆਪ' ਦੇ ਸੀਨੀਅਰ ਲੀਡਰ ਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਦਾਅਵਾ ਕੀਤਾ ਸੀ ਕਿ 'ਆਪ' ਤੇ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਰਲੇਵੇਂ ਦੀ ਗੱਲ ਚੱਲ ਰਹੀ ਹੈ। ਉਨਾਂ ਕਿਹਾ ਸੀ ਕਿ ਪੰਜਾਬ ਦੇ ਸਹਿ-ਇੰਚਾਰਜ ਰਾਘਵ ਚੱਢਾ ਤੇ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਦੇ ਸੀਨੀਅਰ ਲੀਡਰ ਸੁਖਦੇਵ ਸਿੰਘ ਢੀਂਡਸਾ ਵਿਚਾਲੇ ਮੀਟਿੰਗ ਹੋਈ ਹੈ। ਇਸ ਵਿੱਚ ਕਿਸੇ ਗੱਠਜੋੜ ਦੀ ਥਾਂ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਲੀਡਰਾਂ ਨੂੰ ਆਮ ਆਦਮੀ ਪਾਰਟੀ 'ਚ ਸ਼ਾਮਲ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਸੀ।

ਉਨਾਂ ਕਿਹਾ ਸੀ ਕਿ 'ਆਪ' ਵੱਲੋਂ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਨਾਲ ਕਿਸੇ ਤਰਾਂ ਦਾ ਗੱਠਜੋੜ ਨਹੀਂ ਕੀਤਾ ਜਾਵੇਗਾ ਬਲਕਿ ਸੁਖਦੇਵ ਸਿੰਘ ਢੀਂਡਸਾ ਸਮੇਤ ਸਾਰੇ ਲੀਡਰ ਜਲਦ ਹੀ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਸਕਦੇ ਹਨ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦਾ ਕਹਿਣਾ ਹੈ ਕਿ ਗੱਠਜੋੜ ਹੋ ਸਕਦਾ ਹੈ, ਰਲੇਵਾਂ ਕਦੇ ਵੀ ਨਹੀਂ ਹੋ ਸਕਦਾ।

# 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਿੱਲੀ ਕਮੇਟੀ ਵਲੋਂ ਜਾਰੀ ਚਾਂਦੀ ਦਾ ਸਿੱਕਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਾਂਦੀ ਦਾ ਸਿੱਕਾ ਜਾਰੀ ਕੀਤਾ ਗਿਆ । ਇਸ ਸਿੱਕੇ 'ਤੇ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਤੇ ਸ਼ਹੀਦੀ ਅਸਥਾਨ ਦੀਆਂ ਤਸਵੀਰਾਂ ਛਾਪੀਆਂ ਗਈਆਂ ਹਨ। ਪ੍ਰੈੱਸ ਕਾਨਫਰੰਸ ਦੌਰਾਨ ਕਮੇਟੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਇਹ ਸਿੱਕੇ 10 ਅਤੇ 20 ਗ੍ਰਾਮ ਦੋ ਤਰਾਂ ਦੇ ਤਿਆਰ ਕੀਤੇ ਗਏ ਹਨ ਤੇ ਪਹਿਲੇ ਲਾਟ ਵਿਚ 1200 ਸਿੱਕੇ ਤਿਆਰ ਕੀਤੇ ਗਏ ਹਨ । ਉਕਤ ਆਗੂਆਂ ਨੇ ਦੱਸਿਆ ਕਿ 10 ਗ੍ਰਾਮ ਦੇ ਸਿੱਕੇ ਦੀ ਭੇਟਾ 1100 ਰੁਪਏ ਅਤੇ 20 ਗ੍ਰਾਮ ਦੇ ਸਿੱਕੇ ਦੀ ਭੇਟਾ 2100 ਰੁਪਏ ਰੱਖੀ ਗਈ ਹੈ। ਉਨਾਂ ਦੱਸਿਆ ਕਿ ਇਹ ਸਿੱਕਾ ਗੁਰਦੁਆਰਾ ਬੰਗਲਾ ਸਾਹਿਬ ਤੇ ਗੁਰਦੁਆਰਾ ਸੀਸਗੰਜ ਸਾਹਿਬ ਸਮੇਤ ਸਾਰੇ ਗੁਰਦੁਆਰਾ ਸਾਹਿਬਾਨ ਵਿਚ ਉਪਲਬਧ ਹੋਵੇਗਾ। ਉਨਾਂ ਦੱਸਿਆ ਕਿ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੁੱਖ ਸਮਾਗਮ 1 ਮਈ ਨੂੰ ਹੋਣਗੇ ਪਰ ਬਾਕੀ ਸਮਾਗਮ ਲਗਾਤਾਰ ਜਾਰੀ ਰਹਿਣਗੇ ।

# ਪੰਜਾਬ ਵਿਚ ਚੋਣ ਅਧਿਕਾਰੀਆਂ ਨੂੰ ਚੋਣਾਂ ਲਈ ਤਿਆਰ ਰਹਿਣ ਦੇ ਹੁਕਮ

**ਚੰਡੀਗੜ/ਏ.ਟੀ.ਨਿਊਜ਼:** ਸੂਬੇ ਵਿਚ ਅਗਲੇ ਸਾਲ ਦੀ ਸ਼ੁਰੂਆਤ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਪੰਜਾਬ ਡਾ. ਐਸ. ਕਰੁਣਾ ਰਾਜੂ ਨੇ ਚੋਣ ਅਧਿਕਾਰੀਆਂ ਨੂੰ ਚੋਣਾਂ ਲਈ ਤਿਆਰ ਰਹਿਣ ਦੀ ਹਦਾਇਤ ਕੀਤੀ ਹੈ ।ਇਸ ਸਬੰਧੀ ਗੂਗਲ ਮੀਟ ਰਾਹੀਂ ਪੰਜਾਬ ਦੇ ਸਾਰੇ 22 ਜ਼ਿਲਿਆਂ ਦੇ ਚੋਣ ਤਹਿਸੀਲਦਾਰਾਂ ਤੇ ਚੋਣ ਕਾਨੂੰਗੋਆਂ ਨਾਲ ਬੈਠਕ ਕੀਤੀ ਗਈ । ਮੁੱਖ ਚੋਣ ਅਧਿਕਾਰੀ ਨੇ ਵੋਟਰ ਸੂਚੀ ਦੀ ਨਿਰੰਤਰ ਅੱਪਡੇਟ (ਸੁਧਾਈ) ਲਈ ਮੁਹਿੰਮ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਹੈ । ਮੌਜੂਦਾ ਮਹਾਂਮਾਰੀ ਦੌਰਾਨ ਉਨਾਂ ਸਾਰੇ ਅਧਿਕਾਰੀਆਂ ਨੂੰ ਮੋਬਾਈਲ ਐਪਲੀਕੇਸ਼ਨ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਹਦਾਇਤ ਕੀਤੀ।

# ਗੁਰੂ ਤੇਗ ਬਹਾਦਰ ਸ਼ਤਾਬਦੀ ਸਮਾਗਮਾਂ 'ਤੇ ਪਿਆ ਕਰੋਨਾ ਦਾ ਪਰਛਾਵਾਂ

## ਸੱਤ ਦਿਨ ਚੱਲਣ ਵਾਲੇ ਸਮਾਗਮਾਂ ਦੀ ਰੂਪ ਰੇਖਾ ਬਦਲੀ

**ਅੰਮ੍ਰਿਤਸਰ /ਏ.ਟੀ.ਨਿਊਜ਼:** ਕਰੋਨਾ ਦੇ ਵਧ ਰਹੇ ਪ੍ਰਭਾਵ ਦਾ ਪਰਛਾਵਾਂ ਗੁਰੂ ਤੇਗ ਬਹਾਦਰ ਦੇ 400ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਸਮਾਗਮਾਂ 'ਤੇ ਵੀ ਪੈ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਸੱਤ ਦਿਨ ਚੱਲਣ ਵਾਲੇ ਸਮਾਗਮਾਂ ਦੀ ਰੂਪ ਰੇਖਾ ਬਦਲਦਿਆਂ ਇਸ ਨੂੰ ਹੁਣ ਤਿੰਨ ਦਿਨ ਕਰਨ ਦਾ ਫੈਸਲਾ ਕੀਤਾ ਹੈ। ਇਹ ਸਮਾਗਮ ਖੁੱਲੇ ਪੰਡਾਲ ਵਿਚ ਕੀਤੇ ਜਾਣ ਦੀ ਥਾਂ ਹੁਣ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਹਾਲ ਵਿਖੇ ਹੀ ਕੀਤੇ ਜਾਣਗੇ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਗਠਿਤ ਕੀਤੀ ਗਈ ਕਮੇਟੀ ਦੀ ਮੀਟਿੰਗ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਹੇਠ ਬੀਤੇ ਕੱਲ ਹੋਈ। ਪ੍ਰੋ. ਬਡੂੰਗਰ ਨੇ ਦੱਸਿਆ ਕਿ 400 ਸਾਲਾ ਪ੍ਰਕਾਸ਼ ਪੁਰਬ ਮੌਕੇ 29, 30 ਅਪ੍ਰੈਲ ਅਤੇ ਪਹਿਲੀ ਮਈ ਨੂੰ ਗੁਰਮਤਿ ਸਮਾਗਮ ਹੋਣਗੇ। ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ 29 ਅਪ੍ਰੈਲ ਨੂੰ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਜਿਸ ਦੇ ਭੋਗ ਪਹਿਲੀ ਮਈ ਨੂੰ ਪੈਣਗੇ। ਇਸ ਦੌਰਾਨ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਹੋਣਗੇ। ਉਨਾਂ ਦੱਸਿਆ ਕਿ ਗੁਰਦੁਆਰਾ ਗੁਰੂ ਕੇ ਮਹਿਲ ਤੋਂ ਆਰੰਭ ਹੋਏ ਨਗਰ ਕੀਰਤਨ ਦੇ ਅਨੰਦਪੁਰ ਸਾਹਿਬ ਪੁੱਜਣ 'ਤੇ ਭਾਈ ਜੈਤਾ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸੇ ਤਰਾਂ ਕਸ਼ਮੀਰੀ ਪੰਡਤਾਂ ਦੀ ਫਰਿਆਦ ਲੈ ਕੇ ਆਏ ਭਾਈ ਕਿਰਪਾ ਰਾਮ ਨੂੰ ਯਾਦ ਕਰਦਿਆਂ ਇਕ ਸਮਾਗਮ ਕਸ਼ਮੀਰ ਵਿਚ ਵੀ ਕਰਵਾਇਆ ਜਾਵੇਗਾ। ਸ਼ਤਾਬਦੀ ਨੂੰ ਸਮਰਪਿਤ ਪੂਰਾ ਸਾਲ ਸਕੂਲਾਂ, ਕਾਲਜਾਂ 'ਚ ਸੈਮੀਨਾਰ, ਵਿਦਿਆਰਥੀਆਂ ਦੇ ਲੇਖਣੀ ਮੁਕਾਬਲੇ ਹੋਣਗੇ। ਇਸੇ ਦੌਰਾਨ ਵੱਖ-ਵੱਖ ਥਾਵਾਂ 'ਤੇ ਸਹਿਣਸ਼ੀਲਤਾ ਅਤੇ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਮੈਰਾਥਨ ਕਰਵਾਈ ਜਾਵੇਗੀ। ਉਨਾਂ ਕਿਹਾ ਕਿ ਵਿਦੇਸ਼ਾਂ ਵਿਚ ਵੀ ਸਿੱਖ ਕਾਨਫਰੰਸ ਕਰਵਾਉਣ ਦੇ ਯਤਨ ਕੀਤੇ ਜਾਣਗੇ। ਗੁਰੂ ਸਾਹਿਬ ਦੇ ਜੀਵਨ, ਇਤਿਹਾਸ ਤੋਂ ਜਾਣੂ ਕਰਵਾਉਣ ਲਈ ਕਿਤਾਬਾਂ ਛਾਪੀਆਂ ਜਾਣਗੀਆਂ। ਉਨਾਂ ਦੱਸਿਆ ਕਿ ਸਾਲ ਭਰ ਚੱਲਣ ਵਾਲੇ ਸਮਾਗਮ ਭਾਈ ਜੈਤਾ ਜੀ, ਭਾਈ ਮੱਖਣ ਸ਼ਾਹ ਲੁਬਾਣਾ, ਭਾਈ ਲਖੀ ਸ਼ਾਹ ਵਣਜਾਰਾ ਅਤੇ ਹੋਰ ਸਿੱਖਾਂ ਨੂੰ ਸਮਰਪਿਤ ਕਰਵਾਏ ਜਾਣਗੇ।

# ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਲਈ 504 ਉਮੀਦਵਾਰਾਂ ਨੇ ਭਰਿਆ ਨਾਮਜ਼ਦਗੀ ਪੱਤਰ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਚੋਣਾਂ ਲਈ 504 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਭਰਿਆ ਹੈ। ਡੀਐੱਸਜੀਐੱਮਸੀ ਦੇ 46 ਮੈਂਬਰਾਂ ਦੀ ਚੋਣ ਲਈ 25 ਅਪ੍ਰੈਲ ਨੂੰ ਵੋਟਾਂ ਪੈਣੀਆਂ ਹਨ। ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ ਬਾਦਲ), ਸ਼੍ਰੋਮਣੀ ਅਕਾਲੀ ਦਲ ਦਿੱਲੀ (ਸਰਨਾ), ਜਗ ਆਸਰਾ ਗੁਰੂ ਓਟ (ਜਾਗੋ) ਸਮੇਤ ਸੱਤ ਪਾਰਟੀਆਂ ਚੋਣ ਮੈਦਾਨ ਵਿਚ ਹਨ। ਇਸ ਦੇ ਨਾਲ ਹੀ ਕੁਝ ਆਜ਼ਾਦ ਉਮੀਦਵਾਰਾਂ ਨੇ ਵੀ ਨਾਮਜ਼ਦਗੀ ਪੱਤਰ ਭਰਿਆ ਹੈ।

# ਪੰਜਾਬ ਵਿਚ ਭਾਜਪਾ ਸਰਗਰਮ

## ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੱਡੀ ਜਿੱਤ ਦਾ ਦਾਅਵਾ

**ਚੰਡੀਗੜ/ਏ.ਟੀ.ਨਿਊਜ਼:** ਭਾਜਪਾ ਨੇ ਪੰਜਾਬ ਵਿਚ ਅਗਲੇ ਵਰੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਮੋਰਚੇ ਸੰਭਾਲ ਲਏ ਹਨ। ਪਾਰਟੀ ਦਾ ਦਾਅਵਾ ਹੈ ਕਿ ਲੋਕਾਂ ਕੈਪਟਨ ਸਰਕਾਰ ਤੋਂ ਅੱਕੇ ਹੋਏ ਹਨ ਤੇ ਸੂਬੇ ਵਿਚ ਭਾਜਪਾ ਦੀ ਸਰਕਾਰ ਬਣਾਉਣ ਲਈ ਕਾਹਲੇ ਹਨ। ਭਾਜਪਾ ਦੇ ਸੂਬਾਈ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪਾਰਟੀ ਦੇ ਆਗੂਆਂ ਦੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਵਰਕਰਾਂ ਨੂੰ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਮੈਦਾਨ ਵਿੱਚ ਡਟਣ ਦਾ ਸੱਦਾ ਦਿੱਤਾ। ਉਨਾਂ ਕਿਹਾ ਕਿ ਪੰਜਾਬ ਦੇ ਲੋਕ ਮੁੱਖ ਮੰਤਰੀ ਅਮਰਿੰਦਰ ਸਿੰਘ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਜਾਣੂ ਹੋ ਚੁੱਕੇ ਹਨ, ਇਸ ਲਈ 2022 ਵਿੱਚ ਭਾਜਪਾ ਦੀ ਸਰਕਾਰ ਬਣਨੀ ਤੈਅ ਹੈ।

ਉਨਾਂ ਕਿਹਾ ਕਿ ਅਮਰਿੰਦਰ ਸਿੰਘ ਦੇ ਰਾਜ ਵਿਚ ਹਰ ਜਗਾ ਗੈਂਗਸਟਰਾਂ ਅਤੇ ਮਾਫੀਆ ਦਾ ਬੋਲਬਾਲਾ ਹੈ, ਭ੍ਰਿਸ਼ਟਾਚਾਰ ਆਪਣੇ ਸਿਖਰ ’ਤੇ ਹੈ, ਆਮ ਆਦਮੀ ਆਪਣੀ ਸੁਰੱਖਿਆ ਨੂੰ ਲੈ ਕੇ ਹਰ ਸਮੇਂ ਦਹਿਸ਼ਤ ਵਿੱਚ ਰਹਿੰਦਾ ਹੈ। ਲੋਕ ਹੁਣ ਜਾਗਰੂਕ ਹੋ ਚੁੱਕੇ ਹਨ ਤੇ ਭਾਜਪਾ ਦੇ ਹੱਕ ਵਿਚ ਭੁਗਤਣ ਲਈ ਤਿਆਰ ਬਰ ਤਿਆਰ ਹਨ।

ਦੱਸ ਦਈਏ ਕਿ ਕਿਸਾਨ ਅੰਦੋਲਨ ਕਾਰਨ ਪੰਜਾਬ ਵਿਚ ਭਾਜਪਾ ਆਗੂਆਂ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਮਲੋਟ ਵਿਚ ਭਾਜਪਾ ਵਿਧਾਇਕ ਦੀ ਕੁੱਟਮਾਰ ਤੋਂ ਬਾਅਦ ਭਾਜਪਾ ਨੇ ਸੂਬੇ ਵਿਚ ਲਾਕਾਨੂੰਨੀ ਦੇ ਮੁੱਦੇ ਨੂੰ ਵੱਡੇ ਪੱਧਰ ਉਤੇ ਉਭਾਰਿਆ ਹੈ। ਇਸ ਘਟਨਾ ਪਿੱਛੋਂ ਜਿਥੇ ਭਾਜਪਾ ਆਗੂਆਂ ਨੇ ਸਰਗਰਮੀਆਂ ਵਧਾ ਦਿੱਤੀਆਂ ਹਨ, ਉਥੇ ਪੁਲਿਸ ਵੀ ਆਗੂਆਂ ਦੀ ਸੁਰੱਖਿਆ ਨੂੰ ਲੈ ਕੇ ਚੌਕਸੀ ਵਿਖਾ ਰਹੀ ਹੈ।

# ਲਾਂਘਾ ਖੁੱਲ੍ਹਵਾਉਣ ਲਈ ਕਰਤਾਰਪੁਰ ਕੌਰੀਡੋਰ ਤੋਂ ਦੌੜ ਕੇ ਦਿੱਲੀ ਜਾਵੇਗਾ ਸਿੰਘ



**ਨਵੀਂ ਦਿੱਲੀ/ਏ.ਟੀ.ਨਿਊਜ਼ :** ਦਿੱਲੀ ਵਿਚ ਚਲ ਰਹੇ ਕਿਸਾਨੀ ਅੰਦੋਲਨ ਅਤੇ ਕਰੀਬ 1 ਸਾਲ ਤੋਂ ਬੰਦ ਪਏ ਕਰਤਾਰਪੁਰ ਕੌਰੀਡੋਰ ਨੂੰ ਖੁਲਵਾਉਣ ਲਈ ਕਰਤਾਰਪੁਰ ਕੌਰੀਡੋਰ ਤੋਂ ਕਿਸਾਨ ਰਣਜੀਤ ਸਿੰਘ ਦੌੜ ਲਗਾ ਕੇ ਦਿੱਲੀ ਜਾਣਗੇ। ਇਸ ਦੌਰਾਨ ਉਨਾਂ ਨਾਲ ਕਿਸਾਨ ਗੁਰਭੇਜ ਸਿੰਘ ਸਾਈਕਲ ’ਤੇ ਦਿੱਲੀ ਜਾਣਗੇ। ਖੇਤੀ ਕਾਨੂੰਨਾਂ ਖਿਲਾਫ ਕਿਸਾਨ ਪਿਛਲੇ ਸਾਢੇ ਚਾਰ ਮਹੀਨਿਆਂ ਤੋਂ ਦਿੱਲੀ ਦੀਆਂ ਵੱਖ-ਵੱਖ ਸਰਹੱਦਾਂ ’ਤੇ ਡਟੇ ਹੋਏ ਹਨ। ਇਸ ਦੌਰਾਨ ਸਰਕਾਰ ਤੇ ਕਿਸਾਨਾਂ ਵਿਚਾਲੇ ਕਈ ਦੌਰ ਦੀ ਗੱਲਬਾਤ ਹੋਈ ਪਰ ਹੱਲ ਕੋਈ ਨਹੀਂ ਨਿਕਲਿਆ। ਇਸ ਲਈ ਮੰਗਾਂ ਨਾ ਮੰਨੇ ਜਾਣ ਤਕ ਕਿਸਾਨਾਂ ਨੇ ਦਿੱਲੀ ਦੀਆਂ ਸਰਹੱਦਾਂ ਮੱਲੀ ਰੱਖਣ ਦਾ ਫੈਸਲਾ ਕੀਤਾ ਹੈ। ਉਧਰ ਕੋਰੋਨਾ ਵਾਇਰਸ ਕਾਰਨ ਕਰਤਾਰਪੁਰ ਸਾਹਿਬ ਲਾਂਘਾ ਮਾਰਚ, 2020 ਤੋਂ ਬੰਦ ਹੈ। ਹਾਲਾਂਕਿ ਭਾਰਤ ‘ਚ ਸਾਰੇ ਧਾਰਮਿਕ ਸਥਾਨ ਖੁੱਲ ਚੁੱਕੇ ਹਨ ਪਰ ਪਾਕਿਸਤਾਨ ਸਥਿਤ ਕਰਤਾਰਪੁਰ ਸਾਹਿਬ ਲਾਂਘਾ ਅਜੇ ਵੀ ਬੰਦ ਪਿਆ ਹੈ। ਜਿਸ ਦਾ ਸਿੱਖ ਜਗਤ ਵਿਚ ਰੋਸ ਹੈ।

# ਸ਼ਿਵ ਸੈਨਾ ਦਾ ਆਗੂ ਨਿਸ਼ਾਤ ਸ਼ਰਮਾ ਗ੍ਰਿਫ਼ਤਾਰ

## ਮਾਮਲਾ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦਾ

**ਮੋਹਾਲੀ/ਏ.ਟੀ.ਨਿਊਜ਼ :** ਪੁਲਿਸ ਨੇ ਸ਼ਿਵ ਸੈਨਾ ਹਿੰਦ ਦੇ ਆਗੂ ਨਿਸ਼ਾਂਤ ਸ਼ਰਮਾ ਸਣੇ 30 ਜਣਿਆਂ ’ਤੇ ਜਨਤਕ ਧਾਰਮਿਕ ਭਾਵਨਾਵਾਂ ਭੜਕਾਉਣ ਤੇ ਮਾਹੌਲ ਖ਼ਰਾਬ ਕਰਨ ਦੇ ਦੋਸ਼ ਤਹਿਤ ਆਈਪੀਸੀ ਦੀ ਧਾਰਾ 295ਏ, 298, 153ਏ, 13ਬੀ, 505, 149, 124ਏ ਤੇ 120ਬੀ ਤਹਿਤ ਮਾਮਲਾ ਦਰਜ ਕੀਤਾ ਹੈ। ਨਿਸ਼ਾਂਤ ਨੂੰ ਦੇਰ ਸ਼ਾਮ ਮੋਹਾਲੀ ਪੁਲਿਸ ਨੇ ਕਾਬੂ ਕਰ ਲਿਆ ਹੈ। ਮੁਲਜ਼ਮ ਨਿਸ਼ਾਂਤ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।



ਨਿਸ਼ਾਂਤ ਤੋਂ ਇਲਾਵਾ ਯੂਥ ਵਿੰਗ ਦਾ ਕੌਮੀ ਪ੍ਰਧਾਨ ਇਸ਼ਾਨ ਸ਼ਰਮਾ, ਪੰਜਾਬ ਦਾ ਪ੍ਰਧਾਨ ਅਰਵਿੰਦ ਗੌਤਮ, ਕੌਮੀ ਚੇਅਰਮੈਨ ਭਾਰਤੀ ਅਰੋੜਾ, ਕੌਮੀ ਕੋਰ ਕਮੇਟੀ ਦਾ ਚੇਅਰਮੈਨ ਰਵੀ ਸ਼ਰਮਾ, ਕੌਮੀ ਜਨਰਲ ਸਕੱਤਰ ਰਾਹੁਲ ਦੂਆ, ਸ਼ਿਵ ਜੋਸ਼ੀ, ਹਰਕੀਰਤ ਖੁਰਾਣਾ, ਜਤਿੰਦਰ, ਦੀਪਕ ਛਾਬੜਾ, ਅਰਜਨ ਗੁਪਤਾ, ਗੌਤਮ ਸ਼ਰਮਾ, ਅਜੈ ਸ਼ਰਮਾ, ਅਸ਼ੋਕ ਪਾਸੀ, ਜਗਸੀਰ, ਕੇਵਲ ਕ੍ਰਿਸ਼ਨ, ਸ਼ਿਵ ਦਰਸ਼ਨ, ਸੰਜੇ, ਕਾਲਾ ਪਾਂਡੀ, ਬੰਟੀ, ਜੋਗੀ, ਸੋਨੂੰ, ਰਾਣਾ, ਸੰਦੀਪ, ਜੋਗਿੰਦਰਪਾਲ, ਸੁਭਾਸ਼, ਸੁੰਦਰ, ਸੰਦੀਪ, ਸੋਨੂੰ ਸਿੰਘ, ਅਮਿਤ ਤੇ ਅਸ਼ੋਕ ਵਗੈਰਾ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ।

ਇਨਾਂ ਅਨਸਰਾਂ ਦਾ ਵੀਡੀਓ ਜਾਰੀ ਹੋਇਆ ਹੈ ਜਿਸ ਵਿਚ ਇਹ ਨਿਹੰਗ ਸਿੰਘਾਂ ਬਾਰੇ ਫ਼ਿਰਕੂ ਕਿਸਮ ਦੀ ਟਿੱਪਣੀ ਕਰਦੇ ਸੁਣੇ ਗਏ ਹਨ। ਇਹ ਅਨਸਰ ਆਖਦੇ ਹਨ ਕਿ ਜੇ ਸਰਕਾਰ ਇਨਾਂ ’ਤੇ ਪਾਬੰਦੀ ਨਹੀਂ ਲਾਉਂਦੀ ਤਾਂ ਅਸੀਂ ਵੰਗਾਂ ਪਾ ਕੇ ਨਹੀਂ ਬੈਠੇ ਹਾਂ। ਪੁਲਿਸ ਮੁਤਾਬਕ ਬਾਕੀ ਜਣੇ ਛੇਤੀ ਹੀ ਕਾਬੂ ਕਰ ਲਏ ਜਾਣਗੇ।

# ਪੰਜਾਬ ਵਲੋਂ ਬਾਹੂਬਲੀ ਆਗੂ ਮੁਖ਼ਤਾਰ ਅੰਸਾਰੀ ਯੂ.ਪੀ. ਪੁਲਿਸ ਹਵਾਲੇ

**ਰੂਪਨਗਰ/ਏ.ਟੀ.ਨਿਊਜ਼ :** ਉੱਤਰ ਪ੍ਰਦੇਸ਼ ਪੁਲਿਸ ਇਕ ਡੀ. ਐਸ. ਪੀ. ਦੀ ਅਗਵਾਈ ਹੇਠ ਗੈਂਗਸਟਰ ਤੋਂ ਨੇਤਾ ਬਣੇ ਯੂ. ਪੀ. ਦੇ ਬਾਹੂਬਲੀ ਆਗੂ ਮੁਖਤਾਰ ਅੰਸਾਰੀ ਨੂੰ ਰੂਪਨਗਰ ਜੇਲ ਵਿਚੋਂ ਲੈ ਕੇ ਉੱਤਰ ਪ੍ਰਦੇਸ਼ ਦੀ ਬਾਂਦਾ ਜੇਲ ਲਈ ਰਵਾਨਾ ਹੋਈ। ਮੁਖਤਾਰ ਅੰਸਾਰੀ ਕਤਲ, ਇਰਾਦਾ ਕਤਲ ਸਮੇਤ ਫਿਰੌਤੀ ਅਤੇ ਗੈਂਗਵਾਰ ਦੇ ਕਰੀਬ 52 ਮਾਮਲਿਆਂ ਵਿਚ ਸ਼ਾਮਿਲ ਹੈ ਜੋ ਮੋਹਾਲੀ ਦੇ ਮਟੌਰ ਥਾਣੇ ਚਿ ਇਕ ਬਿਲਡਰ ਦੀ ਸ਼ਿਕਾਇਤ ਦੇ ਆਧਾਰ ’ਤੇ ਫਿਰੌਤੀ ਮੰਗਣ ਦੇ ਦੋਸ਼ਾਂ ਹੇਠ 22 ਜਨਵਰੀ 2019 ਤੋਂ ਰੂਪਨਗਰ ਦੀ ਜ਼ਿਲਾ ਜੇਲ ’ਚ ਬੰਦ ਸੀ। ਉੱਤਰ ਪ੍ਰਦੇਸ਼ ਪੁਲਿਸ ਬੀਤੇ ਲੰਬੇ ਅਰਸੇ ਤੋਂ ਅੰਸਾਰੀ ਨੂੰ ਯੂ. ਪੀ. ਲਿਜਾਣ ਦੀਆਂ ਕੋਸ਼ਿਸ਼ਾਂ ਕਰ ਰਹੀ ਸੀ ਪਰ ਸਿਹਤ ਠੀਕ ਨਾ ਹੋਣ ਕਾਰਨ ਮੈਡੀਕਲ ਆਧਾਰ ’ਤੇ ਪੰਜਾਬ ਪੁਲਿਸ ਹਰ ਵਾਰ ਯੂ. ਪੀ. ਪੁਲਿਸ ਨੂੰ ਸਪੁਰਦਗੀ ਤੋਂ ਟਾਲ ਦਿੰਦੀ ਸੀ। ਸੁਪਰੀਮ ਕੋਰਟ ਨੇ ਮੁਖਤਾਰ ਅੰਸਾਰੀ ਨੂੰ ਯੂ.ਪੀ. ਪੁਲਿਸ ਦੇ ਹਵਾਲੇ ਕਰਨ ਦੇ ਹੁਕਮ ਸੁਣਾਏ ਸਨ। ਯੂ.ਪੀ. ਪੁਲਿਸ ਐਂਬੂਲੈਂਸ ’ਚ ਮੁਖਤਾਰ ਅੰਸਾਰੀ ਨੂੰ ਬਾਂਦਾ ਜੇਲ ਲਈ ਰਵਾਨਾ ਹੋ ਗਈ।



# ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਪੰਥਕ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਵਿਰੁੱਧ ਕੱਢਿਆ ਰੋਸ ਮਾਰਚ

## ਜੇ ਦੋਸ਼ੀਆਂ ਵਿਰੁਧ ਪਰਚੇ ਦਰਜ ਨਾ ਕੀਤੇ ਤਾਂ ਮਜ਼ਬੂਰਨ ਸਾਨੂੰ ਠੋਸ ਪ੍ਰੋਗਰਾਮ ਉਲੀਕਣਾ ਪਵੇਗਾ




**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ ਦੀ ਪ੍ਰਿੰਟਿਗ ਪ੍ਰੈੱਸ ਵਿਚੋਂ ਲਾਪਤਾ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦਾ ਹਿਸਾਬ ਲੈਣ ਅਤੇ ਦੋਸ਼ੀਆਂ ਉੱਤੇ ਪਰਚੇ ਦਰਜ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਅਤੇ ਸਮੂਹ ਪੰਥਕ ਜਥੇਬੰਦੀਆਂ ਵੱਲੋਂ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਦੇ ਪਿੰਡ ਬੇਗੋਵਾਲ ਤੋਂ ਭਦਾਸ ਚੌਂਕ ਤਕ ਰੋਸ ਮਾਰਚ ਕੱਢਿਆ ਗਿਆ। ਇਹ ਮਾਰਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੀ ਗ਼ੈਰ ਹਾਜ਼ਰੀ ਵਿਚ ਉਨਾਂ ਦੇ ਸਪੁੱਤਰ ਯੂਥ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਈਮਾਨ ਸਿੰਘ ਮਾਨ, ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਜ਼ਿਲਾ ਪ੍ਰਧਾਨ ਸ. ਨਰਿੰਦਰ ਸਿੰਘ ਖੁਸਰੋਪੁਰ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪ੍ਰਧਾਨ ਭਾਈ ਬਲਬੀਰ ਸਿੰਘ ਮੁੱਛਲ ਅਤੇ ਭਾਈ ਹਰਪਾਲ ਸਿੰਘ ਬਲੇਰ ਦੀ ਅਗਵਾਈ ਵਿਚ ਕੱਢਿਆ ਗਿਆ। ਇਸ ਮੌਕੇ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਖ਼ਾਲਸਾ ਪੰਥ ਅਤੇ ਸਿੱਖ ਕੌਮ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਭ ਤੋਂ ਸਿਰਮੌਰ ਤੇ ਸਤਿਕਾਰਯੋਗ ਹਨ ਤੇ ਜਿਨਾਂ ਸ਼ਕਤੀਆਂ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਸਿੱਖ ਕੌਮ ਦੇ ਮਨਾਂ ਅਤੇ ਆਤਮਾਵਾਂ ਨੂੰ ਡੂੰਘੀ ਠੇਸ ਪਹੁੰਚਾਉਣ ਦੀ ਗੁਸਤਾਖੀ ਕੀਤੀ ਹੈ, ਉਹ ਕਿਸੇ ਵੀ ਕੀਮਤ ਉੱਤੇ ਬਖਸ਼ੇ ਨਹੀਂ ਜਾਣਗੇ। ਅੱਜ ਦੇ ਇਕੱਠ ਵਿੱਚ ਸ਼ਾਮਲ ਆਗੂਆਂ ਨੇ ਉਮੀਦ ਪ੍ਰਗਟ ਕੀਤੀ ਕਿ ਸ਼੍ਰੋਮਣੀ ਕਮੇਟੀ ਦੀ ਮੌਜੂਦਾ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਅਧਿਕਾਰੀ ਕੌਮੀ ਆਵਾਜ਼ ਨੂੰ ਸੁਣਦੇ ਹੋਏ 328 ਸਰੂਪਾਂ ਦੇ ਲਾਪਤਾ ਹੋਣ ਦੇ ਦੋਸ਼ੀ ਅਧਿਕਾਰੀਆਂ ਨੂੰ ਸਾਹਮਣੇ ਲਿਆਉਣ ਲਈ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਮਿਲ ਕੇ ਐੱਫ ਆਈ ਆਰ ਦਰਜ ਕਰਵਾਉਂਦੇ ਹੋਏ ਸਿੱਖ ਕੌਮ ਨੂੰ ਇਨਸਾਫ਼ ਦਿਵਾਉਣ ਲਈ ਭੂਮਿਕਾ ਨਿਭਾਉਣਗੇ। ਪਰ ਜੇਕਰ ਸਾਡੇ ਅੱਜ ਦੇ ਰੋਸ ਮਾਰਚ ਦੀਆਂ ਕੌਮੀ ਭਾਵਨਾਵਾਂ ਨੂੰ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਅਤੇ ਅਧਿਕਾਰੀਆਂ ਤੇ ਬਾਦਲਦਲੀਆਂ ਨੇ ਸੰਜੀਦਾ ਰੂਪ ਵਿਚ ਨਾ ਲਿਆ ਤਾਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਸਮੁੱਚੀਆਂ ਪੰਥਕ ਜਥੇਬੰਦੀਆਂ ਸਿੱਖ ਕੌਮ ਨੂੰ ਇਸ ਮਿਸ਼ਨ ਦੀ ਪ੍ਰਾਪਤੀ ਲਈ ਸਖ਼ਤ ਐਕਸ਼ਨ ਵਾਲਾ ਪ੍ਰੋਗਰਾਮ ਉਲੀਕਣ ਲਈ ਮਜ਼ਬੂਰ ਹੋਣਗੀਆਂ। ਆਗੂਆਂ ਨੇ ਕਿਹਾ ਕਿ ਦੋਸ਼ੀਆਂ ਨੂੰ ਬਚਾਉਣ ਲਈ ਬਾਦਲਕੇ ਅਤੇ ਸ਼੍ਰੋਮਣੀ ਕਮੇਟੀ ਇਸ ਹੱਦ ਤੱਕ ਗਿਰ ਗਈ ਕਿ ਉਨਾਂ ਨੇ ਦੋਸ਼ੀਆਂ ਤੇ ਕਾਨੂੰਨੀ ਕਾਰਵਾਈ ਦਾ ਆਪਣਾ ਹੀ ਫ਼ੈਸਲਾ ਰੱਦ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋਸ਼ੀਆਂ ਨੂੰ ਬਚਾ ਲਿਆ ਤੇ ਧਾਰਮਿਕ ਸੰਸਥਾ ਨੂੰ ਵੀ ਇਤਿਹਾਸ ਦੇ ਪੰਨਿਆਂ ਉੱਤੇ ਦਾਗਦਾਰ ਕਰ ਦਿੱਤਾ। ਉਨਾਂ ਕਿਹਾ ਕਿ ਇਹ ਸੰਘਰਸ਼ ਉਦੋਂ ਤੱਕ ਖ਼ਤਮ ਨਹੀਂ ਹੋਵੇਗਾ ਜਦੋਂ ਤੱਕ ਸ਼੍ਰੋਮਣੀ ਕਮੇਟੀ ਸੰਗਤਾਂ ਨੂੰ 328 ਸਰੂਪਾਂ ਦਾ ਹਿਸਾਬ ਨਹੀਂ ਦਿੰਦੀ ਤੇ ਦੋਸ਼ੀਆਂ ਉੱਤੇ ਕੇਸ ਦਰਜ ਨਹੀਂ ਹੁੰਦੇ। ਉਨਾਂ ਕਿਹਾ ਕਿ ਇਨਾਂ ਪਾਵਨ ਸਰੂਪ ਨੂੰ ਗਾਇਬ ਕਰਨ ਪਿੱਛੇ ਬਹੁਤ ਵੱਡੀ ਸਾਜਿਸ਼ ਹੈ ਤੇ ਕੋਹਲੀ ਵਰਗੇ ਹੋਰ ਕਈ ਵੱਡੇ ਮਗਰਮੱਛਾਂ ਨੂੰ ਬਚਾ ਲਿਆ ਗਿਆ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਇਹ ਸਰੂਪ ਆਰ ਐੱਸ ਐੱਸ ਦੇ ਹੈੱਡ ਕੁਆਰਟਰ ਅਤੇ ਡੇਰਾ ਸਿਰਸਾ ਜਾਂ ਕਿਸੇ ਹੋਰ ਸਿੱਖ ਵਿਰੋਧੀ ਸੰਸਥਾ ਨੂੰ ਚੋਰੀ ਛਿਪੇ ਦਿੱਤੇ ਹਨ ਜਿਸ ਦਾ ਪਤਾ ਲਗਾਉਣਾ ਬਹੁਤ ਜ਼ਰੂਰੀ ਹੈ ਕਿ ਪਾਵਨ ਸਰੂਪ ਕਿਹੜੇ ਹਲਾਤਾਂ ਵਿੱਚ ਹਨ। ਇਸ ਮੌਕੇ ਮਾਸਟਰ ਕਰਨੈਲ ਸਿੰਘ ਨਾਰੀਕੇ, ਕੁਲਦੀਪ ਸਿੰਘ ਭਾਗੋਵਾਲ, ਹਰਪਾਲ ਸਿੰਘ ਬਲੇਰ, ਕੁਲਵੰਤ ਸਿੰਘ ਮਝੈਲ, ਜਤਿੰਦਰ ਸਿੰਘ ਪੰਨੂ, ਸੁਖਜੀਤ ਕੌਰ, ਅਮਰੀਕ ਸਿੰਘ ਨੰਗਲ, ਮਹਿੰਦਰ ਸਿੰਘ ਭਟਨੂਰਾ, ਅਰਸ਼ਦੀਪ ਸਿੰਘ ਬੱਲੋਚੱਕ, ਕਰਤਾਰ ਸਿੰਘ ਪਠਾਨਕੋਟ ਆਦਿ ਹਾਜ਼ਰ ਸਨ।

# ਭਾਈ ਹਵਾਰਾ ਸਬੰਧੀ ਅਸਲਾ ਬਰਾਮਦਗੀ ਦਾ ਮਾਮਲਾ

## ਸਰਕਾਰ ਵਲੋਂ ਦਾਇਰ ਅਪੀਲ ਅਦਾਲਤ ਵਲੋਂ ਰੱਦ

**ਲੁਧਿਆਣਾ/ਏ.ਟੀ.ਨਿਊਜ਼ :** ਅਸਲਾ ਬਰਾਮਦਗੀ ਦੇ ਮਾਮਲੇ ਵਿਚ ਭਾਈ ਜਗਤਾਰ ਸਿੰਘ ਹਵਾਰਾ ਨੂੰ ਹੇਠਲੀ ਅਦਾਲਤ ਵਲੋਂ ਬਰੀ ਕੀਤੇ ਜਾਣ ਦੇ ਮਾਮਲੇ ਵਿਚ ਸਰਕਾਰ ਵਲੋਂ ਉੱਚ ਅਦਾਲਤ 'ਚ ਕੀਤੀ ਗਈ ਅਪੀਲ ਨੂੰ ਅਦਾਲਤ ਵਲੋਂ ਰੱਦ ਕਰ ਦਿੱਤਾ ਗਿਆ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਜਗਤਾਰ ਸਿੰਘ ਹਵਾਰਾ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਥਾਣਾ ਕੋਤਵਾਲੀ ਦੀ ਪੁਲਿਸ ਵਲੋਂ 30 ਦਸੰਬਰ 1995 ਵਿਚ ਕੁੰਦਨਪੁਰੀ ਇਲਾਕੇ ਵਿਚ ਏ.ਕੇ. 56, ਦੋ ਮੈਗਜ਼ੀਨ ਅਤੇ 60 ਕਾਰਤੂਸ ਬਰਾਮਦ ਕੀਤੇ ਸਨ। ਇਸ ਮਾਮਲੇ ਵਿਚ ਪੁਲਿਸ ਵਲੋਂ ਭਾਈ ਹਵਾਰਾ ਨੂੰ ਨਾਮਜ਼ਦ ਕੀਤਾ ਗਿਆ ਸੀ। ਸੀ.ਜੇ.ਐਮ. ਦੀ ਅਦਾਲਤ ਵਲੋਂ ਭਾਈ ਹਵਾਰਾ ਨੂੰ ਇਸ ਮਾਮਲੇ ਵਿਚ ਬਰੀ ਕਰ ਦਿੱਤਾ ਗਿਆ ਸੀ । ਹੇਠਲੀ ਅਦਾਲਤ ਦੇ ਇਸ ਫ਼ੈਸਲੇ ਖ਼ਿਲਾਫ਼ ਸਰਕਾਰ ਵਲੋਂ ਐਡੀਸ਼ਨਲ ਸੈਸ਼ਨ ਜੱਜ ਦੀ ਅਦਾਲਤ ਵਿਚ ਅਪੀਲ ਕੀਤੀ ਗਈ ਸੀ, ਜਿਸ ਦਾ ਫ਼ੈਸਲਾ ਜੱਜ ਮੁਨੀਸ਼ ਅਰੋੜਾ ਦੀ ਅਦਾਲਤ ਵਲੋਂ ਸੁਣਾਇਆ ਗਿਆ।

# ਕਿਸਾਨਾਂ ਵਲੋਂ ਹਰਿਆਣਾ 'ਚ ਭਾਜਪਾ ਸੰਸਦ ਮੈਂਬਰ ਨੂੰ ਘੇਰਿਆ

## ਕਾਰ ਦਾ ਸ਼ੀਸ਼ਾ ਭੰਨਿਆ

**ਕੁਰੂਕਸ਼ੇਤਰ/ਏ.ਟੀ.ਨਿਊਜ਼ :** ਹਰਿਆਣਾ ਵਿਚ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੇ ਉਸ ਸਮੇਂ ਭਾਜਪਾ ਸੰਸਦ ਮੈਂਬਰ ਦੀ ਕਾਰ ਰੋਕ ਕੇ ਸ਼ੀਸ਼ਾ ਤੋੜ ਦਿੱਤਾ ਜਦੋਂ ਉਹ ਇਕ ਭਾਜਪਾ ਵਰਕਰ ਦੇ ਘਰ ਤੋਂ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ । ਸੰਸਦ ਮੈਂਬਰ ਨਾਇਬ ਸਿੰਘ ਸੈਣੀ ਨੇ ਦੱਸਿਆ ਕਿ ਪੁਲਿਸ ਵਲੋਂ ਬੜੀ ਮੁਸ਼ਕਲ ਨਾਲ ਉਨਾਂ ਨੂੰ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਤੋਂ ਦੂਰ ਲਿਜਾਇਆ ਗਿਆ। ਭਾਜਪਾ ਵਿਧਾਇਕ ਕਰਨ ਕਾਲਾ ਦੇ ਘਰ ਬਾਹਰ ਧਰਨੇ 'ਤੇ ਬੈਠੇ ਜਦੋਂ ਕਿਸਾਨਾਂ ਨੂੰ ਪਤਾ ਲੱਗਾ ਕਿ ਨੇੜੇ ਹੀ ਇਕ ਮੁਹੱਲੇ ਵਿਚ ਭਾਜਪਾ ਸੰਸਦ ਮੈਂਬਰ ਆ ਰਿਹਾ ਹੈ ਤਾਂ ਉਹ ਉੱਥੇ ਪੁੱਜ ਗਏ । ਸੈਣੀ ਨੇ ਦੱਸਿਆ ਕਿ ਉਸ ਨੂੰ ਲਗਭਗ 50 ਕਿਸਾਨਾਂ ਨੇ ਘੇਰ ਲਿਆ, ਜਿਨਾਂ ਵਿਚੋਂ ਕੁਝ ਕੁ ਗੱਡੀ 'ਤੇ ਚੜ ਗਏ ਅਤੇ ਕਿਸੇ ਨੇ ਗੱਡੀ ਦਾ ਸ਼ੀਸ਼ਾ ਤੋੜ ਦਿੱਤਾ। ਕੁਰੂਕਸ਼ੇਤਰ ਦੇ ਐਸਐਸਪੀ. ਨੇ ਦੱਸਿਆ ਕਿ ਹਿੰਸਾ ਲਈ ਜ਼ਿੰਮੇਵਾਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਜਾਵੇਗਾ ।

# ਮਾਮਲਾ ਵਿਧਾਇਕ ਅਰੁਣ ਨਾਰੰਗ ਦੀ ਕੁੱਟਮਾਰ ਦਾ

## 5 ਹੋਰ ਕਿਸਾਨਾਂ ਨੇ ਦਿੱਤੀ ਗ੍ਰਿ.ਫਤਾਰੀ

**ਮਲੋਟ/ਏ.ਟੀ.ਨਿਊਜ਼:** ਬੀਤੇ ਦਿਨੀਂ ਭਾਜਪਾ ਵਿਧਾਇਕ ਅਰੁਣ ਨਾਰੰਗ ਦੀ ਕੁੱਟਮਾਰ ਕਰਨ ਤੇ ਕੱਪੜੇ ਪਾੜਨ ਦੇ ਮਾਮਲੇ ਵਿਚ ਨਾਮਜ਼ਦ 5 ਹੋਰ ਕਿਸਾਨਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਇਸ ਬਾਰੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਪੰਜਾਬ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਹੇਠ ਪੰਜ ਕਿਸਾਨਾਂ ਲਖਨਪਾਲ ਸ਼ਰਮਾ ਆਲਮਵਾਲਾ, ਕੁਲਵਿੰਦਰ ਸਿੰਘ ਦਾਨੇਵਾਲਾ, ਕੁਲਦੀਪ ਸਿੰਘ ਈਨਾਖੇੜਾ ਤੋਂ ਇਲਾਵਾ ਜਸਮੇਲ ਸਿੰਘ ਤੇ ਸੰਦੀਪ ਸਿੰਘ ਨੇ ਖ਼ੁਦ ਨੂੰ ਪੁਲਿਸ ਕੋਲ ਪੇਸ਼ ਕਰ ਦਿੱਤਾ। ਇਸ ਮੌਕੇ ਮਲੋਟ ਦੇ ਐੱਸਪੀ ਰਾਜਪਾਲ ਸਿੰਘ ਹੁੰਦਲ, ਡੀਐਸਪੀ ਜਸਪਾਲ ਸਿੰਘ ਢਿੱਲੋਂ ਸਮੇਤ ਅਧਿਕਾਰੀ ਮੌਕੇ 'ਤੇ ਹਾਜ਼ਰ ਸਨ।ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਉਨਾਂ ਘਟਨਾ ਵਾਲੇ ਦਿਨ ਮੁਜ਼ਾਹਰੇ ਵਿਚ ਸ਼ਾਮਲ ਸਾਰੇ ਕਿਸਾਨਾਂ ਨੂੰ ਪੁਲਿਸ ਦੇ ਸਾਹਮਣੇ ਪੇਸ਼ ਕਰ ਦਿੱਤਾ ਹੈ ਜਿਨਾਂ ਨੂੰ ਪੁਲਿਸ ਨੇ ਨਾਮਜ਼ਦ ਕੀਤਾ ਸੀ, ਜੇਕਰ ਪੁਲਿਸ ਕਿਸੇ ਕਿਸਾਨ ਨਾਲ ਧੱਕਾ ਕਰੇਗੀ ਤਾਂ ਉਸ ਨੂੰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਗ੍ਰਿਫ਼ਤਾਰ ਕਿਸਾਨ ਦੀ ਗਿਣਤੀ ਕੁਲ 30 ਹੋ ਗਈ ਹੈ












## ਮਾਮਲਾ ਫਰਜ਼ੀ ਪੁਲਿਸ ਮੁਕਾਬਲੇ 'ਚ ਮਾਰੇ ਗਏ 2 ਸਿਖਾਂ ਦਾ
# ਦੋਸ਼ੀਆਂ ਨੂੰ 19 ਮਈ ਤੱਕ 4 ਲੱਖ ਜੁਰਮਾਨੇ ਦੀ ਰਕਮ ਜਮਾਂ ਕਰਵਾਉਣ ਦੇ ਆਦੇਸ਼

**ਐੱਸ.ਏ.ਐੱਸ. ਨਗਰ/ਏ.ਟੀ.ਨਿਊਜ਼ :** ਫਰਵਰੀ 1993 'ਚ ਝੂਠੇ ਪੁਲਿਸ ਮੁਕਾਬਲੇ ਦੌਰਾਨ ਕੁਲਦੀਪ ਸਿੰਘ ਤੇ ਗੁਰਮੇਲ ਸਿੰਘ ਦੀ ਹੋਈ ਮੌਤ ਦੇ ਮਾਮਲੇ ਵਿਚ ਸੀਬੀਆਈ ਅਦਾਲਤ ਵਲੋਂ ਪੁਲਿਸ ਅਧਿਕਾਰੀ ਹਰਜਿੰਦਰਪਾਲ ਸਿੰਘ ਨੂੰ ਉਮਰ ਕੈਦ ਅਤੇ ਤਤਕਾਲੀ ਡੀਐੱਸਪੀ ਅਵਤਾਰ ਸਿੰਘ ਤੇ ਸਬ ਇੰਸਪੈਕਟਰ ਬਚਨ ਦਾਸ ਨੂੰ ਗਲਤ ਰਿਕਾਰਡ ਤਿਆਰ ਕਰਨ ਦੇ ਦੋਸ਼ 'ਚ ਸੁਣਾਈ 2-2 ਸਾਲ ਦੀ ਕੈਦ ਤੇ 5 ਲੱਖ 5 ਹਜ਼ਾਰ ਰੁਪਏ ਲਗਾਏ ਜੁਰਮਾਨੇ ਸਬੰਧੀ ਸੀਬੀਆਈ ਅਦਾਲਤ ਦੇ ਵਿਸ਼ੇਸ਼ ਜੱਜ ਹਰਿੰਦਰ ਕੌਰ ਸਿੱਧੂ ਵਲੋਂ ਦੋਸ਼ੀਆਂ ਨੂੰ 19 ਮਈ ਤੱਕ 4 ਲੱਖ ਰੁਪਏ ਜੁਰਮਾਨੇ ਦੀ ਰਕਮ ਅਦਾਲਤ 'ਚ ਜਮਾਂ ਕਰਵਾਉਣ ਦੇ ਹੁਕਮ ਦਿੱਤੇ ਹਨ। ਅਦਾਲਤ ਦਾ ਕਹਿਣਾ ਹੈ ਕਿ ਉਕਤ ਰਕਮ 'ਚੋਂ ਕੁਲਦੀਪ ਸਿੰਘ ਦੀ ਵਿਧਵਾ ਕੁਲਵੀਰ ਕੌਰ ਨੂੰ 2 ਲੱਖ ਰੁਪਏ ਤੇ ਗੁਰਮੇਲ ਸਿੰਘ ਦੀ ਵਿਧਵਾ ਨੂੰ 2 ਲੱਖ ਰੁਪਏ ਮੁਆਵਜ਼ੇ ਵਜੋਂ ਦਿੱਤੇ ਜਾਣਗੇ। ਇਸ ਮਾਮਲੇ ਵਿਚ ਦੋਸ਼ੀਆਂ ਨੂੰ 27 ਫਰਵਰੀ 2019 ਨੂੰ ਸਜ਼ਾ ਅਤੇ ਜੁਰਮਾਨੇ ਕੀਤੇ ਜਾਣ ਤੋਂ ਬਾਅਦ ਦੋਸ਼ੀ ਪੁਲਿਸ ਅਫਸਰਾਂ ਵਲੋਂ ਹਾਈਕੋਰਟ 'ਚ ਅਪੀਲ ਦਾਇਰ ਕਰਕੇ ਜੁਰਮਾਨੇ 'ਤੇ ਸਟੇਅ ਲਗਾਉਣ ਦੀ ਗੁਹਾਰ ਲਗਾਈ ਸੀ। ਹਾਈਕੋਰਟ ਵਲੋਂ ਉਕਤ ਅਪੀਲ 'ਤੇ ਸੁਣਵਾਈ ਕਰਦਿਆਂ ਸਿਰਫ 1 ਲੱਖ 5 ਹਜ਼ਾਰ ਰੁਪਏ 'ਤੇ ਸਟੇਅ ਕੀਤਾ ਸੀ। ਹਾਈਕੋਰਟ ਦੇ ਫੈਸਲੇ ਤੋਂ ਬਾਅਦ ਮ੍ਰਿਤਕਾਂ ਦੇ ਵਾਰਸਾਂ ਵਲੋਂ ਮੁੜ ਮੁਹਾਲੀ ਵਿਚਲੀ ਸੀਬੀਆਈ. ਅਦਾਲਤ 'ਚ ਮੁਆਵਜ਼ਾ ਦੇਣ ਸਬੰਧੀ ਦਰਖਾਸਤ ਦਾਇਰ ਕੀਤੀ ਤੇ ਅਦਾਲਤ ਵਲੋਂ ਉਕਤ ਦਰਖਾਸਤ ਦਾ ਨਿਬੇੜਾ ਕਰਦਿਆਂ ਦੋਸ਼ੀਆਂ ਨੂੰ 19 ਮਈ ਤੱਕ 4 ਲੱਖ ਜੁਰਮਾਨੇ ਦੀ ਰਕਮ ਅਦਾਲਤ 'ਚ ਜਮਾਂ ਕਰਵਾਉਣ ਦੇ ਹੁਕਮ ਦਿੱਤੇ ਹਨ। ਇਸ ਮਾਮਲੇ ਵਿਚ ਤਿੰਨ ਹੋਰ ਮੁਲਜ਼ਮਾਂ ਉਸ ਸਮੇਂ ਦੇ ਡੀ. ਐਸ. ਪੀ. ਜਸਪਾਲ ਸਿੰਘ, ਸਿਪਾਹੀ ਹਰਜੀ ਰਾਮ ਅਤੇ ਕਰਨੈਲ ਸਿੰਘ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਸੀ।

# 1984 ਕਤਲੇਆਮ: ਕਾਨਪੁਰ ਵਿਚ 127 ਸਿੱਖਾਂ ਦਾ ਹੋਇਆ ਸੀ ਕਤਲ
## 10 ਹੋਰ ਫਾਈਲਾਂ ਖੁੱਲਣ ਦੀ ਬੱਝੀ ਆਸ

**ਕਾਨਪੁਰ/ਏ.ਟੀ.ਨਿਊਜ਼:** ਸਿੱਖ ਕਤਲੇਆਮ ਦੌਰਾਨ ਦਰਜ ਹੱਤਿਆ ਤੇ ਡਕੈਤੀ ਦੇ ਜਿਹੜੇ 10 ਮੁਕੱਦਮਿਆਂ ਦੀਆਂ ਫਾਈਲਾਂ ਸਬੂਤਾਂ ਦੀ ਘਾਟ ਕਾਰਨ ਬੰਦ ਹੋ ਗਈਆਂ ਸਨ ਉਨਾਂ ਦੇ ਮੁੜ ਖੁੱਲਣ ਦੀ ਉਮੀਦ ਹੈ। ਪਿਛਲੇ ਦਿਨੀਂ ਦਿੱਲੀ ਸਥਿਤ ਗ੍ਰਹਿ ਮੰਤਰਾਲੇ ਜਾ ਕੇ ਐੱਸਆਈਟੀ ਨੇ ਪੀੜਤਾਂ ਵੱਲੋਂ ਕਈ ਸਾਲ ਪਹਿਲਾਂ ਦਿੱਤੇ ਗਏ ਸਹੁੰ ਪੱਤਰ ਦੇਖੇ ਤਾਂ ਉਨਾਂ ਵਿਚ ਇਨਾਂ ਕੇਸਾਂ ਨਾਲ ਸਬੰਧਤ ਸਬੂਤ ਵੀ ਮਿਲੇ ਹਨ। ਇਕ ਮਾਮਲੇ ਵਿਚ ਤਾਂ ਐੱਸਆਈਟੀ ਨੇ ਗਵਾਹ ਵੀ ਲੱਭ ਲਏ ਹਨ।

ਬਾਕੀਆਂ ਵਿਚ ਵੀ ਗਵਾਹਾਂ ਦੀ ਭਾਲ ਹੋ ਰਹੀ ਹੈ। 1984 ਵਿਚ ਪ੍ਰਧਾਨ ਮੰਤਰੀ ਇੰਦਰਾ ਦੀ ਹੱਤਿਆ ਪਿੱਛੋਂ ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿਚ 127 ਸਿੱਖਾਂ ਦੀ ਹੱਤਿਆ ਹੋਈ ਸੀ। ਉਦੋਂ ਹੱਤਿਆ, ਲੁਟ ਵਰਗੇ ਅਪਰਾਧਾਂ ਦੇ 40 ਮੁਕੱਦਮੇ ਦਰਜ ਹੋਏ। ਇਨਾਂ ਵਿਚੋਂ 11 ਮੁਕੱਦਮਿਆਂ ਵਿਚ ਪੁਲਿਸ ਨੇ ਦੋਸ਼ ਪੱਤਰ ਦਾਖ਼ਲ ਕੀਤਾ ਸੀ ਤੇ ਬਾਕੀ 29 ਕੇਸਾਂ ਵਿਚ ਸਬੂਤ ਨਾ ਮਿਲਣ 'ਤੇ ਫਾਈਨਲ ਰਿਪੋਰਟ ਲਾ ਦਿੱਤੀ ਸੀ। ਸਾਲ 2019 ਵਿਚ ਸ਼ਾਸਨ ਵੱਲੋਂ ਗਠਿਤ ਐੱਸਆਈਟੀ ਨੇ ਕਾਰਜਭਾਰ ਸੰਭਾਲਣ ਪਿੱਛੋਂ ਫਾਈਨਲ ਰਿਪੋਰਟ ਵਾਲੇ 29 ਮਾਮਲਿਆਂ ਵਿਚ ਹੀ ਸਬੂਤ ਇਕੱਤਰ ਕਰਨੇ ਸ਼ੁਰੂ ਕੀਤੇ ਸਨ। ਇਸ ਤੋਂ ਬਾਅਦ ਸਿਰਫ਼ 19 ਮਾਮਲਿਆਂ ਵਿਚ ਸਬੂਤ ਤੇ ਗਵਾਹ ਮਿਲੇ, ਉਦੋਂ ਅਦਾਲਤ ਤੋਂ ਪ੍ਰਵਾਨਗੀ ਲੈ ਕੇ ਇਨਾਂ ਮੁਕੱਦਮਿਆਂ ਦੀ ਜਾਂਚ ਸ਼ੁਰੂ ਕੀਤੀ ਗਈ ਸੀ। ਪਿਛਲੇ ਮਹੀਨੇ ਐੱਸਆਈਟੀ ਦੀ ਇਕ ਟੀਮ ਦਿੱਲੀ ਜਾ ਕੇ ਸਾਲਾਂ ਪਹਿਲਾਂ ਦੰਗਿਆਂ ਦੀ ਜਾਂਚ ਲਈ ਗਠਿਤ ਰੰਗਨਾਥ ਮਿਸ਼ਰਾ ਕਮਿਸ਼ਨ ਵਿਚ ਪੀੜਤਾਂ ਵੱਲੋਂ ਦਿੱਤੇ ਗਏ ਸਹੁੰ ਪੱਤਰ ਮੰਗੇ ਸਨ। ਮੰਤਰਾਲੇ ਨੇ ਸਹੁੰ ਪੱਤਰ ਦਿਖਾਏ ਤਾਂ ਐੱਸਆਈਟੀ ਨੂੰ ਬੰਦ ਚੱਲ ਰਹੇ 10 ਕੇਸਾਂ ਵਿਚ ਪੀੜਤਾਂ ਤੇ ਗਵਾਹਾਂ ਦੇ ਨਾਂ ਮਿਲ ਗਏ। ਉਨਾਂ ਦਾ ਪਤਾ ਤੇ ਘਟਨਾ ਦੇ ਵੇਰਵਾ ਵੀ ਮਿਲਿਆ ਹੈ। ਐੱਸਆਈਟੀ ਨੇ ਦਿੱਲੀ ਦੇ ਗੋਵਿੰਦ ਨਗਰ ਥਾਣੇ ਵਿਚ ਦਰਜ ਇਕ ਕੇਸ ਦੇ ਗਵਾਹਾਂ ਨੂੰ ਵੀ ਲੱਭ ਲਿਆ।

# ਪੰਜਾਬ ਸਰਕਾਰ ਵਲੋਂ ਉਦਯੋਗਪਤੀਆਂ ਨੂੰ ਰਾਹਤ, ਉਦਯੋਗਾਂ ਲਈ 479 ਲਾਜ਼ਮੀ ਸ਼ਰਤਾਂ ਹਟਾਈਆਂ

**ਚੰਡੀਗੜ/ਏ.ਟੀ.ਨਿਊਜ਼ :** ਵਪਾਰ ਅਤੇ ਉਦਯੋਗ ਨੂੰ ਉਤਸ਼ਾਹਤ ਕਰਨ ਦੇ ਨਾਲ ਨਾਲ ਸੂਬੇ ਵਿਚ ਕਾਰੋਬਾਰ ਨੂੰ ਸੁਖਾਲਾ ਬਣਾਉਣ ਬਾਰੇ ਯਤਨਾਂ ਨੂੰ ਜਾਰੀ ਰੱਖਦਿਆਂ ਪੰਜਾਬ ਸਰਕਾਰ ਨੇ 479 ਨਿਯਮਾਂ ਤੇ ਸ਼ਰਤਾਂ ਨੂੰ ਹਟਾ ਦਿੱਤਾ ਹੈ ਜੋ ਪਹਿਲਾਂ ਉਦਯੋਗਪਤੀਆਂ ਲਈ ਵੱਖ ਵੱਖ ਪ੍ਰਵਾਨਗੀਆਂ ਅਤੇ ਨਵੀਨੀਕਰਣਾਂ ਲਈ ਲੋੜੀਂਦੀਆਂ ਸਨ।

ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਹਟਾਈਆਂ ਇਹ ਸ਼ਰਤਾਂ ਵੱਖ-ਵੱਖ ਵਿਭਾਗਾਂ ਵੱਲੋਂ ਬਣਾਏ ਨਿਯਮਾਂ ਨੂੰ ਘਟਾਉਣ ਦੇ ਪਹਿਲੇ ਪੜਾਅ ਤਹਿਤ ਰੱਦ ਕੀਤੇ ਜਾਣ ਵਾਲੇ 541 ਪੁਰਾਣੇ ਲਾਜ਼ਮੀ ਨਿਯਮਾਂ ਤੇ ਸ਼ਰਤਾਂ ਦਾ ਹਿੱਸਾ ਸਨ।

ਇਸ ਬੇਲੋੜੀ ਕਾਗਜ਼ੀ ਕਾਰਵਾਈ ਨੂੰ ਖਤਮ ਕਰਨ ਤੋਂ ਬਾਅਦ, ਸੂਬਾ ਸਰਕਾਰ ਨੇ ਆਪਣੀ ਕਾਰਜ ਯੋਜਨਾ 31 ਮਾਰਚ ਨੂੰ ਕੇਂਦਰ ਸਰਕਾਰ ਦੇ ਡੀਪੀਆਈਆਈਟੀ ਪੋਰਟਲ 'ਤੇ ਵੀ ਭੇਜ ਦਿੱਤੀ ਹੈ।

ਇਸ ਤੋਂ ਇਲਾਵਾ, ਹੋਰ ਨਿਯਮਾਂ ਤੇ ਸ਼ਰਤਾਂ ਨੂੰ ਰੱਦ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ ਜਿਸ ਲਈ ਮੌਜੂਦਾ ਕਾਨੂੰਨਾਂ ਵਿਚ ਕੁਝ ਸੋਧਾਂ ਕਰਨ ਦੀ ਲੋੜ ਹੈ ਜਿਸ ਲਈ ਪ੍ਰਕਿਰਿਆ ਜਾਰੀ ਹੈ।

ਇਹ ਜਾਣਕਾਰੀ ਪੰਜਾਬ ਮੁੱਖ ਸਕੱਤਰ ਸ੍ਰੀਮਤੀ ਵਿਨੀ ਮਹਾਜਨ ਨੇ ਇੱਥੇ ਪ੍ਰਬੰਧਕੀ ਸਕੱਤਰਾਂ ਨਾਲ ਇਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਨ ਉਪਰੰਤ ਦਿੱਤੀ। ਇਸ ਮੀਟਿੰਗ ਵਿੱਚ ਉਨਾਂ ਰੈਗੂਲੇਟਰੀ ਨਿਯਮਾਂ ਦੇ ਬੋਝ ਨੂੰ ਘਟਾਉਣ ਅਤੇ ਸੂਬੇ ਦੇ ਐਮਐਸਐਮਈਜ਼ ਲਈ ਕਾਰੋਬਾਰ ਵਿੱਚ ਆਸਾਨੀ ਨੂੰ ਉਤਸ਼ਾਹਤ ਕਰਨ ਸਬੰਧੀ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਇਸ ਮੌਕੇ ਸ੍ਰੀਮਤੀ ਵਿਨੀ ਮਹਾਜਨ ਨੇ ਗਲੋਬਲ ਅਲਾਇੰਸ ਫਾਰ ਮਾਸ ਇੰਟਰਪ੍ਰਨਿਓਰਸ਼ਿਪ ਵੱਲੋਂ ਦਿੱਤੇ ਪ੍ਰਸਤਾਵ ਅਤੇ ਰਾਜ ਸੁਧਾਰ ਕਾਰਜ ਯੋਜਨਾ 2020-21 ਲਈ ਉਪਭੋਗਤਾ ਫੀਡਬੈਕ ਰਣਨੀਤੀ ਦੀ ਸਮੀਖਿਆ ਵੀ ਕੀਤੀ।

# ਬੰਗਾਲ ਵਿਚ ਚੌਥੇ ਗੇੜ ਦੇ ਚੋਣ ਪ੍ਰਚਾਰ ਖ਼ਤਮ
## ਪੰਜ ਜ਼ਿਲਿਆਂ ਵਿਚ 10 ਅਪ੍ਰੈਲ ਨੂੰ ਪੈਣਗੀਆਂ ਵੋਟਾਂ

**ਕੋਲਕਾਤਾ/ਏ.ਟੀ.ਨਿਊਜ਼ :** ਬੰਗਾਲ ਵਿਧਾਨ ਸਭਾ ਚੋਣਾਂ ਦੇ ਚੌਥੇ ਗੇੜ ਦੇ ਪ੍ਰਚਾਰ ਦਾ ਰੌਲ਼ਾ ਬੀਤੇ ਵੀਰਵਾਰ ਖਤਮ ਹੋ ਗਿਆ। ਇਸ ਗੇੜ ਵਿਚ ਸੂਬੇ ਦੇ ਪੰਜ ਜ਼ਿਲਿਆਂ ਹੁਗਲੀ, ਹਾਵੜਾ, ਦੱਖਣ 24 ਪਰਗਨਾ, ਕੂਚਬਿਹਾਰ ਤੇ ਅਲੀਪੁਰਦਵਾਰ ਦੀਆਂ 44 ਸੀਟਾਂ ਲਈ 10 ਅਪ੍ਰੈਲ ਨੂੰ ਵੋਟਾਂ ਪੈਣਗੀਆਂ। ਕੂਚਬਿਹਾਰ ਦੀਆਂ ਨੌਂ, ਅਲੀਪੁਰਦਵਾਰ ਦੀਆਂ ਪੰਜ, ਦੱਖਣ 24 ਪਰਗਨਾ ਦੀਆਂ 11, ਹਾਵੜਾ ਦੀਆਂ ਨੌਂ ਤੇ ਤੇਹੁਗਲੀ ਦੀਆਂ 10 ਸੀਟਾਂ ਲਈ ਮਤਦਾਨ ਹੋਵੇਗਾ।



### ਮਾਮਲਾ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਦਾ

# ਕੇਂਦਰੀ ਗ੍ਰਹਿ ਮੰਤਰਾਲੇ ਨੇ ਲਗਾਏ ਦੋਸ਼

**✪ ਅਖੇ ਨਸ਼ੇ ਦੇ ਕੇ ਜ਼ਿੰਮੀਦਾਰਾਂ ਨੇ ਬੰਧੂਆ ਮਜ਼ਦੂਰ ਬਣਾ ਕੇ ਕਰਵਾਈ ਖੇਤੀ ✪ ਬੀਐੱਸਐੱਫ ਨੇ ਮਾਨਸਿਕ ਤੌਰ 'ਤੇ ਬਿਮਾਰ ਮਜ਼ਦੂਰ ਬਚਾਏ ✪ ਕੇਂਦਰੀ ਗ੍ਰਹਿ ਮੰਤਰਾਲੇ ਦਾ ਪੱਤਰ ਕਿਸਾਨਾਂ ਤੇ ਪੰਜਾਬ ਸਰਕਾਰ ਨੂੰ ਬਦਨਾਮ ਕਰਨ ਦੀ ਸਾਜਿਸ਼ ✪ ਅਕਾਲੀ ਦਲ ਬਾਦਲ, ਆਪ ਅਤੇ ਲੋਕ ਇਨਸਾਫ਼ ਪਾਰਟੀ ਵਲੋਂ ਕੇਂਦਰ ਦੀ ਕੀਤੀ ਗਈ ਨਿੰਦਿਆਂ ✪ ਕਿਹਾ ਕਿ ਕਿਸਾਨਾਂ ਨੂੰ ਬਦਨਾਮ ਕਰਨ ਦੀ ਸਾਜਿਸ਼**



**ਬਘੇਲ ਸਿੰਘ ਧਾਲੀਵਾਲ ਪੱਤਰਕਾਰ**

ਕੇਂਦਰ ਨੇ ਪੰਜਾਬ ਸਰਕਾਰ ਨੂੰ ਬੀਤੇ ਦਿਨੀਂ ਸੂਚਿਤ ਕੀਤਾ ਹੈ ਕਿ ਬਿਹਾਰ ਤੇ ਉੱਤਰ ਪ੍ਰਦੇਸ਼ ਦੇ 58 ਮਾਨਸਿਕ ਤੌਰ 'ਤੇ ਅਪਾਹਜ ਵਿਅਕਤੀ ਰਾਜ ਦੇ ਸਰਹੱਦੀ ਜ਼ਿਲਿਆਂ ਵਿੱਚ ਬੰਧੂਆ ਮਜ਼ਦੂਰਾਂ ਵਜੋਂ ਕੰਮ ਕਰਦੇ ਮਿਲੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਗੰਭੀਰ ਮਾਮਲੇ ਨਾਲ ਨਜਿੱਠਣ ਲਈ ਢੁਕਵੀਂ ਕਾਰਵਾਈ ਕਰਨ ਲਈ ਕਿਹਾ ਹੈ। ਅੰਗਰੇਜ਼ੀ ਅਖਬਾਰ ਇੰਡੀਅਨ ਐਕਸਪ੍ਰੈਸ ਦੇ ਅਨੁਸਾਰ, ਗ੍ਰਹਿ ਮੰਤਰਾਲੇ ਨੇ ਇਸ ਮਾਮਲੇ ਵਿਚ ਪੰਜਾਬ ਦੇ ਮੁੱਖ ਸਕੱਤਰ ਅਤੇ ਪੁਲਿਸ ਮੁਖੀ ਨੂੰ 17 ਮਾਰਚ ਦੌਰਾਨ ਇੱਕ ਪੱਤਰ ਲਿਖਿਆ ਸੀ। ਇਸ ਪੱਤਰ ਵਿਚ ਬੀ ਐਸ ਐਫ ਦਾ ਹਵਾਲਾ ਦਿੰਦੇ ਹੋਏ ਜਾਣਕਾਰੀ ਦਿੱਤੀ ਕਿ ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ ਤੇ ਅਬੋਹਰ ਦੇ ਸਰਹੱਦੀ ਇਲਾਕਿਆਂ ਵਿਚ ਮਿਲੇ ਯੂ.ਪੀ., ਬਿਹਾਰ ਦੇ ਮਜ਼ਦੂਰ ਤੋਂ ਪੁਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਉਨਾਂ ਨੂੰ ਨਸ਼ੇ ਦੇ ਕੇ ਬੰਧੂਆ ਮਜ਼ਦੂਰ ਬਣਾਇਆ ਗਿਆ ਤੇ ਜਬਰੀ ਕੰਮ ਲਿਆ ਗਿਆ। ਇਸ ਕਰਕੇ ਉਨਾਂ ਦੀ ਸਿਹਤ ਤੇ ਮਾਨਸਿਕਤਾ ਕਮਜ਼ੋਰ ਵੀ ਦੇਖੀ ਗਈ ਹੈ। ਫੜੇ ਗਏ ਮਜਦੂਰ ਯੂ.ਪੀ. ਬਿਹਾਰ ਦੇ ਗਰੀਬ ਲੋਕ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਭੇਜੇ ਸੁਨੇਹੇ ਵਿੱਚ ਕਿਹਾ ਕਿ ਬੀਐੱਸਐੱਫ ਨੇ ਆਪਣੀ ਘੋਖ ਦੌਰਾਨ ਸਿੱਟਾ ਕੱਢਿਆ ਕਿ ਇਨਾਂ 58 ਵਿਅਕਤੀਆਂ ਨੂੰ ਚੰਗੀ ਤਨਖਾਹ ਦੇਣ ਦੇ ਵਾਅਦੇ ਨਾਲ ਪੰਜਾਬ ਲਿਆਂਦਾ ਗਿਆ ਸੀ ਪਰ ਸ਼ੋਸ਼ਣ ਕਰਕੇ, ਨਸ਼ੇ ਦੇ ਕੇ ਅਤੇ ਅਣਮਨੁੱਖੀ ਤਸ਼ੱਦਦ ਢਾਹ ਕੇ ਇਨਾਂ ਨੂੰ ਬੰਧੂਆ ਬਣਾ ਲਿਆ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਬੀਐੱਸਐੱਫ ਨੇ ਇਨਾਂ ਮਜ਼ਦੂਰਾਂ ਨੂੰ ਸਾਲ 2019 ਅਤੇ 2020 ਵਿਚ ਪੰਜਾਬ ਦੇ ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਅਬੋਹਰ ਦੇ ਸਰਹੱਦੀ ਇਲਾਕਿਆਂ ਤੋਂ ਬਚਾਇਆ। ਜਾਂਚ ਦੌਰਾਨ ਸਾਹਮਣੇ ਆਇਆ ਕਿ ਇਨਾਂ ਵਿਚੋਂ ਬਹੁਤਿਆਂ ਨੂੰ ਜਾਂ ਤਾਂ ਮਾਨਸਿਕ ਤੌਰ 'ਤੇ ਕਮਜ਼ੋਰ ਸਨ ਤੇ ਗ਼ਰੀਬੀ ਦੇ ਮਾਰੇ ਬਿਹਾਰ ਅਤੇ ਉੱਤਰ ਪ੍ਰਦੇਸ਼ ਰਾਜਾਂ ਦੇ ਦੂਰ-ਦੁਰਾਡੇ ਇਲਾਕਿਆਂ ਵਿਚੋਂ ਆਏ ਸਨ। ਬੀਐੱਸਐੱਫ ਨੇ ਇਨਾਂ ਬਚਾਏ ਵਿਅਕਤੀਆਂ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਰਾਜ ਪੁਲਿਸ ਹਵਾਲੇ ਕਰ ਦਿੱਤਾ ਹੈ।

ਇਸ ਕੇਂਦਰੀ ਚਿੱਠੀ ਦਾ ਕੈਪਟਨ ਸਰਕਾਰ ਤੇ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਨੇ ਵਿਰੋਧ ਕੀਤਾ ਹੈ। ਬਾਦਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਆਪ ਪਾਰਟੀ ਦੇ ਨੇਤਾ ਹਰਪਾਲ ਸਿੰਘ ਚੀਮਾ, ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਇਸ ਨੂੰ ਅੰਦੋਲਨਕਾਰੀ ਕਿਸਾਨਾਂ ਨੂੰ ਬਦਨਾਮ ਕਰਨ ਵਾਲਾ ਕਦਮ ਦਸਿਆ ਹੈ। ਉਨਾਂ ਵੱਖ ਵੱਖ ਬਿਆਨਾਂ ਵਿਚ ਕਿਹਾ ਹੈ ਕਿ ਪੰਜਾਬ ਦੇ ਕਿਸਾਨ ਚਾਰ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ ਉਪਰ ਕਿਸਾਨੀ ਮੰਗਾਂ ਲਈ ਸੰਘਰਸ਼ ਕਰ ਰਹੇ ਹਨ। ਇਸ ਤਰਾਂ ਜਾਪਦਾ ਹੈ ਕਿ ਇਸ ਚਿੱਠੀ ਨੂੰ ਟਾਈਮ ਬੰਬ ਵਜੋਂ ਕੇਂਦਰ ਵਲੋਂ ਚਾਣਕੀਆ ਨੀਤੀ ਤਹਿਤ ਵਰਤਿਆ ਗਿਆ ਹੈ ਤਾਂ ਜੋ ਪੰਜਾਬ ਦੇ ਕਿਸਾਨਾਂ ਦੀ ਬਦਨਾਮੀ ਕੀਤੀ ਜਾਵੇ। ਬਿਹਾਰ, ਯੂ.ਪੀ. ਦੇ ਕਿਸਾਨਾਂ ਨੂੰ ਇਸ ਮੋਰਚੇ ਤੋਂ ਅਲਗ ਕਰਨ ਦੀ ਇਕ ਸਾਜਿਸ਼ ਰਚੀ ਜਾ ਰਹੀ ਹੈ। ਕੇਂਦਰ ਦੀ ਮੋਦੀ ਸਰਕਾਰ ਸਾਜ਼ਿਸ਼ ਅਧੀਨ ਪੰਜਾਬ ਨੂੰ ਬੰਧੂਆ ਮਜ਼ਦੂਰੀ ਦੇ ਨਾਮ 'ਤੇ ਬਦਨਾਮ ਕਰ ਰਹੀ ਹੈ। ਉਨਾਂ ਆਖਿਆ ਕਿ ਕੇਂਦਰ ਸਰਕਾਰ ਦੇ ਨੁਮਾਇੰਦੇ ਪਹਿਲਾਂ ਹੀ ਕਿਸਾਨਾਂ ਨੂੰ ਖਾਲਿਸਤਾਨੀ, ਅਤਿਵਾਦੀ, ਵੱਖਵਾਦੀ, ਮਾਓਵਾਦੀ ਆਦਿ ਦੱਸਦੇ ਆ ਰਹੇ ਹਨ ਤੇ ਸ਼ਾਂਤਮਈ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਕਦੇ ਇੰਟਰਨੈੱਟ ਬੰਦ ਕਰਕੇ ਤੇ ਕਦੇ ਕਿੱਲ ਗੱਡ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।



ਉਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਇਨਾਂ ਹਰਕਤਾਂ ਨਾਲ ਕਿਸਾਨ ਅੰਦੋਲਨ ਹੋਰ ਮਜ਼ਬੂਤ ਹੋਵੇਗਾ। ਉਨਾਂ ਕਿਹਾ ਕਿ ਕੇਂਦਰ ਸਰਕਾਰ ਇਨਾਂ ਮਾੜੀਆਂ ਹਰਕਤਾਂ ਤੋਂ ਬਾਜ਼ ਆਵੇ।

**ਕੈਪਟਨ ਵਲੋਂ ਸਖਤ ਨੋਟਿਸ**

ਕੇਂਦਰੀ ਗ੍ਰਹਿ ਮੰਤਰਾਲਾ ਵਲੋਂ ਪੰਜਾਬ ਵਿਚ ਬੰਧੂਆ ਮਜ਼ਦੂਰੀ ਸਬੰਧੀ ਲਿਖੇ ਪੱਤਰ 'ਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਮੁੱਖ ਮੰਤਰੀ ਨੇ ਇਸ ਨੂੰ ਪੰਜਾਬ ਦੇ ਕਿਸਾਨਾਂ ਨੂੰ ਬਦਨਾਮ ਕਰਨ ਦੀ ਇੱਕ ਹੋਰ ਸਾਜਿਸ਼ ਕਰਾਰ ਦਿੱਤਾ ਹੈ। ਉਨਾਂ ਕਿਹਾ ਕਿ ਕੇਂਦਰ ਵਲੋਂ ਦੋਸ਼ ਲਾਏ ਗਏ ਸਾਰੇ 58 ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਗਈ ਅਤੇ ਅਜਿਹਾ ਕੁਝ ਵੀ ਨਹੀਂ ਪਾਇਆ ਗਿਆ। ਉਨਾਂ ਕਿਹਾ ਕਿ ਕੇਂਦਰ ਸਰਕਾਰ ਅਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਅੱਤਵਾਦੀ, ਸ਼ਹਿਰੀ ਨਕਸਲੀ, ਗੁੰਡੇ ਆਦਿ ਦਾ ਦੋਸ਼ ਲਾ ਕੇ ਕਿਸਾਨਾਂ ਦੇ ਅਕਸ ਨੂੰ ਸੱਟ ਪਹੁੰਚਾਉਣ ਦੀਆਂ ਪਹਿਲਾਂ ਵੀ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਸਨ, ਤਾਂ ਕਿ ਖੇਤੀ ਕਾਨੂੰਨਾਂ ਦੇ ਮਸਲੇ 'ਤੇ ਉਨਾਂ ਦੇ ਚੱਲ ਰਹੇ ਅੰਦੋਲਨ ਨੂੰ ਪੱਟੜੀ 'ਤੋਂ ਉਤਾਰਿਆ ਜਾ ਸਕੇ।

ਉਨਾਂ ਨੇ ਗ੍ਰਹਿ ਮੰਤਰਾਲਾ ਦੇ 17 ਮਾਰਚ ਦੇ ਪੱਤਰ ਨੂੰ ਝੂਠ ਦਾ ਪੁਲੰਦਾ ਦੱਸਦੇ ਹੋਏ ਰੱਦ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪੱਤਰ ਦੇ ਤੱਥਾਂ ਅਨੁਸਾਰ ਬੀ. ਐੱਸ. ਐੱਫ. ਅਧਿਕਾਰੀਆਂ ਵਲੋਂ ਨਾ ਹੀ ਇਹ ਅੰਕੜੇ ਅਤੇ ਨਾ ਹੀ ਇਹ ਰਿਪੋਰਟ ਜਮਾ ਕਰਵਾਈ ਗਈ। ਗ੍ਰਹਿ ਮੰਤਰਾਲਾ ਦਾ ਪੱਤਰ ਅਬੋਹਰ ਦੀ ਗੱਲ ਕਰਦਾ ਹੈ ਜਦੋਂਕਿ ਅਸਲੀਅਤ ਇਹ ਹੈ ਕਿ ਅਬੋਹਰ ਜਾਂ ਫਾਜ਼ਿਲਕਾ ਜ਼ਿਲਿਆਂ ਵਿਚ ਕੋਈ ਵੀ ਕੇਸ ਸਾਹਮਣੇ ਨਹੀਂ ਆਇਆ। ਕੇਂਦਰ ਦਾ ਕੋਈ ਵੀ ਸਿੱਟਾ ਤੱਥਾਂ ਨਾਲ ਨਹੀਂ ਲਿਆ ਗਿਆ। ਇਹ ਬੀ. ਐੱਸ. ਐੱਫ. ਦਾ ਕੰਮ ਨਹੀਂ ਕਿ ਉਹ ਅਜਿਹੇ ਮਾਮਲਿਆਂ ਦੀ ਜਾਂਚ ਕਰੇ ਅਤੇ ਉਨਾਂ ਦੀ ਜ਼ਿੰਮੇਵਾਰੀ ਸਿਰਫ ਸਰਹੱਦ 'ਤੇ ਸ਼ੱਕੀ ਹਾਲਾਤ ਵਿਚ ਘੁੰਮ ਰਹੇ ਕਿਸੇ ਵਿਅਕਤੀ ਨੂੰ ਫੜ ਕੇ ਸਥਾਨਕ ਪੁਲਿਸ ਦੇ ਹਵਾਲੇ ਕਰਨਾ ਹੁੰਦਾ ਹੈ। ਅੰਕੜੇ ਦਿੰਦਿਆਂ ਉਨਾਂ ਦੱਸਿਆ ਕਿ 58 ਬੰਦੀਆਂ ਵਿੱਚੋਂ 4 ਪੰਜਾਬ ਦੇ ਵੱਖ-ਵੱਖ ਇਲਾਕਿਆਂ ਨਾਲ ਸਬੰਧਤ ਹਨ ਅਤੇ ਉਹ ਬੀ. ਐੱਸ. ਐੱਫ. ਵੱਲੋਂ ਭਾਰਤ-ਪਾਕਿਸਤਾਨ ਸਰਹੱਦ ਨੇੜੇ ਘੁੰਮਦੇ ਦੇਖੇ ਗਏ ਸਨ, ਜਦੋਂਕਿ 3 ਮਾਨਸਿਕ ਤੌਰ 'ਤੇ ਅਪਾਹਿਜ ਪਾਏ ਗਏ। ਇਸ ਤੋਂ ਬਾਅਦ ਇਹ ਤਿੰਨੇ ਵਿਅਕਤੀ ਸਥਾਨਕ ਪੁਲਿਸ ਵਲੋਂ ਤਸਦੀਕ ਕਰਨ ਉਪਰੰਤ ਉਸੇ ਦਿਨ ਇਨਾਂ ਦੇ ਪਰਿਵਾਰਾਂ ਹਵਾਲੇ ਕਰ ਦਿੱਤੇ ਗਏ ਸਨ। ਹਿਰਾਸਤ ਵਿਚ ਲਏ 58 ਵਿਅਕਤੀਆਂ ਵਿਚੋਂ 16 ਦਿਮਾਗੀ ਤੌਰ 'ਤੇ ਬਿਮਾਰ ਪਾਏ ਗਏ ਹਨ। ਬੀ.ਐੱਸ.ਐੱਫ. ਦੁਆਰਾ ਫੜੇ ਗਏ 3 ਵਿਅਕਤੀਆਂ ਦੀ ਪਛਾਣ ਉਨਾਂ ਦੀ ਮਾਨਸਿਕ ਸਥਿਤੀ ਕਾਰਨ ਨਹੀਂ ਕੀਤੀ ਜਾ ਸਕੀ। ਅਜਿਹੀ ਮਾਨਸਿਕ ਦਸ਼ਾ ਵਾਲੇ ਵਿਅਕਤੀਆਂ ਨੂੰ ਖੇਤੀਬਾੜੀ ਦੇ ਕੰਮਾਂ ਲਈ ਬੰਧੂਆ ਮਜ਼ਦੂਰ ਵਜੋਂ ਨਹੀਂ ਰੱਖਿਆ ਜਾ ਸਕਦਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਵੀ ਪਤਾ ਲੱਗਿਆ ਹੈ ਕਿ 14 ਵਿਅਕਤੀ ਆਪਣੀ ਗ੍ਰਿਫਤਾਰੀ ਤੋਂ ਕੁਝ ਦਿਨ ਜਾਂ ਹਫਤੇ ਪਹਿਲਾਂ ਹੀ ਪੰਜਾਬ ਆਏ ਸਨ, ਜਿਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਉਨਾਂ ਦੇ ਲੰਬੇ ਸਮੇਂ ਤੋਂ ਖੇਤਾਂ ਵਿਚ ਬੰਧੂਆ ਮਜ਼ਦੂਰਾਂ ਵਜੋਂ ਕੰਮ ਕਰਦੇ ਹੋਣ ਵਾਲੀ ਗੱਲ ਪੂਰੀ ਤਰਾਂ ਨਿਰਆਧਾਰ ਹੈ। ਗ੍ਰਿਫਤਾਰ ਕੀਤੇ ਗਏ ਕਿਸੇ ਵੀ ਵਿਅਕਤੀ ਨੇ ਅਦਾਲਤ ਵਿਚ ਵੀ ਜ਼ਬਰਦਸਤੀ ਖੇਤ ਮਜ਼ਦੂਰ ਵਜੋਂ ਕੰਮ ਕਰਨ ਅਤੇ ਗ਼ੈਰ-ਮਨੁੱਖੀ ਹਾਲਤਾਂ ਵਿਚ ਰੱਖੇ ਜਾਣ ਦਾ ਕੋਈ ਦੋਸ਼ ਨਹੀਂ ਲਾਇਆ।

ਕੈਪਟਨ ਨੇ ਕਿਹਾ ਕਿ ਉਨਾਂ ਦੀ ਸਰਕਾਰ ਅਤੇ ਪੰਜਾਬ ਪੁਲਿਸ ਗਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਪੂਰੀ ਤਰਾਂ ਸਮਰੱਥ ਅਤੇ ਵਚਨਬੱਧ ਹੈ। ਹਰ ਕੇਸ ਵਿੱਚ ਪਹਿਲਾਂ ਹੀ ਢੁਕਵੀਂ ਕਾਰਵਾਈ ਆਰੰਭੀ ਜਾ ਚੁੱਕੀ ਹੈ ਅਤੇ ਜ਼ਿਆਦਾਤਰ ਵਿਅਕਤੀ ਆਪਣੇ ਪਰਿਵਾਰਾਂ ਨਾਲ ਰਹਿ ਰਹੇ ਹਨ। ਜੇਕਰ ਕਿਸੇ ਵੀ ਪੜਾਅ 'ਤੇ ਕੁਝ ਵੀ ਧਿਆਨ ਵਿਚ ਆਉਂਦਾ ਹੈ ਤਾਂ ਦੋਸ਼ੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ।



# ਪੰਜਾਬ ਦੀਆਂ ਚੋਣ ਤਿਆਰੀਆਂ ਤੇ ਕਿਸਾਨੀ ਏਜੰਡਾ

### ਰਜਿੰਦਰ ਸਿੰਘ ਪੁਰੇਵਾਲ

ਪੰਜਾਬ 'ਚ ਅਗਲੇ ਸਾਲ ਦੀ ਸ਼ੁਰੂਆਤ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਪੰਜਾਬ ਵਿਚ ਹੁਣੇ ਤੋਂ ਚੋਣ ਤਿਆਰੀਆਂ ਸ਼ੁਰੂ ਹੋ ਚੁਕੀਆਂ ਹਨ। ਸਾਰੀਆਂ ਪਾਰਟੀਆਂ ਨੇ ਚੋਣ ਸਰਗਰਮੀਆਂ ਤੇਜ਼ ਕਰ ਦਿਤੀਆਂ ਹਨ। ਕਿਸਾਨੀ ਲਹਿਰ ਕਾਰਨ ਪੰਜਾਬ ਵਿਚ ਸਪਸ਼ਟ ਰਾਜਨੀਤੀ ਦਿਖਾਈ ਨਹੀਂ ਦੇ ਰਹੀ ਕਿ ਲੋਕ ਕਿਸ ਪਾਸੇ ਜਾਣਗੇ ।

ਕਿਸਾਨਾਂ ਨੂੰ ਕਾਰਪੋਰੇਟਾਂ ਦੇ ਗੁਲਾਮ ਬਣਾਉਣ ਤੁਰੀ ਮੋਦੀ ਸਰਕਾਰ ਆਏ ਦਿਨ ਅਜਿਹੇ ਕਦਮ ਚੁੱਕ ਰਹੀ ਹੈ, ਜਿਹੜੇ ਕਿਸਾਨਾਂ ਦੇ ਗੁੱਸੇ ਨੂੰ ਹੋਰ ਡੂੰਘਾ ਕਰ ਰਹੀ ਹੈ। ਇਹੀ ਕਾਰਨ ਹੈ ਕਿ ਨਵੇਂ ਖੇਤੀ ਕਨੂੰਨਾਂ ਤੇ ਮੋਦੀ ਸਰਕਾਰ ਵਲੋਂ ਅੜੇ ਰਹਿਣ ਕਾਰਣ ਪੰਜਾਬ ਦੀ ਸਿਆਸਤ ਵਿਚ ਭਾਜਪਾ ਦੇ ਪੈਰ ਨਹੀਂ ਲਗ ਰਹੇ ।

ਭਾਜਪਾ ਤੋਂ ਬਾਅਦ ਹੁਣ ਮਿਸ਼ਨ-2022 ਲੈ ਕੇ ਤੁਰੀਆਂ ਬਾਕੀ ਸਿਆਸੀ ਪਾਰਟੀਆਂ ਨੂੰ ਵੀ ਹਰਿਆਣਾ ਵਾਂਗ ਪੰਜਾਬ 'ਚ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਹੁਣੇ ਜਿਹੇ ਯੂਥ ਅਕਾਲੀ ਦਲ ਦੀ ਰਾਏਕੋਟ ਨੇੜੇ ਇੱਕ ਮੈਰਿਜ ਪੈਲੇਸ ਵਿੱਚ ਬੁਲਾਈ ਜ਼ਿਲਾ ਪੱਧਰੀ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਵਾਲੇ ਆਗੂਆਂ ਅਤੇ ਵਰਕਰਾਂ ਨੂੰ ਪਿੰਡ ਹਲਵਾਰਾ ਵਿੱਚ ਕਿਸਾਨਾਂ ਨੇ ਕਾਲੀਆਂ ਝੰਡੀਆਂ ਅਤੇ ਔਰਤਾਂ ਨੇ ਚੂੜੀਆਂ ਦਿਖਾਈਆਂ । ਇਸ ਵਿਰੋਧ ਨੂੰ ਦੇਖਦਿਆਂ ਹਲਕਾ ਦਾਖਾ ਦੇ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਸਮੇਤ ਪ੍ਰਮੁੱਖ ਆਗੂਆਂ ਨੇ ਰਸਤਾ ਬਦਲ ਕੇ ਕਾਨਫ਼ਰੰਸ ਵਿੱਚ ਸ਼ਮੂਲੀਅਤ ਕੀਤੀ।

ਅਕਾਲੀ ਦਲ ਬਾਦਲ ਇਸ ਸਮੇਂ ਕਿਸਾਨਾਂ ਤੇ ਸਿੱਖ ਪੰਥ ਨੂੰ ਕਾਇਲ ਨਹੀਂ ਕਰ ਸਕਿਆ। ਬਾਦਲ ਦਲ ਅੰਦਰੂਨੀ ਫੁਟ ਦਾ ਵੀ ਸ਼ਿਕਾਰ ਹੋ ਰਿਹਾ ਹੈ। ਆਪਣੇ ਰਾਜਨੀਤਕ ਸਫ਼ਰ ਦੇ ਸੌ ਸਾਲ ਪੂਰੇ ਕਰ ਚੁੱਕੀ ਰਾਜਨੀਤਕ ਪਾਰਟੀ ਅਕਾਲੀ ਦਲ ਬਾਦਲ ਪ੍ਰਮੁੱਖ ਤੌਰ ਉਤੇ ਸਿੱਖ ਭਾਈਚਾਰੇ, ਪੰਜਾਬ ਤੇ ਭਾਰਤੀ ਫ਼ੈਡਰਲ ਢਾਂਚੇ ਦੀ ਮਜ਼ਬੂਤੀ ਨਾਲ ਸਬੰਧਤ ਰਾਜਨੀਤਕ ਸਰੋਕਾਰਾਂ ਨੂੰ ਪਿਠ ਦਿਖਾ ਚੁਕੀ ਹੈ।ਇਸ ਕਾਰਨ ਪੰਜਾਬ ਦੀ ਅਜੋਕੀ ਸਿਆਸਤ ਤੇ ਮਜ਼ਬੂਤ ਪਕੜ ਬਣਾਉਣ ਦੀ ਸਥਿਤੀ ਵਿਚ ਨਹੀਂ ਲੱਗ ਰਹੀ। ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਭਾਜਪਾ ਨਾਲ ਰਾਜਨੀਤਕ ਗਠਜੋੜ ਰਾਹੀਂ ਸੰਨ 1997 ਤੋਂ 2017 ਤੱਕ ਸਿਵਾਏ 2002-07 ਦੇ ਪੰਜਾਬ ਦੀ ਸੱਤਾ 'ਤੇ ਕਾਬਜ਼ ਰਿਹਾ ਹੈ, ਪਰ ਆਪਣੀ ਪਰਿਵਾਰਵਾਦੀ ਲੀਡਰਸ਼ਿਪ ਕਰ ਕੇ ਇਕਜੁਟ ਨਹੀਂ ਰਿਹਾ। ਸੰਨ 2008 ਵਿਚ ਇਸ ਪਾਰਟੀ ਦੇ ਥਾਪੇ ਪ੍ਰਧਾਨ ਸੁਖਬੀਰ ਬਾਦਲ ਇਸ ਨੂੰ ਇਕਜੁੱਟ ਰੱਖਣ ਵਿਚ ਬੁਰੀ ਤਰਾਂ ਨਾਕਾਮ ਰਹੇ ਹਨ। ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਦੀ ਸ਼ਰਮਨਾਕ ਹਾਰ ਤੋਂ ਬਾਅਦ ਇਹ ਪਾਰਟੀ ਤਿੰਨ ਗੁੱਟਾਂ ਵਿਚ ਵੰਡੀ ਗਈ। ਅਕਾਲੀ ਦਲ (ਬਾਦਲ), ਅਕਾਲੀ ਦਲ (ਬ੍ਰਹਮਪੁਰਾ) ਤੇ ਅਕਾਲੀ ਦਲ (ਡੈਮੋਕ੍ਰੈਟਿਕ)।

ਬਾਦਲ ਦਲ ਵਿਚੋਂ ਉਪਜੇ ਭ੍ਰਿਸ਼ਟਾਚਾਰ, ਧਾਰਮਿਕ ਤੇ ਰਾਜਨੀਤਕ ਨਿਘਾਰ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰ ਕੇ ਇਹ, ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਹਾਰੀ ਹੈ। ਅਕਾਲੀ ਦਲ ਬਾਦਲ, ਇਸ ਦੇ ਯੂਥ ਤੇ ਜਥੇਬੰਦਕ ਵਿੰਗਾਂ ਵਿਚ ਨੌਜਵਾਨ ਆਗੂ ਬਿਕਰਮ ਸਿੰਘ ਮਜੀਠੀਆ ਦੀ ਤੇਜ਼ੀ ਨਾਲ ਵਧਦੀ ਸਾਖ਼ ਤੇ ਦਬਦਬੇ ਕਾਰਨ ਪਾਰਟੀ ਅੰਦਰ ਕੁਝ ਪੁਰਾਣੇ ਆਗੂਆਂ ਤੇ ਲੀਡਰਸ਼ਿਪ ਨਾਲ ਸਬੰਧਤ ਰਿਸ਼ਤੇਦਾਰਾਂ ਅੰਦਰ ਅਸਹਿਣਸ਼ੀਲਤਾ ਪੈਦਾ ਹੋ ਗਈ ਹੈ।ਆਦੇਸ਼ ਪ੍ਰਤਾਪ ਕੈਰੋਂ ਵੀ ਬਗਾਵਤ ਦੇ ਮੂਡ ਵਿਚ ਹਨ।

ਜੇਕਰ ਅਕਾਲੀ ਦਲ ਬਾਦਲ ਸਬੰਧੀ ਆਗੂਆਂ ਨੇ ਪਾਰਟੀ ਵਰਕਰਾਂ ਤੇ ਕਾਰਕੁੰਨਾਂ ਤੇ ਪ੍ਰਵਾਰਵਾਦੀ ਏਕਾਧਿਕਾਰ ਤਾਨਾਸ਼ਾਹ ਡੰਗ ਨਾਲ ਥੋਪਣਾ ਜਾਰੀ ਰਖਿਆ, ਅੰਦਰੂਨੀ ਜਮਹੂਰੀਅਤ ਨੂੰ ਅਣਗੌਲਿਆ ਕੀਤਾ ਤਾਂ ਇਹ ਵਰਤਾਰਾ ਪਾਰਟੀ ਅੰਦਰ ਹੋਰ ਬਗ਼ਾਵਤ ਪੈਦਾ ਕਰੇਗਾ। ਕਿਸਾਨੀ ਨਾਲ ਸਬੰਧਤ ਕਾਲੇ ਕਾਨੂੰਨਾਂ ਦੀ ਵੀ ਗੱਲ ਕਰੀਏ ਤਾਂ ਬਾਦਲ ਅਕਾਲੀ ਦਲ ਵਾਲਿਆਂ ਦਾ ਪ੍ਰਤੀਨਿਧ, ਕੇਂਦਰੀ ਮੰਤਰੀ ਮੰਡਲ ਵਿਚ, ਆਪ ਕਾਲਾ ਆਰਡੀਨੈਂਸ ਜਾਰੀ ਕਰਨ ਦੇ ਫ਼ੈਸਲੇ ਦੀ ਹਮਾਇਤ ਕਰਦਾ ਹੈ ਤੇ ਅਕਾਲੀ ਲੀਡਰ, ਕਾਲੇ ਕਾਨੂੰਨ ਦੇ ਹੱਕ ਵਿਚ ਪ੍ਰਚਾਰ ਵੀ ਕਰਦੇ ਰਹੇ ਪਰ ਹੁਣ ਉਹ ਕਿਸਾਨੀ ਦੇ ਹਕ ਵਿਚ ਨਾਰੇਬਾਜੀ ਤਾਂ ਕਰ ਰਹੇ ਹਨ ਪਰ ਭਾਜਪਾ ਸਰਕਾਰ ਦੀਆਂ ਨੀਤੀਆਂ ਪ੍ਰਤੀ ਠੋਸ ਸੰਘਰਸ਼ ਨਹੀਂ ਵਿਢ ਸਕੀ। 'ਆਪ' ਪਾਰਟੀ ਨੇ ਪਿਛਲੀਆਂ ਚੋਣਾਂ ਵਿਚ ਅਕਾਲੀਆਂ ਦੀ ਥਾਂ ਆਪ ਮੱਲ ਕੇ, ਇਤਿਹਾਸ ਰਚ ਦਿਤਾ ਪਰ ਹੁਣ ਕਿਸਾਨਾਂ ਦੇ ਮਾਮਲੇ ਤੇ ਉਹ ਅਕਾਲੀਆਂ ਦੇ ਰਾਹੇ ਚਲ ਰਹੀ ਹੈ। ਆਪ ਦੇ ਪੰਜਾਬ ਦੇ ਲੀਡਰ ਅਕਾਲੀਆਂ ਵਾਂਗ ਕਿਸਾਨ ਮੁਦੇ ਉਪਰ ਅਕਾਲੀਆਂ ਵਾਂਗ ਸੀਮਤ ਹਨ।ਕਿਸਾਨ ਆਗੂ ਵੀ ਕੈਪਟਨ ਸਰਕਾਰ ਤੋਂ ਸੰਤੁਸ਼ਟ ਨਹੀਂ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਇਸ ਸਿਆਸੀ ਭਵਜਲ ਵਿਚੋਂ ਨਿਕਲਣ ਲਈ ਆਉਂਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਨਿਯੁਕਤ ਕੀਤੇ ਆਪਣੇ ਚੀਫ਼ ਪ੍ਰਮੁੱਖ ਸਲਾਹਕਾਰ ਪ੍ਰਸ਼ਾਂਤ ਕਿਸ਼ੋਰ ਵਲੋਂ ਸੂਬੇ ਵਿਚ ਸਰਗਰਮੀਆਂ ਸ਼ੁਰੂ ਕਰਾ ਦਿੱਤੀਆਂ ਹਨ ਅਤੇ ਉਨਾਂ ਦੀਆਂ ਟੀਮਾਂ ਵਲੋਂ ਜਨਤਕ ਮਾਹੌਲ ਅਤੇ ਦਰਪੇਸ਼ ਮੁੱਦਿਆਂ ਨੂੰ ਜਾਨਣ, ਸਰਕਾਰ ਅਤੇ ਕਾਂਗਰਸ ਪਾਰਟੀ ਪ੍ਰਤੀ ਲੋਕਾਂ ਵਿਚਲੇ ਪ੍ਰਭਾਵ ਅਤੇ ਦੂਜੀਆਂ ਸਿਆਸੀ ਧਿਰਾਂ ਦੀ ਰਣਨੀਤੀ ਨੂੰ ਸਮਝਣ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ । ਸਮਝਿਆ ਜਾਂਦਾ ਹੈ ਕਿ ਮਈ ਤੋਂ ਪ੍ਰਸ਼ਾਂਤ ਕਿਸ਼ੋਰ ਆਪਣੀ ਸਮੁੱਚੀ ਟੀਮ ਨਾਲ ਪੰਜਾਬ ਵਿਚ ਡੇਰੇ ਲਗਾ ਲੈਣਗੇ, ਕਿਉਂਕਿ ਇਨਾਂ ਦਿਨਾਂ ਦੌਰਾਨ ਉਹ ਖ਼ੁਦ ਅਤੇ ਉਨਾਂ ਦਾ ਕਾਫ਼ੀ ਸਟਾਫ਼ ਬੰਗਾਲ ਸਮੇਤ ਦੂਜੇ ਰਾਜਾਂ ਦੀਆਂ ਚੋਣਾਂ ਵਿਚ ਰੁੱਝੇ ਹਨ।ਆਪਣੀਆਂ ਟੀਮਾਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਪ੍ਰਸ਼ਾਂਤ ਨੇ ਕਿਹਾ ਸੀ ਕਿ ਉਨਾਂ ਅਨੁਸਾਰ ਪੰਜਾਬ ਵਿਚ ਇਕ ਤਰਾਂ ਨਾਲ ਅਫ਼ਸਰਸ਼ਾਹੀ ਦਾ ਰਾਜ ਚੱਲ ਰਿਹਾ ਹੈ । ਪਾਰਟੀ ਹਲਕਿਆਂ ਵਿਚ ਇਹ ਵੀ ਪ੍ਰਭਾਵ ਹੈ ਕਿ ਕਿਸ਼ੋਰ ਆਉਂਦੀਆਂ ਚੋਣਾਂ ਲਈ ਉਮੀਦਵਾਰਾਂ ਦੇ ਮਗਰਲੇ ਪੰਜ ਸਾਲਾਂ ਦੇ ਰਿਪੋਰਟ ਕਾਰਡ ਤਿਆਰ ਕਰਨਗੇ ਅਤੇ ਇਹ ਪਾਰਟੀ ਹਾਈਕਮਾਨ ਤੱਕ ਵੀ ਪੁੱਜਣਗੇ । ਮੁੱਖ ਮੰਤਰੀ ਜਿਨਾਂ ਵਲੋਂ ਪ੍ਰਸ਼ਾਂਤ ਕਿਸ਼ੋਰ ਨੂੰ ਕੈਬਨਿਟ ਮੰਤਰੀ ਦਾ ਰੁਤਬਾ ਵੀ ਦਿੱਤਾ ਹੈ ਤੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਦੇ ਨਾਲ ਦਾ ਬੰਗਲਾ ਜੋ ਇਕ ਸਮੇਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ ਸੀ ਅਤੇ ਹੁਣ ਮੁੱਖ ਮੰਤਰੀ ਦੇ ਨਾਂ 'ਤੇ ਹੀ ਅਲਾਟ ਹੈ, ਵਰਤੋਂ ਲਈ ਕਿਸ਼ੋਰ ਨੂੰ ਦੇ ਦਿੱਤਾ ਗਿਆ ਹੈ, ਜਿਥੋਂ ਉਹ ਆਪਣਾ ਕੰਮਕਾਜ ਚਲਾ ਰਹੇ ਹਨ । ਮੁੱਖ ਮੰਤਰੀ ਵਲੋਂ ਆਪਣੀ ਸਿਆਸੀ ਸਕੱਤਰ ਕੈਪਟਨ ਸੰਦੀਪ ਸਿੰਘ ਸੰਧੂ ਅਤੇ ਆਪਣੇ ਦੋਹਤੇ ਨਿਰਵਾਣ



ਸਿੰਘ ਨੂੰ ਕਿਸ਼ੋਰ ਨਾਲ ਤਾਲਮੇਲ ਦੀ ਜ਼ਿੰਮੇਵਾਰੀ ਦਿੱਤੀ ਹੈ, ਜਦੋਂ ਕਿ ਇਕ ਆਈ.ਏ.ਐਸ. ਅਧਿਕਾਰੀ ਨੂੰ ਵੀ ਕਿਸ਼ੋਰ ਨਾਲ ਲਗਾਇਆ ਗਿਆ ਹੈ । ਕਿਸ਼ੋਰ ਜਿਸ ਨੇ ਚਰਚਿਤ ਆਗੂ ਨਵਜੋਤ ਸਿੰਘ ਸਿੱਧੂ ਦੀ ਕਾਂਗਰਸ ਵਿਚ ਸ਼ਮੂਲੀਅਤ ਲਈ ਵੀ ਭੂਮਿਕਾ ਨਿਭਾਈ ਸੀ, ਸੂਚਨਾ ਅਨੁਸਾਰ ਹੁਣ ਸਿੱਧੂ ਨੂੰ ਦੁਬਾਰਾ ਸਰਗਰਮ ਕਰਨ ਲਈ ਵੀ ਕੰਮ ਕਰ ਸਕਦੇ ਹਨ । ਪਰ ਰਾਜ ਦੇ ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਕਿਸ਼ੋਰ ਜਿਨਾਂ 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਕੈਪਟਨ ਅਮਰਿੰਦਰ ਸਿੰਘ ਦੀ ਚੋਣ ਮੁਹਿੰਮ ਚਲਾਉਣ ਦਾ ਕੰਮ ਕੀਤਾ ਸੀ ਅਤੇ ਉਨਾਂ ਤੋਂ ਵੱਡੇ ਵਾਅਦੇ ਕਰਵਾਏ ਸਨ, ਜਿਨਾਂ ਵਿਚ ਕਿਸਾਨਾਂ ਦੀ ਸਮੁੱਚੀ ਕਰਜ਼ਾ ਮੁਆਫ਼ੀ, ਘਰ ਘਰ ਰੁਜ਼ਗਾਰ, ਸਮਾਜਿਕ ਸੁਰੱਖਿਆ, ਪੈਨਸ਼ਨਾਂ 2500 ਰੁ. ਪ੍ਰਤੀ ਮਹੀਨਾ ਕਰਨਾ, ਨੌਜਵਾਨਾਂ ਲਈ ਬੇਰੁਜ਼ਗਾਰੀ ਭੱਤਾ ਅਤੇ ਮੁਫ਼ਤ ਸਮਾਰਟ ਫ਼ੋਨ, 6ਵਾਂ ਤਨਖ਼ਾਹ ਕਮਿਸ਼ਨ ਲਾਗੂ ਕਰਨਾ ਅਤੇ ਬੇਅਦਬੀਆਂ ਤੇ ਬਰਗਾੜੀ ਬਹਿਬਲ ਕਲਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣਾ ਸ਼ਾਮਲ ਸੀ, 'ਤੇ ਵਾਅਦਿਆਂ ਅਨੁਸਾਰ ਅਮਲ ਨਾ ਹੋਣ ਜਾਂ ਅਧੂਰਾ ਅਮਲ ਹੋਣ ਕਾਰਨ ਸਰਕਾਰ ਦੇ ਹੋਣ ਵਾਲੇ ਵਿਰੋਧ ਵਿਚੋਂ ਉਹ ਕੈਪਟਨ ਅਤੇ ਉਨਾਂ ਦੇ ਸਾਥੀਆਂ ਨੂੰ ਕਿਵੇਂ ਕੱਢ ਸਕਣਗੇ ਅਤੇ ਕੈਪਟਨ ਸਰਕਾਰ ਦੇ ਕਾਰਜਕਾਲ ਦੌਰਾਨ ਜਾਰੀ ਰਹੀ ਰੇਤ-ਬੱਜਰੀ ਦੀ ਲੁੱਟ, ਕਾਇਮ ਰਹੇ ਟਰਾਂਸਪੋਰਟ ਮਾਫ਼ੀਆ ਅਤੇ ਨਸ਼ੇ ਪੂਰੇ ਤੌਰ 'ਤੇ ਖ਼ਤਮ ਕਰਨ ਵਿਚ ਸਰਕਾਰ ਦੀ ਅਪੂਰੇ ਤੌਰ 'ਤੇ ਖ਼ਤਮ ਕਰਨ ਵਿਚ ਸਰਕਾਰ ਦੀ ਅਸਫਲਤਾ ਦਾ ਸੂਬੇ ਦੀ ਜਨਤਾ ਨੂੰ ਕੀ ਜਵਾਬ ਦੇਣਗੇ ।

ਪੰਜਾਬ ਵਿਚ ਵੱਡੇ ਪੱਧਰ ਉਪਰ ਭਾਜਪਾ ਆਗੂਆਂ ਦਾ ਘਿਰਾਉ ਜਾਰੀ ਹੈ। ਭਾਜਪਾ ਦੀ ਸਿਆਸਤ ਪੰਜਾਬ ਵਿਚ ਕਿਸਾਨਾਂ ਦੇ ਰੋਸ ਕਾਰਣ ਜਾਮ ਹੈ। ਤਾਜ਼ਾ ਕਦਮ ਵਿਚ ਸੰਸਦ ਦੀ ਸਟੈਂਡਿੰਗ ਕਮੇਟੀ, ਜਿਹੜੀ ਕਿਸੇ ਬਿੱਲ ਦੀ ਚੰਗੀ ਤਰਾਂ ਪੁਣ-ਛਾਣ ਕਰਦੀ ਹੈ, ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਹੈ ਕਿ ਜ਼ਰੂਰੀ ਵਸਤਾਂ ਬਾਰੇ ਸੋਧੇ ਕਾਨੂੰਨ ਨੂੰ ਬਿਨਾਂ ਕਿਸੇ ਅੜਿੱਕੇ ਦੇ ਇੰਨ-ਬਿੰਨ ਲਾਗੂ ਕਰੇ । ਇਹ ਕਾਨੂੰਨ ਉਨਾਂ ਤਿੰਨ ਕਾਨੂੰਨਾਂ ਵਿਚ ਸ਼ਾਮਲ ਹੈ, ਜਿਸ ਵਿਰੁੱਧ ਦੇਸ਼ ਦੇ ਕਿਸਾਨ ਸਾਢੇ ਤਿੰਨ ਮਹੀਨਿਆਂ ਤੋਂ ਅੰਦੋਲਨ ਕਰ ਰਹੇ ਹਨ । ਕਮੇਟੀ ਦੀ ਸਿਫਾਰਸ਼ ਮੁਤਾਬਕ ਇਸ ਕਾਨੂੰਨ ਨਾਲ ਮਾਰਕਿਟ ਵਿਚ ਮੁਕਾਬਲੇਬਾਜ਼ੀ ਵਧੇਗੀ ਤੇ ਕਿਸਾਨਾਂ ਨੂੰ ਵੱਧ ਭਾਅ ਮਿਲਣਗੇ । ਕਮੇਟੀ ਦੀਆਂ ਇਹ ਸਿਫਾਰਸ਼ਾਂ ਵੀ ਉਸੇ ਤਰਾਂ ਲੋਕ ਸਭਾ ਵਿਚ ਰੱਖੀਆਂ ਗਈਆਂ, ਜਿਵੇਂ ਤਿੰਨ ਖੇਤੀ ਬਿੱਲ ਪਾਸ ਕਰਵਾਏ ਗਏ ਸਨ । ਕਮੇਟੀ ਦੇ ਚੇਅਰਮੈਨ ਤ੍ਰਿਣਮੂਲ ਕਾਂਗਰਸ ਦੇ ਸੁਦੀਪ ਬੰਦੋਪਾਧਿਆਇ ਨੂੰ ਪਤਾ ਹੀ ਨਹੀਂ ਕਿ ਕਮੇਟੀ ਨੇ ਕੀ ਸਿਫਾਰਸ਼ਾਂ ਕੀਤੀਆਂ ਹਨ । ਉਹ ਪੱਛਮੀ ਬੰਗਾਲ ਦੀਆਂ ਅਸੰਬਲੀ ਚੋਣਾਂ ਵਿਚ ਰੁੱਝੇ ਹੋਏ ਹਨ । ਕਮੇਟੀ ਵਿਚ ਸ਼ਾਮਲ ਕਾਂਗਰਸ ਦੇ ਤਿੰਨ ਮੈਂਬਰਾਂ ਨੇ ਲੋਕ ਸਭਾ ਦੇ ਸਪੀਕਰ ਓਮ ਬਿੜਲਾ ਨੂੰ ਚਿੱਠੀਆਂ ਲਿਖ ਕੇ ਕਿਹਾ ਹੈ ਕਿ ਉਨਾਂ ਤੋਂ ਇਨਾਂ ਸਿਫਾਰਸ਼ਾਂ ਬਾਰੇ ਰਾਇ ਨਹੀਂ ਲਈ ਗਈ । ਉਨਾਂ ਦੀ ਪਾਰਟੀ ਤਿੰਨਾਂ ਕਾਨੂੰਨਾਂ ਦਾ ਸੰਸਦ ਦੇ ਅੰਦਰ ਤੇ ਬਾਹਰ ਵਿਰੋਧ ਕਰ ਰਹੀ ਹੈ, ਉਸ ਦੇ ਮੱਦੇਨਜ਼ਰ ਉਹ ਕਿਵੇਂ ਅਜਿਹੀਆਂ ਸਿਫਾਰਸ਼ਾਂ ਕਰ ਸਕਦੇ ਹਨ । ਕਮੇਟੀ ਜੋ ਸਿਫਾਰਸ਼ਾਂ ਕਰਦੀ ਹੈ, ਉਸ ਨਾਲ ਸਹਿਮਤ ਨਾ ਹੋਣ ਵਾਲੇ ਮੈਂਬਰਾਂ ਦੇ ਅਸਹਿਮਤੀ ਪੱਤਰ ਨੱਥੀ ਕੀਤੇ ਜਾਂਦੇ ਹਨ, ਪਰ ਕੀਤੀਆਂ ਗਈਆਂ ਸਿਫਾਰਸ਼ਾਂ ਵਿਚ ਕਿਸੇ ਅਸਹਿਮਤ ਮੈਂਬਰ ਦਾ ਪੱਤਰ ਨੱਥੀ ਨਹੀਂ ਕੀਤਾ ਗਿਆ ।ਕਾਂਗਰਸ ਦੇ ਰਾਜ ਸਭਾ ਵਿਚ ਚੀਫ ਵਿਹਪ ਜੈ ਰਾਮ ਰਮੇਸ਼ ਨੇ ਕਿਹਾ ਹੈ ਕਿ ਉਹ 17 ਸਾਲ ਤੋਂ ਮੈਂਬਰ ਹਨ, ਪਰ ਕਿਸੇ ਕਮੇਟੀ ਨੂੰ ਇਸ ਤਰਾਂ ਸਿਫਾਰਸ਼ਾਂ ਕਰਦੇ ਨਹੀਂ ਦੇਖਿਆ। ਤ੍ਰਿਣਮੂਲ ਕਾਂਗਰਸ ਦੇ ਡੈਰੇਕ ਓਬ੍ਰਾਇਨ ਮੁਤਾਬਕ ਇਹ ਭਾਜਪਾ ਦੀ ਗੰਦੀ ਚਾਲ ਹੈ । ਕਮੇਟੀ ਵਿਚ ਆਮ ਆਦਮੀ ਪਾਰਟੀ, ਸ਼ਿਵ ਸੈਨਾ, ਨੈਸ਼ਨਲ ਕਾਨਫਰੰਸ, ਐੱਨ ਸੀ ਪੀ ਤੇ ਸਮਾਜਵਾਦੀ ਪਾਰਟੀ ਦੇ ਵੀ ਮੈਂਬਰ ਹਨ । ਇਹ ਪਾਰਟੀਆਂ ਵੀ ਬਾਹਰ ਤਿੰਨਾਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੀਆਂ ਹਨ ।

ਇਹ ਸਹੀ ਹੈ ਕਿ ਕਮੇਟੀ ਵਿਚ ਭਾਜਪਾ ਮੈਂਬਰਾਂ ਦਾ ਬਹੁਮਤ ਹੈ ਤੇ ਉਨਾਂ ਰਿਪੋਰਟ ਲੋਕ ਸਭਾ ਵਿਚ ਪੇਸ਼ ਕਰਾ ਲੈਣੀ ਸੀ, ਪਰ ਅਸਹਿਮਤ ਮੈਂਬਰਾਂ ਦੀ ਰਾਏ ਰਿਪੋਰਟ ਵਿਚ ਸ਼ਾਮਲ ਨਾ ਕਰਾਉਣ ਤੋਂ ਸਾਫ ਹੈ ਕਿ ਉਹ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਵਿਚ ਹਰ ਥਾਂ ਧੱਕੇਸ਼ਾਹੀ ਉੱਤੇ ਉਤਾਰੂ ਹੈ । ਇਸ ਰਿਪੋਰਟ ਨੇ ਸੰਯੁਕਤ ਕਿਸਾਨ ਮੋਰਚੇ ਵਿਚ ਹੋਰ ਰੋਹ ਪੈਦਾ ਕਰ ਦਿੱਤਾ ਹੈ ਤੇ ਉਸ ਨੇ ਰਿਪੋਰਟ ਵਾਪਸ ਲੈਣ ਦੀ ਮੰਗ ਕੀਤੀ ਹੈ । ਜਾਪਦਾ ਹੈ ਕਿ ਕਿਸਾਨੀ ਲਹਿਰ ਕਾਰਨ ਹੀ ਪੰਜਾਬ ਦੀ ਰਾਜਨੀਤਕ ਦਿਸ਼ਾ ਤੇ ਦਸ਼ਾ ਬਦਲ ਜਾਵੇਗੀ।






# ਕਿਸਾਨਾਂ ਦੀ ਆਮਦਨ ਦੁੱਗਣੀ ਕਿਵੇਂ ਸੰਭਵ



**ਡਾ. ਗਿਆਨ ਸਿੰਘ**

28 ਮਾਰਚ 2021 ਨੂੰ ਨੀਤੀ ਆਯੋਗ ਦੇ ਮੈਂਬਰ (ਖੇਤੀਬਾੜੀ) ਡਾ. ਰਮੇਸ਼ ਚੰਦ ਨੇ ਕਿਹਾ ਕਿ ਜੇ ਖੇਤੀਬਾੜੀ ਕਾਨੂੰਨ ਜਲਦੀ ਅਮਲ ਵਿਚ ਨਾ ਲਿਆਂਦੇ ਤਾਂ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਹਾਸਲ ਨਹੀਂ ਕੀਤਾ ਜਾ ਸਕੇਗਾ। ਉਨਾਂ ਮੁਤਾਬਿਕ ਸਰਕਾਰ ਕਿਸਾਨਾਂ ਨਾਲ਼ ਇਨਾਂ ਕਾਨੂੰਨਾਂ ਉੱਪਰ ਮੱਦ-ਦਰ-ਮੱਦ ਵਿਚਾਰ ਕਰਨ ਲਈ ਤਿਆਰ ਹੈ। ਕਿਸਾਨ ਆਗੂਆਂ ਨੂੰ ਇਸ ਪੇਸ਼ਕਸ਼ ਉੱਪਰ ਵਿਚਾਰ ਕਰਨਾ ਚਾਹੀਦਾ ਹੈ। ਇਸ ਸਮੱਸਿਆ ਦਾ ਹੱਲ ਕੁਝ ਦੇਣ ਅਤੇ ਕੁਝ ਲੈਣ ਨਾਲ਼ ਹੀ ਨਿੱਕਲ ਸਕਦਾ ਹੈ ਜੇ ਕਿਸਾਨ ਆਪਣੀਆਂ ਮੰਗਾਂ ਉੱਤੇ ਅੜੇ ਰਹਿੰਦੇ ਹਨ ਤਾਂ ਅੱਗੇ ਕੋਈ ਰਾਹ ਨਿੱਕਲਣਾ ਮੁਸ਼ਕਲ ਹੋਵੇਗਾ। ਉਨਾਂ ਇਹ ਵੀ ਕਿਹਾ ਕਿ ਸਰਕਾਰ ਨੇ ਕਿਸਾਨਾਂ ਲਈ ਇਨਾਂ ਕਾਨੂੰਨਾਂ ਨੂੰ ਡੇਢ ਸਾਲ ਤੱਕ ਲਾਗੂ ਨਾ ਕਰਨ ਦਾ ਚੰਗਾ ਬਦਲ ਦਿੱਤਾ ਹੈ।

ਯੂਪੀਏ-2 ਸਰਕਾਰ ਨੇ ਅਪ੍ਰੈਲ 2013 ਵਿਚ ਖੇਤੀਬਾੜੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਦੁਆਰਾ ਖੇਤੀਬਾੜੀ ਦੀਆਂ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਬਾਰੇ ਕੇਂਦਰ ਨੂੰ ਸਿਫ਼ਾਰਸ਼ਾਂ ਕਰਨ ਦੀ ਵਿਧੀ ਦੀ ਪੜਚੋਲ ਲਈ ਡਾ. ਰਮੇਸ਼ ਚੰਦ ਦੀ ਅਗਵਾਈ ਵਿਚ ਕਮੇਟੀ ਬਣਾਈ ਸੀ। ਇਸ ਕਮੇਟੀ ਨੇ ਪਹਿਲੀ ਅਪ੍ਰੈਲ 2015 ਨੂੰ ਰਿਪੋਰਟ ਕੇਂਦਰ ਸਰਕਾਰ ਨੂੰ ਦੇ ਦਿੱਤੀ। ਇਸ ਕਮੇਟੀ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਬਾਰੇ ਸਿਫ਼ਾਰਸ਼ਾਂ ਡਾ. ਐੱਮਐੱਸ ਸਵਾਮੀਨਾਥਨ ਦੁਆਰਾ ਦਿੱਤੇ ਗਏ ਸੁਝਾਅ ਜਿਸ ਵਿਚ ਕੁੱਲ ਉਤਪਾਦਨ ਲਾਗਤ (ਸੀ-2) ਉੱਪਰ 50 ਫ਼ੀਸਦ ਨਫ਼ਾ ਦੇਣ ਬਾਰੇ ਕਿਹਾ ਗਿਆ ਸੀ, ਤੋਂ ਕਾਫ਼ੀ ਅੱਗੇ ਸਨ ਜਿਸ ਕਰ ਕੇ ਉਸ ਸਮੇਂ ਡਾ. ਰਮੇਸ਼ ਚੰਦ ਦੀਆਂ ਸਿਫ਼ਾਰਸ਼ਾਂ ਨੂੰ ਕਿਸਾਨ-ਪੱਖੀ ਮੰਨਿਆ ਗਿਆ ਅਤੇ ਕਿਸਾਨ ਜਥੇਬੰਦੀਆਂ ਨੇ ਇਨਾਂ ਦੀ ਪ੍ਰਸ਼ੰਸਾ ਵੀ ਕੀਤੀ। ਕਮੇਟੀ ਦੀਆਂ ਹੋਰ ਸਿਫ਼ਾਰਸ਼ਾਂ ਤੋਂ ਇਲਾਵਾ ਖੇਤੀਬਾੜੀ ਵਿਚ ਜੋਖਿਮ ਅਤੇ ਉਸ ਦੇ ਪ੍ਰਬੰਧਕੀ ਕੰਮਾਂ ਨੂੰ ਦੇਖਦਿਆਂ 10 ਫ਼ੀਸਦ ਵਾਧੂ ਭਾਅ ਦੇਣਾ, ਘੱਟੋ-ਘੱਟ ਸਮਰਥਨ ਕੀਮਤਾਂ ਤੇ ਮੰਡੀ ਕੀਮਤਾਂ ਦਾ ਅੰਤਰ ਪੂਰਾ ਕਰਨ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਣੀ ਅਤੇ ਪਰਿਵਾਰ ਦੇ ਮੁਖੀ ਨੂੰ ਹੁਨਰਮੰਦ ਕਿਰਤੀ ਮੰਨ ਕੇ ਉਸ ਦੀ ਮਜ਼ਦੂਰੀ ਨਿਸ਼ਚਿਤ ਕਰਨ ਬਾਰੇ ਸਿਫ਼ਾਰਸ਼ਾਂ ਨੂੰ ਕਿਸਾਨ-ਪੱਖੀ ਮੰਨਦਿਆਂ ਇਨਾਂ ਦੀ ਸ਼ਲਾਘਾ ਹੋਈ। ਇਨਾਂ ਸਿਫ਼ਾਰਸ਼ਾਂ ਤੋਂ ਇਲਾਵਾ ਇਸ ਕਮੇਟੀ ਅਨੁਸਾਰ ਕਿਸਾਨਾਂ ਨੂੰ ਲਾਹੇਵੰਦ ਕੀਮਤਾਂ ਨਾ ਮਿਲਣ ਕਾਰਨ ਉਨਾਂ ਦੀਆਂ ਲੋੜਾਂ ਪੂਰੀਆਂ ਹੋਣੀਆਂ ਸੰਭਵ ਨਹੀਂ ਜਿਸ ਕਰ ਕੇ ਉਹ ਕਰਜ਼ੇ ਦੇ ਬੋਝ ਕਾਰਨ ਖ਼ੁਦਕੁਸ਼ੀਆਂ ਦੇ ਰਾਹ ਪੈ ਜਾਂਦੇ ਹਨ। ਇਸ ਬਾਰੇ ਕਮੇਟੀ ਨੇ ਵਿਚਾਰ ਪ੍ਰਗਟਾਇਆ ਸੀ ਕਿ ਕਿਸਾਨਾਂ ਨੂੰ ਮੰਡੀ ਦੀਆਂ ਤਾਕਤਾਂ (ਲੁੱਟਾਂ) ਤੋਂ ਸੁਰਖਿਆ ਦੀ ਲੋੜ ਹੈ ਪਰ ਐੱਨਡੀਏ ਸਰਕਾਰ ਦੁਆਰਾ ਯੋਜਨਾ ਕਮਿਸ਼ਨ ਦਾ ਭੋਗ ਪਾਉਣ ਤੋਂ ਬਾਅਦ ਉਸ ਦੀ ਜਗਾ ਬਣਾਏ ਨੀਤੀ ਆਯੋਗ ਵਿਚ ਡਾ. ਰਮੇਸ਼ ਚੰਦ ਮੈਂਬਰ (ਖੇਤੀਬਾੜੀ) ਬਣ ਗਏ ਅਤੇ ਹੁਣ ਉਹ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਲਈ ਮੰਡੀ ਦੀਆਂ ਤਾਕਤਾਂ ਦੀ ਵਕਾਲਤ ਕਰ ਰਹੇ ਹਨ।

ਕਿਸਾਨਾਂ ਦੀ ਆਮਦਨ 2022 ਤੱਕ ਦੁੱਗਣਾ ਕਰਨ ਬਾਬਤ ਸਭ ਤੋਂ ਪਹਿਲਾ ਸਵਾਲ ਇਹ ਬਣਦਾ ਹੈ ਕਿ ਡਾ. ਰਮੇਸ਼ ਚੰਦ ਅਜਿਹਾ ਕਰਨ ਲਈ ਤਿੰਨ ਖੇਤੀਬਾੜੀ ਕਾਨੂੰਨ ਜਲਦੀ ਲਾਗੂ ਕਰਨ ਲਈ 28 ਮਾਰਚ 2021 ਨੂੰ ਜ਼ੋਰ ਦੇ ਰਹੇ ਹਨ ਜਦੋਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਵਾਅਦਾ 28 ਫਰਵਰੀ 2016 ਨੂੰ ਬਰੇਲੀ ਵਿਖੇ ਆਪਣੇ ਭਾਸ਼ਨ ਵਿਚ ਕੀਤਾ ਸੀ। ਉਨਾਂ ਇਹ ਵਾਅਦਾ ਕਰਨ ਸਮੇਂ ਖੇਤੀਬਾੜੀ ਨਾਲ ਸਬੰਧਿਤ ਕਿਸੇ ਨਵੇਂ ਕਾਨੂੰਨ ਦੀ ਕੋਈ ਸ਼ਰਤ ਨਹੀਂ ਰੱਖੀ ਸੀ। ਜਦੋਂ ਲੋਕ ਸਭਾ ਵਿਚ ਕਿਸਾਨਾਂ ਦੀ ਆਮਦਨ ਦੇ ਅੰਕੜਿਆਂ ਬਾਰੇ ਸਵਾਲ ਕੀਤਾ ਗਿਆ ਤਾਂ ਪਤਾ ਲੱਗਿਆ ਕਿ ਸਰਕਾਰ ਕੋਲ਼ ਅਜਿਹੇ ਅੰਕੜੇ ਨਹੀਂ ਹਨ। 2015-16 ਲਈ ਕਿਸਾਨਾਂ ਦੀ ਆਮਦਨ ਨੂੰ ਜਾਣਨ ਲਈ ਨੈਸ਼ਨਲ ਸੈਂਪਲ ਸਰਵੇ ਦੇ 2011-12 ਦੇ ਅਨੁਮਾਨਾਂ ਨੂੰ ਆਧਾਰ ਬਣਾ ਕੇ 2015-16 ਲਈ ਇਕ ਭਾਰਤੀ ਕਿਸਾਨ ਪਰਿਵਾਰ ਦੀ ਸਾਲਾਨਾ ਆਮਦਨ 96703 ਰੁਪਏ ਆਂਕੀ ਗਈ ਜਿਹੜੀ 8059 ਰੁਪਏ ਪ੍ਰਤੀ ਮਹੀਨਾ ਅਤੇ ਪੰਜ ਜੀਆਂ ਦੇ ਪਰਿਵਾਰ ਲਈ 1612 ਰੁਪਏ ਪ੍ਰਤੀ ਜੀਅ ਪ੍ਰਤੀ ਮਹੀਨਾ ਜਾਂ 54 ਰੁਪਏ ਦੇ ਕਰੀਬ ਪ੍ਰਤੀ ਦਿਨ ਪ੍ਰਤੀ ਜੀਅ ਬਣਦੀ ਸੀ। 2016 ਤੋਂ 2022 ਤੱਕ ਦੇ 6 ਸਾਲਾਂ ਵਿਚ ਕਿਸਾਨਾਂ ਦੀ ਆਮਦਨ ਦੁੱਗਣਾ ਕਰਨ ਲਈ ਉਨਾਂ ਦੀ ਆਮਦਨ ਵਿਚ 10.4 ਫ਼ੀਸਦ ਸਾਲਾਨਾ ਵਾਧਾ ਹੋਣਾ ਬਣਦਾ ਹੈ। ਕਿਸਾਨਾਂ ਦੀ ਆਮਦਨ ਦੇ ਠੀਕ ਅੰਕੜਿਆਂ ਦੀ ਅਣਹੋਂਦ ਵੱਡੀ ਸਮੱਸਿਆ ਹੈ।

ਕੇਂਦਰ ਸਰਕਾਰ ਦੇ ਆਪਣੇ ਇਕ ਦਫ਼ਤਰ, ਨੈਸ਼ਨਲ ਸੈਂਪਲ ਸਰਵੇ ਦੇ ਅੰਕੜਿਆਂ ਤੋਂ 2018 ਦੌਰਾਨ ਕਿਸਾਨਾਂ ਦੀ ਘਟੀ ਹੋਈ ਆਮਦਨ ਬਾਰੇ ਅਖ਼ਬਾਰਾਂ ਵਿਚ ਚਰਚਾ ਹੋਈ ਸੀ। ਬਾਅਦ ਵਿਚ ਸਰਕਾਰ ਨੇ ਇਹ ਅੰਕੜੇ ਜਾਰੀ ਕਰਨ ਤੋਂ ਰੋਕ ਦਿੱਤੇ। ਭਾਰਤ ਵਿਚ ਕਿਸਾਨਾਂ ਦੀ ਆਮਦਨ ਵਿਚ ਵਾਧੇ ਦੇ ਨੇੜੇ-ਤੇੜੇ ਦੇ ਅਨੁਮਾਨ ਲਾਉਣ ਲਈ ਖੇਤੀਬਾੜੀ ਖੇਤਰ ਦੇ ਕੁੱਲ ਮੁੱਲ ਵਾਧੇ (**Agriculture Gross Value Added**) ਦੀ ਮਦਦ ਲਈ ਜਾ ਸਕਦੀ ਹੈ। 2016 ਤੋਂ 6 ਸਾਲਾਂ ਦੌਰਾਨ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਦਾ ਵਾਅਦਾ ਕੀਤਾ ਗਿਆ ਹੈ, ਹੁਣ ਤੱਕ ਦੇ 5 ਸਾਲਾਂ ਦੌਰਾਨ 24.5 ਫ਼ੀਸਦ ਵਾਧਾ ਹੋਇਆ ਹੈ ਅਤੇ ਡਾ. ਰਮੇਸ਼ ਚੰਦ ਅਨੁਸਾਰ ਆਉਣ ਵਾਲੇ ਸਾਲ ਦੌਰਾਨ ਇਹ ਵਾਧਾ 3.5 ਫ਼ੀਸਦ ਹੋ ਸਕਦਾ ਹੈ। ਕਿਸਾਨਾਂ ਦੀ ਆਮਦਨ 2022 ਤੱਕ ਦੁੱਗਣੀ ਕਰਨ ਲਈ ਇਨਾਂ 6 ਸਾਲਾਂ ਦਾ ਵਾਧਾ 100 ਫ਼ੀਸਦ ਹੋਣਾ ਬਣਦਾ ਹੈ ਜਦੋਂਕਿ ਸਰਕਾਰੀ ਅੰਕੜਿਆਂ ਅਨੁਸਾਰ ਇਹ ਵਾਧਾ ਤਾਂ ਸਿਰਫ਼ 28 ਫ਼ੀਸਦ ਬਣਦਾ ਹੈ। ਕੇਂਦਰ ਸਰਕਾਰ ਦੇ ਤਿੰਨ ਖੇਤੀਬਾੜੀ ਕਾਨੂੰਨ ਰੱਦ ਕਰਵਾਉਣ ਲਈ ਮੁਲਕ ਵਿਚ ਕਿਸਾਨਾਂ ਅਤੇ ਹੋਰ ਕਿਰਤੀ ਵਰਗਾਂ ਦੁਆਰਾ ਸੰਘਰਸ਼ ਚੱਲ ਰਿਹਾ ਹੈ। ਇਸ ਬਾਰੇ ਸੰਜੀਦਗੀ ਨਾਲ਼ ਸੋਚਣ ਵਾਲਾ ਪੱਖ ਇਹ ਹੈ ਕਿ ਜੇ ਇਹ ਕਾਨੂੰਨ ਤੁਰੰਤ ਲਾਗੂ ਵੀ ਕਰ ਦਿੱਤੇ ਜਾਣ ਤਾਂ 6 ਸਾਲਾਂ ਵਿਚੋਂ ਰਹਿੰਦੇ ਇਕ ਸਾਲ ਵਿਚ ਪ੍ਰਾਈਵੇਟ ਮੰਡੀ ਦਾ ਕਿਹੜਾ ਝੁਰਲੂ ਕਿਸਾਨਾਂ ਦੀ ਆਮਦਨ ਵਿਚ 75 ਫ਼ੀਸਦ ਤੋਂ ਵਧ ਦਾ ਵਾਧਾ ਕਰ ਦੇਵੇਗਾ ? ਪ੍ਰਾਈਵੇਟ ਮੰਡੀਆਂ ਦਾ ਉਦੇਸ਼ ਤਾਂ ਕਾਰੋਬਾਰੀਆਂ ਦੇ ਨਫ਼ਿਆਂ ਵਿਚ ਬੇਸ਼ੁਮਾਰ ਵਾਧਾ ਹੁੰਦਾ ਹੈ।

2016 ਵਿਚ ਅਤੇ ਹੁਣ ਵੀ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਬਾਰੇ ਬਿਆਨ ਜਾਰੀ ਕੀਤੇ ਜਾ ਰਹੇ ਹਨ। ਇਸ ਬਾਰੇ ਕੁਝ ਬੁਨਿਆਦੀ ਸਵਾਲ ਹਨ। ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ 2015-16 ਦੌਰਾਨ ਕਿਸਾਨ ਪਰਿਵਾਰਾਂ ਦੀ ਪ੍ਰਤੀ ਦਿਨ ਪ੍ਰਤੀ ਜੀਅ ਆਮਦਨ 54 ਰੁਪਏ ਸੀ। ਜੇ ਕੇਂਦਰ ਸਰਕਾਰ ਆਪਣਾ ਵਾਅਦਾ ਪੂਰਾ ਕਰਦੀ ਹੈ ਤਾਂ 2022 ਦੌਰਾਨ ਇਹ ਆਮਦਨ 108 ਰੁਪਏ ਹੋ ਜਾਵੇਗੀ। 108 ਰੁਪਏ ਦੀ ਆਮਦਨ ਵਿਚ ਤਾਂ ਤਿੰਨ ਡੰਗਾਂ ਦੀ ਰੋਟੀ ਦਾ ਖਰਚਾ ਵੀ ਪੂਰਾ ਨਹੀਂ ਹੋਣਾ, ਜਦੋਂਕਿ ਜ਼ਿੰਦਗੀ ਦੀ ਮੁਢਲੀਆਂ ਲੋੜਾਂ ਵਿਚ ਰੋਟੀ ਤੋਂ ਇਲਾਵਾ ਕੱਪੜਾ, ਮਕਾਨ, ਸਿੱਖਿਆ, ਸਿਹਤ ਸੰਭਾਲ, ਸਾਫ਼ ਵਾਤਾਵਰਨ, ਅਤੇ ਸਮਾਜਿਕ ਸੁਰੱਖਿਆ ਆਉਂਦੇ ਹਨ। ਪ੍ਰਤੀ ਜੀਅ ਆਮਦਨ ਔਸਤਨ ਆਮਦਨ ਨੂੰ ਦਰਸਾਉਂਦੀ ਹੈ। ਔਸਤਨ ਅੰਕੜੇ ਜਿੰਨਾ ਕੁਝ ਦਿਖਾਉਂਦੇ ਹਨ, ਉਸ ਤੋਂ ਕਿਤੇ ਜ਼ਿਆਦਾ ਲੁਕੋ ਜਾਂਦੇ ਹਨ। ਮੁਲਕ ਦੇ ਸਾਰੇ ਕਿਸਾਨ ਇਕ ਸ਼੍ਰੇਣੀ ਨਾਲ਼ ਸਬੰਧ ਨਹੀਂ ਰੱਖਦੇ। ਕਿਸਾਨਾਂ ਦੀਆਂ ਵੱਖ ਵੱਖ ਸ਼੍ਰੇਣੀਆਂ ਵਿਚ ਸੀਮਾਂਤ, ਛੋਟੇ, ਅਰਧ-ਦਰਮਿਆਨੇ, ਦਰਮਿਆਨੇ ਅਤੇ ਵੱਡੇ ਕਿਸਾਨ ਆਉਂਦੇ ਹਨ। ਕੇਂਦਰ ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਮੁਲਕ ਵਿਚ 68 ਫ਼ੀਸਦ ਦੇ ਕਰੀਬ ਕਿਸਾਨ ਉਹ ਹਨ ਜਿਨਾਂ ਕੋਲ 2.5 ਏਕੜ ਤੋਂ ਘੱਟ ਜ਼ਮੀਨ ਹੈ ਅਤੇ 18 ਫ਼ੀਸਦ ਦੇ ਕਰੀਬ ਉਹ ਕਿਸਾਨ ਹਨ ਜਿਨਾਂ ਕੋਲ 2.5 ਏਕੜ ਤੋਂ 5 ਏਕੜ ਤੋਂ ਘੱਟ ਜ਼ਮੀਨ ਹੈ। ਇਨਾਂ ਅੰਕੜਿਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਮੁਲਕ ਵਿਚ 86 ਫ਼ੀਸਦ ਦੇ ਕਰੀਬ ਕਿਸਾਨ ਸੀਮਾਂਤ ਤੇ ਛੋਟੇ ਕਿਸਾਨਾਂ ਦੀਆਂ ਸ਼੍ਰੇਣੀਆਂ ਵਿਚ ਆਉਂਦੇ ਹਨ ਅਤੇ ਬਾਕੀ ਦੇ 14 ਫ਼ੀਸਦ ਕਿਸਾਨ ਅਰਧ-ਦਰਮਿਆਨੇ, ਦਰਮਿਆਨੇ ਅਤੇ ਵੱਡੇ ਕਿਸਾਨ ਸ਼੍ਰੇਣੀਆਂ ਵਿਚ ਆਉਂਦੇ ਹਨ ਅਤੇ ਇਨਾਂ ਕੋਲ਼ ਹੀ ਜ਼ਿਆਦਾ ਜ਼ਮੀਨ ਦੀ ਮਾਲਕੀ ਹੈ। ਕਿਸਾਨ ਸ਼੍ਰੇਣੀਆਂ ਦੇ ਅੰਕੜੇ ਵਿਚ ਸਪਸ਼ਟ ਕਰਦੇ ਹਨ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣ ਤੋਂ ਬਾਅਦ ਦੀ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਆਮਦਨ ਦੁੱਗਣੀ ਨਹੀਂ ਹੋਵੇਗੀ।

ਮੁਲਕ ਦੀ 50 ਫ਼ੀਸਦ ਦੇ ਕਰੀਬ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਕਰਦੀ ਹੈ। ਇਸ ਆਬਾਦੀ ਵਿਚ ਕਿਸਾਨ, ਖੇਤ ਮਜ਼ਦੂਰ ਅਤੇ ਛੋਟੇ ਪੇਂਡੂ ਕਾਰੀਗਰ ਆਉਂਦੇ ਹਨ। ਮੁਲਕ ਦੇ ਵੱਖ ਵੱਖ ਖੇਤਰਾਂ ਵਿਚ ਕੀਤੇ ਗਏ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਵੱਡੇ ਕਿਸਾਨਾਂ ਨੂੰ ਛੱਡ ਕੇ ਸੀਮਾਂਤ, ਛੋਟੇ, ਅਰਧ-ਦਰਮਿਆਨੇ ਅਤੇ ਦਰਮਿਆਨੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਆਮਦਨ ਇੰਨੀ ਘੱਟ ਹੈ ਕਿ ਉਨਾਂ ਆਪਣੇ ਸਿਰ ਖੜੇ ਕਰਜ਼ੇ ਨੂੰ ਮੋੜਨ ਬਾਰੇ ਤਾਂ ਕੀ ਸੋਚਣਾ ਹੈ, ਉਹ ਤਾਂ ਇਸ ਕਰਜ਼ੇ ਉੱਪਰਲਾ ਵਿਆਜ ਦੇਣ ਦੀ ਹਾਲਤ ਵਿਚ ਵੀ ਨਹੀਂ ਹਨ, ਕਿਉਂਕਿ ਉਨਾਂ ਨੂੰ ਆਪਣੀ ਦੋ-ਡੰਗਾਂ ਦੀ ਰੋਟੀ ਲਈ ਚੁੱਲਾ ਬਲਦਾ ਰੱਖਣ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ। ਖੇਤੀਬਾੜੀ ਨਾਲ਼ ਸਬੰਧਤ ਇਨਾਂ ਵਰਗਾਂ ਵਿਚੋਂ ਸਭ ਤੋਂ ਵੱਧ ਮਾੜੀ ਹਾਲਤ ਜ਼ਮੀਨ-ਵਿਹੂਣੇ ਖੇਤ ਮਜ਼ਦੂਰਾਂ ਅਤੇ ਛੋਟੇ ਪੇਂਡੂ ਕਾਰੀਗਰਾਂ ਦੀ ਹੈ। ਇਨਾਂ ਦੋਵਾਂ ਵਰਗਾਂ ਕੋਲ਼ ਆਪਣੀ ਕਿਰਤ ਨੂੰ ਵੇਚਣ ਤੋਂ ਬਿਨਾਂ ਉਤਪਾਦਨ ਦੇ ਕੋਈ ਹੋਰ ਸਾਧਨ ਨਹੀਂ ਹਨ। ਇਹ ਦੋਵੇਂ ਵਰਗ ਖੇਤੀਬਾੜੀ ਆਰਥਿਕਤਾ ਦੀ ਪੌੜੀ ਦੇ ਥੱਲੇ ਵਾਲੇ ਉਹ ਦੋ ਡੰਡੇ ਹਨ ਜੋ ਘਸਦੇ ਵੀ ਜ਼ਿਆਦਾ ਹਨ, ਟੁੱਟਦੇ ਵੀ ਜ਼ਿਆਦਾ ਹਨ ਅਤੇ ਜਿਨਾਂ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ।

ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਜ਼ਿੰਦਗੀ ਨੂੰ ਸੁੱਖੀ ਬਣਾਉਣ ਲਈ ਆਰਥਿਕ, ਰਾਜਸੀ, ਬੌਧਿਕ ਅਤੇ ਹੋਰ ਪ੍ਰਦੂਸ਼ਣਾਂ ਉੱਪਰ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ। ਮੁਲਕ ਵਿਚ ਵਧ ਰਹੀਆਂ ਆਰਥਿਕ ਅਤੇ ਹੋਰ ਅਸਮਾਨਤਾਵਾਂ ਉੱਪਰ ਕਾਬੂ ਪਾਉਣ ਲਈ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਦੀ ਜਗਾ ਲੋਕ ਅਤੇ ਕੁਦਰਤ-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਇਆ ਜਾਣਾ ਜ਼ਰੂਰੀ ਹੈ। ਰਾਜਸੀ ਪ੍ਰਦੂਸ਼ਣ ਨੂੰ ਕਾਬੂ ਕਰਨ ਲਈ ਲੋਕਾਂ ਦਾ ਜਥੇਬੰਦ ਹੋਣਾ ਤੇ ਰਾਜਸੀ ਲੋਕਾਂ ਨੂੰ ਸਵਾਲ ਕਰਨੇ ਅਤੇ ਉਨਾਂ ਨੂੰ ਉਨਾਂ ਦੁਆਰਾ ਕੀਤਿਆਂ ਵਾਅਦਿਆਂ ਨੂੰ ਪੂਰਾ ਕਰਨ ਲਈ ਦਬਾ ਪਾਉਣਾ ਜ਼ਰੂਰੀ ਹੈ। ਬੌਧਿਕ ਪ੍ਰਦੂਸ਼ਣ ਉੱਪਰ ਕਾਬੂ ਪਾਉਣ ਲਈ ਆਪਣੇ ਕੋਲ਼ੋਂ ਅੰਕੜੇ ਬਣਾ ਕੇ ਨਤੀਜਾ-ਪ੍ਰਮੁੱਖ ਅਧਿਐਨ ਕਰਨ ਅਤੇ ਉਨਾਂ ਨੂੰ ਪ੍ਰਚਾਰਨ ਵਾਲ਼ਿਆਂ ਅਖੌਤੀ ਬੁੱਧੀਜੀਵੀਆਂ ਨੂੰ ਨੰਗਾ ਕਰਨਾ ਅਤੇ ਕਿਰਤੀ ਪੱਖੀ ਲੋਕਾਂ ਨੂੰ ਅੱਗੇ ਲਿਆਉਣਾ ਬਣਦਾ ਹੈ।

***ਸਾਬਕਾ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਕਿਸਾਨਾਂ ਨੇ ਐੱਫਸੀਆਈ ਦਫ਼ਤਰ ਘੇਰੇ

## ✪ ਤਿੰਨੇ ਖੇਤੀ ਕਾਨੂੰਨ ਰੱਦ ਕਰਵਾ ਕੇ ਮੁੜਾਂਗੇ- ਰਾਜੇਵਾਲ ✪ ਦੀਪ ਸਿੱਧੂ ਵੀ ਸਾਡੇ ਪੰਡਾਲ ਵਿਚ ਹੁੰਦਾ ਤਾਂ ਉਸ ਦੀ ਅਸੀਂ ਗ੍ਰਿਫ਼ਤਾਰੀ ਨਾ ਹੋਣ ਦਿੰਦੇ

**ਚੰਡੀਗੜ/ਏ.ਟੀ.ਨਿਊਜ਼:** ਸੰਯੁਕਤ ਕਿਸਾਨ ਮੋਰਚਾ ਵੱਲੋਂ ਦਿੱਤੇ ਗਏ ਦੇਸ਼ ਵਿਆਪੀ ਸੱਦੇ ਤਹਿਤ ਪੰਜਾਬ ’ਚ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨਾਂ ਨੇ 22 ਜ਼ਿਲਿਆਂ ਵਿਚ 62 ਤੋਂ ਵੱਧ ਥਾਵਾਂ ’ਤੇ 11 ਤੋਂ 6 ਵਜੇ ਤੱਕ ਭਾਰਤੀ ਖ਼ੁਰਾਕ ਨਿਗਮ (ਐਫਸੀਆਈ) ਦੇ ਦਫ਼ਤਰਾਂ ਦਾ ਘਿਰਾਓ ਕੀਤਾ। ਧਰਨਿਆਂ ’ਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਤੋਂ ਇਲਾਵਾ ਖੇਤੀ ਕਾਨੂੰਨਾਂ ਦੀ ਮਾਰ ਹੇਠ ਆਏ ਮੰਡੀ ਕਰਮਚਾਰੀਆਂ, ਪੱਲੇਦਾਰਾਂ, ਮੁਨੀਮਾਂ, ਆੜਤੀਆਂ, ਟਰਾਂਸਪੋਰਟਰਾਂ ਨੇ ਸ਼ਮੂਲੀਅਤ ਕੀਤੀ। ਸੰਯੁਕਤ ਮੋਰਚੇ ਨੇ ਮੌਕੇ ’ਤੇ ਹਾਜ਼ਰ ਅਧਿਕਾਰੀਆਂ ਨੂੰ ਕੇਂਦਰੀ ਅਨਾਜ ਮੰਤਰੀ ਦੇ ਨਾਂ ਸੌਂਪੇ ਗਏ ਮੰਗ ਪੱਤਰਾਂ ਰਾਹੀਂ ਮੰਗ ਕੀਤੀ ਗਈ ਕਿ ਕਣਕ ਦੀ ਖ਼ਰੀਦ ਲਈ ਜ਼ਮੀਨ ਦੀ ਜਮਾਂਬੰਦੀ ਪੇਸ਼ ਕਰਨ ਦਾ ਫ਼ੈਸਲਾ ਵਾਪਸ ਲਿਆ ਜਾਵੇ ਤੇ ਅਦਾਇਗੀ ਫ਼ਸਲ ਦੇ ਕਾਸ਼ਤਕਾਰ ਨੂੰ ਹੀ ਕੀਤੀ ਜਾਵੇ। ਸਿੱਧੀ ਬੈਂਕ ਖਾਤੇ ਵਿੱਚ ਅਦਾਇਗੀ ਦਾ ਪ੍ਰਬੰਧ ਮੌਜੂਦਾ ਘੋਲ ਸਮੇਂ ਹਾਲ ਦੀ ਘੜੀ ਵਾਪਸ ਲਿਆ ਜਾਵੇ। ਤੈਅ ਕੀਤੇ ਗਏ ਐਮਐੱਸਪੀ ’ਤੇ ਸਾਰੀਆਂ ਫ਼ਸਲਾਂ ਦੀ ਖ਼ਰੀਦ ਦੀ ਗਾਰੰਟੀ ਦਿੱਤੀ ਜਾਵੇ। ਐਫਸੀਆਈ ਲਈ ਫ਼ਸਲੀ




ਖ਼ਰੀਦ ਬਜਟ ਦਾ ਪੂਰਾ ਪ੍ਰਬੰਧ ਕੀਤਾ ਜਾਵੇ। ਕਿਸਾਨ ਬੁਲਾਰਿਆਂ ਨੇ ਮੰਗ ਕੀਤੀ ਕਿ ਤਿੰਨਾਂ ਕਾਲੇ ਖੇਤੀ ਕਾਨੂੰਨਾਂ, ਬਿਜਲੀ ਬਿੱਲ ਤੇ ਪਰਾਲੀ ਆਰਡੀਨੈਂਸ ਤੁਰੰਤ ਰੱਦ ਕੀਤੇ ਜਾਣ। ਜਨਤਕ ਵੰਡ ਪ੍ਰਣਾਲੀ ਸਾਰੇ ਗਰੀਬਾਂ ਲਈ ਪੂਰੇ ਦੇਸ਼ ’ਚ ਲਾਗੂ ਕੀਤੀ ਜਾਵੇ। ਬੁਲਾਰਿਆਂ ਨੇ ਕੇਂਦਰ ਸਰਕਾਰ ’ਤੇ ਅਡਾਨੀ-ਅੰਬਾਨੀ ਤੇ ਵਿਦੇਸ਼ੀ ਸਾਮਰਾਜੀ ਕੰਪਨੀਆਂ ਦੀ ਝੋਲੀਚੁੱਕ ਹੋਣ ਦਾ ਦੋਸ਼ ਲਾਉਂਦੇ ਹੋਏ ਹੱਕੀ ਕਿਸਾਨ ਮੰਗਾਂ ਪ੍ਰਤੀ ਧਾਰਨ ਕੀਤੇ ਅੜੀਅਲ ਵਤੀਰੇ ਦੀ ਸਖ਼ਤ ਨਿਖੇਧੀ ਕੀਤੀ। ਰਾਜਸਥਾਨ ਵਿੱਚ ਕਿਸਾਨ ਆਗੂ ਰਾਕੇਸ਼ ਟਿਕੈਤ ’ਤੇ ਕਥਿਤ ਭਾਜਪਾ ਵਰਕਰਾਂ ਵੱਲੋਂ ਕੀਤੇ ਗਏ ਹਮਲੇ, ਹਰਿਆਣਾ ਦੇ ਕਿਸਾਨਾਂ ’ਤੇ ਪੁਲਿਸ ਲਾਠੀਚਾਰਜ ਅਤੇ ਪੰਜਾਬ, ਯੂ.ਪੀ. ਆਦਿ ਰਾਜਾਂ ਵਿੱਚ ਭਾਜਪਾ ਆਗੂਆਂ ਦੀਆਂ ਭੜਕਾਹਟ ਭਰੀਆਂ ਕਾਰਵਾਈਆਂ ਦੀ ਵੀ ਸਖ਼ਤ ਨਿਖੇਧੀ ਕੀਤੀ ਗਈ। ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ।

**ਬਾਕੀ ਸਫ਼ਾ 31 ’ਤੇ**

# ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦਾ ਜ਼ੋਰਦਾਰ ਵਿਰੋਧ

## ਕਿਸਾਨ ਜਥੇਬੰਦੀਆਂ ਨੇ ਭਾਜਪਾ ਆਗੂਆਂ ਖ਼ਿਲਾਫ਼ ਕੀਤੀ ਨਾਅਰੇਬਾਜ਼ੀ

**ਹੁਸ਼ਿਆਰਪੁਰ/ਏ.ਟੀ.ਨਿਊਜ਼ :** ਮੋਦੀ ਸਰਕਾਰ ਵੱਲੋਂ ਲਾਗੂ ਕੀਤੇ ਗਏ ਕਾਲੇ ਖੇਤੀ ਕਾਨੂੰਨਾਂ ਦੀ ਵਾਪਸੀ ਨੂੰ ਲੈ ਕੇ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਆਗੂਆਂ ਦਾ ਪੰਜਾਬ ਪੱਧਰ ’ਤੇ ਘਿਰਾਓ ਨਿਰੰਤਰ ਜਾਰੀ ਹੈ। ਇਸੇ ਲੜੀ ਵਿੱਚ ਹੁਸ਼ਿਆਰਪੁਰ ਵਿਖੇ ਪਹੁੰਚੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੂੰ ਵੀ ਕਿਸਾਨਾਂ ਦੇ ਰੋਹ ਦਾ ਸ਼ਿਕਾਰ ਹੋਣਾ ਪਿਆ।

ਸੰਯੁਕਤ ਕਿਸਾਨ ਮੋਰਚਾ ਅਤੇ ਸਿੱਖ ਮੁਸਲਿਮ ਦਲਿਤ ਈਸਾਈ ਸਾਂਝਾ ਫਰੰਟ ਜਥੇਬੰਦੀਆਂ ਵੱਲੋਂ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦਾ ਹੁਸ਼ਿਆਰਪੁਰ ਆਉਣ ’ਤੇ ਸਖ਼ਤ ਵਿਰੋਧ ਕੀਤਾ ਗਿਆ ਅਤੇ ਸੋਮ ਪ੍ਰਕਾਸ਼ ਮੁਰਦਾਬਾਦ, ਮੋਦੀ ਸਰਕਾਰ ਮੁਰਦਾਬਾਦ, ਕਾਲੇ ਕਾਨੂੰਨ ਵਾਪਸ ਲਾਓ ਆਦਿ ਨਾਅਰੇ ਲਾ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ।

ਜਦੋਂ ਹੀ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਰੇਲਵੇ ਰੋਡ ਹੁਸ਼ਿਆਰਪੁਰ ਪਹੁੰਚੇ ਤਾਂ ਇਸੇ ਦੌਰਾਨ ਹੀ ਕਿਸਾਨ ਆਗੂਆਂ ਨੇ ਉਨਾਂ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੇ ਪਹਿਲਾਂ ਤੋਂ ਹੀ ਸੁਚੇਤ ਜ਼ਿਲਾ ਪੁਲਿਸ ਮੁਖੀ ਨਵਜੋਤ ਸਿੰਘ ਮਾਹਲ ਦੇ ਦਿਸ਼ਾ ਨਿਰਦੇਸ਼ਾਂ ਤੇ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਬੈਰੀਕੇਡਿੰਗ ਕੀਤੀ ਹੋਈ ਸੀ, ਪਰ ਇਸ ਦੀ ਪਰਵਾਹ ਨਾ ਕਰਦਿਆਂ ਕਿਸਾਨ ਆਗੂਆਂ ਨੇ ਬੈਰੀਕੇਡਿੰਗ ਨੂੰ ਵੀ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਪੁਲਿਸ ਨੇ ਨਾਕਾਮ ਕਰ ਦਿੱਤਾ ਤੇ ਕੇਂਦਰੀ ਮੰਤਰੀ ਦੇ ਕਾਫ਼ਲੇ ਨੂੰ ਸੁਰੱਖਿਅਤ ਕੱਢ ਲਿਆ ਗਿਆ।

**ਭਾਜਪਾ ਆਗੂਆਂ ਦਾ ਵਿਰੋਧ ਜਾਰੀ ਰਹੇਗਾ**

ਇਸ ਮੌਕੇ ਸੰਘਰਸ਼ਸ਼ੀਲ ਕਿਸਾਨ ਅਤੇ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਤੌਰ ’ਤੇ ਕਿਹਾ ਕਿ ਭਾਜਪਾ ਆਗੂਆਂ ਦਾ ਕਾਲੇ ਕਾਨੂੰਨ ਰੱਦ ਹੋਣ ਤੱਕ ਇਸ ਤਰੀਕੇ ਨਾਲ ਹੀ ਵਿਰੋਧ ਹੁੰਦਾ ਰਹੇਗਾ। ਉਨਾਂ ਦੋਸ਼ ਲਾਉਂਦਿਆਂ ਕਿਹਾ ਕਿ ਭਾਜਪਾ ਆਗੂ ਜਾਣਬੁੱਝ ਕੇ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਹੇ ਹਨ ਤਾਂ ਜੋ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾ ਕੇ ਆਪਣੀਆਂ ਤਾਨਾਸ਼ਾਹੀ ਨੀਤੀਆਂ ਲਾਗੂ ਕਰ ਸਕੇ ਅਤੇ ਪੰਜਾਬ ਦੇ ਲੋਕਾਂ ’ਤੇ ਜਬਰ ਕਰ ਕੇ ਪੰਜਾਬ ਨੂੰ ਹੋਰ ਬਰਬਾਦ ਕਰਨਾ ਚਾਹੁੰਦੇ ਹਨ। ਇਸ ਮੌਕੇ ਗੁਰਨਾਮ ਸਿੰਘ, ਕਾਮਰੇਡ ਗੁਰਮੇਜ ਸਿੰਘ, ਵਿਕਾਸ ਹੰਸ, ਮਾਸਟਰ ਦਵਿੰਦਰ ਸਿੰਘ, ਕਰਨੈਲ ਸਿੰਘ ਲਵਲੀ, ਜਗਤਾਰ ਸਿੰਘ, ਕਸ਼ਮੀਰੀ, ਕਾਮਰੇਡ ਕਮਲਜੀਤ ਸਿੰਘ ਆਦਿ ਵੱਡੀ ਗਿਣਤੀ ਵਿਚ ਕਿਸਾਨ ਜਥੇਬੰਦੀਆਂ ਦੇ

**ਬਾਕੀ ਸਫ਼ਾ 31 ’ਤੇ**

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

09 ਅਪ੍ਰੈਲ 2021 ਤੋਂ 15 ਅਪ੍ਰੈਲ 2021

# ਅਕਾਲ ਪੁਰਖ ਕੀ ਫੌਜ

1699 ਦੀ ਵਿਸਾਖੀ ਵਾਲੇ ਦਿਨ ਅਕਾਲ ਪੁਰਖ ਦੇ ਹੁਕਮ ਅਨੁਸਾਰ ਦਸਵੇਂ ਪਾਤਸ਼ਾਹ ਦੀ ਸੱਚੀ ਕਿਰਪਾਨ ਪੰਜ ਸ਼ਰੀਰਾਂ ਵਿੱਚੋਂ ਲੰਘੀ ਜਿਹੜੇ ਤੀਜੇ ਪਾਤਸ਼ਾਹ ਦੇ ਬੋਲ "ਐਸਾ ਸਤਿਗੁਰੁ ਜੇ ਮਿਲੈ ਤਿਸਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ।।" ਨੂੰ ਪਰਤੱਖ ਕਰਦੇ ਹੋਏ ਖਾਲਸ ਹੋਏ ਅਤੇ ਸਭ ਗਿਣਤੀਆਂ ਮਿਣਤੀਆਂ ਅਤੇ ਯੱਕ-ਤੱਕ ਤੋਂ ਅਗਾਂਹ ਲੰਘ ਕੇ ਗੁਰੂ ਪਾਤਸ਼ਾਹ ਦੇ ਪਿਆਰੇ ਬਣੇ। ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਫਿਰ ਆਪ ਉਹਨਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।।" ਗੁਰੂ ਨਾਨਕ ਦੇ ਆਸ਼ੇ ਨੂੰ ਅੱਗੇ ਤੋਰਦੇ ਹੋਏ ਪਾਤਸ਼ਾਹ ਨੇ ਨਿਤਾਣਿਆਂ ਦੀ ਧਿਰ ਨੂੰ ਸਰਬੱਤ ਦੇ ਭਲੇ ਲਈ ਇਕ ਨਵਾਂ ਜਨਮ ਦਿੱਤਾ ਜੋ ਫਿਰ ਕਦੇ ਹਜ਼ਾਰਾਂ ਵਿੱਚ ਵੀ ਲੁਕਾਇਆ ਨਾ ਲੁਕਿਆ ਅਤੇ ਮੌਤ ਦਾ ਭੈਅ ਜਿਸ ਦੇ ਨੇੜੇ ਤੇੜੇ ਨਾ ਆਇਆ। "ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ।" ਜਦੋਂ ਅਕਾਲ ਪੁਰਖ ਦਾ ਹੁਕਮ ਹੋਣਾ ਸੀ ਇਹ ਬਿਲਕੁਲ ਉਦੋਂ ਅਤੇ ਉਵੇਂ ਹੀ ਵਾਪਰਨਾ ਸੀ। ਖਾਲਸਾ ਕੋਈ ਵਕਤੀ ਲੋੜ 'ਚੋਂ ਨਹੀਂ ਸਾਜਿਆ ਗਿਆ, ਇਹ ਤਾਂ ਪ੍ਰਮਾਤਮਾ ਦੀ ਮੌਜ ਵਿੱਚ ਪਰਗਟ ਹੋਇਆ ਹੈ ਅਤੇ ਇਹ ਤਕਰੀਬਨ ਦੋ ਸੌ ਸਾਲ ਪਹਿਲਾਂ ਤੋਂ ਚੱਲੀ ਆ ਰਹੀ ਸੱਚ ਦੀ ਸੰਗਤ ਦੀ ਹੀ ਲਗਾਤਾਰਤਾ ਹੈ। ਇਹ ਦੁਨਿਆਵੀ ਹਿਸਾਬ ਕਿਤਾਬਾਂ ਤੋਂ ਪਾਰ ਸਦੀਵੀ ਸੱਚ 'ਚ ਅਭੇਦ ਹੋਣ ਵਾਲੀ ਫੌਜ ਹੈ, ਅਕਾਲ ਪੁਰਖ ਦੀ ਫੌਜ। ਦਸਵੇਂ ਪਾਤਸ਼ਾਹ ਨੇ ਇਸ ਫੌਜ ਨੂੰ "ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋ ਸੇ ਗਰੀਬ ਕਰੋਰ ਪਰੇ।।" ਦੀ ਵਡਿਆਈ ਬਖਸ਼ੀ ਹੈ।

ਇਹ ਹੱਦਾਂ ਬੰਨਿਆਂ ਤੋਂ ਪਾਰ ਦੀ ਸੁਰਤ ਵਿੱਚ ਹਮੇਸ਼ਾ ਸੁਤੰਤਰ ਵਿਚਰਨ ਵਾਲੀ ਫੌਜ ਹੈ। ਕੋਈ ਵੇਲਾ ਸੀ ਜਦੋਂ ਨਿਸ਼ਾਨ ਝੁਲਾਉਣਾ ਅਤੇ ਨਗਾਰਾ ਵਜਾਉਣਾ ਦੁਨਿਆਵੀ ਰਾਜੇ ਦੇ ਹੁਕਮ ਦੀ ਉਲੰਘਣਾ ਮੰਨਿਆ ਜਾਂਦਾ ਸੀ ਪਰ ਉਸ ਵੇਲੇ ਵੀ ਚੜ੍ਹਦੀਕਲਾ ਦਾ ਨਿਸ਼ਾਨ ਝੂਲਿਆ ਅਤੇ ਰਣਜੀਤ ਨਗਾਰਾ ਵੱਜਿਆ। ਇਹ ਸਭ ਤਾਂ ਪਹਿਲਾਂ ਹੀ ਸਪਸ਼ਟ ਸੀ ਕਿ ਇਸ ਫੌਜ ਨੇ ਅਕਾਲ ਪੁਰਖ ਤੋਂ ਵਗੈਰ ਕਦੀ ਵੀ ਹੋਰ ਕਿਸੇ ਦੇ ਅਧੀਨ ਨਹੀਂ ਵਿਚਰਨਾ, ਇਹੀ ਤਾਂ ਇਸ ਦਾ ਨਿਆਰਾਪਣ ਹੈ ਅਤੇ ਜਦੋਂ ਖਾਲਸਾ ਆਪਣੇ ਨਿਆਰੇ ਰੂਪ ਵਿੱਚ ਵਿਚਰਦਾ ਹੈ ਤਾਂ ਗੁਰੂ ਪਾਤਸ਼ਾਹ ਆਪਣਾ ਸਾਰਾ ਤੇਜ ਖਾਲਸੇ ਨੂੰ ਦੇ ਦਿੰਦੇ ਹਨ। "ਜਬ ਲਗ ਖਾਲਸਾ ਰਹੇ ਨਿਆਰਾ।। ਤਬ ਲਗ ਤੇਜ ਦੀਉ ਮੈਂ ਸਾਰਾ।।" ਸਮੇਂ ਸਮੇਂ ਸਿਰ ਖਾਲਸੇ ਨੇ ਨਿਆਰਾ ਰਹਿ ਕੇ ਬੇਅੰਤ ਕਮਾਈਆਂ ਕੀਤੀਆਂ ਹਨ, ਗੁਰੂ ਪਾਤਸ਼ਾਹ ਦੀ ਗੋਦ ਦਾ ਨਿੱਘ ਮਾਣਿਆਂ ਹੈ ਅਤੇ ਦੱਸਿਆ ਹੈ ਕਿ ਮੇਰਾ ਜਰਨੈਲ ਸਿਰਫ ਤੇ ਸਿਰਫ ਅਕਾਲ ਪੁਰਖ ਵਾਹਿਗੁਰੂ ਹੈ, ਹੋਰ ਕਿਸੇ ਦੁਨਿਆਵੀ ਰਾਜੇ/ਜਰਨੈਲ ਨੂੰ ਖਾਲਸੇ ਨੇ ਕਦੀ ਵੀ ਉਹ ਥਾਂ ਨਹੀਂ ਦਿੱਤੀ। ਜਿਹੜੇ ਸ਼ਰੀਰਾਂ ਨੂੰ ਗੁਰੂ ਦੀ ਤੇਗ ਨੇ ਖਾਲਸ ਕੀਤਾ ਸੀ ਉਹ ਅੱਜ ਵੀ ਗੁਰੂ ਪੰਥ ਨੂੰ ਆਪਣਾ ਸੀਸ (ਤਨ ਮਨ ਧਨ) ਭੇਟ ਕਰ ਰਹੇ ਹਨ, ਇਹੀ ਨਿਆਰੇ ਖਾਲਸੇ ਦੀ ਨਿਸ਼ਾਨੀ ਹੈ। ਭਾਵੇਂ ਅਨੰਦਪੁਰ ਦਾ ਕਿਲ੍ਹਾ ਹੋਵੇ, ਚਮਕੌਰ ਦੀ ਕੱਚੀ ਗੜ੍ਹੀ ਹੋਵੇ, ਮਾਛੀਵਾੜਾ, ਸਰਹੰਦ ਜਾ ਅਕਾਲ ਦਾ ਤਖਤ ਹੋਵੇ, ਗੁਰੂ ਦਾ ਥਾਪੜਾ ਨਿਆਰੇ ਖਾਲਸੇ ਨੂੰ ਹਮੇਸ਼ਾ ਅਨੰਦ 'ਚ ਰੱਖਦਾ ਹੈ। ਗੁਰੂ ਖਾਲਸਾ ਪੰਥ ਹਰ ਪਰਖ ਦੀ ਘੜੀ ਵਿਚੋਂ ਪਾਸ ਹੁੰਦਾ ਆਇਆ ਹੈ, ਖੋਟ ਝੜਦੀ ਆਈ ਹੈ। ਸੱਚੇ ਪਾਤਸ਼ਾਹ ਨੇ ਇਹਨੂੰ ਸੂਬੇਦਾਰੀਆਂ ਤੋਂ ਕਿਤੇ ਪਾਰ ਦੀ ਸੁਰਤ ਬਖਸ਼ਿਸ਼ ਕੀਤੀ ਹੈ ਅਤੇ ਪਾਤਸ਼ਾਹੀ ਦਾਅਵੇ ਦੇ ਹਾਣਦਾ ਕੀਤਾ ਹੈ। ਗੁਰੂ ਦੀ ਬਖਸ਼ਿਸ ਨਾਲ ਇਹ ਖਾਲਸਾ ਕਦੇ ਹਾਥੀਆਂ ਨੂੰ ਕਾਬੂ ਕਰਦਾ ਹੈ, ਕਦੇ ਸਰਹਿੰਦ ਫਤਿਹ ਕਰਦਾ ਹੈ, ਕਦੇ ਸੀਸ ਤਲੀ 'ਤੇ ਧਰ ਕੇ ਗੁਰਦੁਆਰਿਆਂ ਦੀ ਪਵਿੱਤਰਤਾ ਲਈ ਜੂਝ ਰਿਹਾ ਹੁੰਦਾ ਹੈ, ਇਹ ਲਗਾਤਾਰਤਾ ਸਿੱਖ ਸੁਰਤ ਨੂੰ ਗੁਰੂ ਦੇ ਨੇੜੇ ਕਰਨ 'ਚ ਸਹਾਈ ਹੁੰਦੀ ਹੈ ਅਤੇ ਉਹਨੂੰ ਓਹਦੇ ਅਸਲ ਸ਼ੁੱਧ ਰੂਪ ਵਿੱਚ ਲੈ ਜਾਂਦੀ ਹੈ। ਜ਼ੁਲਮ ਕਰਨ ਵਾਲੇ ਦੁਨੀਆਵੀ ਰਾਜਿਆਂ ਨੂੰ ਇਹ ਸ਼ੁੱਧਤਾ ਮੁੱਢ ਤੋਂ ਹੀ ਪਸੰਦ ਨਹੀਂ, ਇਹ ਸਦੀਆਂ ਪੁਰਾਣਾ ਵੈਰ ਨਿਰੰਤਰ ਵੱਖ ਵੱਖ ਰੂਪਾਂ ਵਿੱਚੋਂ ਹੁੰਦਾ ਹੋਇਆ ਅੱਜ ਵੀ ਜਾਰੀ ਹੈ। ਤੱਤ ਖਾਲਸਾ ਗੁਰੂ ਦਾ ਓਟ ਆਸਰਾ ਲੈ ਕੇ ਯਕੀਨ, ਪਿਆਰ ਅਤੇ ਸ਼ਰਧਾ ਦੀ ਸਿਖਰ 'ਤੇ ਜਾ ਕੇ ਫਿਰ ਕਮਰਕੱਸੇ ਕਰਕੇ ਤਿਆਰ ਬਰ ਤਿਆਰ ਖੜਾ ਮਿਲਦਾ ਹੈ।

ਇਹ ਸ਼ੁੱਧ ਅਮਲ ਓਦੋਂ ਹੀ ਪਰਗਟ ਹੁੰਦਾ ਹੈ ਜਦੋਂ ਖਾਲਸਾ ਆਪਣੀ ਰਵਾਇਤ ਵਿੱਚੋਂ ਲੰਘ ਰਿਹਾ ਹੁੰਦਾ ਹੈ, ਗੁਰੂ ਸਾਹਿਬਾਨ ਦੇ ਆਸ਼ੇ ਅਨੁਸਾਰ ਚੱਲ ਰਿਹਾ ਹੁੰਦਾ ਹੈ, ਜਦੋਂ ਉਹਦੀ ਕਹਿਣੀ ਅਤੇ ਕਰਨੀ ਸਿਖਰ ਨੂੰ ਛੋਹ ਰਹੀ ਹੁੰਦੀ ਹੈ। ਜਦੋਂ ਉਹਦਾ ਸਮਰਪਣ ਨਫ਼ੇ ਨੁਕਸਾਨਾਂ ਨੂੰ ਠੋਕਰ ਮਾਰ ਆਇਆ ਹੁੰਦਾ ਹੈ। ਜਦੋਂ ਕੁਝ ਵੀ ਉਹਦਾ ਆਪਣਾ ਨੀ ਰਹਿ ਗਿਆ ਹੁੰਦਾ, ਜਦੋਂ ਉਹ ਸੀਸ ਵਾਲਾ ਹੋ ਗਿਆ ਹੁੰਦਾ ਹੈ। ਜਦੋਂ ਵੀ ਰਵਾਇਤ ਤੋਂ ਤਿਲਕ ਕੇ ਕੋਈ ਅਮਲ ਹੋਵੇਗਾ ਉਦੋਂ ਮੂੰਹ ਨਿਵਾਨ ਵੱਲ ਨੂੰ ਹੀ ਹੋਵੇਗਾ। "ਜਬ ਇਹ ਗਹੈ ਬਿਪਰਨ ਕੀ ਰੀਤ।। ਮੈਂ ਨ ਕਰਉਂ ਇਨ ਕੀ ਪ੍ਰਤੀਤ।।"

ਜੇਕਰ ਅੱਜ ਅਸੀਂ ਆਪਣੇ ਉਸ ਸ਼ੁੱਧ ਰੂਪ ਦੇ ਗੈਰ ਹਾਜ਼ਰ ਹੋਣ ਦੇ ਫਿਕਰ ਵਿੱਚ ਹਾਂ, ਉਦਾਸੀ 'ਚ ਹਾਂ ਤੇ ਬਸ ਇਸੇ ਹੀ ਉਦਾਸੀ ਤੇ ਫਿਕਰ ਦੇ ਜਿਕਰ ਵਿੱਚ ਹਾਂ ਤਾਂ ਇਹ ਸਾਡਾ ਅਮਲ ਸਹੀ ਨਹੀਂ ਹੈ। ਉਤਰਾਅ ਚੜਾਅ ਆਉਂਦੇ ਰਹੇ ਨੇ ਅਤੇ ਆਉਂਦੇ ਰਹਿਣਗੇ ਪਰ ਅਸੀਂ ਸਿਰਫ ਸ਼ਰਧਾ, ਸਮਰਪਣ, ਸੇਵਾ, ਸਿਮਰਨ ਅਤੇ ਅਰਦਾਸ ਨਾਲ ਹੀ ਉਸ ਸਿਖਰ ਨੂੰ ਮੁੜ ਛੋ ਸਕਾਂਗੇ। ਆਪਣੇ ਸੁੱਚੇ ਅਮਲ ਅਤੇ ਸ਼ੁੱਧ ਰੂਪ ਦੇ ਸਿਖਰ 'ਤੇ ਜਾ ਕੇ ਇਹ ਫੌਜ ਆਪਣੀਆਂ ਸਰਬੱਤ ਦੇ ਭਲੇ ਦੀਆਂ ਪੈੜਾਂ ਇਸੇ ਤਰ੍ਹਾਂ ਛੱਡਦੀ ਰਹੇਗੀ। ਇਹ ਨਿਤਾਣਿਆਂ ਦੀ ਧਿਰ ਬਣ ਕੇ ਪੂਰੀ ਧਰਤ 'ਤੇ ਸਰਬੱਤ ਦੇ ਭਲੇ ਅਤੇ ਬਰਾਬਰਤਾ ਦਾ ਢਾਂਚਾ ਸਿਰਜਦੀ ਰਹੇਗੀ। ਸਰਬੱਤ ਦੇ ਭਲੇ ਦੇ ਨਿਸ਼ਾਨਾਂ ਨੂੰ ਹੋਰ ਉਚਾਈਆਂ ਤੇ ਲੈ ਕੇ ਜਾਵੇਗੀ ਅਤੇ ਨਗਾਰਿਆਂ ਦੀਆਂ ਅਵਾਜਾਂ ਉੱਤੇ ਗੁਰੂ ਪੰਥ ਲਈ ਸੀਸ ਭੇਟ ਕਰਦੀ ਰਹੇਗੀ। ਇਹ ਚੜ੍ਹਦੀਕਲਾ ਦੀਆਂ ਧੁਨਾਂ ਬ੍ਰਹਿਮੰਡ ਵਿੱਚ ਖਿਲਾਰਦੀ ਰਹੇਗੀ, ਇਹਦੇ ਅਮਲਾਂ ਦੀਆਂ ਮਹਿਕਾਂ ਹਵਾਵਾਂ ਵਿੱਚ ਸਦਾ ਲਈ ਰਹਿਣਗੀਆਂ ਜਿਹੜੀਆਂ ਯੁਗਾਂ ਯੁਗਾਂ ਤਕ ਲੁਕਾਈ ਦੇ ਸਾਹਾਂ ਵਿੱਚ ਘੁਲ ਕੇ ਇਸ ਲਗਾਤਾਰਤਾ ਨੂੰ ਜਾਰੀ ਰੱਖਣਗੀਆਂ।

# ਮੋਦੀਕਿਆਂ ਦਾ ਰਾਜਨੀਤਕ ਨਿਘਾਰ ਤੇ ਕਿਸਾਨ ਮੋਰਚਾ

## ਗੁਰਬਚਨ ਸਿੰਘ ਦੇਸ ਪੰਜਾਬ

ਕਿਸਾਨ ਅੰਦੋਲਨ ਇਕ ਅਜਿਹੇ ਫੈਸਲਾਕੁੰਨ ਮੋੜ ਉਤੇ ਆ ਖੜਾ ਹੈ, ਜਿਥੋਂ ਪੁਟਿਆ ਗਿਆ ਕੋਈ ਵੀ ਗਲਤ ਕਦਮ ਮੋਰਚੇ ਨੂੰ ਲੀਹੋ ਲਾਹ ਸਕਦਾ ਹੈ ਅਤੇ ਪੁਟਿਆ ਗਿਆ ਠੀਕ ਕਦਮ ਇਸ ਨੂੰ ਰਾਜਨੀਤਕ ਬੁਲੰਦੀਆ ਉਤੇ ਪਹੁੰਚਾ ਸਕਦਾ ਹੈ। ਭਾਵੇਂ ਮੋਰਚੇ ਦਾ ਆਰੰਭ ਕਿਸਾਨੀ ਦੀਆਂ ਕੁਝ ਸੀਮਤ ਮੰਗਾਂ ਨੂੰ ਲੈ ਕੇ ਹੋਇਆ ਸੀ, ਜਿਨ੍ਹਾਂ ਵਿਚ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ, ਫਸਲਾਂ ਦੀ ਘਟੋਘਟ ਸਹਾਇਕ ਕੀਮਤ ਨੂੰ ਕਾਨੂੰਨੀ ਰੂਪ ਦੇਣਾ ਅਤੇ ਕੁਝ ਹੋਰ ਮੰਗਾਂ ਸ਼ਾਮਿਲ ਸਨ, ਪਰ ਜਿਵੇਂ ਜਿਵੇਂ ਇਹ ਅੰਦੋਲਨ ਚਲਿਆ ਅਤੇ ਜਿਵੇਂ ਇਸ ਨੇ ਆਲਮੀ ਅਤੇ ਦੇਸ ਪਧਰ ਉਤੇ ਪ੍ਰਭਾਵ ਪਾਇਆ, ਉਸ ਨੇ ਇਸ ਮੋਰਚੇ ਦੇ ਰਾਜਸੀ ਘੇਰੇ ਨੂੰ ਬਹੁਤ ਵਸੀਹ ਕਰ ਦਿਤਾ। ਮੋਦੀਕਿਆਂ ਦੀਆਂ ਕਾਰਪੋਰੇਟ ਪਖੀ, ਜਨਸਮੂਹ ਅਤੇ ਧਾਰਮਿਕ ਘਟ ਗਿਣਤੀ ਮਾਰੂ ਨੀਤੀਆਂ ਤੋਂ ਪੀੜਤ ਸਾਰੇ ਲੋਕ ਇਸ ਮੋਰਚੇ ਵਲ ਆਸ ਭਰੀਆ ਨਜਰਾਂ ਨਾਲ ਵੇਖਣ ਲਗ ਪਏ। ਇਸ ਮੋਰਚੇ ਨੇ ਮਰੀਆ ਹੋਈਆ ਵਿਰੋਧੀ ਪਾਰਟੀਆਂ ਵਿਚ ਜਾਨ ਫੂਕ ਦਿਤੀ ਅਤੇ ਉਹ ਮੋਦੀਕਿਆਂ ਦੇ ਧਕੜਵਾਦ ਨੂੰ ਚੁਣੌਤੀ ਦੇਣ ਲਗੀਆ। ਪਿਛਲੇ ਕੁਝ ਸਾਲਾਂ ਵਿਚ ਪੂਰਾ ਟਿਲ ਲਾ ਕੇ ਗੋਦੀ ਮੀਡੀਏ ਵਲੋਂ ਬਣਾਇਆ ਗਿਆ ਮੋਦੀ ਦਾ ਜਾਅਲੀ ਜਲੌਅ ਖੁਰਦਾ ਨਜਰ ਆਇਆ। ਅੰਬਾਨੀ-ਅਡਾਨੀ-ਟਾਟੇ ਦੇ ਵਿਰੋਧੀ ਕਾਰਪੋਰੇਟ ਸੈਕਟਰ ਦੇ ਮਨ ਵਿਚੋਂ ਮੋਦੀਕਿਆਂ ਦੀ ਦਹਿਸ਼ਤ ਖਤਮ ਹੋਈ ਅਤੇ ਉਹ ਵਿਰੋਧੀ ਪਾਰਟੀਆਂ ਨੂੰ ਫੰਡ ਦੇਣ ਲਗਾ। ਭਾਜਪਾ ਦੇ ਅੰਦਰਲਾ ਅਤੇ ਅਫਸਰਸ਼ਾਹੀ ਵਿਚਲਾ ਮੋਦੀਕਿਆਂ ਦਾ ਵਿਰੋਧੀ ਧੜਾ ਆਪਣੇ ਪਰ ਤੋਲ੍ਹਣ ਲਗਾ। ਗੁਰਬਚਨ ਜਗਤ ਅਤੇ ਜੁਲੀਅਸ ਰਿਬੇਰੋ ਵਰਗੇ ਲੋਕਾਂ ਦੀਆਂ ਅਖਬਾਰਾਂ ਵਿਚ ਛਪ ਰਹੀਆ ਲਿਖਤਾਂ ਇਸੇ ਵਰਤਾਰੇ ਦਾ ਸਬੂਤ ਹਨ। ਇਸ ਹਾਲਤ ਵਿਚ ਪੰਜ ਰਾਜਾਂ ਦੀਆਂ ਅਸੈਂਬਲੀ ਚੋਣਾਂ ਵਿਚ ਮੋਦੀ-ਸ਼ਾਹ ਜੋੜੀ ਦੀ ਹੋਈ ਦੁਰਗਤੀ ਨੇ ਨਾ ਸਿਰਫ ਦੇਸ ਦੇ ਲੋਕਾਂ ਨੂੰ ਕੁਝ ਰਾਹਤ ਦਿਤੀ ਹੈ ਬਲਕਿ ਬਾਹਰਲੀਆਂ ਸਾਮਰਾਜੀ ਤਾਕਤਾਂ ਵੀ ਆਪਣੇ ਆਪਣੇ ਹਿਤਾਂ ਦੀ ਪੂਰਤੀ ਲਈ ਮੋਦੀ-ਸ਼ਾਹ ਦਾ ਬਦਲ ਲਭਣ ਲਈ ਸਰਗਰਮ ਹੋਈਆ ਹਨ। ਇਹ ਸਾਰੀਆਂ ਕਿਸਾਨ ਅੰਦੋਲਨ ਦੀਆਂ ਵਡੀਆਂ ਪ੍ਰਾਪਤੀਆ ਹਨ।

ਅੱਜ ਜੇ ਨਰੇਂਦਰ ਮੋਦੀ ਨੂੰ ਇਹ ਜਾਪਦਾ ਹੈ ਕਿ ਕੁਝ ਝੂਠੇ ਬਿਰਤਾਂਤ ਘੜ ਕੇ ਅਤੇ ਕਲਪਿਤ ਡਰ ਪੈਦਾ ਕਰ ਕੇ ਰਾਜਸੀ ਅਸਥਿਰਤਾ ਪੈਦਾ ਕੀਤੀ ਜਾ ਰਹੀ ਹੈ, ਤਾਂ ਇਸ ਦਾ ਕਾਰਨ ਇਹੀ ਹੈ ਕਿ ਉਸ ਦੇ ਪੈਰਾਂ ਥਲਿਓ ਰਾਜਸੀ ਜਮੀਨ ਖਿਸਕ ਰਹੀ ਹੈ। ਮੋਦੀ ਦੇ ਕਹਿਣ ਅਨੁਸਾਰ ਬੜੀ ਵਡੀ ਸਾਜਿਸ਼ ਰਚ ਕੇ ਅਫਵਾਹਾਂ ਫੈਲਾਈਆ ਜਾ ਰਹੀਆ ਹਨ ਕਿ ਸੀ. ਏ. ਏ. ਰਾਹੀਂ ਨਾਗਿਰਕਤਾ ਖੋਹੀ ਜਾ ਰਹੀ ਹੈ, ਖੇਤੀ ਕਾਨੂੰਨ ਬਣਾ ਕੇ ਕਿਸਾਨਾਂ ਦੀਆਂ ਜਮੀਨਾਂ ਖੋਹੀਆ ਜਾ ਰਹੀਆ ਹਨ, ਦਲਿਤਾਂ ਤੇ ਪਛੜੇ ਵਰਗਾਂ ਦਾ ਰਾਖਵਾਂਕਰਨ ਖਤਮ ਕੀਤਾ ਜਾ ਰਿਹਾ ਹੈ ਅਤੇ ਸੰਵਿਧਾਨ ਬਦਲਿਆ ਜਾ ਰਿਹਾ ਹੈ। ਹੁਣ ਇਹ ਕੌਣ ਨਹੀਂ ਜਾਣਦਾ ਕਿ ਇਹ ਅਫਵਾਹਾਂ ਨਹੀਂ ਹਨ ਬਲਕਿ ਪਿਛਲੇ ਸਾਲਾਂ ਵਿਚ ਦੇਸ ਦੇ ਬਹੁਗਿਣਤੀ ਲੋਕਾਂ ਵਲੋਂ ਹੰਢਾਈ ਜਾ ਰਹੀ ਹਕੀਕਤ ਹੈ। ਜੇ ਕਿਸਾਨਾਂ ਦੀ ਜਮੀਨ ਖੋਹਣੀ ਇਕ ਅਫਵਾਹ ਹੈ ਤਾਂ ਖੇਤੀ ਕਾਨੂੰਨ ਵਾਪਸ ਲੈਣ ਵਿਚ ਰੁਕਾਵਟ ਕਿਸ ਨੇ ਪਾਈ ਹੈ? ਸੰਵਿਧਾਨ ਨੂੰ ਛਿਕੇ ਉਤੇ ਟੰਗ ਕੇ ਸਾਰੇ ਸਰਕਾਰੀ ਅਦਾਰੇ ਕੌਣ ਵੇਚ ਰਿਹਾ ਹੈ? ਸੈਂਕੜੇ ਸਾਲਾਂ ਦੀ ਜਦੋਜਹਿਦ ਤੋਂ ਬਾਅਦ ਹੋਂਦ ਵਿਚ ਆਏ ਕਿਰਤ ਕਾਨੂੰਨਾਂ ਦੀਆਂ ਧਜੀਆਂ ਕੌਣ ਉਡਾ ਰਿਹਾ ਹੈ? ਕੋਰੋਨਾ ਵਾਇਰਸ ਕਾਰਨ ਬੇਰੁਜਗਾਰੀ ਅਤੇ ਵਹਿਸ਼ੀ ਡਾਕਟਰਾਂ ਦੀ ਲੁਟ ਦਾ ਸ਼ਿਕਾਰ ਹੋ ਰਹੇ ਗਰੀਬ ਅਤੇ ਮਧਵਰਗੀ ਲੋਕਾਂ ਦੀ ਮਾਇਕ ਮਦਦ ਕਰਨ ਦੀ ਬਜਾਇ, ਉਹਨਾਂ ਦੀਆਂ ਬੜੇ ਸਰਫੇ ਨਾਲ ਕੀਤੀਆ ਗਈਆ ਛੋਟੀਆਂ ਬਚਤਾਂ ਉਤੇ ਵਿਆਜ ਦਰ ਘਟਾ ਕੇ ਅਤੇ ਮਹਿੰਗਾਈ ਨੂੰ ਵਧਣ ਦੇ ਕੇ, ਉਹਨਾਂ ਦਾ ਜਿਉਣਾ ਮੁਹਾਲ ਕੌਣ ਕਰ ਰਿਹਾ ਹੈ? ਕੀ ਕਰੋੜਾਂ ਲੋਕਾਂ ਵਲੋਂ ਆਪਣੀ ਨਿਤ ਦਿਨ ਦੀ ਜਿੰਦਗੀ ਵਿਚ ਹੰਢਾਇਆ ਜਾ ਰਿਹਾ ਇਹ ਸਾਰਾ ਸੰਤਾਪ ਝੂਠ ਹੈ?

ਅਸਲ ਵਿਚ ਮੋਦੀਕਿਆਂ ਦੀਆਂ ਨੀਤੀਆਂ ਅਤੇ ਰਾਜਕੀ ਫੁਕਰੇਪੰਥੀ ਨੇ ਦੇਸ ਨੂੰ ਅੱਜ ਇਸ ਕਾਗਾਰ ਉਤੇ ਲਿਆ ਕੇ ਖੜਾ ਕਰ ਦਿਤਾ ਹੈ ਕਿ ਹੁਣ ਰਾਜਕੀ ਜਮਾਤਾਂ (ਡੀਪ ਸਟੇਟ) ਦੀ ਇਕ ਵਡੀ ਧਿਰ ਵੀ ਮੋਦੀ ਸਰਕਾਰ ਪ੍ਰਤੀ ਲੋਕ ਮਨਾਂ ਵਿਚ ਫੈਲ ਰਹੀ ਬਦਜਨੀ ਤੋਂ ਤ੍ਰਹਿ ਗਈ ਹੈ ਅਤੇ ਹੁਣ ਉਹ ਵੀ ਮੋਦੀ-ਸ਼ਾਹ ਦਾ ਕੋਈ ਬਦਲ ਤਲਾਸ਼ ਰਹੀ ਹੈ। ਇਹ ਬਦਲ ਭਾਵੇਂ ਭਾਜਪਾ ਦੇ ਅੰਦਰੋਂ ਹੋਵੇ ਅਤੇ ਭਾਵੇਂ ਬਾਹਰੋ। ਇਹ ਕਿੰਨੀ ਅਜੀਬ ਗੱਲ ਹੈ ਕਿ ਜਦੋਂ ਮੋਦੀ-ਸ਼ਾਹ ਤੇ ਨਢਾ ਬੰਗਾਲ ਅਤੇ ਆਸਾਮ ਵਿਚ ਅਸੈਂਬਲੀ ਚੋਣਾਂ ਜਿਦਗੀ ਮੌਤ ਦੀ ਲੜਾਈ ਸਮਝ ਕੇ ਲੜ ਰਹੇ ਹਨ ਤਾਂ ਭਾਜਪਾ ਦਾ ਕੋਈ ਹੋਰ ਵਡਾ ਆਗੂ ਇਹਨਾਂ ਚੋਣਾਂ ਵਿਚ ਨਜਰ ਨਹੀਂ ਆਇਆ। ਅਮਿਤ ਸ਼ਾਹ ਦਾ ਬੰਗਾਲ ਵਿਚ ਜਾ ਕੇ ਇੰਦਰਾਂ ਗਾਂਧੀ ਦੀ ਤਰਜ ਉਤੇ ਇਹ ਕਹਿਣਾ ਕਿ ਜੇ ਭਾਜਪਾ ਚੋਣ ਹਾਰ ਗਈ ਤਾਂ ਦੇਸ ਦੀ ਸੁਰਖਿਆ ਖਤਰੇ ਵਿਚ ਪੈ ਜਾਏਗੀ, ਇਹ ਮੋਦੀਕਿਆਂ ਦੀ ਸ਼ਰੇਆਮ ਪ੍ਰਗਟ ਹੋ ਰਹੀ ਬੌਖਲਾਹਟ ਦੀ ਨਿਸ਼ਾਨੀ ਹੈ। ਜੇ ਮੋਦੀ ਦੇ ਬਦਲ ਵਜੋਂ ਨਿਤਿਨ ਗਡਕਰੀ ਦੇ ਪ੍ਰਧਾਨ ਮੰਤਰੀ ਦੀ ਮਾੜੀ ਜਿਹੀ ਕਿਸੇ ਅਖਬਾਰ ਵਿਚ ਖਬਰ ਛਪ ਗਈ ਤਾਂ ਤੀਜੇ ਦਿਨ ਹੀ ਉਸ ਦੀ ਕੁਰਪਸ਼ਨ ਦੀਆਂ ਖਬਰਾਂ ਅਖਬਾਰਾਂ ਵਿਚ ਛਪ ਗਈਆ। ਫਿਰ ਜਿਵੇ ਮੋਦੀ ਸ਼ਾਹ ਨੇ ਪਾਕਿਸਤਾਨ ਤੇ ਚੀਨ ਨੂੰ ਫੌਜੀ ਪਖੋਂ ਆਪਣੇ ਵਿਰੁਧ ਖੜਾ ਕਰ ਲਿਆ ਹੈ ਅਤੇ ਚੀਨ ਵਿਰੁਧ ਅਮਰੀਕਾ ਨਾਲ ਨਾਟੋ ਵਰਗੇ ਫੌਜੀ ਗਠਜੋੜ ਕਰਨ ਦੇ ਸੰਕੇਤ ਦੇ ਕੇ ਰੂਸ ਨੂੰ ਵੀ ਪਾਕਿਸਤਾਨ ਦੇ ਪਖ ਵਿਚ ਕਰ ਲਿਆ ਹੈ, ਇਸ ਨੇ ਡੀਪ ਸਟੇਟ ਨੂੰ ਵੀ ਫਿਕਰਮੰਦ ਕੀਤਾ ਹੈ। ਰੂਸੀ ਬਿਦੇਸ ਮੰਤਰੀ ਲਾਵਰੋਵ ਦੇ ਦਿਲੀ ਪਹੁੰਚਣ ਦੇ ਇਕ ਦਿਨ ਪਹਿਲਾਂ ਫਰਾਂਸ ਦੀ ਇਕ ਅਖਬਾਰ ਵਲੋਂ ਰਾਫੇਲ ਜਹਾਜਾਂ ਦੇ ਸੌਦੇ ਵਿਚ 11ਲਖ ਯੂਰੋ ਰਿਸ਼ਵਤ ਦੇਣ ਦੀ ਖਬਰ, ਮੋਦੀ ਦੀ ਰਾਜਸੀ ਪੜਤ ਨੂੰ ਦਾਅ ਉਤੇ ਲਾਉਣ ਦੀ ਤਿਆਰੀ ਹੈ। ਮੋਦੀ ਭਗਤ ਸ਼ੇਖਰ ਗੁਪਤੇ ਦੀ ਅਖਬਾਰ 'ਦ ਪਰਿੰਟ' ਵਿਚ ਰਾਹੁਲ ਗਾਂਧੀ ਨੂੰ ਤਰਲੇਨੁਮਾ ਭਾਸ਼ਾ ਵਿਚ ਨਸੀਹਤ ਦੇਣੀ ਕਿ ਉਸ ਨੂੰ ਬਾਹਰਲੇ ਲੋਕਾਂ ਕੋਲ ਦੇਸ ਦੀ ਬੇਇਜਤੀ ਨਹੀਂ ਕਰਨੀ ਚਾਹੀਦੀ, ਮੋਦੀਕਿਆਂ ਦੇ ਅੰਦਰਲੇ ਡਰ ਨੂੰ ਪ੍ਰਗਟ ਕਰ ਰਹੀ ਹੈ। ਰਾਹੁਲ ਗਾਂਧੀ ਨੇ ਉਸ ਨੂੰ ਮਿਲਣ ਆਏ ਅਮਰੀਕੀ ਪ੍ਰੋਫੈਸਰ ਨੂੰ ਸਿਰਫ ਏਨਾ ਹੀ ਕਿਹਾ ਸੀ ਕਿ ਜਦੋਂ ਮੋਦੀ ਨੇ ਚੋਣ ਕਮਿਸ਼ਨ ਤੇ ਸੁਪਰੀਮ ਕੋਰਟ ਸਮੇਤ ਸਾਰੇ ਜਮਹੂਰੀ ਅਦਾਰੇ ਹੀ ਅਗਵਾ ਕਰ ਲਏ ਹਨ ਤਾਂ ਕੀ ਜਮਹੂਰੀਅਤ ਪਸੰਦ ਅਮਰੀਕੀਆਂ ਨੂੰ ਇਹ ਨਜਰ ਨਹੀਂ ਆਉਂਦਾ?

ਕਿਸਾਨ ਅੰਦੋਲਨ ਦੇ ਪੰਜਾਬ ਦੀ ਰਾਜਨੀਤੀ ਉਤੇ ਪੈਣ ਵਾਲੇ ਪ੍ਰਭਾਵ ਤੋਂ ਮੋਦੀਕੇ ਕਿੰਨੇ ਡਰੇ ਹੋਏ ਹਨ, ਇਸ ਦਾ ਅੰਦਾਜਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ, ਕਿ ਜਿਹੜੇ ਮੋਦੀਕੇ ਕਿਸਾਨ ਮੋਰਚੇ ਤੋਂ ਪਹਿਲਾਂ ਬਾਦਲਕਿਆਂ ਨੂੰ ਪੰਜਾਬ ਦੇ ਰਾਜਸੀ ਪਿੜ ਵਿਚੋਂ ਭਜਾ ਦੇਣਾ ਚਾਹੁੰਦੇ ਸਨ, ਹੁਣ ਉਸ ਨੂੰ ਇਕ ਵਾਰ ਫਿਰ ਪੰਜਾਬ ਦੇ ਰਾਜਸੀ ਪਿੜ ਵਿਚ ਤਾਕਤਵਰ ਬਣਾਉਣ ਲਈ ਉਚੇਚੇ ਯਤਨ ਕਰ ਰਹੇ ਹਨ। ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਹਾਈਕੋਰਟ ਦੀ ਦਖਲਅੰਦਾਜੀ ਰਾਹੀਂ ਬਾਦਲਕਿਆਂ ਨੂੰ ਅਲਾਟ ਹੋਇਆ ਬਾਲਟੀ ਚੋਣ ਨਿਸ਼ਾਨ ਮੋਦੀਕਿਆਂ ਦੀ ਮਰਜੀ ਬਗੈਰ ਨਹੀਂ ਸੀ ਮਿਲ ਸਕਦਾ। ਫਿਰ ਜਿਸ ਅਮਰਿੰਦਰ ਸਿੰਘ ਉਤੇ ਉਹ ਕਿਸਾਨ ਮੋਰਚੇ ਨੂੰ ਸ਼ਹਿ ਦੇਣ ਦਾ ਦੋਸ਼ ਲਾ ਕੇ, ਉਸ ਨਾਲ ਗੱਲ ਵੀ ਕਰਨ ਨੂੰ ਤਿਆਰ ਨਹੀਂ ਸਨ, ਹੁਣ ਉਸੇ ਅਮਰਿੰਦਰ ਸਿੰਘ ਨੂੰ ਇਕ ਵਾਰ ਫਿਰ ਮੁਖ ਮੰਤਰੀ ਬਣਾਉਣ ਨੂੰ ਤਿਆਰ ਹੋ ਗਏ ਹਨ, ਤਾਂ ਕਿ ਕਿਸਾਨ ਮੋਰਚੇ ਕਾਰਨ ਪੰਜਾਬ ਅੰਦਰ ਪੈਦਾ ਹੋਏ ਸਿਆਸੀ ਖਲਾਅ ਨੂੰ ਕਿਤੇ ਕੋਈ ਹੋਰ ਨਵੀਂ ਤਾਕਤ ਨਾ ਭਰ ਦੇਵੇ। ਸਿਖ ਕਿਸਾਨੀ ਦਾ ਧਿਆਨ ਮੋਰਚੇ ਤੋਂ ਲਾਂਭੇ ਕਰਨ ਲਈ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀ ਤਿਆਰੀ ਵਿਢ ਦਿਤੀ ਗਈ ਹੈ। ਕਿਸਾਨ ਮੋਰਚੇ ਪ੍ਰਤੀ ਸਿਖ ਮਨਾਂ ਵਿਚ ਬਦਜਨੀ ਪੈਦਾ ਕਰਨ ਲਈ ਹਰੇਕ ਕਮੀਨਾ ਹੀਲਾ ਵਸੀਲਾ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਇਸ ਹਾਲਤ ਵਿਚ ਕਿਸਾਨ ਅੰਦੋਲਨ ਦੀ ਆਗੂ ਟੀਮ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬ ਦੇ ਲੋਕਾਂ ਦੇ ਨਾਲ ਨਾਲ ਦੇਸ ਭਰ ਦੇ ਲੋਕਾਂ ਨੂੰ ਇਹ ਜਾਣਕਾਰੀ ਦੇਵੇ ਕਿ ਮੋਦੀਕਿਆਂ ਦੀਆਂ ਕਾਰਪੋਰੇਟ ਪਖੀ ਨੀਤੀਆਂ ਨੇ ਅੱਜ ਦੇਸ ਦੇ ਲੋਕਾਂ ਨੂੰ ਤਬਾਹੀ ਅਤੇ ਭੁਖਮਰੀ ਦੇ ਕੰਡੇ ਉਤੇ ਲੈ ਆਂਦਾ ਹੈ। ਇਹਨਾਂ ਨੀਤੀਆਂ ਦਾ ਬਦਲ ਕਿਸਾਨ ਅੰਦੋਲਨ ਵਿਚ ਵਿਖਾਈ ਗਈ ਸਰਬਸਾਂਝੀਵਾਲਤਾ ਅਤੇ ਸਰਬਤ ਦੇ ਭਲੇ ਦੀ ਭਾਵਨਾ ਹੀ ਬਣ ਸਕਦੀ ਹੈ। ਇਸ ਲਾਲਚ ਭਰੀ ਤੇ ਪੈਸੇ ਦੀ ਹਾਬੜੀ ਕਮੀਨੀ ਕਾਰਪੋਰੇਟੀ ਦੁਨੀਆਂ ਵਿਚ ਸਿਰਫ ਸੰਗਤ ਪੰਗਤ ਲੰਗਰ ਤੇ ਕਾਰਸੇਵਾ ਦੇ ਸੰਕਲਪ ਹੀ ਮਨੁਖ ਜਾਤੀ ਦਾ ਕਾਇਆ ਕਲਪ ਕਰ ਸਕਦੇ ਹਨ।

### ਕਿਸਾਨ ਅੰਦੋਲਨ ਦੀ ਰਾਜਨੀਤੀ

ਅਜੋਕੀ ਦੁਨੀਆਂ ਵਿਚ ਰਾਜਨੀਤੀ ਅਤੇ ਅਰਥਚਾਰੇ ਦੇ ਆਪਸੀ ਰਿਸ਼ਤੇ ਤੋਂ ਨਿਰਲੇਪ ਰਹਿ ਕੇ ਕਿਸੇ ਵੀ ਵਰਤਾਰੇ ਨੂੰ ਸਮਝਿਆ ਨਹੀਂ ਜਾ ਸਕਦਾ। ਜਿਹੜੇ ਕਿਸਾਨ ਆਗੂ ਇਹ ਦਾਅਵਾ ਕਰਦੇ ਹਨ ਕਿ ਕਿਸਾਨ ਅੰਦੋਲਨ ਨੂੰ ਰਾਜਨੀਤੀ ਤੋਂ ਮੁਕਤ ਰਖਿਆ ਜਾਵੇ, ਉਹ ਮੋਰਚੇ ਨੂੰ ਖੁਦ ਕੁਰਾਹੇ ਪਾਉਣ ਅਤੇ ਮੋਰਚੇ ਵਿਚ ਆਈ ਖੜੋਤ ਦੇ ਦੋਸ਼ੀ ਹਨ। ਇਸ ਸਚਾਈ ਦਾ ਅਹਿਸਾਸ ਉਹ ਭਾਵੇਂ ਹੁਣ ਕਰ ਲੈਣ ਅਤੇ ਭਾਵੇਂ 2 ਮਈ ਤੋਂ ਬਾਅਦ ਕਰਨ।

ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਸਾਬਕਾ ਪੋਲਿਟ ਬਿਊਰੋ ਮੈਂਬਰ ਕੋਬਾਡ ਘਾਂਡੀ 10 ਸਾਲ ਦੀ ਲੰਬੀ ਨਜਰਬੰਦੀ ਅਤੇ ਅਦਾਲਤੀ ਕਾਰਵਾਈ ਤੋਂ ਬਾਅਦ ਜਮਾਨਤ ਉਤੇ ਰਿਹਾਅ ਹੋਏ ਹਨ। ਉਹਨਾਂ ਦੀ ਹੁਣੇ ਜਿਹੇ ਛਪ ਕੇ ਆਈ ਕਿਤਾਬ 'ਅਧੂਰੀ ਆਜਾਦੀ : ਜੇਲ੍ਹ ਯਾਦਾਂ' ਇਸ ਵੇਲੇ ਚਰਚਾ ਵਿਚ ਹੈ। ਰਾਜਸੀ ਤੇ ਸਮਾਜੀ ਤਬਦੀਲੀ ਦੇ ਅਮਲ ਵਿਚ 40 ਸਾਲ ਦਾ ਲੰਬਾ ਸਮਾ ਬਿਤਾਉਣ ਤੋਂ ਬਾਅਦ ਵੀ ਆਪਣੇ ਨਿਸ਼ਾਨੇ ਉਤੇ ਡਟੇ ਰਹਿਣ ਵਾਲੇ ਇਸ ਕਮਿਊਨਿਸਟ ਆਗੂ ਨਾਲ ਕਿਤਾਬ ਬਾਰੇ ਹੋਈ ਗਲਬਾਤ ਕਈ ਅੰਗਰੇਜੀ ਅਖਬਾਰਾਂ ਵਿਚ ਛਪੀ ਹੈ।

ਉਹਨਾਂ ਦੇ ਇਕ ਕਥਨ ਅਨੁਸਾਰ, "ਭਾਰਤੀ ਮਾਰਕਸਵਾਦੀ ਭਿਆਨਕ ਹਦ ਤਕ ਕਟੜਵਾਦੀ ਹਨ। ਉਹ ਕਿਸੇ ਵੀ ਤਰ੍ਹਾਂ ਨਵੇਂ ਸੰਕਲਪਾਂ ਬਾਰੇ ਚਰਚਾ ਕਰਨ ਨੂੰ ਤਿਆਰ ਹੀ ਨਹੀਂ। ਨਾ ਹੀ ਉਹ ਇਹ ਹਕੀਕਤ ਮੰਨਣ ਲਈ ਤਿਆਰ ਹਨ ਕਿ ਆਲਮੀ ਪਧਰ ਉਤੇ ਕਮਿਊਨਿਸਟ ਲਹਿਰ ਨੂੰ ਗੰਭੀਰ ਪਛਾੜ ਮਿਲੀ ਹੈ। ਉਹਨਾਂ ਨੂੰ ਇਹ ਸੋਚਣਾ ਚਾਹੀਦਾ ਹੈ। ਅਜੋਕੀਆਂ ਸਮਾਜੀ ਅਤੇ ਆਰਥਿਕ ਹਾਲਤਾਂ ਏਨੀਆ ਵਹਿਸ਼ੀ ਹਨ ਪਰ ਇਸ ਦੇ ਬਾਵਜੂਦ ਲੋਕਾਂ ਕੋਲ ਕੋਈ ਬਦਲ ਨਹੀਂ। ਬੇਸ਼ਕ ਸਾਡੀ ਜਵਾਨੀ ਵੇਲੇ ਕਮਿਊਨਿਜਮ ਦਾ ਜਜਬਾ ਭਾਰੂ ਸੀ।" ਬਕੌਲ ਘਾਂਡੀ, "ਤਬਦੀਲੀ ਦੇ ਸਿਰਫ ਆਰਥਿਕ ਪਖਾਂ ਬਾਰੇ ਗੱਲ ਕਰਨੀ ਕਾਫੀ ਨਹੀਂ। ਕੁਝ ਸਮੇਂ ਬਾਅਦ ਰੁਤਬੇ ਦੀ ਤਾਕਤ ਅਤੇ ਹਉਮੈ ਵਰਗੇ ਵਿਕਾਰ ਲਹਿਰ ਵਿਚਲੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਗਦੇ ਹਨ। ਪਰ ਜੇ ਜਥੇਬੰਦਕ ਯੋਗਤਾ ਦੇ ਨਾਲ ਸਪਸ਼ਟ ਬਿਆਨੀ, ਸਾਦਗੀ ਅਤੇ ਇਮਾਨਦਾਰੀ ਵਰਗੀਆਂ ਕਦਰਾਂ-ਕੀਮਤਾਂ ਤੁਹਾਡੇ ਨਿਸ਼ਾਨੇ ਵਿਚ ਸਮੋਈਆ ਹੋਣ, ਤਾਂ ਹੀ ਤੁਸੀਂ ਇਹਨਾਂ ਪ੍ਰਭਾਵਾਂ ਦਾ ਟਾਕਰਾ ਕਰ ਸਕਦੇ ਹੋ। ਇਹ ਕਦਰਾਂ-ਕੀਮਤਾਂ ਕਿਸੇ ਕਮਿਊਨਿਸਟ ਕਾਰਕੁੰਨ ਲਈ ਨਿਹਾਇਤ ਜਰੂਰੀ ਹਨ। ਸਿਰਫ ਇਕੋ ਗੱਲ ਦੁਹਰਾਈ ਜਾਣੀ ਕਿ 'ਸਮਾਜੀ ਹੋਂਦ ਬੰਦੇ ਦੀ ਚੇਤਨਾ ਦਾ ਫੈਸਲਾ ਕਰਦੀ ਹੈ',

ਬਾਕੀ ਸਫ਼ਾ 15 'ਤੇ

# ਕਿਸਾਨ ਅੰਦੋਲਨ ਨੂੰ ਫੇਲ ਕਰਨ ਦੀ ਮੋਦੀ ਚਾਣਕੀਆ ਨੀਤੀ



**ਗੁਰਮੀਤ ਸਿੰਘ ਪਲਾਹੀ**
9815802070

ਪੰਜਾਬੋਂ ਉੱਠਿਆ, ਦੇਸ਼ ਭਰ ਵਿੱਚ ਫੈਲਿਆ ਕਿਸਾਨ ਅੰਦੋਲਨ, ਜੋ ਹੁਣ ਜਨ-ਅੰਦੋਲਨ ਬਣ ਚੁੱਕਿਆ ਹੈ, ਇਸਦੀ ਪਕੇਰੀ ਮਿਸਾਲ ਹੈ। ਇਹੋ ਜਿਹੀ ਘਟਨਾ ਸਦੀਆਂ ਬਾਅਦ ਵਾਪਰਦੀ ਹੈ, ਜਦੋਂ ਦੇਸ਼, ਕਾਲ, ਕੌਮ, ਨਸਲ, ਰੰਗ, ਲਿੰਗ ਭੇਦ ਆਦਿ ਦਾ ਅੰਤਰ ਹਵਾ ਹੋ ਜਾਂਦਾ ਹੈ।

ਭਾਰਤ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮੁਗਲ ਸਲਤਨਤ ਦੀ ਵਸੋਂ ਵਿੱਚ ਅਨੇਕ ਕਬੀਲੇ ਅਤੇ ਕੌਮਾਂ ਸਨ, ਜਿਹੜੇ ਬਹੁਤ ਸਾਰੀਆਂ ਬੋਲੀਆਂ ਬੋਲਦੇ, ਸਮਾਜੀ ਵਿਕਾਸ ਦੀਆਂ ਵੱਖ-ਵੱਖ ਪੱਧਰਾਂ ਉੱਤੇ ਅੱਪੜੇ ਹੋਏ ਸਨ ਅਤੇ ਜਾਤਾਂ ਦੀਆਂ ਹੱਦਾਂ ਅਤੇ ਧਰਮਾਂ ਕਾਰਨ ਵੰਡੇ ਹੋਏ ਸਨ। ਵਸੋਂ ਦੀ ਬਹੁ-ਗਿਣਤੀ ਆਪਣੇ ਪੇਂਡੂ ਭਾਈਚਾਰੇ ਦੀ ਨਿੱਕੀ ਦੁਨੀਆ ਵਿੱਚ ਰਹਿੰਦੀ ਸੀ। ਕਿਸਾਨ ਮਾਲੀਏ ਦੇ ਰੂਪ ਵਿੱਚ ਰਾਜ ਨੂੰ ਲਗਾਨ ਦਿੰਦੇ ਸਨ। ਇਹ ਗੱਲ ਹਕੂਮਤ ਦੇ ਹਿਤ ਵਿੱਚ ਸੀ ਕਿ ਇਹ ਮਾਲੀਆ ਬਕਾਇਦਗੀ ਨਾਲ ਅਦਾ ਕੀਤਾ ਜਾਵੇ ਪਰ ਨਾ ਹੀ ਰਾਜ ਅਤੇ ਨਾ ਹੀ ਸਾਮੰਤੀ ਸ਼ਾਹਾਂ ਨੂੰ ਕਿਸਾਨਾਂ ਦੇ ਮਾਮਲਿਆਂ ਵਿੱਚ ਦਿਲਚਸਪੀ ਸੀ।

ਇਹੋ ਹਾਲ ਮੌਜੂਦਾ ਦੌਰ, ਖ਼ਾਸ ਕਰ ਮੌਜੂਦਾ ਹਕੂਮਤ ਦੇ ਸਮੇਂ ਵਿੱਚ ਹੈ, ਜਦੋਂ ਕਿਸਾਨ ਦੀ ਜ਼ਮੀਨ ਵੱਡਿਆਂ ਦੇ ਹਿਤਾਂ ਦੀ ਪੂਰਤੀ ਲਈ ਸਾਮੰਤੀ ਸ਼ਾਹਾਂ ਵਰਗੇ ਅਡਾਨੀਆਂ, ਅੰਬਾਨੀਆਂ ਦੇ ਢਿੱਡ ਦਾ ਝੁਲਕਾ ਬਣਾਈ ਜਾ ਰਹੀ ਹੈ, ਜਦਕਿ ਕਿਸਾਨਾਂ ਦੇ ਹਿਤਾਂ ਜਾਂ ਮਾਮਲਿਆਂ ਪ੍ਰਤੀ ਸਿਵਾਏ ਵੱਡੇ ਦਮਗਜ਼ਿਆਂ ਦੇ, ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਤਦੇ ਦੇਸ਼ ਵਿੱਚ ਕਿਸਾਨਾਂ ਦੇ ਭਰਵੇਂ ਵਿਰੋਧ ਦੇ ਬਾਵਜੂਦ ਤਿੰਨ ਕਾਲੇ ਖੇਤੀ ਕਾਨੂੰਨ ਕੇਂਦਰ ਸਰਕਾਰ ਨੇ ਪਾਸ ਕਰ ਦਿੱਤੇ ਹਨ ਅਤੇ ਵੱਡੇ ਕਿਸਾਨੀ, ਲੋਕਾਈ ਵਿਰੋਧ ਦੇ ਬਾਵਜੂਦ ਵੀ ਉਨਾਂ ਦੀ ਕੋਈ ਗੱਲ ਨਹੀਂ ਸੁਣੀ ਜਾ ਰਹੀ। ਕਿਸਾਨ ਦਿੱਲੀ ਦੀਆਂ ਬਰੂਹਾਂ ਉੱਤੇ ਪੂਰੇ ਸਿਦਕ, ਦਲੇਰੀ ਨਾਲ ਬੈਠੇ ਹਨ, ਅੰਤਮ ਜਿੱਤ ਤਕ, ਤਿੰਨੇ ਖੇਤੀ ਕਾਨੂੰਨਾਂ ਦੀ ਵਾਪਸੀ ਤਕ।

ਪੰਜਾਬ, ਹਰਿਆਣਾ ਅਤੇ ਹੋਰ ਸੂਬਿਆਂ ਦੇ ਕਿਸਾਨਾਂ ਨੇ ਆਪਣੇ ਸੰਘਰਸ਼ ਨੂੰ ਲਗਾਤਾਰ ਚਲਾਉਣ ਲਈ ਜਿਵੇਂ ਇਹ ਸਿਖਾਇਆ ਹੈ ਕਿ ਹੌਸਲਾ ਕਿਵੇਂ ਰੱਖਣਾ ਚਾਹੀਦਾ ਹੈ ਅਤੇ ਸਮੇਂ ਵਿੱਚ ਵਿਸ਼ਵਾਸ ਦੀ ਆਸ ਕਿਵੇਂ ਮੱਧਮ ਨਹੀਂ ਹੋਣ ਦੇਣੀ, ਇਹ ਇਸ ਅੰਦੋਲਨ ਨੂੰ ਦੇਖਿਆਂ, ਸੁਣਿਆਂ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਹਜ਼ਾਰਾਂ, ਲੱਖਾਂ ਦੀ ਗਿਣਤੀ ਵਿੱਚ ਦਿੱਲੀ ਦੀਆਂ ਬਰੂਹਾਂ 'ਤੇ ਵਿਰੋਧ ਕਰਦੇ ਲੋਕ ਆਪਣੇ ਨਾਲ ਹੋ ਰਹੇ ਸ਼ੋਸ਼ਣ, ਧੋਖੇ, ਦਮਨ, ਅਨਿਆਂ ਨੂੰ ਬੇਬਾਕੀ ਨਾਲ ਦੁਨੀਆ ਸਾਹਮਣੇ ਪੇਸ਼ ਕਰ ਰਹੇ ਹਨ, ਕਿਉਂਕਿ ਕਿਸਾਨਾਂ ਦੀ ਜ਼ਮੀਨ ਅਜਿਹੀ ਚੀਜ਼ ਨਹੀਂ ਜਿਸ ਨੂੰ ਵੇਚ ਕੇ ਪੈਸੇ ਵੱਟੇ ਜਾ ਸਕਦੇ ਸਨ, ਸਗੋਂ ਜ਼ਮੀਨ ਤਾਂ ਉਨਾਂ ਦੀ ਹੋਂਦ ਦਾ ਹਿੱਸਾ ਹੈ ਅਤੇ ਉਹ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ।

ਪੌੜੀ ਦਰ ਪੌੜੀ ਇਹ ਸੰਗਰਾਮ ਅੱਗੇ ਵਧਿਆ ਹੈ ਅਤੇ ਆਪਣੀ ਚਰਮ ਸੀਮਾ ਉੱਤੇ ਉਦੋਂ ਪਹੁੰਚਿਆ, ਜਦੋਂ ਅੰਦੋਲਨ ਦੇ ਆਗੂਆਂ ਭਾਰਤ ਬੰਦ ਦਾ ਸੱਦਾ ਦਿੱਤਾ, ਜਿਸ ਨੂੰ ਪੂਰੇ ਦੇਸ਼ ਵਿੱਚ ਭਰਵਾਂ ਹੁੰਗਾਰਾ ਮਿਲਿਆ ਅਤੇ ਇਹ ਅੰਦੋਲਨ ਦੀ ਵੱਡੀ ਪ੍ਰਾਪਤੀ ਹੋ ਨਿਬੜਿਆ। ਇਸ ਨੇ ਦੇਸ਼ 'ਤੇ ਰਾਜ ਕਰ ਰਹੀ ਧਿਰ ਦੀਆਂ ਚੂਲਾਂ ਹਿਲਾ ਦਿੱਤੀਆਂ। ਭਾਰਤ ਬੰਦ ਦੇ ਸੱਦੇ ਨੂੰ ਜਦੋਂ ਹਰ ਸ਼ਹਿਰ, ਹਰ ਪਿੰਡ, ਹਰ ਕਸਬੇ, ਹਰ ਜ਼ਿਲੇ, ਹਰ ਸੂਬੇ ਵਿੱਚ ਭਰਵਾਂ ਹੁੰਗਾਰਾ ਮਿਲਿਆ ਅਤੇ ਇਹ ਬੰਦ ਜਿਵੇਂ ਸ਼ਾਂਤਮਈ ਢੰਗ ਨਾਲ ਨੇਪਰੇ ਚੜਿਆ, ਉਸ ਨੇ ਮੌਜੂਦਾ ਹਾਕਮ ਨੂੰ ਇਹ ਬਿਆਨ ਦੇਣ 'ਤੇ ਮਜਬੂਰ ਕਰ ਦਿੱਤਾ, 'ਕੇਂਦਰ ਗੱਲਬਾਤ ਲਈ ਤਿਆਰ ਹੈ ਤੇ ਸਰਕਾਰ ਮਸਲੇ ਦਾ ਹੱਲ ਚਾਹੁੰਦੀ ਹੈ।' ਉਂਝ ਇਹ ਵੀ ਇੱਕ ਛਲਾਵਾ ਹੈ।

ਕਿਸਾਨ ਅੰਦੋਲਨ ਨੂੰ ਫੇਲ ਕਰਨ ਲਈ ਮੌਜੂਦਾ ਹਾਕਮਾਂ ਨੇ ਕੋਝੇ ਢੰਗ-ਤਰੀਕੇ ਵਰਤੇ ਹਨ। ਇਸ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਈ ਕਸਰ ਨਹੀਂ ਛੱਡੀ। ਅੰਦੋਲਨਕਾਰੀਆਂ ਨੂੰ 'ਪਰਜੀਵੀ', ਖਾਲਿਸਤਾਨੀ ਅਤੇ ਅੱਤਵਾਦੀ ਕਿਹਾ। ਅੰਦੋਲਨਕਾਰੀਆਂ ਲਈ ਲਗਾਏ ਲੰਗਰਾਂ ਲਈ ਆਉਣ ਵਾਲੇ ਧਨ ਉੱਤੇ ਸਵਾਲ ਉਠਾਏ। ਦਿੱਲੀ ਦੀਆਂ ਸਰਹੱਦਾਂ ਨੂੰ ਸੀਲ ਕੀਤਾ। 26 ਜਨਵਰੀ 2021 ਵਾਲੀ ਕਿਸਾਨ ਪ੍ਰੇਡ ਨੂੰ ਆਧਾਰ ਬਣਾ ਕੇ ਕਿਸਾਨ ਅੰਦੋਲਨ ਨੂੰ ਦੇਸ਼ਧ੍ਰੋਹੀ ਅੰਦੋਲਨ ਤੱਕ ਗਰਦਾਨਿਆ। ਜਿਵੇਂ ਮੁਗਲ ਸਾਮਰਾਜ ਵੇਲੇ ਕਿਸਾਨਾਂ ਤੋਂ ਮਾਲੀਆ ਇਕੱਠਾ ਕਰਨ ਲਈ ਫੌਜਾਂ ਬੁਲਾਈਆਂ ਜਾਂਦੀਆਂ ਸਨ, ਉਵੇਂ ਹੀ ਸ਼ਾਂਤਮਈ ਢੰਗ ਨਾਲ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਦਿੱਲੀ ਵਿੱਚ ਵੜਨੋਂ ਰੋਕਣ ਲਈ ਸੁਰੱਖਿਆ ਬਲਾਂ ਦਾ ਸਹਾਰਾ ਲਿਆ ਗਿਆ। ਇੱਥੇ ਹੀ ਬੱਸ ਨਹੀਂ ਐੱਫ.ਸੀ.ਆਈ. (ਫੂਡ ਕਾਰਪੋਰੇਸ਼ਨ ਆਫ ਇੰਡੀਆ) ਰਾਹੀਂ ਫਰਮਾਨ ਜਾਰੀ ਹੋਇਆ ਕਿ ਆੜਤੀਆਂ ਦੀ ਵਿਚੋਲਗਿਰੀ ਖ਼ਤਮ ਕਰਕੇ, ਕਣਕ, ਖ਼ਰੀਦ ਦੇ ਪੈਸੇ ਸਿੱਧੇ ਜ਼ਮੀਨ ਮਾਲਕ ਦੇ ਖਾਤੇ ਪਾਏ ਜਾਣਗੇ। ਇਹ ਚਾਲ ਕਿਸਾਨਾਂ ਅਤੇ ਆੜਤੀਆਂ ਵਿੱਚ ਉਸ ਤਰਾਂ ਦੀ ਫੁੱਟ ਪਾਉਣ ਵਰਗੀ ਚਾਲ ਹੈ, ਜਿਸ ਤਰਾਂ ਦੀ ਫੁੱਟ ਦੇਸ਼ ਦੀ ਹਾਕਮ ਧਿਰ ਦੇਸ਼ ਦੀ ਕੁਰਸੀ ਹਥਿਆਉਣ ਲਈ ਲੋਕਾਂ ਨੂੰ ਧਰਮ, ਜਾਤ, ਕਬੀਲੇ ਦੇ ਨਾਮ ਉੱਤੇ ਵੰਡ ਕੇ ਪਾਉਂਦੀ ਹੈ। ਇਸ ਸਭ ਕੁਝ ਦਾ ਸਿੱਟਾ, ਅੰਦੋਲਨਕਾਰੀਆਂ ਵਿੱਚ ਰਾਜ ਕਰ ਰਹੀ ਪਾਰਟੀ ਭਾਜਪਾ ਵਿਰੁੱਧ ਵੱਡੇ ਰੋਸ ਵਜੋਂ ਦੇਖਣ ਨੂੰ ਮਿਲ ਰਿਹਾ ਹੈ।

ਵਧ ਰਹੇ ਰੋਸ ਦੇ ਸਿੱਟੇ ਵਜੋਂ ਦੇਸ਼ ਵਿੱਚ ਜਿੱਥੇ ਹੋਰ ਪਾਰਟੀਆਂ ਨੇ ਭਾਜਪਾ ਗੱਠਜੋੜ ਦਾ ਸਾਥ ਛੱਡਿਆ, ਉੱਥੇ ਅਕਾਲੀ ਵੀ ਭਾਜਪਾ ਦਾ ਸਾਥ ਛੱਡ ਗਏ। ਭਾਜਪਾ ਦਾ ਵਿਰੋਧ ਪੰਜਾਬ ਅਤੇ ਹਰਿਆਣਾ ਵਿੱਚ ਤਾਂ ਇੱਥੋਂ ਤੱਕ ਵਧ ਗਿਆ ਹੈ ਕਿ ਭਾਜਪਾ ਨੇਤਾਵਾਂ ਦਾ ਘਰੋਂ ਬਾਹਰ ਨਿਕਲਣਾ ਮੁਹਾਲ ਹੋ ਗਿਆ ਹੈ। ਕਿਸਾਨ ਉਹਨਾਂ ਨੂੰ ਥਾਂ-ਥਾਂ ਘੇਰ ਰਹੇ ਹਨ ਅਤੇ ਮੰਗ ਕਰ ਰਹੇ ਹਨ ਕਿ ਤਿੰਨੇ ਕਾਲੇ ਕਾਨੂੰਨ ਵਾਪਸ ਹੋਣ ਅਤੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ। ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਹੋਵੇ।

ਉਹ ਭਾਜਪਾ ਪੰਜਾਬ, ਜਿਹੜੀ 2022 ਦੀ ਆਉਣ ਵਾਲੀ ਵਿਧਾਨ ਸਭਾ ਚੋਣ ਵਿੱਚ 117 ਸੀਟਾਂ ਉੱਤੇ ਚੋਣ ਲੜਨ ਦਾ ਦਾਅਵਾ ਕਰ ਰਹੀ ਸੀ, ਉਸਦੀ ਪੰਜਾਬ ਦੀਆਂ ਸਥਾਨਕ ਸਰਕਾਰਾਂ, ਨਗਰ ਨਿਗਮ, ਮਿਊਂਸਪਲ ਕਮੇਟੀਆਂ ਆਦਿ ਦੀਆਂ ਚੋਣਾਂ ਵਿੱਚ ਵੱਡੀ ਕਿਰਕਿਰੀ ਹੋਈ ਅਤੇ ਉਸ ਨੂੰ ਪੂਰੇ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਆਪਣੇ ਚੋਣ ਨਿਸ਼ਾਨ ਉੱਤੇ ਚੋਣ ਲੜਨ ਲਈ ਉਮੀਦਵਾਰ ਮਿਲਣੇ ਔਖੇ ਹੋ ਗਏ। ਇੱਥੇ ਹੀ ਬੱਸ ਨਹੀਂ, ਭਾਜਪਾ ਦਾ ਪੰਜਾਬ ਤੇ ਹਰਿਆਣਾ ਵਿੱਚ ਕਿਸਾਨਾਂ ਵਲੋਂ ਇੰਨਾ ਵੱਡਾ ਵਿਰੋਧ ਹੋ ਰਿਹਾ ਹੈ, ਜਿਹੜਾ ਸ਼ਾਇਦ ਕੇਂਦਰ ਦੀ ਹਾਕਮ ਧਿਰ ਨੇ ਕਦੇ ਚਿਤਵਿਆ ਹੀ ਨਹੀਂ ਹੋਏਗਾ।

27 ਮਾਰਚ 2021 ਨੂੰ ਮਲੋਟ ਵਿਖੇ ਭਾਜਪਾ ਵਿਧਾਇਕ ਆਰੁਣ ਨਾਰੰਗ 'ਤੇ ਹਮਲਾ ਹੋਇਆ।25 ਮਾਰਚ 2021 ਨੂੰ ਸਾਬਕਾ ਮੰਤਰੀ ਸੁਰਜੀਤ ਕੁਮਾਰ ਜਿਆਣੀ ਦਾ ਕਿਸਾਨਾਂ ਨੇ ਘਿਰਾਓ ਕੀਤਾ। ਪਹਿਲੀ ਜਨਵਰੀ 2021 ਨੂੰ ਹੁਸ਼ਿਆਰਪੁਰ ਵਿੱਚ ਸਾਬਕਾ ਮੰਤਰੀ ਤੇ ਭਾਜਪਾ ਆਗੂ ਤੀਕਸ਼ਣ ਸੂਦ ਦੀ ਕੋਠੀ ਦੇ ਬਾਹਰ ਗੋਹਾ ਸੁੱਟਿਆ ਗਿਆ। 25 ਦਸੰਬਰ 2020 ਨੂੰ ਬਠਿੰਡਾ ਵਿੱਚ ਭਾਜਪਾ ਦੇ ਪ੍ਰੋਗਰਾਮ ਵਿੱਚ ਵੜ ਕੇ ਕਿਸਾਨਾਂ ਨੇ ਭੰਨ-ਤੋੜ ਕੀਤੀ।




13 ਅਕਤੂਬਰ ਨੂੰ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਟਾਂਡਾ ਟੋਲ ਪਲਾਜ਼ੇ 'ਤੇ ਹਮਲਾ ਹੋਇਆ। ਇਹਨਾਂ ਘਟਨਾਵਾਂ ਦੀ ਮੁੱਖ ਮੰਤਰੀ ਪੰਜਾਬ ਵੱਲੋਂ ਸਮੇਂ-ਸਮੇਂ ਨਿਖੇਧੀ ਕੀਤੀ ਗਈ ਤੇ ਹਮਲਾਵਾਰਾਂ ਵਿਰੁੱਧ ਸਖ਼ਤ ਕਾਰਵਾਈ ਦੇ ਨਿਰਦੇਸ਼ ਦਿੱਤੇ। ਪਰ ਨਾਲ ਹੀ 27 ਮਾਰਚ ਨੂੰ ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਭਵਿੱਖ ਵਿੱਚ ਅਜਿਹੀ ਘਟਨਾ ਰੋਕਣ ਲਈ ਖੇਤੀ ਕਾਨੂੰਨਾਂ ਕਾਰਨ ਪੈਦਾ ਹੋਏ ਸੰਕਟ ਨੂੰ ਤੁਰੰਤ ਹੱਲ ਕੀਤਾ ਜਾਵੇ। ਅਸਲ ਵਿੱਚ ਭਾਜਪਾ ਵਿਰੁੱਧ ਕਿਸਾਨਾਂ ਦਾ ਇਹ ਪ੍ਰਤੀਕਰਮ ਕੇਂਦਰ ਸਰਕਾਰ ਦੀ ਕਿਸਾਨ ਮਸਲੇ ਨੂੰ ਹੱਲ ਕਰਨ ਲਈ ਵਰਤੀ ਜਾ ਰਹੀ ਬੇਧਿਆਨੀ ਅਤੇ ਜ਼ਿੱਦ ਦੀ ਉਪਜ ਹੈ।

ਕਿਸਾਨ ਕੇਂਦਰ ਸਰਕਾਰ ਦਾ ਧਿਆਨ ਖਿੱਚਣ ਅਤੇ ਆਪਣੀਆਂ ਮੰਗਾਂ ਮੰਨੇ ਜਾਣ ਲਈ ਭਾਜਪਾ ਸਰਕਾਰ ਵਿਰੁੱਧ ਸੰਘਰਸ਼ ਕਰ ਰਹੇ ਹਨ। ਇਹੋ ਕਾਰਨ ਹੈ ਕਿ ਦੇਸ਼ ਵਿਚਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਿਸਾਨ, ਆਪਣਾ ਕੋਈ ਸਿਆਸੀ ਏਜੰਡਾ ਨਾ ਹੋਣ ਦੇ ਬਾਵਜੂਦ ਵੀ ਪੱਛਮੀ ਬੰਗਾਲ ਵਿੱਚ ਭਾਜਪਾ ਵਿਰੁੱਧ ਪ੍ਰਚਾਰ ਕਰਨ ਲਈ ਗਏ ਹਨ ਅਤੇ ਦੇਸ਼ ਭਰ ਦੇ ਕਿਸਾਨਾਂ ਦੀ ਦੁਰਦਸ਼ਾ, ਉਹਨਾਂ ਦੇ ਆਰਥਿਕ ਹਾਲਾਤ, ਉਨਾਂ ਨਾਲ ਸਰਕਾਰ ਵਲੋਂ ਕੀਤੇ ਜਾ ਰਹੇ ਦੁੱਪਰਿਆਰੇ ਵਿਵਹਾਰ, ਕਰਜ਼ ਮੁਆਫ਼ ਨਾ ਕੀਤੇ ਜਾਣ ਕਾਰਨ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਦੀ ਗੱਲ ਆਮ ਲੋਕਾਂ ਨਾਲ ਸਾਂਝੀ ਕਰ ਰਹੇ ਹਨ। ਉਹ ਆਪਣੀਆਂ ਮੰਗਾਂ ਦੇ ਹੱਕ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਜਾ ਕੇ ਪ੍ਰਚਾਰ ਕਰ ਰਹੇ ਹਨ ਅਤੇ ਭਾਜਪਾ ਦੀ ਧੰਨ ਕੁਬੇਰਾਂ ਨਾਲ ਪਾਈ ਸਾਂਝ, ਦੇਸ਼ ਦੇ ਅਸਾਸੇ ਵੇਚਣ, ਨਿੱਜੀਕਰਨ ਦੀਆਂ ਨੀਤੀਆਂ ਦੀ ਗੱਲ ਵੀ ਲੋਕਾਂ ਸਾਹਮਣੇ ਲਿਆਉਂਦੇ ਹਨ। ਉਹ ਭਾਜਪਾ ਵੱਲੋਂ ਕੀਤੇ ਚੋਣ ਵਾਅਦਿਆਂ ਨੂੰ ਪੂਰਿਆਂ ਨਾ ਕਰਨ ਦੀ ਬਾਤ ਪਾਉਣੋਂ ਵੀ ਨਹੀਂ ਖੁੰਝਦੇ। ਇੰਝ ਪੂਰੇ ਦੇਸ਼ ਵਿੱਚ ਭਾਜਪਾ ਦਾ ਅਕਸ ਖਰਾਬ ਹੋ ਰਿਹਾ ਹੈ।

ਇੱਥੇ ਹੀ ਬੱਸ ਨਹੀਂ ਅੰਤਰਰਾਸ਼ਟਰੀ ਪੱਧਰ ਉੱਤੇ ਭਾਜਪਾ ਸਰਕਾਰ ਦੀ ਕਿਸਾਨ ਅੰਦੋਲਨ ਕਾਰਨ ਵੀ ਵਧੇਰੇ ਬਦਨਾਮੀ ਹੋ ਰਹੀ ਹੈ। ਕਿਸਾਨ ਅੰਦੋਲਨ ਦੀ ਬਰਤਾਨੀਆਂ ਦੀ ਪਾਰਲੀਮੈਂਟ ਵਿੱਚ ਚਰਚਾ, ਕੈਨੇਡਾ ਦੇ ਪ੍ਰਧਾਨ ਮੰਤਰੀ ਵਲੋਂ ਭਾਰਤੀ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਅਤੇ ਦੁਨੀਆਂ ਦੇ ਵੱਖੋ-ਵੱਖਰੇ ਦੇਸ਼ਾਂ ਵਿੱਚ ਵਸਦੇ ਪ੍ਰਵਾਸੀ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਅਤੇ ਵਿਦੇਸ਼ੀ ਛੋਟੇ ਕਿਸਾਨਾਂ ਅਤੇ ਵੱਡੀਆਂ ਫਿਲਮੀ ਹਸਤੀਆਂ ਅਤੇ ਸਮਾਜੀ ਕਾਰਕੁੰਨਾਂ ਨੇ ਭਾਰਤ ਸਰਕਾਰ ਦੀ ਹਕੂਮਤ ਵਿਰੁੱਧ ਵੱਡੇ ਸਵਾਲ ਉਠਾਏ ਹਨ ਅਤੇ ਇਸ ਨਾਲ ਦੇਸ਼ ਦੀ ਹਕੂਮਤ ਦਾ ਚਿਹਰਾ-ਮੋਹਰਾ ਇਸ ਕਰਕੇ ਵੀ ਹੋਰ ਪੇਤਲਾ ਹੋਇਆ ਹੈ ਕਿ ਕਿਸਾਨ ਜਥੇਬੰਦੀਆਂ ਨਾਲ ਗਿਆਰਾਂ-ਬਾਰਾਂ ਵਾਰ ਗੱਲਬਾਤ ਦਾ ਢੌਂਗ ਰਚਕੇ, ਕਿਸਾਨ ਮੰਗਾਂ ਦੀ ਗੱਲ ਕਿਸੇ ਨੇਪਰੇ ਨਹੀਂ ਚਾੜੀ ਗਈ। ਦੇਸ਼, ਵਿਦੇਸ਼ ਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਲਗਾਤਾਰ ਇਸਦਾ ਨੋਟਿਸ ਲੈਂਦੀਆਂ ਹਨ ਅਤੇ ਸਰਕਾਰ ਦੇ ਕਿਸਾਨ ਪ੍ਰਤੀ ਵਤੀਰੇ ਦੀ ਨਿੰਦਾ ਕਰਦੀਆਂ ਹਨ। ਉਹ ਸਰਕਾਰ ਦੀ ਉਸ ਅਸੰਵੇਦਨਸ਼ੀਲਤਾ ਨੂੰ ਵੀ ਆੜੇ ਹੱਥੀਂ ਲੈਂਦੀਆਂ ਹਨ ਕਿ ਅੰਦੋਲਨ ਦੌਰਾਨ 300 ਤੋਂ ਵੱਧ ਕਿਸਾਨ ਆਪਣੀਆਂ ਜਾਨਾਂ ਦੇ ਚੁੱਕੇ ਹਨ ਪਰ ਭਾਜਪਾ ਸਰਕਾਰ ਦੇ ਕੰਨਾਂ ਉੱਤੇ ਜੂੰ ਨਹੀਂ ਸਰਕ ਰਹੀ।

ਇਹ ਬਿਲਕੁਲ ਕਿਹਾ ਨਹੀਂ ਜਾ ਸਕਦਾ ਕਿ ਭਾਜਪਾ ਦੀ ਕੇਂਦਰ ਸਰਕਾਰ ਪੰਜਾਬ, ਹਰਿਆਣਾ ਵਿੱਚ ਭਾਜਪਾ ਦੇ ਨੇਤਾਵਾਂ, ਵਰਕਰਾਂ ਦੇ ਹੋ ਰਹੇ ਮੰਦੜੇ ਹਾਲ ਅਤੇ ਡਿਗ ਰਹੀ ਸਿਆਸੀ ਤਾਕਤ ਤੋਂ ਚਿੰਤਤ ਨਹੀਂ। ਉਸਦੀ ਚਿੰਤਾ ਭਾਰਤ ਬੰਦ ਦਾ ਪੰਜਾਬ, ਹਰਿਆਣਾ, ਯੂਪੀ ਤੋਂ ਬਾਅਦ ਰਾਜਸਥਾਨ, ਮੱਧ ਪ੍ਰਦੇਸ਼, ਬਿਹਾਰ, ਉੜੀਸਾ, ਤਿਲੰਗਾਨਾ ਤਕ ਫੈਲਿਆ ਅਸਰ ਵੀ ਹੈ। ਭਾਰਤੀ ਜਨਤਾ ਪਾਰਟੀ ਅਸਲ ਵਿੱਚ ਕਿਸਾਨ ਅੰਦੋਲਨ ਦੇ ਦਬਾਅ ਹੇਠ ਹੈ, ਭਾਵੇਂ ਕਿ ਉਹ ਜ਼ਾਹਰਾ ਤੌਰ 'ਤੇ ਇਸ ਨੂੰ ਮੰਨ ਨਹੀਂ ਰਹੀ। ਉਸਦੀ ਪ੍ਰੇਸ਼ਾਨੀ ਗੁਜਰਾਤ ਅਤੇ ਕਰਨਾਟਕ ਵਿੱਚ ਕਿਸਾਨ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਤੋਂ ਵੇਖੀ ਜਾ ਸਕਦੀ ਹੈ।

ਕੇਂਦਰ ਸਰਕਾਰ ਇਸ ਸਮੁੱਚੀ ਸਥਿਤੀ ਤੋਂ ਸਬਕ ਸਿੱਖਣ ਤੇ ਕਿਸਾਨਾਂ ਨਾਲ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦੇ ਰਾਹ ਉੱਤੇ ਆਈ ਦਿਖਾਈ ਨਹੀਂ ਦੇ ਰਹੀ। ਕਿਸਾਨ ਅੰਦੋਲਨ ਨੂੰ ਲੈ ਕੇ ਮੋਦੀ ਸਰਕਾਰ ਕਿਸਾਨਾਂ, ਖਾਸ ਕਰਕੇ ਪੰਜਾਬ ਨੂੰ ਸਬਕ ਸਿਖਾਉਣ ਦੇ ਰਾਹ ਤੁਰੀ ਹੋਈ ਹੈ। ਇਹ ਸਰਕਾਰੀ ਵਤੀਰਾ ਅਤੇ ਘਟਨਾਵਾਂ ਅਕਬਰ ਰਾਜ ਵੇਲੇ ਦੇ ਉਸ ਹੁਕਮ ਦੀ ਯਾਦ ਕਰਾਉਂਦਾ ਹੈ, ਜਿਸ ਅਨੁਸਾਰ ਜ਼ਮੀਨ ਦੀ ਵਾਹੀ ਕਰਨਾ ਰਾਜ ਵਲੋਂ ਇੱਕ ਜ਼ਿੰਮੇਵਾਰੀ ਹੋਣ ਦਾ ਐਲਾਨ ਕਰ ਦਿੱਤਾ ਗਿਆ ਅਤੇ ਟੈਕਸ ਵਸੂਲਣ ਵਾਲਿਆਂ ਨੂੰ ਇਹ ਹਦਾਇਤ ਕੀਤੀ ਗਈ ਕਿ ਉਹ ਇਹ ਗੱਲ ਯਕੀਨੀ ਬਣਾਉਣ ਕਿ ਸਾਰੀ ਵਾਹੀ ਯੋਗ ਜ਼ਮੀਨ ਉੱਤੇ ਵਾਹੀ ਕੀਤੀ ਜਾਵੇ। ਟੈਕਸਾਂ ਦੀ ਉਗਰਾਹੀ ਨੇਮ-ਬੱਧ ਕਰਨ ਲਈ ਅਕਬਰ ਦੇ ਵਿੱਤ ਵਿਭਾਗ ਨੇ, ਜਿਸਦਾ ਮੁਖੀ ਟੋਡਰ ਮੱਲ ਸੀ, ਨੇ ਫਰਮਾਨ ਜਾਰੀ ਕੀਤਾ ਹੋਇਆ ਸੀ ਕਿ ਪਾਦਸ਼ਾਹੀ ਦੇ ਕੇਂਦਰੀ ਹਿੱਸੇ ਵਿੱਚ ਜ਼ਮੀਨ ਰੱਸੀਆਂ ਨਾਲ ਨਹੀਂ, ਜਿਹੜੀਆਂ ਮਨਮਰਜ਼ੀ ਨਾਲ ਖਿੱਚੀਆਂ ਜਾਂ ਢਿੱਲੀਆਂ ਫੜੀਆਂ ਜਾ ਸਕਦੀਆਂ ਸਨ, ਸਗੋਂ ਬਾਂਸਾਂ ਨਾਲ ਨਾਪੀ ਜਾਵੇ।



# ਪਾਰਲੀਮੈਂਟ ਵਿੱਚ ਸੁਣਵਾਈ ਨਹੀਂ ਅਦਾਲਤ ਨੂੰ ਸੁਣਨਾ ਪੈਂਦਾ ਹੈ

**ਦਲੀਪ ਸਿੰਘ ਵਾਸਨ, ਐਡਵੋਕੇਟ**

0175 5191856

ਇਹ ਪਰਜਾਤੰਤਰ ਸਾਡੇ ਮੁਲਕ ਵਿੱਚ ਬੇਸ਼ਕ 1950 ਵਿੱਚ ਆ ਗਿਆ ਸੀ, ਪਰ ਅਸਲ ਵਿੱਚ ਸਾਡੀ ਇਹ ਵਾਲੀ ਪਾਰਲੀਮੈਂਟ 1952 ਵਿੱਚ ਬਣੀ ਸੀ ਅਤੇ ਅਸਾਂ ਪਾਰਲੀਮੈਂਟ ਵਿੱਚ ਕਾਨੂੰਨ ਬਣਾਉਣ ਦਾ ਸਿਲਸਿਲਾ ਚਾਲੂ ਕੀਤਾ ਸੀ। ਬਹੁਤ ਸਾਰੇ ਕਾਨੂੰਨ ਤਾਂ ਪਹਿਲਾਂ ਹੀ ਅੰਗਰੇਜ਼ਾਂ ਨੇ ਆਪਣੇ ਮੁਲਕ ਵਿੱਚ ਬੈਠੀ ਪਾਰਲੀਮੈਂਟ ਰਾਹੀਂ ਹੀ ਪਾਸ ਕੀਤੇ ਪਏ ਸਨ ਅਤੇ ਸਾਡੇ ਮੁਲਕ ਵਿੱਚ ਲਾਗੂ ਵੀ ਸਨ ਅਤੇ ਇਹ ਵੀ ਸਾਨੂੰ ਪਤਾ ਹੈ ਕਿ ਉਹੀ ਕਾਨੂੰਨ ਅਸਾਂ ਅਜ਼ਾਦੀ ਅਤੇ ਇਸ ਪਰਜਾਤੰਤਰ ਦੀ ਸਥਾਪਨਾ ਬਾਅਦ ਵੀ ਅਪਣਾ ਲਏ ਸਨ ਅਤੇ ਅੱਜ ਤੱਕ ਚਲਦੇ ਪਏ ਹਨ।

ਅਸਾਂ ਆਪ ਵੀ ਕਾਨੂੰਨ ਬਣਾ ਰਹੇ ਹਾਂ ਅਤੇ ਅਸੀਂ ਇਹ ਵੀ ਦੇਖ ਰਹੇ ਹਾਂ ਕਿ ਸਾਡੀ ਪਾਲੀਮੈਂਟ ਵਿੱਚ ਬਣਾਏ ਕਾਨੂੰਨ ਕਈ ਵਾਰਕ਼ ਲੋਕਾਂ ਨੇ ਮਾਨਯੋਗ ਸੁਪਰੀਮ ਕੋਰਟ ਵਿੱਚ ਲਿਜਾ ਕੇ ਮੁੜ ਵਿਚਾਰ ਕਰਨ ਦੀ ਬੇਨਤੀ ਕੀਤੀ ਹੈ। ਸਾਡੇ ਮੁਲਕ ਦੇ ਵਿਧਾਨ ਵਿੱਚ ਪਾਰਲੀਮੈਂਟ ਦੀਆਂ ਤਾਕਤਾਂ ਅਤੇ ਸਾਡੀ ਸੁਪਰੀਮ ਕੋਰਟ ਦੀਆਂ ਤਾਕਤਾਂ ਦਾ ਵਰਨਣ ਕੀਤਾ ਗਿਆ ਹੈ। ਕਾਨੂੰਨ ਬਨਾਉਣਾ ਹਾਲਾਂ ਵੀ ਪਾਰਲੀਮੈਂਟ ਦੇ ਅਧਿਕਾਰ ਖੇਤਰ ਵਿੱਚ ਹੈ। ਇਹ ਪਾਰਲੀਮੈਂਟ ਸਾਡੇ ਲੋਕਾਂ ਦੀ ਚੁਣੀ ਹੋਈ ਸੰਸਥਾ ਹੈ ਅਤੇ ਸਾਡਾ ਵਿਧਾਨ ਇਸ ਸੰਸਥਾ ਨੂੰ ਇਹ ਤਾਕਤ ਦੇ ਰਿਹਾ ਹੈ ਕਿ ਲੋਕਾਂ ਦੀ ਭਲਾਈ ਲਈ ਕਾਨੂੰਨ ਬਣਾਏ ਜਾਣ। ਇਸ ਪਾਰਲੀਮੈਂਟ ਵਿੱਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਬੈਠਦੇ ਹਨ ਅਤੇ ਉਨਾਂ ਨੇ ਵਿਧਾਨ ਦੀ ਕਸਮ ਖਾ ਰੱਖੀ ਹੁੰਦੀ ਹੈ ਕਿ ਪਾਰਲੀਮੈਂਟ ਵਿੱਚ ਜੋ ਵੀ ਕੀਤਾ ਜਾਵੇਗਾ ਉਹ ਲੋਕਾਂ ਦੀ ਭਲਾਈ ਲਈ ਕੀਤਾ ਜਾਵੇਗਾ। ਸਾਡੀ ਬਦਕਿਸਮਤੀ ਇਹ ਰਹੀ ਹੈ ਕਿ ਅਸੀਂ ਅੱਜ ਤੱਕ ਜਿਹੜੇ ਵੀ ਉਮੀਦਵਾਰਾਂ ਦੀ ਚੋਣ ਕਰਦੇ ਰਹੇ ਹਾਂ ਉਹ ਕੁਝ ਵਿਅਕਤੀ ਵਿਸ਼ੇਸ਼ਾਂ ਨੇ ਜਾਂ ਕਿਸੇ ਪਾਰਟੀ ਨੇ ਆਪ ਚੁਣ ਕੇ ਸਾਡੇ ਸਾਹਮਣੇ ਕੀਤੇ ਹੁੰਦੇ ਹਨ ਅਤੇ ਅਸੀਂ ਪਾਰਟੀ ਜਾਂ ਧੜੇ ਦਾ ਵਿਅਕਤੀ ਵਿਸ਼ੇਸ਼ ਦੇਖਕੇ ਵੋਟਾਂ ਪਾ ਦਿੰਦੇ ਹਾਂ। ਸਾਡੀ ਬਦਕਿਸਮਤੀ ਇਹ ਰਹੀ ਹੈ ਕਿ ਅੱਜ ਤੱਕ ਅਸੀਂ ਆਪਣੇ ਇਲਾਕੇ ਦਾ ਐਸਾ ਨੁਮਾਇੰਦਾ ਨਹੀਂ ਚੁਣ ਸਕੇ ਜਿਹੜਾ ਸਾਡਾ ਪ੍ਰਤੀਨਿਧ ਬਣਨ ਦਾ ਦਾਅਵਾ ਕਰ ਸਕੇ। ਅਸੀਂ ਵਿਅਕਤੀ ਵਿਸ਼ੇਸ਼ਾਂ ਅਤੇ ਪਾਰਟੀਆਂ ਦੇ ਨਾਮ ਉਤੇ ਵੋਟਾ ਪਾਈ ਜਾ ਰਹੇ ਹਾਂ। ਅਰਥਾਤ ਸਾਡੀ ਪਾਰਲੀਮੈਂਟ ਵਿੱਚ ਜਿਹੜੇ ਵਿਧਾਇਕ ਜਾ ਕੇ ਬੈਠ ਰਹੇ ਹਨ ਉਹ ਲੋਕਾਂ ਦੇ ਪ੍ਰਤੀਨਿਧ ਨਹੀਂ ਹਨ ਬਲਕਿ ਕਿਸੇ ਪਾਰਟੀ ਜਾਂ ਕਿਸੇ ਵਿਅਕਤੀ ਵਿਸ਼ੇਸ਼ ਦੇ ਆਦਮੀ ਹਨ। ਇਹ ਸਾਰੇ ਦੇ ਸਾਰੇ ਮੈਂਬਰ ਆਪਣੇ ਆਪਣੇ ਸਰਦਾਰ ਵੱਲ ਦੇਖੀ ਜਾਂਦੇ ਹਨ ਅਤੇ ਜੈਸਾ ਹੁਕਮ ਆਉਂਦਾ ਹੈ ਵੈਸਾ ਹੀ ਕਰਕੇ ਬਾਹਰ ਆ ਜਾਂਦੇ ਹਨ। ਅਰਥਾਤ ਸਾਡੀ ਇਹ ਵਾਲੀ ਪਾਰਲੀਮੈਂਟ ਅੱਜ ਤੱਕ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਾਲੀ ਨਹੀਂ ਬਣੀ ਹੈ। ਜਿਹੜਾ ਵੀ ਧੜਾ ਬਹੁਮਤ ਲੈ ਜਾਂਦਾ ਹੈ ਉਸ ਧੜੇ ਦਾ ਮੁਖੀਆ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਅਤੇ ਇਹ ਜਿਹੜਾ ਵੀ ਪਰਜਾਤੰਤਰ ਸਾਡੇ ਮੁਲਕ ਵਿੱਚ ਆ ਗਿਆ ਹੈ ਇਹ ਇਕ ਤਰਾਂ ਦਾ ਇਕਪੁਰਖਾ ਜਿਹਾ ਰਾਜ ਹੈ ਅਤੇ ਇਹ ਇਕ ਪੁਰਖ ਹੀ ਹੈ ਜਿਹੜਾ ਕਾਨੂੰਨ ਦਾ ਬਿਲ ਪੇਸ਼ ਕਰਦਾ ਹੈ ਅਤੇ ਬਹੁਮਤ ਹੋਣ ਕਰਕੇ ਪਾਸ ਵੀ ਕਰਵਾ ਲੈਂਦਾ ਹੈ। ਇਸ ਲਈ ਜਦ ਇਕਪੁਰਖਾ ਜਿਹਾ ਰਾਜ ਆ ਬਣੇ ਤਾਂ ਕੁਝ ਜ਼ਿਆਦਤੀਆਂ ਵੀ ਹੋ ਸਕਦੀਆਂ ਹਨ ਅਤੇ ਇਥੇ ਆ ਕੇ ਸਾਡੀ ਮਾਨਯੋਗ ਸੁਪਰੀਮ ਕੋਰਟ ਨੂੰ ਵੀ ਨਿਰਨਾ ਦੇਣਾ ਬਣਦਾ ਹੈ ਕਿ ਉਹ ਦੱਸੇ ਇਹ ਕਾਨੂੰਨ ਵਿਧਾਨ ਦੀ ਭਾਵਨਾ ਦੇ ਵਿਰੁਧ ਤਾਂ ਨਹੀਂ ਹੈ।

ਸਾਡੇ ਮੁਲਕ ਦੀ ਪਾਰਲੀਮੈਂਟ ਨੇ ਤਿੰਨ ਖੇਤੀ ਕਾਨੂੰਨ ਬਣਾਏ ਅਤੇ ਨਾਮ ਰਖਿਆ ਕਿ ਇਹ ਖੇਤੀ ਸੁਧਾਰ ਬਿਲ ਹਨ। ਉਸੇ ਵਕਤ ਪਾਰਲੀਮੈਂਟ ਵਿੱਚ ਹੀ ਇਹ ਅਵਾਜ਼ ਉਠ ਖਲੌਤੀ ਸੀ ਕਿ ਇਹ ਤਿੰਨੋਂ ਬਿਲ ਕਿਸਾਨਾਂ ਦੀ ਭਲਾਈ ਲਈ ਨਹੀਂ ਹਨ ਅਤੇ ਜੇ ਇਹ ਕਾਨੂੰਨ ਹੋਂਦ ਵਿੱਚ ਆ ਗਏ ਤਾਂ ਕੁਝ ਹੀ ਅਰਸੇ ਵਿੱਚ ਇਹ ਕਿਸਾਨੀ ਵਾਲਾ ਖੇਤਰ ਖਤਮ ਹੀ ਹੋ ਜਾਵੇਗਾ ਅਤੇ ਇਹ ਉਦਯੋਗਪਤੀ ਅਰਥਾਤ ਇਹ ਸਰਮਾਏਦਾਰ ਇਸ ਖੇਤੀ ਖੇਤਰ ਵਿੱਚ ਆ ਜਾਣਗੇ ਅਤੇ ਵੱਡੇ ਵੱਡੇ ਫਾਰਮ ਬਣ ਜਾਣਗੇ ਅਤੇ ਇਹ ਅੱਜ ਵਾਲਾ ਕਿਸਾਨ ਇਥੇ ਬੱਸ ਨੌਕਰ ਹੀ ਬਣ ਕੇ ਰਹਿ ਜਾਵੇਗਾ।

ਇਹ ਵਾਲਾ ਇਲਜ਼ਾਮ ਸਹੀ ਹੈ ਜਾਂ ਗਲਤ ਹੈ ਇਹ ਤਾਂ ਸਮਾਂ ਹੀ ਦੱਸੇਗਾ, ਪਰ ਇਸ ਸਮੇਂ ਵਿੱਚ ਜਿਹੜੀਆਂ ਤਬਦੀਲੀਆਂ ਆ ਜਾਣਗੀਆਂ ਉਸ ਪੱਕੀਆਂ ਹੋ ਜਾਣਗੀਆਂ ਅਤੇ ਇਹੋ ਜਿਹਾ ਬਦਲਾਓ ਆ ਜਾਣ ਤੋਂ ਬਾਅਦ ਪਿਛੇ ਨਹੀਂ ਮੁੜਿਆ ਜਾ ਸਕਦਾ।

ਇਹ ਮਾਮਲਾ ਸੁਪਰੀਮ ਕੋਰਟ ਵਿੱਚ ਵੀ ਚਲਾ ਗਿਆ ਸੀ ਅਤੇ ਮਾਨਯੋਗ ਸੁਪਰੀਮ ਕੋਰਟ ਨੇ ਤਿੰਨ ਮੈਂਬਰੀ ਕਮੈਟੀ ਵੀ ਬਣਾ ਦਿੱਤੀ ਸੀ ਅਤੇ ਖਬਰਾਂ ਆ ਰਹੀਆਂ ਹਨ ਕਿ ਉਹ ਰਪੋਟ ਆ ਵੀ ਗਈ ਹੈ। ਹੁਣ ਸਵਾਲ ਇਹ ਆ ਬਣਿਆ ਹੈ ਕਿ ਅਗਰ ਮਾਨਯੋਗ ਸੁਪਰੀਮ ਕੋਰਟ ਇਹ ਫੈਸਲਾ ਦੇ ਦਿੰਦੀ ਹੈ ਕਿ ਇਹ ਵਾਲੇ ਤਿੰਨੋਂ ਕਾਨੂੰਨ ਠੀਕ ਠਾਕ ਨਹੀਂ ਹਨ ਤਾਂ ਫਿਰ ਕੀ ਬਣੇਗਾ? ਅਤੇ ਸਾਡੀ ਪਾਰਲੀਮੈਂਟ ਦੀ ਹੈਸੀਅਤ ਕੀ ਬਣ ਜਾਵੇਗੀ? ਅਤੇ ਅਗਰ ਇਹ ਆਖਿਆ ਜਾਂਦਾ ਹੈ ਕਿ ਕਾਨੂੰਨ ਵਿਧਾਨ ਦੇ ਖਿਲਾਫ ਹਨ ਤਾਂ ਫਿਰ ਕੀ ਬਣੇਗਾ? ਅਤੇ ਫਿਰ ਸਾਨੂੰ ਇਹ ਪਤਾ ਕਰਨਾ ਪਵੇਗਾ ਕਿ ਇਹੋ ਜਿਹੇ ਗਲਤ ਕਾਨੂੰਨ ਬਨਾਉਣ ਲਈ ਸਾਰੀ ਦੀ ਸਾਰੀ ਪਾਰਲੀਮੈਂਟ ਜ਼ਿੰਮੇਵਾਰ ਹੈ ਜਾਂ ਕੋਈ ਇਕੱਲਾ ਵਿਅਕਤੀ ਵਿਸ਼ੇਸ਼ ਜ਼ਿੰਮੇਵਾਰ ਹੈ।

ਸਾਡੇ ਮੁਲਕ ਵਿੱਚ ਹਾਲੇ ਤਕ ਲੋਕਾਂ ਦੇ ਪ੍ਰਤੀਨਿਧ ਚੁਣਨ ਦਾ ਰਿਵਾਜ ਹੀ ਨਹੀਂ ਪਿਆ ਹੈ। ਇਹ ਵਿਅਕਤੀ ਵਿਸ਼ੇਸ ਜਿਨਾਂ ਨੇ ਇਹ ਧੜੇ ਬਣਾ ਰੱਖੇ ਹਨ ਇਹ ਆਪਣੇ ਸਪੋਰਟਰ ਆਪ ਨਾਮਜ਼ਦ ਕਰਦੇ ਹਨ ਅਤੇ ਅਗਰ ਕੋਈ ਰਾਜਸੀ ਪਾਰਟੀ ਵੀ ਹੈ ਤਾਂ ਉਹ ਵੀ ਕਿਸੇ ਨਾ ਕਿਸੇ ਵਿਅਕਤੀ ਵਿਸ਼ੇਸ਼ ਦੀ ਸਰਦਾਰੀ ਅਧੀਨ ਹੀ ਚੱਲ ਰਹੀ ਹੈ ਅਤੇ ਉਹ ਵਿਅਕਤੀ ਵਿਸ਼ੇਸ਼ ਵੀ ਨਾਮਜ਼ਦਗੀਆਂ ਉਨਾਂ ਦੀਆਂ ਹੀ ਕਰਦਾ ਹੈ ਜਿਹੜੇ ਸਦਨ ਵਿੱਚ ਉਸ ਦੀ ਸਪੋਰਟ ਕਰਨ। ਇਹ ਜਿਹੜਾ ਵੀ ਪਰਜਾਤੰਤਰ ਬਣਿਆ ਹੈ ਇਥੇ ਲੋਕਾਂ ਦੇ ਪ੍ਰਤੀਨਿਧ ਚੁਣਨ ਦਾ ਹਾਲੇ ਵਕਤ ਹੀ ਨਹੀਂ ਆਇਆ ਹੈ। ਉਹ ਕੱਦ ਆਵੇਗਾ, ਇਸ ਬਾਰੇ ਹਾਲੇ ਕੋਈ ਵੀ ਪੇਸ਼ਨਗੋਈ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਾਡੇ ਮੁਲਕ ਵਿੱਚ ਜਿਹੜਾ ਵੀ ਰਿਵਾਜ ਇਕ ਵਾਰੀ ਬਣ ਕੇ ਜਮ ਜਾਵੇ ਉਹ ਸਦੀਆਂ ਤੱਕ ਚਲਦਾ ਰਹਿੰਦਾ ਹੈ।

ਅਸੀਂ ਇਹ ਨਹੀਂ ਆਖਦੇ ਕਿ ਇਹ ਜਿਹੜੇ ਵੀ ਵਿਧਾਇਕ ਸਾਡੀਆਂ ਸਦਨਾਂ ਵਿੱਚ ਬੈਠੇ ਹਨ ਇਹ ਸਾਡਾ ਭਲਾ ਨਹੀਂ ਚਾਹੁੰਦੇ। ਅਸੀਂ ਇਹ ਵੀ ਨਹੀਂ ਆਖਦੇ ਕਿ ਇਹ ਵਿਧਾਇਕ ਸਿਆਣੇ ਨਹੀਂ ਹਨ। ਸਾਰਾ ਕੁਝ ਹੈ। ਇਹ ਵਿਧਾਇਕ ਸਾਡੇ ਦੁਸ਼ਮਣ ਵੀ ਨਹੀਂ ਹਨ। ਪਰ ਇਨਾਂ ਵਿਚਾਰਿਆਂ ਦੀ ਬਦਕਿਸਮਤੀ ਇਹ ਹੈ ਕਿ ਇਹ ਸਿਰਫ ਆਪਣੇ ਸਰਦਾਰ ਵੱਲ ਦੇਖੀ ਜਾਂਦੇ ਹਨ ਅਤੇ ਜਿਵੇਂ ਜਿਵੇਂ ਸਰਦਾਰ ਦਾ ਇਸ਼ਾਰਾ ਹੁੰਦਾ ਹੈ ਉਵੇਂ-ਉਵੇਂ ਕਰਨਾ ਪੈਂਦਾ ਹੈ। ਅਸੀਂ ਦੇਖਿਆ ਹੈ ਕਿ ਇਹ ਖੇਤੀ ਬਿਲ ਜਦ ਸਦਨ ਵਿੱਚ ਸਨ ਤਾਂ ਸਰਕਾਰ ਵੱਲ ਬੈਠਾ ਕੋਈ ਵੀ ਵਿਧਾਇਕ ਬੋਲਿਆ ਹੀ ਨਹੀਂ ਸੀ ਅਤੇ ਵੋਟ ਵੀ ਹੁਕਮ ਅਨੂਸਾਰ ਪਾਉਣ ਉਤੇ ਮਜਬੂਰ ਸੀ। ਅਸਾਂ ਇਹ ਵੀ ਦੇਖਿਆ ਕਿ ਵਿਰੋਧੀ ਧਿਰਾਂ ਨੇ ਵੀ ਜ਼ਬਾਨੀ ਹੀ ਕੁਝ ਆਖਿਆ ਸੀ ਅਤੇ ਉਹ ਵੀ ਜੈਸਾ ਵਿਰੋਧੀਆਂ ਦੇ ਸਰਦਾਰ ਨੇ ਆਖਿਆ ਸੀ ਉਹੀ ਠੀਕ ਠਾਕ ਮਨ ਲਿਆ ਗਿਆ ਸੀ। ਇਹ ਤਰੀਕਾ ਬਿਲ ਪਾਸ ਕਰਨ ਦਾ ਸਹੀ ਨਹੀਂ ਸੀ ਅਤੇ ਇਸ ਲਈ ਅੱਜ ਮਾਨਯੋਗ ਅਦਾਲਤਾਂ ਵਿੱਚ ਇਹ ਮਾਮਲਾ ਆ ਗਿਆ ਹੈ ਜਿਥੇ ਹੁਣ ਉਹ ਕੁਝ ਸੁਣਿਆ ਜਾਵੇਗਾ, ਜਿਹੜਾ ਪਾਰਲੀਮੈਂਟ ਵਿੱਚ ਸੁਣਿਆ ਹੀ ਨਹੀਂ ਗਿਆ ਸੀ ਜਾਂ ਮਨ ਵਿੱਚ ਤਾਂ ਆ ਰਿਹਾ ਸੀ, ਪਰ ਬੋਲਤੀ ਬੰਦ ਸੀ।

ਇਹ ਤਰੀਕਾ ਹੈ ਤਾਂ ਐਸਾ ਜਿਹੜਾ ਸਾਡੇ ਵਿਧਾਨ ਵਿੱਚ ਲਿਖਿਆ ਹੋਇਆ ਨਹੀਂ ਹੈ। ਕਾਨੂੰਨ ਬਨਾਉਣ ਵਾਲੀ ਇਹ ਵੱਡੀ ਸੰਸਥਾ ਹੈ ਅਤੇ ਕੋਈ ਸਤ ਅੱਠ ਸੋ ਵਿਧਾਇਕ ਦੋਹਾਂ ਸਦਨਾਂ ਵਿੱਚ ਬੈਠੇ ਹਨ। ਇਹ ਅਸਾਂ ਕਰੋੜਾਂ ਲੋਕਾਂ ਦੇ ਚੁਣੇ ਹੋਏ ਹਨ ਅਤੇ ਸਿਆਣੇ ਮੰਨੇ ਗਏ ਹਨ। ਇਹ ਮੰਨ ਕੇ ਚਲਣਾ ਪੈਂਦਾ ਹੈ ਕਿ ਇਹ ਲੋਕਾਂ ਦੇ ਪ੍ਰਤੀਨਿਧ ਵੀ ਹਨ ਅਤੇ ਲੋਕਾਂ ਦੀ ਭਲਾਈ ਕਰਨ ਦਾ ਵਚਨ ਲੈ ਕੇ ਇਹ ਸਦਨਾਂ ਵਿੱਚ ਹਾਜ਼ਰ ਹੋਏ ਹਨ। ਇਹ ਮੰਨ ਕੇ ਚਲਣਾ ਪੈਂਦਾ ਹੈ ਕਿ ਜਿਹੜਾ ਵੀ ਕਾਨੂੰਨ ਇਹ ਬਣਾ ਰਹੇ ਹਨ ਉਹ ਲੋਕਾਂ ਦੀ ਭਲਾਈ ਲਈ ਹੈ। ਇਹ ਮਾਨਯੋਗ ਅਦਾਲਤਾਂ ਦਾ ਅਧਿਕਾਰ ਖੇਤਰ ਤਾਂ ਇਹ ਹੈ ਕਿ ਪਾਸ ਕੀਤੇ ਕਾਨੂੰਨ ਦੀ ਅਗਰ ਕਿਧਰੇ ਉਲੰਘਣਾ ਹੋ ਰਹੀ ਹੈ ਤਾਂ ਉਸ ਉਤੇ ਫੈਸਲਾ ਦੇਵੇ। ਇਹ ਕਾਨੂੰਨ ਠੀਕ ਠਾਕ ਪਾਸ ਹੋਇਆ ਹੈ ਜਾਂ ਵਿਧਾਨ ਦੀ ਉਲੰਘਣਾ ਹੈ ਇਹ ਮਜਬੂਰੀ ਹੈ ਇਸ ਉਤੇ ਵੀ ਮਾਨਯੋਗ ਅਦਾਲਤ ਨੂੰ ਫੈਸਲਾ ਦੇਣਾ ਪੈ ਰਿਹਾ ਹੈ ਅਤੇ ਅਗਰ ਐਸਾ ਹੀ ਸਿਲਸਿਲਾ ਹਰ ਵਾਰੀ ਅਪਨਾਇਆ ਜਾਂਦਾ ਤਾਂ ਇਸ ਮੁਲਕ ਵਿੱਚ ਅਜ਼ਾਦੀ ਅਤੇ ਇਸ ਪਰਜਾਤੰਤਰ ਵਿੱਚ ਕਿੰਨੇ ਹੀ ਬਣਾਏ ਗਏ ਕਾਨੂੰਨ ਅਤੇ ਪਾਸ ਕੀਤੇ ਗਏ ਹੁਕਮ ਵਿਚਾਰੇ ਜਾ ਸਕਦੇ ਸਨ ਅਤੇ ਪਤਾ ਨਹੀਂ ਫੈਸਲਾ ਕੀ ਆਉਣਾ ਸੀ। ਪਰ ਇਹ ਜਲਦੀ ਜਲਦੀ ਵਿੱਚ ਲਾਗੂ ਵੀ ਕਰ ਦਿੱਤੇ ਜਾਂਦੇ ਰਹੇ ਹਨ ਅਤੇ ਮਾਨਯੋਗ ਅਦਾਲਤਾਂ ਵਿੱਚ ਲਿਜਾਣ ਦਾ ਵਕਤ ਹੀ ਨਹੀਂ ਦਿੱਤਾ ਜਾਂਦਾ ਰਿਹਾ ਹੈ।

ਜਦ ਸਾਡੇ ਪਾਸ ਪਾਰਲੀਮੈਂਟ ਦੇ ਪਾਸ ਕੀਤੇ ਕਾਨੂੰਨ ਖਿਲਾਫ ਅਪੀਲ ਕਰਨ ਲਈ ਕੋਈ ਅਧਿਕਾਰੀ ਹੀ ਨਹੀਂ ਹੈ ਤਾਂ ਸਿਰਫ ਅਦਾਲਤ ਹੀ ਰਹਿ ਜਾਂਦੀ ਹੈ ਜਿਥੇ ਕਾਨੂੰਨ ਰੱਦ ਕਰਨ ਦੀ ਜਾਂ ਕੋਈ ਵਡੀ ਤਬਦੀਲੀ ਲਿਆਉਣ ਲਈ ਅਪੀਲ ਕੀਤੀ ਜਾ ਸਕਦੀ ਹੈ। ਇਹ ਗੱਲ ਹੈ ਤਾਂ ਮੰਦਭਾਗੀ ਪਰ ਬਹੁਤੀ ਲਾਜ਼ਮੀ ਬਣ ਗਈ ਹੈ। ਸੋ ਆਓ ਅਸੀਂ ਸਾਰੇ ਰਲਕੇ ਇਹ ਕਿਸਾਨਾਂ ਵਾਲਾ ਸੰਘਰਸ਼ ਕਿਸੇ ਤਰਾਂ ਖਤਮ ਕਰਾਈਏ ਅਤੇ ਉਡੀਕ ਕਰੀਏ ਸਾਡੀ ਮਾਨਯੋਗ ਸੁਪਰੀਮ ਕੋਰਟ ਕੀ ਫੈਸਲਾ ਕਰਦੀ ਹੈ।

***101-ਸੀ ਵਿਕਾਸ ਕਲੋਨੀ, ਪਟਿਆਲਾ-ਪੰਜਾਬ-ਭਾਰਤ-147001**

# ਲੋਕਤੰਤਰ ਲੋਕਾਂ ਦਾ, ਲੋਕਾਂ ਵਲੋਂ ਅਤੇ ਲੋਕਾਂ ਲਈ ਰਾਜ ਹੁੰਦਾ ਹੈ..

**ਹਰਮਨਪ੍ਰੀਤ ਸਿੰਘ**

9855010005

ਮੌਜੂਦਾ ਸਮੇਂ ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਖੇਤੀ ਕਾਨੂੰਨ ਰੱਦ ਕਰਾਉਣ ਲਈ ਆਪਣੇ-ਆਪਣੇ ਢੰਗ ਨਾਲ ਹਰ ਵਰਗ ਦੇ ਲੋਕ ਸੰਘਰਸ਼ ਕਰ ਰਹੇ ਹਨ। ਹੁਣ ਖੇਤੀ ਕਾਨੂੰਨਾਂ ਦੀ ਲੜਾਈ ਕਿਸਾਨਾਂ ਦੀ ਨਹੀਂ ਬਲਕਿ ਪੂਰੇ ਭਾਰਤ ਵਾਸੀਆਂ ਦੀ ਲੜਾਈ ਬਣਦੀ ਨਜਰ ਆ ਰਹੀ ਹੈ, ਕਿਸਾਨਾਂ ਵੱਲੋਂ ਸ਼ੁਰੂ ਕੀਤੀ ਤਿੰਨ ਖੇਤੀ ਕਾਨੂੰਨ ਰੱਦ ਕਰਾਉਣ ਦੀ ਲੜਾਈ ਵਿਚ ਮਜਦੂਰਾਂ ਅਤੇ ਨੌਜਵਾਨਾਂ ਦੀ ਪਹਿਲੇ ਦਿਨ ਤੋਂ ਹੀ ਸ਼ਮੂਲੀਅਤ ਨੇ ਕਿਸਾਨੀ ਅੰਦੋਲਨ ਨੂੰ ਮਜਬੂਤ ਕਰਨ ਵਿਚ ਵੱਡਾ ਯੋਗਦਾਨ ਪਾਇਆ ਹੈ। ਹੁਣ ਸਮਾਂ ਹੈ ਕਿ ਕਿਸਾਨ ਆਗੂ ਆਪਣੇ ਛੋਟੇ-ਮੋਟੇ ਆਪਸੀ ਮਤਭੇਦ ਮਿਟਾ ਅੰਦੋਲਨ ਦੀ ਮਜਬੂਤੀ ਲਈ ਨੌਜਵਾਨ ਵਰਗ, ਵਿਦਿਆਰਥੀ ਵਰਗ, ਮੁਲਾਜਮ ਵਰਗ, ਕਹਿਣ ਦਾ ਭਾਵ ਜੋ ਵੀ ਇਸ ਸੰਘਰਸ਼ ਵਿਚ ਨਾਲ ਆਉਣਾ ਚਾਹੁੰਦੇ ਹਨ ਉਨਾਂ ਨੂੰ 'ਜੀ ਆਇਆਂ' ਆਖ ਇਹ ਅੰਦੋਲਨ ਦੀ ਖਿੰਡਰੀ ਹੋਈ ਤਾਕਤ ਨੂੰ ਇਕੱਠਾ ਕਰਨ ਅਤੇ ਇਕ ਮੰਚ 'ਤੇ ਲਿਆਉਣ ਅਤੇ ਵਿਚਾਰ ਵਟਾਂਦਰਾ ਕਰ ਅਗਲੇ ਪ੍ਰੋਗਰਾਮ ਉਲੀਕ ਅੰਦੋਲਨ ਨੂੰ ਇਕ ਨਵੀਂ ਦਿਸ਼ਾ ਦੇਣ, ਕਿਉਂਕਿ ਇਹ ਕਿਸਾਨ ਅੰਦੋਲਨ ਹੁਣ ਸੀਮਿਤ ਨਹੀਂ ਰਿਹਾ, ਇਹ ਇਕ ਦੇਸ਼ ਵਿਆਪੀ ਅੰਦੋਲਨ ਬਣ ਚੁੱਕਾ ਹੈ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਹੀ ਨਹੀਂ ਬਲਕਿ ਪੂਰੇ ਦੇਸ਼ ਤੋਂ ਲੋਕ ਇਸ ਕਿਸਾਨ ਅੰਦੋਲਨ ਵਿਚ ਸਹਿਯੋਗ ਕਰਨ ਲਈ ਅੱਗੇ ਆ ਰਹੇ ਹਨ।

ਦਿੱਲੀ ਦੇ ਬਾਰਡਰਾਂ 'ਤੇ ਚੱਲ ਰਹੀਆਂ ਕਿਸਾਨ ਅੰਦੋਲਨ ਦੀਆਂ ਸਟੇਜਾਂ 'ਤੇ ਹਜ਼ਾਰਾਂ ਲੋਕਾਂ ਦਾ ਇਕੱਠ ਦਿਖਾਈ ਦੇ ਰਿਹਾ ਹੈ। ਦਿੱਲੀ ਦੇ ਬਾਰਡਰਾਂ 'ਤੇ ਕਿਸਾਨਾਂ, ਮਜਦੂਰਾਂ ਤੇ ਇਸ ਅੰਦੋਲਨ ਦਾ ਸਮਰਥਨ ਕਰਨ ਵਾਲੇ ਸਭ ਵਰਗਾ ਦੇ ਲੋਕਾਂ ਦੀ ਆਮਦ ਵਧ



ਗਈ ਹੈ, ਸਿੰਘੂ ਬਾਰਡਰ, ਟਿਕਰੀ ਬਾਰਡਰ ਅਤੇ ਗਾਜ਼ੀਪੁਰ ਬਾਰਡਰ ਦੀਆਂ ਸਟੇਜਾਂ ਨਵੇਂ ਜੋਸ਼, ਨਵੀਂ ਊਰਜਾ ਨਾਲ ਨਜ਼ਰ ਆ ਰਹੀਆਂ ਹਨ। ਕਿਉਂਕਿ ਹੁਣ ਸ਼ਹਿਰਾਂ ਦਾ ਮਿਡਲ ਕਲਾਸ ਵਰਗ ਜੋ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਲਾਗੂ ਹੋਣ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਵੇਗਾ ਉਸ ਦਾ ਵੱਡਾ ਹਿਸਾ ਜੋ ਘਰਾਂ ਵਿਚ ਬੈਠਾ ਸੀ ਹੁਣ ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਖੇਤੀ ਕਾਨੂੰਨ ਰੱਦ ਕਰਾਉਣ ਲਈ ਆਪਣਾ ਸਮਰਥਨ ਦੇਣ ਦੇ ਲਈ ਅੱਗੇ ਆ ਰਿਹਾ ਹੈ। ਕਿਉਂਕਿ ਹੁਣ ਸ਼ਹਿਰਾਂ ਦਾ ਮਿਡਲ ਕਲਾਸ ਵਰਗ ਇਹ ਜਾਣ ਚੁੱਕਾ ਹੈ ਕਿ ਜੇਕਰ ਇਹ ਤਿੰਨ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ ਤਾਂ ਆਉਣ ਵਾਲੇ ਸਮੇਂ ਬੇਰੋਜ਼ਗਾਰੀ ਤੇ ਮਹਿੰਗਾਈ ਦੀ ਮਾਰ ਸਭ ਤੋਂ ਵੱਧ ਮਿਡਲ ਕਲਾਸ ਵਰਗ 'ਤੇ ਹੀ ਪਏਗੀ। ਹੁਣ ਕਿਸਾਨੀ ਅੰਦੋਲਨ ਦਾ ਦਾਇਰਾ ਵੱਧਦਾ ਜਾ ਰਿਹਾ ਹੈ, ਕਿਸਾਨੀ ਅੰਦੋਲਨ ਹੁਣ ਇਕ ਲੋਕ ਲਹਿਰ ਦਾ ਰੂਪ ਲੈ ਚੁਕਾ ਹੈ। ਦਿੱਲੀ ਦੀਆਂ ਸਰਹੱਦਾਂ 'ਤੇ ਸ਼ਾਂਤਮਈ ਅੰਦੋਲਨ ਕਰਦੇ ਤਕਰੀਬਨ 100 ਦਿਨ ਤੋਂ ਵੱਧ ਹੋ ਚੱਲੇ ਹਨ, ਇਸ ਦੌਰਾਨ ਅੰਦੋਲਨ ਵਿਚ ਹੁਣ ਤੱਕ ਤਕਰੀਬਨ 200 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ ਅਤੇ ਲਗਾਤਾਰ ਸ਼ਾਂਤਮਈ ਅੰਦੋਲਨ ਕਰਦੇ ਹੋਏ ਹਰ ਦਿਨ ਕਿਸਾਨ ਸ਼ਹੀਦੀ ਪਾ ਰਹੇ ਹਨ। ਇਹ ਸਭ ਦੇਖ, ਸੁਣ ਕੇ ਮਨ ਬਹੁਤ ਉਦਾਸ ਹੋ ਜਾਂਦਾ ਹੈ ਤੇ ਇਹ ਸੋਚਦਾ ਹੈ, ਕਿ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਅਖਵਾਉਣ ਵਾਲੇ ਦੇਸ਼ ਵਿਚ ਸ਼ਾਂਤਮਈ ਅੰਦੋਲਨ ਕਰਦੇ ਦੇਸ਼ ਦੀ ਰਾਜਧਾਨੀ ਦਿੱਲੀ ਅੰਦਰ ਜਿਥੋਂ ਸਰਕਾਰ ਵੱਲੋਂ ਲੋਕਤੰਤਰ ਦੀ ਗੱਲ ਕੀਤੀ ਜਾਂਦੀ ਹੈ ਅੱਜ ਉਥੇ ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਖੇਤੀ ਕਾਨੂੰਨ ਰੱਦ ਕਰਾਉਣ ਲਈ ਕਿਸਾਨ ਅੰਦੋਲਨ ਵਿਚ ਸ਼ਾਂਤਮਈ ਸੰਘਰਸ਼ ਕਰਦੇ ਲੋਕ ਆਪਣੀਆਂ ਜਾਨਾਂ ਗੁਆ ਰਹੇ ਹਨ। ਕੀ ਹਰ ਦਿਨ ਹੋ ਰਹੀਆਂ ਇਹ ਮੌਤਾਂ ਕੇਂਦਰ ਸਰਕਾਰ ਨੂੰ ਦਿਖਾਈ ਨਹੀਂ ਦਿੰਦੀਆਂ? ਹਰ ਦੇਸ਼ਵਾਸੀ ਦੀ ਸੁਰੱਖਿਆ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ। ਕਿਸੇ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਰਹੇ ਇਬਰਾਹਿਮ ਲਿੰਕਨ ਨੇ ਲੋਕਤੰਤਰ ਬਾਰੇ ਕਿਹਾ ਸੀ, ਕਿ ਲੋਕਤੰਤਰ, ਲੋਕਾਂ ਦਾ, ਲੋਕਾਂ ਵਲੋਂ ਅਤੇ ਲੋਕਾਂ ਲਈ ਰਾਜ ਹੁੰਦਾ ਹੈ। ਮੌਜੂਦਾ ਸਮੇਂ ਇਬਰਾਹਿਮ ਲਿੰਕਨ ਦੀਆਂ ਇਹ ਸਤਰਾਂ ਸੋਚਣ ਲਈ ਮਜਬੂਰ ਕਰਦੀਆਂ ਹਨ। ਸਾਨੂੰ ਸਭ ਨੂੰ ਇਸ ਲੋਕਰਾਜ ਦੀ ਸੁਚੱਜੀ ਬਹਾਲੀ ਲਈ ਸੋਚਣਾ ਪਵੇਗਾ।

# ਪੂਰਾ ਸਾਲ ਚੱਲਣਗੇ 400ਵੇਂ ਪ੍ਰਕਾਸ਼ ਪੂਰਬ ਸਮਾਗਮ: ਪ੍ਰਧਾਨ ਮੰਤਰੀ ਨੇ ਕੀਤਾ ਦਾਅਵਾ

## ਕੈਪਟਨ ਵੱਲੋਂ ਪ੍ਰਧਾਨ ਮੰਤਰੀ ਅੱਗੇ 937 ਕਰੋੜ ਦੇ ਪ੍ਰੋਜੈਕਟ ਪੇਸ਼

**ਨਵੀਂ ਦਿੱਲੀ/ਏ.ਟੀ.ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਿੱਖਾਂ ਦੇ ਨੌਵੇਂ ਗੁਰੂ ਗੁਰੂ ਤੇਗ਼ ਬਹਾਦਰ ਦਾ 400ਵਾਂ ਪ੍ਰਕਾਸ਼ ਪੁਰਬ ਮਨਾਉਣਾ ਨਾ ਸਿਰਫ਼ ਅਧਿਆਤਮਕ ਸੁਭਾਗ ਹੈ ਬਲਕਿ ਇਹ ਕੌਮੀ ਫ਼ਰਜ਼ ਵੀ ਬਣਦਾ ਹੈ। ਨੌਵੇਂ ਸਿੱਖ ਗੁਰੂ ਦੇ 400ਵੇਂ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਲਈ ਸਥਾਪਤ ਉੱਚ ਪੱਧਰੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੋਦੀ ਨੇ ਕਿਹਾ ਕਿ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਪੂਰਾ ਇਕ ਸਾਲ ਚੱਲਣਗੇ। ਉਨਾਂ ਕਿਹਾ ਕਿ ਇਹ ਪ੍ਰੋਗਰਾਮ/ਸਰਗਰਮੀਆਂ ਨਾ ਸਿਰਫ਼ ਗੁਰੂ ਤੇਗ਼ ਬਹਾਦਰ ਦੀ ਜ਼ਿੰਦਗੀ ਤੇ ਸਿੱਖਿਆਵਾਂ ਦਾ ਬਲਕਿ ਗੁਰੂ ਵੱਲੋਂ ਪਾਈਆਂ ਪਿਰਤਾਂ ਦਾ ਕੁੱਲ ਆਲਮ ’ਚ ਸੰਚਾਰ ਕਰਨਗੀਆਂ। ਸਿੱਖ ਭਾਈਚਾਰੇ ਤੇ ਗੁਰਦੁਆਰਿਆਂ ਵੱਲੋਂ ਪੂਰੇ ਵਿਸ਼ਵ ਵਿੱਚ ਕੀਤੀ ਜਾਂਦੀ ਸਮਾਜਿਕ ਸੇਵਾ ਦੀ ਸ਼ਲਾਘਾ ਕਰਦਿਆਂ ਮੋਦੀ ਨੇ ਸਿੱਖ ਰਵਾਇਤਾਂ ਤੇ ਇਸ ਦੇ ਵੱਖ-ਵੱਖ ਪਹਿਲੂਆਂ ਦੀ ਖੋਜ ਕਰਕੇ ਇਨਾਂ ਨੂੰ ਦਸਤਾਵੇਜ਼ੀ ਰੂਪ ਦਿੱਤਾ ਜਾਣਾ ਚਾਹੀਦਾ ਹੈ। ਵੀਡੀਓ ਕਾਨਫਰੰਸ ਰਾਹੀਂ ਹੋਈ ਇਸ ਬੈਠਕ ਵਿਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਕਮੇਟੀ ਦੇ ਹੋਰ ਮੈਂਬਰਾਂ ਨੇ ਹਿੱਸਾ ਲਿਆ। ਸ੍ਰੀ ਮੋਦੀ ਨੇ ਕਿਹਾ ਕਿ ਨੌਵੇਂ ਸਿੱਖ ਗੁਰੂ ਨੇ ਰਾਸ਼ਟਰ ਸੇਵਾ ਦੇ ਨਾਲ-ਨਾਲ ਜੀਵ ਸੇਵਾ ਦਾ ਰਸਤਾ ਵਿਖਾਇਆ ਅਤੇ ਬਰਾਬਰੀ, ਸਦਭਾਵਨਾ ਅਤੇ ਤਿਆਗ ਦਾ ਮੰਤਰ ਦਿੱਤਾ ਹੈ, ਜਿਸ ਨੂੰ ਦੇਸ਼ ਦੇ ਹਰ ਨਾਗਰਿਕ ਤੱਕ ਪੁੱਜਦਾ ਕਰਨਾ ਕੌਮੀ ਫਰਜ਼ ਹੈ। ਉਨਾਂ ਕਿਹਾ ਕਿ ਸਿੱਖ ਗੁਰੂ ਦੀ ਰਵਾਇਤ ਆਪਣੇ ਆਪ ਵਿੱਚ ਜ਼ਿੰਦਗੀ ਦਾ ਮੁਕੰਮਲ ਫ਼ਲਸਫ਼ਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਚੰਗੇ ਭਾਗਾਂ ਨੂੰ ਉਨਾਂ ਦੀ ਸਰਕਾਰ ਨੂੰ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ, ਗੁਰੂ ਤੇਗ਼ ਬਹਾਦਰ ਦਾ 400 ਪ੍ਰਕਾਸ਼_ਰਬ ਤੇ ਗੁਰੂ ਗੋਬਿੰਦ ਸਿੰਘ ਦਾ 340ਵਾਂ ਪ੍ਰਕਾਸ਼ ਪੁਰਬ ਮਨਾਉਣ ਦਾ ਮੌਕਾ ਮਿਲਿਆ ਹੈ। ਉਨਾਂ ਕਿਹਾ ਕਿ ਗੁਰੂ ਦੀਆਂ ਸਿੱਖਿਆਵਾਂ ਨੂੰ ਸਾਂਝੀਆਂ ਕਰਨ ਦਾ ਅਧਿਆਤਮਕ ਸੁਭਾਗ ਪ੍ਰਾਪਤ ਹੋਇਆ ਹੈ, ਜੋ ਕੌਮੀ ਫ਼ਰਜ਼ ਵੀ ਹੈ। ਉਨਾਂ ਕਿਹਾ ਕਿ ਨੌਜਵਾਨ ਪੀੜੀ ਨੂੰ ਇਨਾਂ ਸਿੱਖਿਆਵਾਂ ਬਾਰੇ ਦੱਸਣਾ ਅਹਿਮ ਹੈ ਤੇ ਡਿਜੀਟਲ ਮਾਧਿਅਮ ਰਾਹੀਂ ਨਵੀਂ ਪੀੜੀ ਤੱਕ ਪੁੱਜਣਾ ਕਾਫ਼ੀ ਸੌਖਾ ਹੈ। ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਗੁਰੂ ਤੇਗ਼ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਉਲੀਕਣ, ਨੀਤੀਆਂ ਤੇ ਵੱਖ ਵੱਖ ਯੋਜਨਾਵਾਂ ਨੂੰ ਪ੍ਰਵਾਨਗੀ ਦੇਣ ਲਈ ਪਿਛਲੇ ਸਾਲ 24 ਅਕਤੂਬਰ ਨੂੰ ਇਕ ਕਮੇਟੀ ਦਾ ਗਠਨ ਕੀਤਾ ਸੀ। ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਇਸ ਕਮੇਟੀ ਵਿੱਚ 70 ਮੈਂਬਰ ਹਨ। ਦੂਸਰੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਜੈਕਟਾਂ ਦੇ ਹਵਾਲੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਦੇ 937 ਕਰੋੜ ਦੇ ਵੱਖੋ-ਵੱਖਰੇ ਪ੍ਰੋਜੈਕਟਾਂ ਸਬੰਧੀ ਤਜਵੀਜ਼ਾਂ ਨੂੰ ਪ੍ਰਵਾਨਗੀ ਦਿੱਤੀ ਜਾਵੇ। ਪ੍ਰਧਾਨ ਮੰਤਰੀ ਵੱਲੋਂ 400 ਸਾਲਾ ਪ੍ਰਕਾਸ਼ ਪੁਰਬ ਦੇ ਜਸ਼ਨਾਂ ਸਬੰਧੀ ਯੋਜਨਾਵਾਂ ਨੂੰ ਅੰਤਿਮ ਰੂਪ ਦੇਣ ਲਈ ਸੱਦੀ ਗਈ ਉੱਚ ਪੱਧਰੀ ਕੌਮੀ ਕਮੇਟੀ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਪੰਜਾਬ ਨੇ ਵਰਚੁਅਲ ਤੌਰ ’ਤੇ ਸ਼ਿਰਕਤ ਕੀਤੀ। ਮੁੱਖ ਮੰਤਰੀ ਨੇ ਤਜਵੀਜ਼ਤ ਪ੍ਰੋਜੈਕਟਾਂ ਦੇ ਵੇਰਵੇ ਵੀ ਸਾਂਝੇ ਕੀਤੇ, ਜਿਨਾਂ ’ਚ ਸ੍ਰੀ ਆਨੰਦਪੁਰ ਸਾਹਿਬ ਨੂੰ ਸਮਾਰਟ ਸਿਟੀ ਵਜੋਂ ਵਿਕਸਤ ਕਰਨਾ, ਗੁਰੂ ਸਾਹਿਬ ਦੇ ਜੀਵਨ ਨਾਲ ਜੁੜੇ ਅੰਮ੍ਰਿਤਸਰ, ਸ੍ਰੀ ਆਨੰਦਪੁਰ ਸਾਹਿਬ, ਬਾਬਾ ਬਕਾਲਾ ਤੋਂ ਇਲਾਵਾ 78 ਪਿੰਡਾਂ ਦੇ ਢਾਂਚੇ ਵਿੱਚ ਸੁਧਾਰ ਕਰਨ ਦੀ ਯੋਜਨਾ ਸ਼ਾਮਲ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਤਜਵੀਜ਼ਾਂ ਵਿੱਚ ਸ੍ਰੀ ਆਨੰਦਪੁਰ ਸਾਹਿਬ, ਅੰਮ੍ਰਿਤਸਰ ਅਤੇ ਬਾਬਾ ਬਕਾਲਾ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਪ੍ਰਾਜੈਕਟਾਂ ਤੋਂ ਇਲਾਵਾ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਸੂਬੇ ਦੇ 78 ਪਿੰਡਾਂ ਵਿੱਚ ਛੱਪੜਾਂ ਅਤੇ ਰਵਾਇਤੀ ਜਲ ਸਰੋਤਾਂ ਦੀ ਹਾਲਤ ਵਿੱਚ ਸੁਧਾਰ ਕਰਨਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਕੂਲ ਆਫ਼ ਟੈਕਸਟਾਈਲ ਤਕਨਾਲੋਜੀ ਅਤੇ ਬਾਬਾ ਬਕਾਲਾ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ਼ ਹੈਂਡੀਕਰਾਫਟ ਸਥਾਪਤ ਕਰਨਾ ਵੀ ਸ਼ਾਮਲ ਹੈ।

ਅਮਰਿੰਦਰ ਸਿੰਘ ਨੇ ਇਸ ਮੌਕੇ ਵਿਸ਼ੇਸ਼ ਯਾਦਗਾਰੀ ਡਾਕ ਟਿਕਟ ਜਾਰੀ ਕੀਤੇ ਜਾਣ ਦੀ ਮੰਗ ਵੀ ਰੱਖੀ। ਉਨਾਂ ਸੁਝਾਅ ਦਿੱਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਦੇ ਜੀਵਨ ਸੁਨੇਹੇ ਨੂੰ ਦੁਨੀਆ ਦੇ ਕੋਨੇ-ਕੋਨੇ ਵਿੱਚ ਪਹੁੰਚਾਉਣ ਲਈ ਦੇਸ਼ ਤੋਂ ਇਲਾਵਾ ਵਿਦੇਸ਼ਾਂ ਦੇ ਸਾਰੇ ਭਾਰਤੀ ਮਿਸ਼ਨਾਂ ਵਿੱਚ ਯਾਦਗਾਰੀ ਸਮਾਗਮ ਕਰਵਾਏ ਜਾਣੇ ਚਾਹੀਦੇ ਹਨ। ਮੁੱਖ ਮੰਤਰੀ ਨੇ ਇਹ ਇਤਿਹਾਸਕ ਜਸ਼ਨ ਆਲਮੀ ਪੱਧਰ ’ਤੇ ਮਨਾਏ ਜਾਣ ਦੀ ਮੰਗ ਰੱਖੀ। ਮੁੱਖ ਮੰਤਰੀ ਨੇ ਇਹ ਵੀ ਜਾਣਕਾਰੀ ਦਿੱਤੀ ਕਿ 1 ਮਈ ਦੇ ਮੁੱਖ ਸਮਾਗਮ ਨੂੰ ਦੇਸ਼ ਅਤੇ ਖਾਸ ਕਰਕੇ ਪੰਜਾਬ ਵਿਚਲੀ ਕੋਵਿਡ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।

**ਅਮਰਿੰਦਰ ਵੱਲੋਂ ਪ੍ਰਧਾਨ ਮੰਤਰੀ ਦੀ ਪ੍ਰਸ਼ੰਸਾ**

ਮੁੱਖ ਮੰਤਰੀ ਨੇ ਮੀਟਿੰਗ ਦੌਰਾਨ ਕੇਂਦਰ ਸਰਕਾਰ ਦੀ ਪ੍ਰਸ਼ੰਸਾ ਕੀਤੀ। ਉਨਾਂ ਇਸ ਵਿਸਥਾਰਤ ਯੋਜਨਾਬੰਦੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕੀਤਾ। ਉਨਾਂ ਹਰਿਆਣਾ ਦੇ ਆਪਣੇ ਹਮਰੁਤਬਾ ਮਨੋਹਰ ਲਾਲ ਵੱਲੋਂ ਸੂਬੇ ਵਿੱਚ ਯਾਦਗਾਰੀ ਜਸ਼ਨ ਮਨਾਏ ਜਾਣ ਦੇ ਦਿੱਤੇ ਭਰੋਸੇ ਦੀ ਸ਼ਲਾਘਾ ਕੀਤੀ। ਅਮਰਿੰਦਰ ਨੇ ਇਸ ਗੱਲੋਂ ਪ੍ਰਧਾਨ ਮੰਤਰੀ ਦੀ ਪ੍ਰਸ਼ੰਸਾ ਕੀਤੀ ਕਿ ਇਤਿਹਾਸਕ ਸਮਾਗਮਾਂ ਨੂੰ ਖੁਦ ਹੱਥਾਂ ’ਚ ਲਿਆ ਗਿਆ ਹੈ ਅਤੇ ਇਸ ਦੀ ਸਾਰੀ ਜ਼ਿੰਮੇਵਾਰੀ ਸੂਬਾ ਸਰਕਾਰਾਂ ’ਤੇ ਨਹੀਂ ਪਾਈ ਗਈ ਹੈ।

## ਆੜ੍ਹਤੀਆਂ ਰਾਹੀਂ ਅਦਾਇਗੀ..

**ਹੜਤਾਲ ਬਿਨਾਂ ਕੋਈ ਚਾਰਾ ਨਹੀਂ: ਕਾਲੜਾ**

ਫੈਡਰੇਸਨ ਆਫ ਆੜ੍ਹਤੀਆ ਐਸੋਸੀਏਸਨ ਦੇ ਪ੍ਰਧਾਨ ਵਿਜੈ ਕਾਲੜਾ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਕੋਰੀ ਨਾਂਹ ਨਾਲ ਆੜ੍ਹਤੀਆਂ ਨੂੰ ਵੱਡਾ ਝਟਕਾ ਲੱਗਾ ਹੈ। ਪੰਜਾਬ ਦੇ ਆੜ੍ਹਤੀਏ 10 ਅਪਰੈਲ ਤੋਂ ਮੰਡੀਆਂ ਬੰਦ ਕਰ ਕੇ ਹੜਤਾਲ ’ਤੇ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ 9 ਅਪਰੈਲ ਲਈ ਤਜਵੀਜਤ ਮੀਟਿੰਗ ਬਾਰੇ ਅਜੇ ਤੱਕ ਕੋਈ ਸੱਦਾ ਨਹੀਂ ਆਇਆ ਹੈ। ਉਨ੍ਹਾਂ ਕਿਹਾ ਕਿ ਜੇ ਪੰਜਾਬ ਸਰਕਾਰ ਨੇ ਆੜ੍ਹਤੀਆਂ ਅਤੇ ਕਿਸਾਨਾਂ ਦੇ ਹਿੱਤ ਸੁਰੱਖਿਅਤ ਰੱਖਣ ਲਈ ਕੋਈ ਠੋਸ ਫਾਰਮੂਲਾ ਨਾ ਕੱਢਿਆ ਤਾਂ ਉਨ੍ਹਾਂ ਕੋਲ ਵੀ ਹੜਤਾਲ ਤੋਂ ਬਿਨਾਂ ਕੋਈ ਚਾਰਾ ਨਹੀਂ ਬਚੇਗਾ। ਉਹ ਆਪਣੀਆਂ ਮੰਗਾਂ ਨੂੰ ਹੜਤਾਲ ਦੇ ਜ਼ਰੀਏ ਹੀ ਪੂਰਾ ਕਰਵਾਉਣ ਦੀ ਕੋਸ਼ਿਸ਼ ਕਰਨਗੇ ।ਦੱਸਣਯੋਗ ਹੈ ਕਿ ਇਸ ਫੈਸਲੇ ਨਾਲ ਕਿਸਾਨਾਂ ਦੇ ਨਾਲ ਨਾਲ ਆੜ੍ਹਤੀਆਂ ਨੂੰ ਵੀ ਨੁਕਸਾਨ ਹੋ ਰਿਹਾ ਹੈ

**ਹੋਰਾਂ ਵਾਂਗ ਪੰਜਾਬ ਵੀ ਕਰੇ ਸਿੱਧੀ ਅਦਾਇਗੀ: ਪਿਊਸ**

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕੇਂਦਰੀ ਖੁਰਾਕ ਮੰਤਰੀ ਪਿਊਸ ਗੋਇਲ ਨੇ ਮੀਟਿੰਗ ਦੌਰਾਨ ਆਖਿਆ ਕਿ ਜਦੋਂ ਬਾਕੀ ਸੂਬੇ ਸਿੱਧੀ ਅਦਾਇਗੀ ਕਰ ਰਹੇ ਹਨ ਤਾਂ ਪੰਜਾਬ ਨੂੰ ਸਿੱਧੀ ਅਦਾਇਗੀ ਕਰਨ ’ਚ ਕੀਹ ਦੱਕਤ ਹੈ। ਪਿਊਸ ਗੋਇਲ ਨੇ ਪੰਜਾਬ ਨੂੰ ਹੁਣ ਹੋਰ ਮੋਹਲਤ ਦੇਣ ਤੋਂ ਇਨਕਾਰ ਕਰ ਦਿੱਤਾ। ਪਤਾ ਲੱਗਾ ਹੈ ਕਿ ਪੰਜਾਬ ਦੇ ਮੰਤਰੀ ਸਮੂਹ ਨੇ ਕੇਂਦਰੀ ਮੰਤਰੀ ਅੱਗੇ ਸਿੱਧੀ ਅਦਾਇਗੀ ਨੂੰ ਕਿਸਾਨਾਂ ਦੀ ਮਰਜੀ ’ਤੇ ਛੱਡ ਦੇਣ ਦਾ ਬਦਲ ਵੀ ਰੱਖਿਆ। ਕੇਂਦਰ ਸਰਕਾਰ ਨੇ ਹਾਲਾਂਕਿ ਇਸ ਸੁਝਾਅ ਨੂੰ ਮੰਨਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਕੇਂਦਰ ਸਰਕਾਰ ਦੀਆਂ ਅਜਿਹੀਆਂ ਰਣਨੀਤੀਆਂ ਆਮ ਇਨਸਾਨ ਤੇ ਲਗਾਤਾਰ ਭਾਰੂ ਪੈ ਰਹੀਆਂ ਹਨ । ਦੇਸ਼ ਵਿੱਚ ਵਧਦੀ ਬੇਰੁਜਗਾਰੀ ਦੇ ਨਾਲ ਨਾਲ ਹੁਣ ਉਹ ਆਮ ਆਦਮੀ ਵੀ ਬੇਰੁਜਗਾਰ ਹੋ ਰਿਹਾ ਹੈ ਜਿਸ ਕੋਲ ਪਹਿਲਾਂ ਕੋਈ ਆਪਣਾ ਰੋਜਗਾਰ ਸੀ ।ਅਜਿਹੀ ਬੇਰੁਜ਼ਗਾਰੀ ਦੇ ਨਾਲ ਨਾਲ ਮਜ਼ਦੂਰ ਕਿਸਾਨਾਂ ਅਤੇ ਆਮ ਆਦਮੀ ਉਪਰ ਆਰਥਿਕਤਾ ਦਾ ਬੋਝ ਪੈ ਜਾਣ ਨਾਲ ਰੋਸ ਮੁਜ਼ਾਹਰੇ ਲਗਾਤਾਰ ਦਿਨ ਪ੍ਰਤੀ ਦਿਨ ਵਧ ਰਹੇ ਹਨ ।

ਜਮੀਨੀ ਰਿਕਾਰਡ ਆਨਲਾਈਨ ਕਰਨ ਦਾ ਅਮਲ ਛੇ ਮਹੀਨੇ ਲਈ ਅੱਗੇ ਪਾਇਆ..

ਕੇਂਦਰ ਨੇ ਸਿੱਧੀ ਅਦਾਇਗੀ ਲਈ ਜਮੀਨੀ ਰਿਕਾਰਡ ਆਨਲਾਈਨ ਕਰਨ ਦੇ ਅਮਲ ਨੂੰ ਛੇ ਮਹੀਨੇ ਲਈ ਮੁਲਤਵੀ ਕਰ ਦਿੱਤਾ ਹੈ।

ਦੱਸਣਯੋਗ ਹੈ ਕਿ ਪੰਜਾਬ ਲੈਂਡ ਰਿਕਾਰਡਜ ਸੋਸਾਇਟੀ ਪੰਜਾਬ ਦੀ ਸਰਕਾਰ ਦੁਆਰਾ ਰਣਨੀਤੀਆਂ, ਨੀਤੀਆਂ, ਯੋਜਨਾਵਾਂ ਤਿਆਰ ਕਰਨ ਅਤੇ ਸੂਬਾ ਸਰਕਾਰ ਅਤੇ ਭਾਰਤ ਸਰਕਾਰ ਦੀ ਸਹਾਇਤਾ ਲਈ ਕੁਸਲ ਅਤੇ ਪ੍ਰਮੁਖ ਸੇਵਾਵਾਂ ਪ੍ਰਦਾਨ ਕਰਨ ਦੇ ਯਤਨ ਵਿੱਚ ਪੰਜਾਬ ਦੀ ਸਥਾਪਨਾ (ਸੋਸਾਇਟੀਜ ਐਕਟ, 1860 ਅਧੀਨ) ਇੱਕ ਸਮਾਜ ਹੈ.ਸੂਚਨਾ ਤਕਨਾਲੋਜੀ ਅਤੇ ਇਸਦੇ ਸਬੰਧਿਤ ਖੇਤਰਾਂ ਦੀ ਵਰਤੋਂ ਰਾਹੀਂ ਜਮੀਨੀ ਅਤੇ ਮਾਲੀਏ ਦੇ ਸਬੰਧ ਵਿੱਚ. ਪੰਜਾਬ ਲੈਂਡ ਰਿਕਾਰਡਜ ਸੋਸਾਇਟੀ (ਪੀ.ਐਲ.ਆਰ.ਐਸ.) ਦਾ ਮੁੱਖ ਉਦੇਸ ਨਾਗਰਿਕਾਂ ਦੇ ਸਮੁੱਚੇ ਲਾਭ ਲਈ ਪੰਜਾਬ ਦੇ ਜਮੀਨੀ ਰਿਕਾਰਡਾਂ ਅਤੇ ਸਬੰਧਤ ਦਸਤਾਵੇਜਾਂ ਦੇ ਕੰਪਿਊਟਰੀਕਰਨ ਅਤੇ ਕੰਪਿਊਟਰੀਕਰਨ ਦੇ ਅਮਲ ਦੀ ਨਿਗਰਾਨੀ ਅਤੇ ਕਈ ਆਮ ਵਰਤੋਂ ਦੇ ਬੁਨਿਆਦੀ ਢਾਂਚੇ ਦੇ ਜਰੀਏ ਭੂਮੀ ਰਿਕਾਰਡ ਨਾਲ ਸੰਬੰਧਿਤ ਸੇਵਾਵਾਂ ਪ੍ਰਦਾਨ ਕਰਨਾ ਹੈ. ਸੁਖਮਨੀ ਕੇਂਦਰਾਂ ਵਾਂਗ ਜਨਤਾ ਲਈ.ਇਹ ਸੁਸਾਇਟੀ ਇੱਕ ਰਾਜ ਪੱਧਰੀ ਸੰਸਥਾ ਹੈ ਜੋ ਵਿਸੇਸ ਤੌਰ ‘ਤੇ ਆਪਣੇ ਸਾਰੇ ਮਾਪਾਂ ਵਿੱਚ ਜਮੀਨੀ ਰਿਕਾਰਡ ਨੂੰ ਸੰਗਠਿਤ ਕਰਨ ਲਈ ਬਣਾਈ ਗਈ ਹੈ ਅਤੇ ਇਹ ਪੰਜਾਬ ਰਾਜ ਈ-ਗਵਰਨੈਂਸ ਸੁਸਾਇਟੀ (ਪੀ ਐਸ ਈ ਜੀ ਐਸ) ਦੇ ਸਮੁੱਚੇ ਨੀਤੀਗਤ ਢਾਂਚੇ ਦੇ ਅਧੀਨ ਕੰਮ ਕਰੇਗੀ.ਸੁਸਾਇਟੀ ਦੇ ਮੁੱਖ ਦਫਤਰ ਜਮੀਨੀ ਰਿਕਾਰਡਾਂ, ਪੰਜਾਬ, ਕਪੂਰਥਲਾ ਰੋਡ, ਜਲੰਧਰ ਸਹਿਰ, ਪੰਜਾਬ, ਭਾਰਤ ਦੇ ਡਾਇਰੈਕਟਰ ਦੇ ਦਫਤਰ ਵਿਚ ਸਥਿਤ ਹੈ.

## ਮੋਦੀਕਿਆਂ ਦਾ ਰਾਜਨੀਤਕ...

ਇਸ ਅਸਲੀਅਤ ਨੂੰ ਧਿਆਨ ਵਿਚ ਨਹੀਂ ਰਖਦੀ ਕਿ ਲੋਕ ਸਿਰਫ ਨਵੀਂ ਵਿਚਾਰਧਾਰਾ ਨਾਲ ਹੀ ਨਹੀਂ ਬਦਲ ਜਾਂਦੇ, ਬਲਕਿ ਬਚਪਨ ਵਿਚ ਉਹਨਾਂ ਦੇ ਅਵਚੇਤਨ ਵਿਚ ਬਣੇ ਸੰਕਲਪ ਉਹਨਾਂ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਸਮਾਜਵਾਦ ਸੁਤੇਸਿਧ ‘ਸਮਾਜਵਾਦੀ ਵਿਅਕਤੀ’ ਪੈਦਾ ਨਹੀਂ ਕਰਦਾ। ਸਮਾਜਵਾਦੀ ਮਨੁਖ ਬਣਨ ਲਈ ਤੁਹਾਨੂੰ ਖੁਦ ਨਾਲ ਸੰਘਰਸ਼ ਕਰਨਾ ਪੈਂਦਾ ਹੈ।”

ਕੋਬਾਡ ਘਾਂਡੀ ਨੇ ਇਸ ਸਚ ਦੀ ਵੀ ਸ਼ਨਾਖਤ ਕੀਤੀ ਹੈ, ਕਿ “ਅਸਲ ਵਿਚ 1980 ਵਿਆਂ ਵਿਚ ਕਾਂਗਰਸ ਨੇ ਖੁਦ ਹੀ ਹਿੰਦੁਤਵੀ ਕਾਰਡ ਖੇਡਣਾ ਆਰੰਭ ਕਰ ਦਿਤਾ ਸੀ। ਬਾਬਰੀ ਮਸਜਿਦ ਦੇ ਬੰਦ ਦਰਵਾਜੇ ਖੋਲ੍ਹਣਾ, ਸਿਖਾਂ ਦੀ ਮਾਰਮਰਾਈ, ਇੰਦਰਾਂ ਗਾਂਧੀ ਦੀ ਮੌਤ ਤੋਂ ਬਾਅਦ ਸਿਖਾਂ ਦੇ ਹੋਏ ਕਤਲ ਅਤੇ ਹੋਰ ਅਜਿਹਾ ਕਈ ਕੁਝ ਵਾਪਰਿਆ। ਅਸੀਂਵਿਆਂ ਵਿਚ ਹੀ ਨਵ-ਉਦਾਰਵਾਦੀ ਆਰਿਥਕਤਾ ਦਾ ਦੌਰ ਆਰੰਭ ਹੋਇਆ ਅਤੇ ਉਦੋਂ ਜਿਹੇ ਹੀ ਆਰੰਭ ਹੋਏ ਟੀ ਵੀ ਉਤੇ ਰਾਮਾ ਨੰਦ ਸਾਗਰ ਦੇ ਰਾਮਾਇਣ ਬਾਰੇ ਪ੍ਰੋਗਰਾਮ ਸ਼ੁਰੂ ਹੋਏ। ਇਸ ਸਾਰੇ ਕੁਝ ਨੇ ਆਉਣ ਵਾਲੇ ਸਮੇਂ ਲਈ ਮਾਹੌਲ ਤਿਆਰ ਕਰ ਦਿਤਾ ਸੀ। ਆਰਿਥਕ ਮਾਹਿਰ ਹੋਣ ਦੇ ਨਾਤੇ ਮੈਨੂੰ ਪ੍ਰਭਾਵ ਬਣਿਆ ਕਿ ਇਹ ਦੋਵੇਂ ਵਰਤਾਰੇ ਇਕ-ਦੂਜੇ ਨਾਲ ਸਬੰਧਤ ਸਨ।... ਦੇਸ ਨੂੰ ਦਰਪੇਸ਼ ਆਰਥਿਕ ਸੰਕਟ ਵਲੋਂ ਮਜਦੂਰਾਂ ਅਤੇ ਕਿਸਾਨਾਂ ਦਾ ਧਿਆਨ ਲਾਂਭੇ ਹਟਾਉਣ ਲਈ ਫਿਰਕੂ ਵੰਡ ਲਾਜਮੀ ਸੀ ਅਤੇ ਜੇ ਤੁਸੀਂ ਇਸ ਨੂੰ ਇਤਿਹਾਸਕ ਪ੍ਰਸੰਗ ਵਿਚ ਰਖ ਕੇ ਵੇਖੋ ਤਾਂ ਕਾਂਗਰਸ ਨੇ ਇਹ ਖੇਡ ਖੇਡਣ ਵਿਚ ਵਡਾ ਰੋਲ ਨਿਭਾਇਆ।”

ਇਸ ਪ੍ਰਸੰਗ ਵਿਚ ਰਾਅ ਦੇ ਵਿਸ਼ੇਸ਼ ਸਕਤਰ ਸ੍. ਜੀ ਬੀ ਐਸ ਸਿਧੂ ਦੀ ਕਿਤਾਬ ‘ਖਾਲਿਸਤਾਨ ਇਕ ਸਾਜਿਸ਼’ ਵਿਚ ਪ੍ਰਗਟ ਕੀਤੀ ਇਹ ਸਚਾਈ ਕਿਨੀ ਯਥਾਰਥ ਦੇ ਨੇੜੇ ਹੈ, ਕਿ ਇੰਦਰਾਂ ਗਾਂਧੀ 1981 ਤੋਂ ਹੀ ਖਾਲਿਸਤਾਨ ਦਾ ਬਿਰਤਾਂਤ ਘੜ ਕੇ ਐਮਰਜੈਂਸੀ ਵਿਰੁਧ ਲਾਏ ਗਏ ਮੋਰਚੇ ਦਾ ਸਿਖਾਂ ਨੂੰ ਸਬਕ ਸਿਖਾਉਣ ਲਈ ਮਨ ਬਣਾਈ ਬੈਠੀ ਸੀ। ਸਿਧੂ ਦੇ ਕਥਨ ਅਨੁਸਾਰ, “ਇਕ ਨਿਰੋਲ ਝੂਠ ਘੜ ਕੇ ਭਾਰਤ ਦੇ ਲੋਕਾਂ ਨੂੰ ਇਹ ਯਕੀਨ ਦਿਵਾਇਆ ਗਿਆ ਕਿ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਰਹਿੰਦੇ ਪਰਦੇਸੀ ਸਿਖਾਂ ਦਾ ਵਡਾ ਹਿਸਾ ਖਾਲਿਸਤਾਨ ਪਖੀ ਭਾਵਨਾਵਾਂ ਰਖਦਾ ਹੈ।”

ਤੇ ਮੋਦੀ ਸ਼ਾਹ ਸਰਕਾਰ ਇਹਨਾਂ ਹੀ ਲੋਕ ਮਾਰੂ ਨੀਤੀਆਂ ਦੀ ਨਿਰੰਤਰਤਾ ਹੈ। ਫਰਕ ਸਿਰਫ ਏਨਾ ਪਿਆ ਹੈ ਕਿ ਆਰਥਿਕ ਸੰਕਟ ਦਾ ਹੱਲ ਪਹਿਲਾਂ ਸਿਰਫ ਕਰੋੜਾਂ ਗਰੀਬ ਮਜਦੂਰਾਂ ਦੀ ਬੇਰਹਿਮ ਆਰਥਿਕ ਲੁਟ ਕਰਨ ਤਕ ਸੀਮਤ ਸੀ, ਪਰ ਦੇਸ ਨੂੰ ਦਰਪੇਸ਼ ਅਜੋਕੇ ਆਰਥਿਕ ਸੰਕਟ ਦੇ ਹਲ ਲਈ ਸਮੁਚੇ ਮਧ ਵਰਗ ਦੇ ਨਾਲ ਨਾਲ ਕਿਸਾਨੀ ਵੀ ਇਸ ਵਹਿਸ਼ੀ ਲੁਟ ਦੇ ਕਲਾਵੇ ਵਿਚ ਆ ਗਈ ਹੈ। ਹੁਣ ਕੁਝ ਗਿਣਤੀ ਦੇ ਕਾਰਪੋਰੇਟ ਘਰਾਣਿਆਂ ਨੂੰ ਛਡ ਕੇ ਬਾਕੀ ਸਾਰੀ ਲੁਕਾਈ ਹੀ ਇਸ ਅੰਨ੍ਹੀ ਲੁਟ ਦਾ ਸ਼ਿਕਾਰ ਹੈ। ਇਸ ਪ੍ਰਸੰਗ ਵਿਚ ਹੀ ਕਿਸਾਨ ਅੰਦੋਲਨ ਨੂੰ ਦੇਸ ਭਰ ਵਿਚੋਂ ਮਿਲਿਆ ਹੁੰਗਾਰਾ ਸਮਝ ਵਿਚ ਆਉਂਦਾ ਹੈ। ਜਿਸ ਢੰਗ ਨਾਲਂ ਬੰਗਾਲ ਅਤੇ ਆਸਾਮ ਦੀਆਂ ਚੋਣਾਂ ਲੜੀਆ ਜਾ ਰਹੀਆ ਹਨ ਅਤੇ ਜਿਵੇਂ ਪੰਜਾਬ ਅਤੇ ਹਰਿਆਣੇ ਵਿਚ ਕਣਕ ਦੀ ਖਰੀਦ ਵਿਚ ਜਾਣ ਬੁਝ ਕੇ ਰੁਕਾਵਟਾਂ ਪੈਦਾ ਕੀਤੀਆ ਜਾ ਰਹੀਆ ਹਨ, ਇਸ ਤੋਂ ਸਪਸ਼ਟ ਹੈ ਕਿ ਦੇਸ ਨੂੰ ਇਕ ਵਡੀ ਅਨਾਰਕੀ ਵਲ ਧਕਿਆ ਜਾ ਰਿਹਾ ਹੈ। ਇਕ ਪਾਸੇ ਕੁਲ ਲੁਕਾਈ ਹੈ ਅਤੇ ਦੂਜੇ ਪਾਸੇ ਕੁਝ ਕਾਰਪੋਰੇਟ ਘਰਾਣੇ ਤੇ ਉਹਨਾਂ ਦੀ ਪਿਠ ਪਿਛੇ ਖੜੀ ਮੋਦੀ ਸਰਕਾਰ ਹੈ।

ਕਿਸਾਨ ਅੰਦੋਲਨ ਬਾਰੇ ਕੋਬਾਡ ਘਾਂਡੀ ਦੀ ਟਿਪਣੀ ਹੈ, “ਕਿਸਾਨਾਂ ਵਲ ਵੇਖੋ, ਲਖਾਂ ਕਿਸਾਨ ਇਸ ਸੰਘਰਸ਼ ਵਿਚ ਹਿਸਾ ਲੈ ਰਹੇ ਹਨ। ਪਰ ਹੁਣ ਤਕ ਕੋਈ ਵੀ ਰਾਜਸੀ ਮੰਚ ਐਸਾ ਨਹੀਂ, ਜਿਹੜਾ ਇਸ ਸੰਘਰਸ਼ ਨੂੰ ਠੀਕ ਦਿਸ਼ਾ ਦੇ ਸਕੇ। ਕਿਸਾਨ ਆਗੂ ਬਹੁਤੀਆਂ ਟਰੇਡ ਯੂਨੀਅਨਾਂ ਵਾਂਗ ਆਪਣੇ ਰਾਜਸੀ ਨਾ ਹੋਣ ਉਤੇ ਮਾਣ ਮਹਿਸੂਸ ਕਰਦੇ ਹਨ, ਜਿਵੇਂ ਕਿ ਸਾਡੇ ਸਮਿਆਂ ਵਿਚ ਵੀ ਟਰੇਡ ਯੂਨੀਅਨ ਲਹਿਰਾਂ ਕਰਿਆ ਕਰਦੀਆ ਸਨ। ਪਰ ਮੈਂ ਮਹਿਸੂਸ ਕਰਦਾ ਹਾਂ ਕਿ ਜਿਨਾ ਚਿਰ ਕੋਈ ਰਾਜਸੀ ਮੰਚ ਨਹੀਂ ਬਣਦਾ, ਇਹ ਸਾਰਾ ਕੁਝ ਅਜਾਂਈ ਜਾਏਗਾ। ਮੈਂ ਆਪਣੇ ਸਮੇ ਵਿਚ ਬਹੁਤ ਸਾਰੀਆਂ ਜਨਤਕ ਲਹਿਰਾਂ ਨਾਲ ਅਜਿਹਾ ਕੁਝ ਵਾਪਰਦਾ ਵੇਖਿਆ ਹੈ। ਇਹੀ ਉਹ ਗਲਤੀ ਹੈ, ਜਿਹੜੀ ਚੋਣਾਂ ਦਾ ਬਾਈਕਾਟ ਕਰ ਕੇ ਨਕਸਲੀਆਂ ਨੇ ਕੀਤੀ ਹੈ। ਬਾਈਕਾਟ ਸਿਰਫ ਚੋਣਾਂ ਲੜ ਰਹੀਆ ਧਿਰਾਂ ਵਿਚਲੀ ਸਭ ਤੋਂ ਵਧੇਰੇ ਪਿਛਾਂਹ ਖਿਚੂ ਧਿਰ ਨੂੰ ਹੀ ਲਾਭ ਪਹੁੰਚਾਉਂਦਾ ਹੈ।”






# ਸਾਫ਼-ਸੁਥਰਾ ਵਾਤਾਵਰਨ ਮਨੁੱਖ ਦੇ ਭਵਿੱਖ ਲਈ ਜ਼ਰੂਰੀ

**ਡਾ. ਗੁਰਿੰਦਰ ਕੌਰ**
ਪ੍ਰੋਫੈਸਰ, ਜਿਓਗਰਾਫ਼ੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਹਰ ਸਾਲ 5 ਜੂਨ ਨੂੰ ਦੁਨੀਆਂ ਦੇ ਸਾਰੇ ਦੇਸ਼ 1972 ਵਿਚ ਕੁਦਰਤੀ ਵਾਤਾਵਰਨ ਨੂੰ ਬਚਾਉਣ ਅਤੇ ਸਾਫ਼-ਸੁਥਰਾ ਰੱਖਣ ਲਈ ਸਟਾਕਹੋਮ (ਸਵੀਡਨ) 'ਚ ਕੌਮਾਂਤਰੀ ਕਾਨਫਰੰਸ ਤੋਂ ਬਾਅਦ ਵਾਤਾਵਰਨ ਦਿਵਸ ਮਨਾਉਂਦੇ ਹਨ ਜਾਂ ਭਰਪੂਰ ਦਿਖਾਵੇ ਨਾਲ ਮਨਾਉਣ ਦੀ ਕੋਸ਼ਿਸ਼ ਕਰਦੇ ਦਿਖਾਈ ਵੀ ਦਿੰਦੇ ਹਨ। ਹਕੀਕਤ ਇਹ ਹੈ ਕਿ ਅਸੀਂ ਕੁਦਰਤੀ ਵਾਤਾਵਰਨ ਨੂੰ ਬਚਾਉਣ ਅਤੇ ਸਾਫ਼-ਸੁਥਰਾ ਰੱਖਣ ਲਈ ਕੁਝ ਵੀ ਨਹੀਂ ਕਰ ਰਹੇ। ਇਸ ਸਾਲ ਕਰੋਨਾਵਾਇਰਸ ਦਾ ਸੰਕਟ ਆਉਣ ਕਾਰਨ ਵਾਤਾਵਰਨ ਦਿਵਸ ਪਹਿਲਾਂ ਮਨਾਏ ਜਾ ਰਹੇ ਵਾਤਾਵਰਨ ਦਿਵਸਾਂ ਦੇ ਮੁਕਾਬਲੇ ਸਾਰੇ ਦੇਸ਼ਾਂ ਨੂੰ ਸਬਕ ਲੈ ਕੇ ਆਇਆ ਹੈ ਕਿ ਮਨੁੱਖਾਂ ਲਈ ਅਜੇ ਵੀ ਸਮਾਂ ਹੈ ਕਿ ਉਹ ਕੁਦਰਤੀ ਵਾਤਾਵਰਨ ਅਤੇ ਹਰ ਤਰਾਂ ਦੇ ਜੈਵਿਕਾਂ ਸਮੇਤ ਕੁਦਰਤੀ ਸਰੋਤਾਂ ਦੀ ਸੁਚੱਜੇ ਤਰੀਕੇ ਨਾਲ ਸੰਭਾਲ ਕਰਨ; ਉਨਾਂ ਨੂੰ ਉਨਾਂ ਦਾ ਬਣਦਾ ਹਿੱਸਾ ਦੇਣ ਨਹੀਂ ਤਾਂ ਕੁਦਰਤ ਦਾ ਸਿਸਟਮ ਇਸ ਨੂੰ ਆਪਣੇ ਆਪ ਦਰੁਸਤ ਕਰ ਲਵੇਗਾ, ਉਸ ਤੋਂ ਮਨੁੱਖਾਂ ਨੂੰ ਭਾਵੇਂ ਕਿੰਨਾ ਵੀ ਨੁਕਸਾਨ ਪਹੁੰਚੇ।

ਛੇ ਦਹਾਕੇ ਪਹਿਲਾਂ ਤਕਰੀਬਨ ਸਾਰੇ ਵਿਕਸਿਤ ਦੇਸ਼ ਖ਼ਾਸ ਕਰਕੇ ਇੰਗਲੈਂਡ, ਫ਼ਰਾਂਸ, ਜਰਮਨੀ, ਸਵੀਡਨ, ਨੀਦਰਲੈਂਡ, ਫਿਨਲੈਂਡ, ਅਮਰੀਕਾ, ਕੈਨੇਡਾ ਆਦਿ ਉਦਯੋਗਿਕ ਇਨਕਲਾਬ ਤੋਂ ਬਾਅਦ ਪੈਦਾ ਹੋਏ ਪ੍ਰਦੂਸ਼ਣ ਵਿਚ ਜਕੜੇ ਹੋਏ ਸਨ। ਇਨਾਂ ਦੇਸ਼ਾਂ ਦੇ ਦਰਿਆਵਾਂ ਦਾ ਪਾਣੀ ਪ੍ਰਦੂਸ਼ਿਤ ਹੋ ਚੁੱਕਿਆ ਸੀ ਜਿਸ ਨਾਲ ਬਿਮਾਰੀਆਂ ਫੈਲ ਰਹੀਆਂ ਸਨ। ਲੰਡਨ ਦੇ ਪ੍ਰਸਿੱਧ ਦਰਿਆ ਥੇਮਜ਼ ਦਾ ਪਾਣੀ ਇੰਨਾ ਗੰਦਾ ਹੋ ਚੁੱਕਿਆ ਸੀ ਕਿ ਉਸ ਗੰਦੇ ਪਾਣੀ ਨੂੰ ਸਿਆਹੀ ਦੇ ਤੌਰ ਉੱਤੇ ਵਰਤ ਕੇ ਲੋਕਾਂ ਨੇ ਸਰਕਾਰ ਨੂੰ ਦਰਿਆ ਦੇ ਪਾਣੀ ਨੂੰ ਸਾਫ਼ ਕਰਵਾਉਣ ਲਈ ਸ਼ਿਕਾਇਤ ਕੀਤੀ ਸੀ। ਇਸ ਤੋਂ ਇਲਾਵਾ ਇੰਗਲੈਂਡ ਦੇ ਇਸ ਸ਼ਹਿਰ ਨੇ ਉਨਾਂ ਸਮਿਆਂ ਵਿਚ ਹਵਾ ਦੇ ਪ੍ਰਦੂਸ਼ਣ ਦੀ ਵੀ ਕਾਫ਼ੀ ਮਾਰ ਹੰਢਾਈ। 1952 ਵਿਚ ਉਦਯੋਗਾਂ ਵਿਚ ਕੋਲੇ ਦੀ ਵਰਤੋਂ ਕਾਰਨ ਵਾਤਾਵਰਨ ਵਿਚ ਭਾਰੀ ਮਾਤਰਾ ਵਿਚ ਬਾਲਣ ਦੇ ਅੱਧਜਲੇ ਧੂੰਏਂ ਅਤੇ ਧੂੜ ਦੇ ਕਣਾਂ ਦੀ ਮੌਜੂਦਗੀ ਕਾਰਨ ਧੁਆਂਖੀ-ਧੁੰਦ (ਜੋ ਹਵਾ ਦਾ ਸਭ ਤੋਂ ਖ਼ਤਰਨਾਕ ਪ੍ਰਦੂਸ਼ਣ ਹੈ) ਦੇ ਪ੍ਰਦੂਸ਼ਣ ਕਾਰਨ ਇੰਗਲੈਂਡ ਵਿਚ ਸਾਹ ਘੁਟਣ ਨਾਲ 4000 ਲੋਕ ਇਕ ਹਫ਼ਤੇ ਵਿਚ ਅਤੇ 8000 ਲੋਕ ਇਸ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ ਕਾਰਨ ਅਗਲੇ ਦੋ ਮਹੀਨਿਆਂ ਵਿਚ ਮਰ ਗਏ ਸਨ। ਇਸੇ ਤਰਾਂ ਯੂਰਪ ਦੇ ਕਈ ਹੋਰ ਦੇਸ਼ ਵੀ ਇਸ ਸਮੇਂ ਦੌਰਾਨ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਦਾ ਸੰਤਾਪ ਝੱਲ ਰਹੇ ਸਨ।

ਅਮਰੀਕਾ ਅਤੇ ਕੈਨੇਡਾ ਵੀ ਉਨਾਂ ਦਿਨਾਂ ਵਿਚ ਉਦਯੋਗੀਕਰਨ ਤੋਂ ਪੈਦਾ ਹੋਏ ਪ੍ਰਦੂਸ਼ਣ ਕਾਰਨ ਤੇਜ਼ਾਬੀ ਵਰਖਾ, ਧੁਆਂਖੀ-ਧੁੰਦ ਅਤੇ ਪਾਣੀ ਦੇ ਪ੍ਰਦੂਸ਼ਣ ਦੇ ਕਹਿਰ ਦੀ ਮਾਰ ਝੱਲ ਰਹੇ ਸਨ। ਸਾਰੇ ਵਿਕਸਿਤ ਦੇਸ਼ ਜਦੋਂ ਹਰ ਤਰਾਂ ਦੇ ਪ੍ਰਦੂਸ਼ਣ ਤੋਂ ਤੰਗ ਆਏ ਹੋਏ ਸਨ, ਉਦੋਂ ਦੇ ਸਵੀਡਨ ਦੇ ਪ੍ਰਧਾਨ ਮੰਤਰੀ ਓਲਫ਼ ਪਾਲਮੇ ਨੇ ਸੰਯੁਕਤ ਰਾਸ਼ਟਰ ਨੂੰ ਲੋਕਾਂ ਨੂੰ ਸਾਫ਼-ਸੁਥਰਾ ਵਾਤਾਵਰਨ ਮੁਹੱਈਆ ਕਰਵਾਉਣ ਵਾਸਤੇ ਅਤੇ ਪ੍ਰਦੂਸ਼ਣ ਤੋਂ ਬਚਾਉਣ ਲਈ ਕੌਮਾਂਤਰੀ ਪੱਧਰ ਉੱਤੇ ਉਪਰਾਲੇ ਕਰਨ ਦਾ ਸੁਝਾਅ ਦਿੱਤਾ ਸੀ। ਉਨਾਂ ਦੇ ਸੁਝਾਅ ਉੱਤੇ ਅਮਲ ਕਰਦਿਆਂ 1969 ਵਿਚ ਵਾਤਾਵਰਨ ਬਾਰੇ ਕੌਮਾਂਤਰੀ ਪੱਧਰ ਉੱਤੇ ਕਾਨਫਰੰਸ ਕਰਵਾਉਣ ਦੀ ਵਿਉਂਤ ਬਣਾਈ ਗਈ ਅਤੇ ਇਸ ਬਾਰੇ ਤਿੰਨ ਸਾਲ ਬਾਅਦ 1972 ਵਿਚ ਸਵੀਡਨ ਦੇ ਸ਼ਹਿਰ ਸਟਾਕਹੋਮ ਵਿਚ 5 ਤੋਂ ਲੈ ਕੇ 16 ਜੂਨ ਤੱਕ ਕਾਨਫਰੰਸ ਹੋਈ ਜਿਸ ਨੂੰ ਸਟਾਕਹੋਮ ਕਾਨਫਰੰਸ/ਮਨੁੱਖੀ ਵਿਕਾਸ ਕਾਨਫਰੰਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਕਾਨਫਰੰਸ ਵਿਚ 119 ਦੇਸ਼ਾਂ ਦੇ ਨੁਮਾਇੰਦਿਆਂ ਅਤੇ 400 ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਨੇ ਭਾਗ ਲਿਆ ਸੀ। ਵਾਤਾਵਰਨ ਸਾਂਭ-ਸੰਭਾਲ ਬਾਰੇ ਇਹ ਪਹਿਲੀ ਕੌਮਾਂਤਰੀ ਕਾਨਫਰੰਸ ਸੀ। ਉਸ ਤੋਂ ਬਾਅਦ ਹਰ ਸਾਲ 5 ਜੂਨ ਨੂੰ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਵਾਤਾਵਰਨ ਦਿਵਸ ਮਨਾਇਆ ਜਾਣ ਲਗਿਆ।

ਇਸ ਕਾਨਫਰੰਸ ਦੌਰਾਨ 26 ਨੁਕਤਿਆਂ ਉੱਤੇ ਸਾਰੇ ਦੇਸ਼ਾਂ ਨੇ ਰਜ਼ਾਮੰਦੀ ਜ਼ਾਹਿਰ ਕੀਤੀ ਜਿਨਾਂ ਵਿਚੋਂ ਕੁਝ ਮੁੱਖ ਨੁਕਤੇ ਇਸ ਤਰਾਂ ਹਨ: ਕਿਸੇ ਵੀ ਦੇਸ਼ ਦੇ ਆਰਥਿਕ ਵਿਕਾਸ ਸਮੇਂ ਉੱਥੋਂ ਦੇ ਮਨੁੱਖਾਂ ਦੇ ਰਹਿਣ ਲਈ ਸਾਫ਼-ਸੁਥਰਾ ਵਾਤਾਵਰਨ ਹੋਣਾ ਜ਼ਰੂਰੀ ਹੈ। ਨਵਿਆਉਣਯੋਗ ਅਤੇ ਗ਼ੈਰ-ਨਵਿਆਉਣਯੋਗ ਕੁਦਰਤੀ ਸਾਧਨਾਂ ਦੀ ਵਰਤੋਂ ਇਸ ਤਰਾਂ ਕੀਤੀ ਜਾਵੇ ਜਿਸ ਨਾਲ ਵਰਤਮਾਨ ਜਨਸੰਖਿਆ ਦੀਆਂ ਲੋੜਾਂ ਨੂੰ ਪੂਰਾ ਕਰਦਿਆਂ ਹੋਇਆਂ ਭਵਿੱਖ ਦੀ ਜਨਸੰਖਿਆ ਦੀਆਂ ਲੋੜਾਂ ਸੁਖਾਲਿਆਂ ਪੂਰੀਆਂ ਹੋ ਜਾਣ। ਹਵਾ, ਪਾਣੀ, ਧਰਤੀ, ਬਨਸਪਤੀ ਅਤੇ ਹਰ ਪ੍ਰਕਾਰ ਦੇ ਜੀਵ-ਜੰਤੂਆਂ ਦੀ ਵਾਜਿਬ ਤਰੀਕੇ ਨਾਲ ਸਾਂਭ-ਸੰਭਾਲ ਲਈ ਕਮੇਟੀਆਂ ਬਣਾਈਆਂ ਜਾਣ। ਸਮੁੰਦਰਾਂ ਦੇ ਨਾਲ ਨਾਲ ਅਤੇ ਪਾਣੀ ਦੇ ਹੋਰ ਸਰੋਤਾਂ ਨੂੰ ਕੂੜੇਦਾਨਾਂ ਵਜੋਂ ਨਾ ਵਰਤਿਆ ਜਾਵੇ, ਸਗੋਂ ਉਨਾਂ ਦੀ ਸਾਂਭ-ਸੰਭਾਲ ਲਈ ਨਿਯਮ ਬਣਾ ਕੇ ਜਲ ਸਰੋਤਾਂ ਅਤੇ ਸਮੁੰਦਰੀ ਜੀਵ-ਜੰਤੂਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਵਿਕਸਿਤ ਦੇਸ਼ ਆਰਥਿਕ ਵਿਕਾਸ ਦੇ ਮੁੱਦੇ ਉੱਤੇ ਵਿਕਸਿਤ ਹੋ ਰਹੇ ਦੇਸ਼ਾਂ ਦੀ ਲੋੜ ਅਨੁਸਾਰ ਮਦਦ ਕਰਨ। ਆਰਥਿਕ ਵਿਕਾਸ ਲਈ ਵਿਗਿਆਨ ਅਤੇ ਤਕਨੀਕੀ ਗਿਆਨ ਨੂੰ ਵਾਤਾਵਰਨ ਦੀ ਸੁਰੱਖਿਆ ਲਈ ਵਰਤਣ ਲਈ ਵੀ ਕਿਹਾ ਗਿਆ ਸੀ।



ਕੌਮਾਂਤਰੀ ਪੱਧਰ ਉੱਤੇ ਭਾਵੇਂ ਵਾਤਾਵਰਨ ਬਾਰੇ ਇਹ ਪਹਿਲੀ ਕਾਨਫਰੰਸ ਸੀ ਅਤੇ ਇਸ ਦੇ ਹਰ ਨੁਕਤੇ ਵਿਚ ਵਜ਼ਨ ਵੀ ਸੀ ਪਰ ਜੇਕਰ ਪਿਛਲੇ 50 ਸਾਲਾਂ ਵਿਚ ਉਪਰਲੇ ਸਾਰੇ ਨੁਕਤਿਆਂ ਉੱਤੇ ਦੁਨੀਆਂ ਭਰ ਦੇ ਦੇਸ਼ਾਂ ਨੇ ਸੰਜੀਦਗੀ ਨਾਲ ਅਮਲ ਕੀਤਾ ਜਾਂਦਾ ਤਾਂ ਅੱਜ ਅਸੀਂ ਵਾਤਾਵਰਨ ਵਾਲੀਆਂ ਸਮੱਸਿਆਵਾਂ ਨਾਲ ਜੂਝ ਨਾ ਰਹੇ ਹੁੰਦੇ। ਜੇ ਅਸੀਂ ਪਹਿਲੇ ਨੁਕਤੇ ਤੋਂ ਹੀ ਗੱਲ ਸ਼ੁਰੂ ਕਰੀਏ ਕਿ ਹਰ ਇੱਕ ਮਨੁੱਖ ਨੂੰ ਰਹਿਣ ਲਈ ਸਾਫ਼-ਸੁਥਰਾ ਵਾਤਾਵਰਨ ਚਾਹੀਦਾ ਹੈ ਤਾਂ ਉਸ ਉੱਤੇ ਕਿੰਨਾ ਅਮਲ ਹੋਇਆ ਹੈ, ਉਸ ਬਾਰੇ ਸਾਨੂੰ ਥੋੜਾ ਜਿਹਾ ਜਾਣ ਲੈਣਾ ਚਾਹੀਦਾ ਹੈ ਕਿ ਵਿਸ਼ਵ ਸਿਹਤ ਸੰਸਥਾ ਦੀ 2016 ਵਾਲੀ ਇਕ ਰਿਪੋਰਟ ਅਨੁਸਾਰ, ਦੁਨੀਆਂ ਦੀ 90 ਫ਼ੀਸਦ ਅਬਾਦੀ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਂਦੀ ਹੈ। ਇਸ ਨਾਲ ਦੁਨੀਆਂ ਭਰ ਵਿਚ ਹਰ ਸਾਲ 70 ਲੱਖ ਲੋਕ ਸਮੇਂ ਤੋਂ ਪਹਿਲਾਂ ਵੱਖ ਵੱਖ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ।

ਹਵਾ ਤੋਂ ਬਾਅਦ ਪਾਣੀ ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਕੁਦਰਤੀ ਸਰੋਤ ਹੈ ਪਰ ਸਾਡੇ ਯੋਜਨਾਹੀਣ ਆਰਥਿਕ ਵਿਕਾਸ ਨਾਲ ਤਕਰੀਬਨ 70 ਫ਼ੀਸਦ ਕੁਦਰਤੀ ਜਲ ਸਰੋਤ, ਉਦਯੋਗਾਂ ਅਤੇ ਸੀਵਰੇਜ ਦੇ ਗੰਦੇ ਪਾਣੀ ਨਾਲ ਪ੍ਰਦੂਸ਼ਿਤ ਹੋ ਚੁੱਕੇ ਹਨ। ਵਿਸ਼ਵ ਸਿਹਤ ਸੰਸਥਾ ਦੀ 2017 ਦੀ ਰਿਪੋਰਟ ਅਨੁਸਾਰ, ਦੁਨੀਆਂ ਦੇ 2 ਅਰਬ ਲੋਕਾਂ ਨੂੰ ਪੀਣ ਲਈ ਪ੍ਰਦੂਸ਼ਿਤ ਪਾਣੀ ਮਿਲਦਾ ਹੈ ਅਤੇ ਇਸ ਨਾਲ ਹਰ ਸਾਲ 46 ਲੱਖ ਮੌਤਾਂ ਹੋ ਜਾਂਦੀਆਂ ਹਨ। ਭਾਰਤ ਵਿਚ ਹਰ ਸਾਲ 3 ਲੱਖ ਲੋਕ ਪ੍ਰਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਨਾਲ ਮਰ ਜਾਂਦੇ ਹਨ। ਵਾਤਾਵਰਨ ਵਾਲੀ ਪਹਿਲੀ ਕਾਨਫਰੰਸ ਵਿਚ ਪਹਿਲੀ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਸੀ ਕਿ ਹਰ ਮਨੁੱਖ ਦੇ ਰਹਿਣ ਲਈ ਸਾਫ਼-ਸੁਥਰਾ ਵਾਤਾਵਰਨ ਜ਼ਰੂਰੀ ਹੈ।

ਕੌਮਾਂਤਰੀ ਕਾਨਫਰੰਸਾਂ ਦੌਰਾਨ ਸਾਰੇ ਦੇਸ਼ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੇ ਵਧ ਚੜ ਕੇ ਵਾਅਦੇ ਕਰਦੇ ਅਤੇ ਉਨਾਂ ਉੱਤੇ ਪੁਖ਼ਤਾ ਰੂਪ ਵਿਚ ਅਮਲ ਹੋਇਆ ਦਿਖਾਉਣ ਦੀ ਕੋਸ਼ਿਸ਼ ਵੀ ਕਰਦੇ ਹਨ ਪਰ ਜੇ ਉਹ ਸੱਚਮੁੱਚ ਉਪਰਾਲੇ ਕਰ ਰਹੇ ਹੋਣ ਤਾਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਲਗਾਤਾਰ ਵਾਧਾ ਨਾ ਹੋ ਰਿਹਾ ਹੋਵੇ! ਹਾਂ, ਕਰੋਨਾਵਾਇਰਸ ਤੋਂ ਬਚਾਉ ਲਈ ਹੋਏ ਲੌਕਡਾਊਨ ਸਮੇਂ ਇਨਾਂ ਗੈਸਾਂ ਦੀ ਨਿਕਾਸੀ ਵਿਚ 17 ਫ਼ੀਸਦ ਕਮੀ ਆਈ ਹੈ। ਇਹ ਕੁਦਰਤ ਦੀ ਦੁਨੀਆਂ ਦੇ ਲੀਡਰਾਂ ਅਤੇ ਆਮ ਲੋਕਾਂ ਨੂੰ ਚਿਤਾਵਨੀ ਹੈ। ਇਸ ਲੌਕਡਾਊਨ ਦੌਰਾਨ ਭਾਰਤ ਦੀ ਹਵਾ ਅਤੇ ਦਰਿਆਵਾਂ ਦਾ ਪਾਣੀ ਵੀ ਸਾਫ਼ ਹੋ ਗਿਆ ਹੈ। ਇਸ ਤੋਂ ਪਹਿਲਾਂ ਗੰਗਾ ਤੇ ਜਮਨਾ ਦਾ ਪਾਣੀ ਜਿਸ ਨੂੰ ਸਰਕਾਰੀ ਯੋਜਨਾਵਾਂ ਕਰੋੜਾਂ ਰੁਪਏ ਖ਼ਰਚ ਕੇ ਵੀ ਸਾਫ਼ ਨਹੀਂ ਕਰ ਸਕੀਆਂ ਸਨ, ਉਹ ਵੀ ਲੌਕਡਾਊਨ ਸਮੇਂ ਸਾਫ਼ ਹੋਣ ਲੱਗ ਪਿਆ ਕਿਉਂਕਿ ਇਸ ਵਿਚ ਉਦਯੋਗਿਕ ਇਕਾਈਆਂ ਦਾ ਗੰਦਾ ਪਾਣੀ ਪੈਣਾ ਬੰਦ ਹੋ ਗਿਆ। ਇਸ ਤੋਂ ਪਤਾ ਲੱਗਦਾ ਹੈ ਕਿ ਉਦਯੋਗਾਂ ਲਈ ਬਣਾਏ ਵਾਤਾਵਰਨ ਸ਼ੁੱਧਤਾ ਕਾਨੂੰਨ ਸਰਕਾਰ ਸਖ਼ਤੀ ਨਾਲ ਲਾਗੂ ਕਰ ਨਹੀਂ ਰਹੀ।

ਵਾਤਾਵਰਨ ਬਾਰੇ 1972 ਵਾਲੀ ਕਾਨਫਰੰਸ ਤੋਂ ਬਾਅਦ ਕੌਮਾਂਤਰੀ ਪੱਧਰ ਉੱਤੇ ਹੋਰ ਵੀ ਕਈ ਕਾਨਫਰੰਸਾਂ ਹੋਈਆਂ ਹਨ ਜਿਨਾਂ ਵਿਚ ਯੋਜਨਾਵਾਂ ਵੀ ਉਲੀਕੀਆਂ ਜਾਂਦੀਆਂ ਰਹੀਆਂ। ਇਨਾਂ ਕਾਨਫਰੰਸਾਂ ਵਿਚ ਲੰਮੀ ਬਹਿਸ ਤੋਂ ਬਾਅਦ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਲਈ ਅਜੇ ਤੱਕ ਕਈ ਵਿਕਸਿਤ ਦੇਸ਼ ਰਾਜ਼ੀ ਨਹੀਂ ਹੋਏ ਹਨ। ਉਂਝ, ਕਰੋਨਾ ਦੀ ਆਫ਼ਤ ਨੇ ਸਿੱਧ ਕਰ ਦਿੱਤਾ ਕਿ ਜੇ ਅਸੀਂ ਵਾਤਾਵਰਨ ਨੂੰ ਬਚਾਉਣ ਅਤੇ ਸਾਫ਼-ਸੁਥਰਾ ਰੱਖਣ ਲਈ ਤੇਜ਼ੀ ਨਾਲ ਕਦਮ ਨਾ ਚੁੱਕੇ ਤਾਂ ਕੁਦਰਤ ਵਾਤਾਵਰਨ ਨੂੰ ਆਪਣੇ ਤਰੀਕੇ ਨਾਲ ਸਾਫ਼ ਵੀ ਕਰ ਲਵੇਗੀ ਅਤੇ ਉਸ ਨੂੰ ਬਚਾ ਵੀ ਲਵੇਗੀ। ਸਾਰੀਆਂ ਕੁਦਰਤੀ ਪ੍ਰਕਿਰਿਆਵਾਂ ਲੌਕਡਾਊਨ ਸਮੇਂ ਵੀ ਚੱਲਦੀਆਂ ਰਹੀਆਂ ਹਨ, ਜੇ ਰੁਕੀ ਹੈ ਤਾਂ ਸਿਰਫ਼ ਮਨੁੱਖੀ ਸਰਗਰਮੀ! ਜੇ ਮਨੁੱਖ ਨੇ ਬਚਣਾ ਹੈ ਤਾਂ ਕੁਦਰਤ ਨਾਲ ਇਕਸੁਰਤਾ ਬਣਾ ਕੇ ਚੱਲਣਾ ਪਵੇਗਾ। ਇਹੀ ਵਾਤਾਵਰਨ ਦਿਵਸ ਮਨਾਉਣ ਦਾ ਸਹੀ ਤਰੀਕਾ ਹੈ।

# ਵਾਤਾਵਰਣ ਦੀ ਸੰਭਾਲ ਸਾਡੀ ਸਭਨਾਂ ਦੀ ਜ਼ਿੰਮੇਵਾਰੀ

**ਡਾ. ਰਣਜੀਤ ਸਿੰਘ**

ਅਜੋਕੇ ਗਿਆਨ ਵਿਗਿਆਨ ਦੇ ਯੁੱਗ ਵਿੱਚ ਅਸੀਂ ਪਵਨ, ਪਾਣੀ ਅਤੇ ਧਰਤੀ ਦੀ ਸੰਭਾਲ ਕਰਨੀ ਭੁੱਲ ਗਏ ਹਾਂ। ਇਨਾਂ ਦੀ ਪਵਿੱਤਰਤਾ ਕਾਇਮ ਰੱਖਣ ਲਈ ਯਤਨ ਕਰਨ ਦੀ ਥਾਂ ਇਨਾਂ ਨੂੰ ਮਲੀਨ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਪੰਜਾਬ ਦੀ ਹਵਾ ਅਪਵਿੱਤਰ ਹੋ ਚੁੱਕੀ ਹੈ। ਸ਼ਾਮ ਪੈਂਦਿਆਂ ਸਾਰੇ ਪੰਜਾਬ, ਵਿਸ਼ੇਸ਼ ਕਰਕੇ ਵੱਡੇ ਸ਼ਹਿਰਾਂ ਅੰਦਰ ਧੂੰਏਂ ਦੀ ਪਰਤ ਫ਼ੈਲ ਜਾਂਦੀ ਹੈ। ਰਾਤ ਪੈਣ ਤੋਂ ਪਹਿਲਾਂ ਹੀ ਸਾਰੇ ਪਾਸੇ ਹਨੇਰਾ ਪਸਰ ਜਾਂਦਾ ਹੈ। ਇਸ ਦਾ ਮੁੱਖ ਕਾਰਨ ਵਾਤਾਵਰਣ ਵਿੱਚ ਵਧ ਰਿਹਾ ਪ੍ਰਦੂਸ਼ਣ ਹੈ। ਪਹਿਲਾਂ ਪਿੰਡਾਂ ਨੂੰ ਇਸ ਤੋਂ ਮੁਕਤ ਸਮਝਿਆ ਜਾਂਦਾ ਸੀ ਪਰ ਹੁਣ ਪਿੰਡ ਵੀ ਇਸ ਦੀ ਲਪੇਟ ਵਿੱਚ ਆ ਗਏ ਹਨ। ਮਸ਼ੀਨਾਂ ਨਾਲ ਕਣਕ ਅਤੇ ਝੋਨੇ ਦੀ ਕੱਟੀ ਫ਼ਸਲ ਦੇ ਖੇਤਾਂ ਵਿਚ ਖੜੇ ਨਾੜ ਨੂੰ ਕਿਸਾਨ ਅੱਗ ਲਾਉਂਦੇ ਹਨ, ਜਿਸ ਨਾਲ ਹਰ ਪਾਸੇ ਧੂੰਆਂ ਹੀ ਧੂੰਆਂ ਫ਼ੈਲ ਜਾਂਦਾ ਹੈ। ਫ਼ਸਲਾਂ ਉਤੇ ਹੋ ਰਹੀ ਅੰਨੇਵਾਹ ਰਸਾਇਣਾਂ ਦੀ ਵਰਤੋਂ ਨੇ ਪਾਣੀ ਹੀ ਨਹੀਂ ਸਗੋਂ ਖੇਤੀ ਉਪਜ ਨੂੰ ਵੀ ਜ਼ਹਿਰੀਲਾ ਬਣਾ ਦਿੱਤਾ ਹੈ। ਸਾਰੀ ਧਰਤੀ ਵਾਹੀ ਹੇਠ ਆਉਣ ਨਾਲ ਰੁੱਖਾਂ ਦਾ ਘਾਤ ਹੋਇਆ ਹੈ। ਰੁੱਖ ਵਾਤਾਵਰਣ ਨੂੰ ਸਾਫ਼ ਰੱਖਣ ਵਿਚ ਸਭ ਤੋਂ ਵਧ ਸਹਾਇਤਾ ਕਰਦੇ ਹਨ। ਇਸ ਦਾ ਅਸਰ ਮੌਸਮ ਉਤੇ ਵੀ ਪਿਆ ਹੈ। ਸਰਦੀ ਅਤੇ ਗਰਮੀ ਦਾ ਮੌਸਮ ਬਦਲਿਆ ਹੈ। ਸਾਉਣ ਦੇ ਮਹੀਨੇ ਹੁਣ ਮੀਂਹ ਦੀ ਝੜੀ ਨਹੀਂ ਲਗਦੀ, ਨਾ ਹੀ ਜੇਠ-ਹਾੜ ਵਿੱਚ ਤੱਤੀਆਂ ਲੂਆਂ ਚਲਦੀਆਂ ਹਨ। ਧਰਤੀ ਹੇਠਲਾ ਪਾਣੀ ਦੂਰ ਹੁੰਦਾ ਜਾ ਰਿਹਾ ਹੈ। ਕੁਦਰਤ ਨਾਲ ਖਿਲਵਾੜ ਕਰਕੇ ਮਨੁੱਖ ਆਪਣੇ ਹੱਥੀਂ ਆਪਣੇ ਪੈਰੀਂ ਕੁਹਾੜਾ ਮਾਰ ਰਿਹਾ ਹੈ। ਦੋਸਤ ਕੀੜੇ ਮਕੌੜੇ ਅਤੇ ਪੰਛੀਆਂ ਨੂੰ ਅਸੀਂ ਖ਼ਤਮ ਕਰ ਰਹੇ ਹਾਂ।

ਪਿਛਲੇ ਕੁਝ ਸਾਲਾਂ ਤੋਂ ਵਾਤਾਵਰਣ ਦੇ ਪ੍ਰਦੂਸ਼ਣ ਵਿੱਚ ਬੜੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਜਿਸ ਲਈ ਅਸੀਂ ਸਾਰੇ ਜ਼ਿੰਮੇਵਾਰ ਹਾਂ ਪਰ ਸਾਡੇ ਵਿਚੋਂ ਬਹੁਤਿਆਂ ਨੂੰ ਇਸ ਦਾ ਅਹਿਸਾਸ ਨਹੀਂ, ਸਗੋਂ ਸਰਕਾਰ ਨੂੰ ਇਸ ਲਈ ਜ਼ਿੰਮੇਵਾਰ ਮੰਨਦੇ ਹਾਂ। ਇਥੇ ਰਿਸ਼ਵਤ ਦੇ ਕੇ ਕਿਸੇ ਕਾਇਦੇ ਕਾਨੂੰਨ ਨੂੰ ਤੋੜਨਾ ਔਖਾ ਨਹੀਂ ਹੈ ਦੇਸ਼ ਜਾਂ ਸੂਬੇ ਦੇ ਭਲੇ ਬਾਰੇ ਸੋਚਣਾ ਤਾਂ ਦੂਰ ਦੀ ਗਲ ਰਹੀ ਅਸੀਂ ਤਾਂ ਕਦੇ ਆਪਣੇ ਗੁਆਂਢੀ ਜਾਂ ਮੁਹੱਲੇ ਬਾਰੇ ਵੀ ਨਹੀਂ ਸੋਚਦੇ। ਘਰ ਦੀ ਸਫਾਈ ਕਰਕੇ ਕੂੜਾ ਗਲੀ ਵਿਚ ਸੁੱਟਣ ਦਾ ਆਮ ਰਿਵਾਜ ਹੈ। ਕਾਰਖਾਨਿਆਂ ਦੇ ਮਾਲਕ ਪੜੇ-ਲਿਖੇ ਅਤੇ ਅਮੀਰ ਵਿਅਕਤੀ ਹੀ ਹੁੰਦੇ ਹਨ । ਉਹ ਆਪਣੇ ਆਪ ਨੂੰ ਦੇਸ਼ ਦੇ ਜ਼ਿੰਮੇਵਾਰ ਸ਼ਹਿਰੀ ਸਮਝਦੇ ਹਨ ਪਰ ਪ੍ਰਦੂਸ਼ਣ ਨੂੰ ਰੋਕਣ ਲਈ ਯਤਨ ਨਹੀਂ ਕਰਦੇ। ਉਨਾਂ ਦੇ ਕਾਰਖਾਨੇ ਸਭ ਤੋਂ ਵਧ ਹਵਾ ਅਤੇ ਪਾਣੀ ਨੂੰ ਗੰਧਲਾ ਕਰਦੇ ਹਨ। ਬੱਸਾਂ ਤੇ ਟਰੱਕਾਂ ਦੇ ਮਾਲਿਕ ਵੀ ਸੁਲਝੇ ਹੋਏ ਲੋਕ ਹੁੰਦੇ ਪਰ ਉਹ ਵੀ ਇਸ ਪਾਸੇ ਧਿਆਨ ਨਹੀਂ ਦਿੰਦੇ। ਹਵਾ, ਪਾਣੀ ਅਤੇ ਧਰਤੀ ਦਾ ਪ੍ਰਦੂਸ਼ਣ ਜਿਸ ਤਰਾਂ ਵੱਧ ਰਿਹਾ ਹੈ ਉਸ ਨੂੰ ਵੇਖਦਿਆਂ ਇਹ ਆਖਿਆ ਜਾ ਸਕਦਾ ਹੈ ਕਿ ਅਗਲੇ ਦਹਾਕੇ ਪਿਛੋਂ ਪੀਣ ਲਈ ਸਾਫ ਪਾਣੀ ਅਤੇ ਸਾਹ ਲੈਣ ਲਈ ਸਾਫ਼ ਹਵਾ ਦਾ ਮਿਲਣਾ ਮੁਸ਼ਕਿਲ ਹੋ ਜਾਵੇਗਾ। ਧਰਤੀ ਵਿਚੋਂ ਅੰਨ ਉਪਜਦਾ ਹੈ। ਸਾਰੇ ਜੀਵਾਂ ਨੂੰ ਖੁਰਾਕ ਮਿਲਦੀ ਹੈ। ਇੰਜ ਸਾਡਾ ਭੋਜਨ ਵੀ ਪ੍ਰਦੂਸ਼ਿਤ ਹੋ ਰਿਹਾ ਹੈ।ਭੋਂ ਜਨ, ਹਵਾ ਅਤੇ ਪਾਣੀ ਵਿਚ ਜ਼ਹਿਰ ਹੋਣ ਨਾਲ ਬਹੁਗਿਣਤੀ ਲੋਕਾਂ ਨੂੰ ਅਨੇਕਾਂ ਬਿਮਾਰੀਆਂ ਲੱਗ ਜਾਣਗੀਆਂ ਜਿਹੜੀਆਂ ਮਹਾਂਮਾਰੀ ਦਾ ਰੂਪ ਧਾਰਨ ਕਰ ਸਕਦੀਆਂ ਹਨ। ਪ੍ਰਦੂਸ਼ਣ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਵੇਖਦਿਆਂ ਇਸ ਦੀ ਰੋਕਥਾਮ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।ਰੋਕਥਾਮ ਦੇ ਦੋ ਪੱਖ ਹਨ: ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਅਤੇ ਲੋਕਾਂ ਨੂੰ ਆਪਣੀ ਜ਼ਿੰਮੇਵਾਰੀ ਪ੍ਰਤੀ ਜਾਗਰੂਕ ਕਰਨਾ। ਪ੍ਰਦੂਸ਼ਣ ਸਬੰਧੀ ਕਾਨੂੰਨ ਬਣਾਏ ਗਏ ਹਨ ਜਿਨਾਂ ਉਤੇ ਅਮਲ ਕਰਵਾਉਣ ਲਈ ਪ੍ਰਦੂਸ਼ਣ ਕੰਟਰੋਲ ਬੋਰਡ ਜ਼ਿੰਮੇਵਾਰ ਹੈ। ਬੋਰਡ ਦੇ ਅਧਿਕਾਰੀਆਂ ਨੂੰ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕਰਵਾਉਣੀ ਚਾਹੀਦੀ ਹੈ।ਸਾਡੇ ਆਗੂਆਂ ਨੂੰ ਇਸ ਮਾਮਲੇ ਵਿਚ ਦਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸਨਅਤਕਾਰਾਂ ਤੋਂ ਚੋਣਾਂ ਲਈ ਫ਼ੰਡ ਲੈਂਦੇ ਹਨ, ਪਰ ਉਹ ਲੋਕਾਈ ਦੀਆਂ ਜਾਨਾਂ ਨਾਲ ਵੀ ਨਹੀਂ ਖੇਡ ਸਕਦੇ।ਆਖਿਰ ਉਨਾਂ ਵੀ ਸਾਹ ਇਸੇ ਹਵਾ ਵਿੱਚ ਲੈਣਾ ਅਤੇ ਪਾਣੀ ਵੀ ਇਥੋਂ ਹੀ ਪੀਣਾ ਹੈ।ਰੁੱਖ ਮਨੁੱਖ ਦੇ ਸਭ ਤੋਂ ਚੰਗੇ ਮਿੱਤਰ ਹਨ। ਉਹ ਪ੍ਰਦੂਸ਼ਣ ਨੂੰ ਰੋਕਣ ਵਿਚ ਚੋਖੀ ਸਹਾਇਤਾ ਕਰਦੇ ਹਨ। ਅਜੇ ਵੀ ਬਹੁਤ ਸਾਰੀਆਂ ਪੰਚਾਇਤਾਂ ਕੋਲ ਧਰਤੀ ਹੈ। ਇਸ ਧਰਤੀ ਉਤੇ ਪੌਦੇ ਲਾਉਣਾ ਪੰਚਾਇਤ ਲਈ ਲਾਜ਼ਮੀ ਕਰ ਦੇਣਾ ਚਾਹੀਦਾ ਹੈ। ਸਕੂਲਾਂ, ਕਾਲਿਜਾਂ ਦੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ਕਿ ਹਰ ਵਿਦਿਆਰਥੀ ਘੱਟ-ਘੱਟ ਇਕ ਪੌਦਾ ਲਾਵੇ ਅਤੇ ਉਸ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਵੀ ਉਸੇ ਦੀ ਹੋਵੇ। ਸਵੈ ਸੇਵੀ ਸੰਸਥਾਵਾਂ ਨੂੰ ਵੀ ਰੁੱਖ ਲਗਾਉ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ। ਪ੍ਰਚਾਰ ਦੇ ਹਰ ਢੰਗ ਤਰੀਕੇ ਦੀ ਵਰਤੋਂ ਲੋਕਾਂ ਨੂੰ ਪ੍ਰਦੂਸ਼ਣ ਦੇ ਖ਼ਤਰੇ ਸੰਬੰਧੀ ਜਾਗਰੂਕ ਕਰਨ ਲਈ ਕਰਨੀ ਚਾਹੀਦੀ ਹੈ।ਰੇਡੀਓ, ਟੈਲੀਵਿਜ਼ਨ ਅਤੇ ਅਖ਼ਬਾਰਾਂ ਨੂੰ ਇਸ ਸਬੰਧੀ ਲਗਾਤਾਰਤਾ ਨਾਲ ਜਾਣਕਾਰੀ ਦਿੰਦੇ ਰਹਿਣਾ ਚਾਹੀਦਾ ਹੈ।ਸਰਕਾਰ ਨੂੰ ਵਧੀਆ ਸਾਹਿਤ, ਫ਼ਿਲਮਾਂ, ਪੋਸਟਰ ਆਦਿ ਬਣਾ ਕੇ ਇਸ ਪ੍ਰਚਾਰ ਨੂੰ ਤੇਜ਼ ਕਰਨਾ ਚਾਹੀਦਾ ਹੈ। ਆਪਣੇ ਚੌਗਿਰਦੇ ਦੀ ਸਫ਼ਾਈ ਲਈ ਕੇਵਲ ਕਮੇਟੀ ਉਤੇ ਨਿਰਭਰ ਨਹੀਂ ਹੋਣਾ ਚਾਹੀਦਾ, ਸਗੋਂ ਮੁਹੱਲੇ ਵਾਲਿਆਂ ਨੂੰ ਆਪ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਅਸਲ ਵਿੱਚ ਪਾਣੀ ਅਤੇ ਚੌਗਿਰਦੇ ਦੀ ਸਫ਼ਾਈ ਲਈ ਕਾਰ ਸੇਵਾ ਦੀ ਲੋੜ ਹੈ।

# ਵਿਸ਼ਵ ਪੱਧਰ ਉੱਤੇ ਪ੍ਰਦੂਸ਼ਿਤ ਹਵਾ ਦਾ ਆਗਾਜ਼

**ਸਰਬਜੀਤ ਕੌਰ ਸਰਬ**

ਪਾਣੀ ਦੀ ਘਾਟ ਅਤੇ ਜੈਵ ਵਿਭਿੰਨਤਾ ਦੇ ਘਾਟੇ ਸਮੇਤ ਅੱਜ ਦੁਨੀਆਂ ਭਰ ਵਿੱਚ ਜਿਹੜੀਆਂ ਹੋਰ ਮਨੁੱਖੀ ਪ੍ਰੇਰਿਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨਾਂ ਵਿੱਚੋਂ ਹੀ ਸਭ ਤੋਂ ਵੱਡੀ ਸਮੱਸਿਆ ਹਵਾ ਪ੍ਰਦੂਸ਼ਣ ਇਕ ਵੱਡੀ ਚਿੰਤਾਜਨਕ ਬਣ ਗਈ ਹੈ। ਉਦਯੋਗਿਕ ਕ੍ਰਾਂਤੀ ਦੇ ਦੌਰਾਨ ਬਹੁਤ ਸਾਰੇ ਉਦਯੋਗ ਪਹਿਲਾਂ ਹੀ ਹਵਾ ਨੂੰ ਪ੍ਰਦੂਸ਼ਿਤ ਕਰ ਰਹੇ ਸਨ ਪਰ ਸਮਾਂ ਨਿਕਲਣ ਦੇ ਨਾਲ ਨਾਲ ਜਿਵੇਂ ਹੀ ਉਦਯੋਗਿਕ ਕ੍ਰਾਂਤੀ ਆਪਣੀ ਚਰਨ ਸੀਮਾ ਉੱਤੇ ਪਹੁੰਚੀ ਤੇ ਉਸ ਨੇ ਕੁਦਰਤ ਦੀ ਸਭ ਤੋਂ ਅਮੋਲਕ ਚੀਜ਼ ਹਵਾ ਨੂੰ ਇੰਨਾ ਜ਼ਿਆਦਾ ਪ੍ਰਦੂਸ਼ਿਤ ਕਰ ਦਿੱਤਾ ਕਿ ਅਜੋਕੇ ਸਮੇਂ ਵਿੱਚ ਮਨੁੱਖ ਨੂੰ ਅਨੇਕਾਂ ਹੀ ਬਿਮਾਰੀਆਂ ਨੇ ਆਣ ਘੇਰ ਲਿਆ ਹੈ।

ਹਵਾ ਪ੍ਰਦੂਸ਼ਣ, ਵਾਤਾਵਰਣ ਵਿੱਚ ਰਸਾਇਣਾਂ, ਕਣ ਪਦਾਰਥਾਂ ਜਾਂ ਜੀਵ-ਵਿਗਿਆਨਕ ਪਦਾਰਥਾਂ ਦੀ ਸ਼ੁਰੂਆਤ ਹੈ, ਜੋ ਮਨੁੱਖਾਂ ਜਾਂ ਹੋਰ ਜੀਵਤ ਜੀਵਾਂ ਨੂੰ ਨੁਕਸਾਨ ਜਾਂ ਬੇਅਰਾਮੀ ਦਾ ਕਾਰਨ ਬਣਦੀ ਹੈ, ਜਾਂ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦੀ ਹੈ। ਹਵਾ ਪ੍ਰਦੂਸ਼ਣ ਸਿਹਤ ਦੀਆਂ ਮੁਸ਼ਕਲਾਂ ਦਾ ਕਾਰਨ ਬਣ ਸਕਦਾ ਹੈ ਪ੍ਰੰਤੂ ਇਸ ਤੱਕ ਸੀਮਤ ਨਹੀਂ ਕਿਉਂਕਿ ਇਹ ਅਨੇਕਾਂ ਵਿਹਾਰਕ ਤਬਦੀਲੀਆਂ, ਕੈਂਸਰ, ਅਤੇ ਸਮੇਂ ਤੋਂ ਪਹਿਲਾਂ ਮੌਤ ਦਾ ਮੁੱਖ ਕਾਰਨ ਬਣਦਾ ਹੈ। ਇਨਾਂ ਸਿਹਤ ਪ੍ਰਭਾਵਾਂ ਨੂੰ ਸੰਯੁਕਤ ਰਾਜ ਦੀ ਅਬਾਦੀ ਵਿੱਚ ਬਰਾਬਰ ਵੰਡਿਆ ਨਹੀਂ ਜਾਂਦਾ ਕਿਉਂਕਿ ਨਸਲਾਂ, ਸਮਾਜਿਕ-ਆਰਥਿਕ ਸਥਿਤੀ ਅਤੇ ਸਿੱਖਿਆ ਦੁਆਰਾ ਆਬਾਦੀ ਸੰਬੰਧੀ ਅਸਮਾਨਤਾਵਾਂ ਹਨ। ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਤੋਂ ਹੀ ਹਵਾ ਪ੍ਰਦੂਸ਼ਣ ਨੇ ਸੰਯੁਕਤ ਰਾਜ ਨੂੰ ਪ੍ਰਭਾਵਤ ਕੀਤਾ ਹੈ।

2009 ਦੀ ਇੱਕ ਰਿਪੋਰਟ ਅਨੁਸਾਰ 'ਲਗਭਗ 60 ਪ੍ਰਤੀਸ਼ਤ ਅਮਰੀਕੀ ਉਨਾਂ ਇਲਾਕਿਆਂ ਵਿੱਚ ਰਹਿੰਦੇ ਹਨ ਜਿੱਥੇ ਹਵਾ ਪ੍ਰਦੂਸ਼ਣ ਗੈਰ-ਸਿਹਤ ਵਾਲੇ ਪੱਧਰ 'ਤੇ ਪਹੁੰਚ ਗਿਆ ਹੈ ਜੋ ਲੋਕਾਂ ਨੂੰ ਬਿਮਾਰ ਬਣਾ ਸਕਦੇ ਹਨ।' 2016-17 ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਦਿਆਂ, ਅਮੈਰੀਕਨ ਫੇਫੜਿਆਂ ਦੀ ਐਸੋਸੀਏਸ਼ਨ ਨੇ ਹਵਾ ਦੀ ਕੁਆਲਟੀ ਵਿੱਚ ਭਾਰੀ ਗਿਰਾਵਟ ਵੇਖੀ, ਜਿਸ ਵਿੱਚ ਜ਼ਮੀਨੀ-ਪੱਧਰ ਦੇ ਓਜ਼ੋਨ ਵਿੱਚ ਵਾਧਾ ਵੀ ਸ਼ਾਮਲ ਹੈ। ਓਜ਼ੋਨ ਵਿਚ ਇਹ ਲਗਾਤਾਰ ਵਾਧਾ ਮਨੁੱਖਤਾ ਦੀ ਵਿਨਾਸ਼ਤਾ ਦਾ ਕਾਰਨ ਬਣ ਰਿਹਾ ਹੈ।

ਸਾਲ 2016 ਵਿੱਚ, ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਬਿਹਤਰ ਨਿਯਮਾਂ, ਆਰਥਿਕ ਤਬਦੀਲੀਆਂ ਅਤੇ ਤਕਨੀਕੀ ਕਾਰਨ ਕਰਕੇ ਨਾਈਟ੍ਰੋਜਨ ਆਕਸਾਈਡਾਂ ਦਾ ਪੱਧਰ ਪਿਛਲੇ ਦਹਾਕੇ ਵਿੱਚ ਘੱਟ ਗਿਆ ਸੀ। ਨਾਸਾ ਨੇ ਵੀ ਨਿਊ ਯਾਰਕ ਸਿਟੀ ਵਿਚ ਨਾਈਟ੍ਰੋਜਨ ਡਾਈਆਕਸਾਈਡ ਵਿਚ 32% ਅਤੇ ਐਟਲਾਂਟਾ ਵਿਚ 2005-2007 ਅਤੇ 2009-2011 ਦੇ ਅਰਸੇ ਵਿਚ 42% ਦੀ ਗਿਰਾਵਟ ਦੱਸੀ ਹੈ।

**ਲਾਸ ਏਂਜਲਸ ਹਵਾ ਪ੍ਰਦੂਸ਼ਣ**

ਅਮਰੀਕਾ ਦੇ ਲਾਸ ਏਂਜਲਸ ਦੇਸ਼ ਵਿਚ ਸਭ ਤੋਂ ਦੂਸ਼ਿਤ ਹਵਾ ਦਾ ਅਨੁਮਾਨ ਲਗਾਇਆ ਗਿਆ ਹੈ। ਲਗਭਗ 10 ਮਿਲੀਅਨ ਤੋਂ ਵੱਧ ਦੀ ਅਬਾਦੀ ਦੇ ਨਾਲ, ਲਾਸ ਏਂਜਲਸ ਖੇਤਰ ਪੱਛਮ ਵਿੱਚ ਪ੍ਰਸ਼ਾਂਤ ਮਹਾਂਸਾਗਰ ਦੇ ਨਾਲ ਇੱਕ ਵਿਸ਼ਾਲ ਬੇਸਿਨ ਹੈ ਅਤੇ ਉੱਤਰ ਅਤੇ ਪੂਰਬ ਤੇ ਸੈਨ ਗੈਬਰੀਅਲ ਅਤੇ ਸੈਨ ਬਰਨਾਰਦਿਨੋ ਪਹਾੜਾਂ ਦੁਆਰਾ ਬੰਨਿਆ ਹੋਇਆ ਹੈ। ਇਹ ਪਹਾੜ, ਟ੍ਰਾਂਸਵਰਸ ਰੇਂਜ ਦਾ ਹਿੱਸਾ, ਉੱਚਾਈ ਵਿੱਚ 10,000 ਫੁੱਟ ਤੋਂ ਪਾਰ ਹੁੰਦੇ ਹਨ ਅਤੇ ਲੌਸ ਏਂਜਲਸ ਬੇਸਿਨ ਵਿੱਚ ਪ੍ਰਦੂਸ਼ਕਾਂ ਨੂੰ ਸੀਮਤ ਰੱਖਣ ਵਾਲੇ, ਇੱਕ ਕੁਦਰਤੀ ਜਾਲ ਬਣਾਉਣ ਵਿੱਚ ਸਹਾਇਤਾ ਕਰਦੇ ਹਨ। ਡੀਜ਼ਲ ਇੰਜਣ, ਬੰਦਰਗਾਹਾਂ, ਮੋਟਰ ਗੱਡੀਆਂ ਅਤੇ ਉਦਯੋਗ ਲਾਸ ਏਂਜਲਸ ਵਿਚ ਹਵਾ ਪ੍ਰਦੂਸ਼ਣ ਦੇ ਮੁੱਖ ਸਰੋਤ ਹਨ। ਅਕਸਰ ਧੁੱਪ ਵਾਲੇ ਦਿਨ ਅਤੇ ਘੱਟ ਬਾਰਸ਼ ਓਜ਼ੋਨ ਬਣਨ ਵਿਚ ਯੋਗਦਾਨ ਪਾਉਂਦੀ ਹੈ, ਨਾਲ ਹੀ ਉੱਚੇ ਪੱਧਰ ਦੇ ਛੋਟੇਕਣ ਅਤੇ ਧੂੜ ਏਕਿਯੂਆਈ ਅਤੇ ਓਜ਼ੋਨ ਦੇ ਪੱਧਰਾਂ ਵਿਚਕਾਰ ਮਜ਼ਬੂਤ ਸਬੰਧ ਹਵਾ ਪ੍ਰਦੂਸ਼ਣ ਦੇ ਨਕਸ਼ਿਆਂ 'ਤੇ ਪਾਏ ਜਾ ਸਕਦੇ ਹਨ।

ਲਾਸ ਏਂਜਲਸ ਵਿਚ ਹਵਾ ਪ੍ਰਦੂਸ਼ਣ ਨੇ ਵਿਆਪਕ ਚਿੰਤਾਵਾਂ ਦਾ ਕਾਰਨ ਬਣਾਇਆ ਹੋਇਆ ਹੈ। ਸਾਲ 20 12 ਵਿੱਚ, ਕੈਲੀਫੋਰਨੀਆ ਵਾਸੀਆਂ ਅਤੇ ਵਾਤਾਵਰਣ ਬਾਰੇ ਪਬਲਿਕ ਪਾਲਿਸੀ ਇੰਸਟੀਚਿਊਟ ਆਫ਼ ਕੈਲੀਫੋਰਨੀਆ (ਪੀਪੀਆਈਸੀ) ਦੇ ਸਰਵੇਖਣ ਨੇ ਦਿਖਾਇਆ ਕਿ ਲਾਸ ਏਂਜਲਸ ਵਿੱਚ 45% ਨਾਗਰਿਕ ਹਵਾ ਪ੍ਰਦੂਸ਼ਣ ਨੂੰ 'ਵੱਡੀ ਸਮੱਸਿਆ' ਮੰਨਦੇ ਹਨ, ਅਤੇ 47% ਮੰਨਦੇ ਹਨ ਕਿ ਲਾਸ ਏਂਜਲਸ ਦੀ ਹਵਾ ਦੀ ਗੁਣਵਤਾ ਹੈ। ਇਸ ਤੋਂ ਵੀ ਬਦਤਰ 10 ਸਾਲ ਪਹਿਲਾਂ ਸੀ। 2013 ਵਿਚ, ਲਾਸ ਏਂਜਲਸ-ਲੌਂਗ ਬੀਚ-ਰਿਵਰਸਾਈਡ ਖੇਤਰ ਨੇ ਸਭ ਤੋਂ ਵੱਧ ਓਜ਼ੋਨ ਪ੍ਰਦੂਸ਼ਿਤ ਸ਼ਹਿਰ, ਸਾਲਾਨਾ ਕਣ ਪ੍ਰਦੂਸ਼ਣ ਨਾਲ ਚੌਥਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਅਤੇ 24 ਘੰਟਿਆਂ ਦੇ ਕਣ ਪ੍ਰਦੂਸ਼ਣ ਨਾਲ ਵੀ ਚੌਥਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਦਾ ਦਰਜਾ ਦਿੱਤਾ।

ਓਜ਼ੋਨ ਅਤੇ ਕਣ ਪ੍ਰਦੂਸ਼ਣ ਦੋਵੇਂ ਹੀ ਮਨੁੱਖੀ ਸਿਹਤ ਲਈ ਖ਼ਤਰਨਾਕ ਹਨ, ਵਾਤਾਵਰਣ ਸੁਰੱਖਿਆ ਪ੍ਰਣਾਲੀ (ਈਪੀਏ)






ਨੇ ਸਬੂਤ ਦਾ ਮੁਲਾਂਕਣ ਕਰਨ ਵਿਚ ਉਨਾਂ ਦੀ ਮਦਦ ਕਰਨ ਲਈ ਮਾਹਰ ਵਿਗਿਆਨੀਆਂ, ਕਲੀਨ ਏਅਰ ਸਾਇੰਟਫਿਕਸ ਐਡਵਾਈਜ਼ਰੀ ਕਮੇਟੀ ਦੇ ਇਕ ਪੈਨਲ ਨੂੰ ਸ਼ਾਮਲ ਕੀਤਾ। ਈਪੀਏ ਨੇ ਓਜ਼ੋਨ ਅਤੇ ਕਣ ਪ੍ਰਦੂਸ਼ਣ ਦੇ ਸਿਹਤ ਖਤਰੇ ਬਾਰੇ ਮੌਜੂਦਾ ਖੋਜ ਦੀ ਆਪਣੀ ਤਾਜ਼ਾ ਸਮੀਖਿਆ ਜਾਰੀ ਕੀਤੀ। ਜਿਸ ਵਿੱਚ ਈਪੀਏ ਨੇ ਓਜ਼ੋਨ ਪ੍ਰਦੂਸ਼ਣ ਨੂੰ ਗੰਭੀਰ ਸਿਹਤ ਖਤਰੇ ਵਿੱਚ ਪਾ ਦਿੱਤਾ ਅਤੇ ਉਨਾਂ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਹਵਾ ਪ੍ਰਦੂਸ਼ਣ ਹੀ ਮਨੁੱਖੀ ਸਾਹ ਦੇ ਨੁਕਸਾਨ ਦਾ ਕਾਰਨ ਬਣਦੀ ਹੈ ਜਿਸ ਵਿੱਚ ਉਸ ਨੂੰ ਦਮਾ ਜਾਂ ਗਲੇ ਵਿਚ ਸੋਜਿਸ਼ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜੇਕਰ ਇਹ ਬੀਮਾਰੀ ਥੋੜੇ ਲੰਮੇ ਸਮੇਂ ਤੱਕ ਚੱਲਦੀ ਹੈ ਤਾਂ ਉਹ ਮਨੁੱਖ ਦੀ ਮੌਤ ਦਾ ਕਾਰਨ ਵੀ ਬਣ ਜਾਂਦੀ ਹੈ।

ਇਸ ਦੇ ਨਾਲ ਹੀ ਦਿਲ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਹਵਾ ਪ੍ਰਦੂਸ਼ਣ ਨਾਲ ਵਧੇਰੇ ਹੁੰਦੀ ਹੈ ਜਿਸ ਵਿੱਚ ਮਨੁੱਖ ਨੂੰ ਦਿਲ ਦੇ ਦੌਰੇ ਜਾਂ ਦਿਲ ਦੀਆਂ ਹੋਰ ਅੰਦਰੂਨੀ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਨਾਲ ਹੀ ਪ੍ਰਦੂਸ਼ਿਤ ਹਵਾ ਕੇਂਦਰੀ ਦਿਮਾਗੀ ਪ੍ਰਣਾਲੀ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਅਤੇ ਜਨਮ ਦੇਣ ਅਤੇ ਮਨੁੱਖੀ ਵਿਕਾਸ ਦੇ ਨੁਕਸਾਨ ਦਾ ਕਾਰਨ ਵੀ ਬਣ ਸਕਦੀ ਹੈ।

ਯੂ ਐਸ ਵਾਤਾਵਰਣ ਸੰਭਾਲ ਪ੍ਰਣਾਲੀ ਏਜੰਸੀ, ਓਜ਼ੋਨ ਅਤੇ ਸਬੰਧਤ ਫੋਟੋ-ਰਸਾਇਣਕ ਆਕਸੀਡੈਂਟਸ ਲਈ ਏਕੀਕ੍ਰਿਤ ਵਿਗਿਆਨ ਮੁਲਾਂਕਣ, 2013 ਈਪੀਏ/600/ਆਰ-10/0 76 ਐੱਫ. ਵਿੱਚ ਦਰਸਾਇਆ ਗਿਆ ਹੈ ਕਿ ਈ ਪੀ ਏ ਨੇ ਵਧਿਆ ਹੋਇਆ ਕਣ ਪ੍ਰਦੂਸ਼ਣ ਨੂੰ ਗੰਭੀਰ ਸਿਹਤ ਖ਼ਤਰੇ ਵਿੱਚ ਪਾ ਦਿੱਤਾ ਹੈ। ਜੋ ਮਨੁੱਖ ਦੀ ਛੇਤੀ ਮੌਤ ਦਾ ਕਾਰਨ ਬਣ ਕੇ ਉੱਭਰਿਆ ਹੈ।

ਕੌਮੀ ਹਵਾ ਦੀ ਕੁਆਲਟੀ ਦੇ ਮਿਆਰਾਂ ਨੂੰ ਪੂਰਾ ਕਰਨ ਅਤੇ ਸਥਾਨਕ ਨਿਵਾਸੀਆਂ ਦੀ ਸਿਹਤ ਵਿੱਚ ਸੁਧਾਰ ਲਈ ਖੇਤਰ ਦੀ ਸਹਾਇਤਾ ਕਰਨਾ **EPA** ਲਈ ਤਰਜੀਹ ਬਣਿਆ ਹੋਇਆ ਹੈ. ਈਪੀਏ ਦੀ ਸਭ ਤੋਂ ਵੱਧ ਤਰਜੀਹਾਂ ਵਿਚੋਂ ਇਕ ਹੈ ਸਮੁੰਦਰੀ ਜਹਾਜ਼ਾਂ, ਟਰੱਕਾਂ, ਲੋਕੋਮੋਟਿਵਜ਼ ਅਤੇ ਹੋਰ ਡੀਜ਼ਲ ਇੰਜਣਾਂ ਤੋਂ ਡੀਜ਼ਲ ਦੇ ਨਿਕਾਸ ਨੂੰ ਘਟਾਉਣ ਵਿਚ ਸਹਾਇਤਾ। 2005 ਵਿੱਚ, ਕਾਂਗਰਸ ਨੇ ਡੀਜ਼ਲ ਐਮੀਸ਼ਨ ਰੈਡਕਸ਼ਨ ਐਕਟ (ਡੀਈਆਰਏ), ਈਪੀਏ ਦੁਆਰਾ ਪ੍ਰਬੰਧਤ, ਇੱਕ ਗ੍ਰਾਂਟ ਪ੍ਰੋਗਰਾਮ ਲਈ ਫੰਡਿੰਗ ਦਾ ਅਧਿਕਾਰ ਦਿੱਤਾ ਸੀ, ਜਿਸ ਨਾਲ ਮਨੁੱਖੀ ਸਿਹਤ ਨੂੰ ਪ੍ਰਭਾਵਤ ਕਰਨ ਵਾਲੇ ਜ਼ਿਆਦਾਤਰ ਸੰਭਾਵਤ ਤੌਰ ਤੇ ਪੁਰਾਣੇ ਡੀਜ਼ਲ ਇੰਜਣਾਂ ਦੀ ਚੋਣ ਜਾਂ ਬਦਲੀ ਕੀਤੀ ਜਾ ਸਕੇ। 2008 ਤੋਂ, ਡੀਈਆਰਏ ਪ੍ਰੋਗਰਾਮ ਨੇ ਹਵਾ ਦੀ ਗੁਣਵੱਤਾ ਨੂੰ ਸੁਧਾਰਨ ਦੇ ਪ੍ਰਭਾਵਸ਼ਾਲੀ ਨਤੀਜੇ ਪ੍ਰਾਪਤ ਕੀਤੇ, **EPA** ਰਾਜ ਅਤੇ ਸਥਾਨਕ ਭਾਈਵਾਲਾਂ ਨਾਲ ਵੀ ਬੰਦਰਗਾਹ ਦੇ ਕੰਮਕਾਜਾਂ ਤੋਂ ਨਿਕਾਸ ਨੂੰ ਘਟਾਉਣ ਅਤੇ ਖੇਤਰ ਦੁਆਰਾ ਮਾਲ ਦੀ ਗੁਣਵੱਤਾ ਅਤੇ ਆਵਾਜਾਈ ਨੂੰ ਬਿਹਤਰ ਬਣਾਉਣ ਲਈ ਕੰਮ ਕਰਦਾ ਹੈ। **EPA** ਅਤੇ ਲਾਸ ਏਂਜਲਸ ਦਾ ਬੰਦਰਗਾਹ ਦੋਵੇਂ ਸੈਨ ਪੇਡਰੋ ਬੇ ਪੋਰਟਸ ਕਲੀਨ ਏਅਰ ਐਕਸ਼ਨ ਪਲਾਨ ਦੇ ਸਹਿਯੋਗੀ ਹਨ, ਇੱਕ ਵਿਸ਼ਾਲ ਯੋਜਨਾ ਜੋ ਪੋਰਟ ਨਾਲ ਜੁੜੇ ਸਮੁੰਦਰੀ ਜਹਾਜ਼ਾਂ, ਟ੍ਰੇਨਾਂ, ਟਰੱਕਾਂ, ਟਰਮੀਨਲ ਉਪਕਰਣਾਂ ਅਤੇ ਬੰਦਰਗਾਹ ਤੋਂ ਹਵਾ ਪ੍ਰਦੂਸ਼ਣ ਨਾਲ ਪੈਦਾ ਹੋਏ ਸਿਹਤ ਦੇ ਜੋਖਮਾਂ ਨੂੰ ਮਹੱਤਵਪੂਰਣ ਰੂਪ ਵਿੱਚ ਘਟਾਉਣ ਦੇ ਉਦੇਸ਼ ਨਾਲ ਹੈ।

ਕਰਾਫਟ ਵਾਤਾਵਰਣਕ ਨਿਆਂ ਲਈ, ਘੱਟ ਆਮਦਨ ਵਾਲੇ ਐਲ ਏ ਕਮਿਊਨਿਟੀਜ਼ ਵਿਚ ਹਵਾ ਪ੍ਰਦੂਸ਼ਣ ਵੱਲ ਵਧੇਰੇ ਧਿਆਨ ਮਿਲਿਆ ਹੈ. 2011 ਵਿਚ, 'ਕਲੀਨ ਅਪ ਗ੍ਰੀਨ ਅਪ' ਮੁਹਿੰਮ ਚਾਰ ਘੱਟ ਆਮਦਨੀ ਲਾਅ ਕਮਿਊਨਿਟੀਜ਼ ਨੂੰ ਮਨੋਨੀਤ ਕਰਨ ਲਈ ਚਲਾਈ ਗਈ ਸੀ। ਇਸ ਮੁਹਿੰਮ ਦਾ ਉਦੇਸ਼ ਹਰੀ ਉਦਯੋਗਾਂ ਨੂੰ ਪ੍ਰੋਤਸਾਹਨ ਰਾਹੀਂ ਅੱਗੇ ਵਧਾਉਣਾ ਹੈ, ਜਿਸ ਵਿੱਚ ਪਰਮਿਟ ਅਤੇ ਟੈਕਸ ਅਤੇ ਸਹੂਲਤਾਂ ਵਿੱਚ ਛੋਟ ਪ੍ਰਾਪਤ ਕਰਨ ਵਿੱਚ ਮਦਦ ਸ਼ਾਮਲ ਹੈ। ਅਤੇ ਇਨਾਂ ਉਦਯੋਗਾਂ ਵਿਚ ਘੱਟ ਤੋਂ ਘੱਟ ਰਸਾਇਣਿਕ ਪਦਾਰਥਾਂ ਦੀ ਵਰਤੋਂ ਕਰ ਕੇ ਪ੍ਰਦੂਸ਼ਣ ਨੂੰ ਫੈਲਣ ਤੋਂ ਰੋਕਣਾ ਸੀ ਹਾਲਾਂਕਿ ਪਿਛਲੇ ਕੁਝ ਦਹਾਕਿਆਂ ਤੋਂ ਲਾਸ ਏਂਜਲਸ ਦੇ ਹਵਾ ਪ੍ਰਦੂਸ਼ਣ ਦੇ ਪੱਧਰ ਵਿਚ ਥੋੜੀ ਜਿਹੀ ਗਿਰਾਵਟ ਆਈ ਸੀ। ਲਾਸ ਏਂਜਲਸ ਵਿਚ ਅਜੇ ਵੀ ਨਾਗਰਿਕ ਉੱਚ ਪੱਧਰੀ ਹਵਾ ਪ੍ਰਦੂਸ਼ਣ ਨਾਲ ਜੂਝ ਰਹੇ ਹਨ ਅਤੇ ਮੌਜੂਦਾ ਪੱਧਰ ਉਹ ਵਾਪਸ ਹਨ ਜਿਥੇ ਉਹ 10 ਸਾਲ ਪਹਿਲਾਂ ਸਨ। ਕੈਲੀਫੋਰਨੀਆ ਈਡੀਟ ਵਿੱਚ ਹਵਾ ਪ੍ਰਦੂਸ਼ਣ ਅਤੇ ਘੱਟ ਐਸਈਐਸ ਕਮਿਊਨਿਟੀਆਂ ਆਪਣਾ ਬਹੁਮੁੱਲਾ ਯੋਗਦਾਨ ਪ੍ਰਦਾਨ ਕਰ ਰਹੀਆਂ ਹਨ ਵਾਤਾਵਰਨ ਦੀ ਸੰਭਾਲ ਵਿੱਚ।

ਸੰਯੁਕਤ ਰਾਜ ਦੀ ਵਾਤਾਵਰਣ ਸੰਭਾਲ ਪ੍ਰਣਾਲੀ ਏਜੰਸੀ ਦਾ ਇੰਟਰਐਕਟਿਵ ਆਨਲਾਈਨ ਨਕਸ਼ਾ - ਈਜੇਸਕ੍ਰੀਨ- ਦੇਸ਼ ਭਰ ਦੇ ਘੱਟ ਸਮਾਜ-ਸਮਾਜਿਕ ਭਾਈਚਾਰਿਆਂ ਦੀ ਵਿਸ਼ੇਸ਼ਤਾ ਹੈ ਜੋ ਹਵਾ ਪ੍ਰਦੂਸ਼ਣ ਅਤੇ ਇਸ ਨਾਲ ਜੁੜੇ ਸਿਹਤ ਜੋਖਮਾਂ ਲਈ ਵਧੇਰੇ ਸੰਭਾਵਿਤ ਹਨ, ਜਿਵੇਂ ਕਿ ਇਸ ਨਕਸ਼ੇ ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ, ਸਾਊਥ ਈਸਟ ਲਾਸ ਏਂਜਲਸ ਕਾਉਂਟੀ ਦੇ ਆਸ ਪਾਸ, ਮੁੱਖ ਤੌਰ ਤੇ ਸੈਨ ਜੋਆਕੁਇਨ ਵੈਲੀ ਅਤੇ ਇਨਲੈਂਡ ਸਾਮਰਾਜ ਦੇ ਗਰੀਬ ਖੇਤਰ, ਹਵਾ ਪ੍ਰਦੂਸ਼ਣ ਅਤੇ ਵਾਤਾਵਰਣਕ ਅਨਿਆਂ ਦੇ ਵੱਧ ਐਕਸਪੋਜਰ ਦਾ ਸਾਹਮਣਾ ਕਰਦੇ ਹਨ। ਅਜਿਹੇ ਖੇਤਰਾਂ ਵਿੱਚ, ਗਰੀਬੀ ਨਾਲ ਜੂਝੇ ਇਲਾਕਿਆਂ ਵਿੱਚ ਵਾਤਾਵਰਣ ਦੀ ਸਿਹਤ ਅਤੇ ਸੁਰੱਖਿਆ ਦੇ ਸਰੋਤਾਂ ਦੀ ਅਸਮਾਨ ਪਹੁੰਚ ਹੈ। ਇਹ ਗਰੀਬੀ ਪ੍ਰਭਾਵਤ ਆਂਢ ਗੁਆਂਢ ਅਕਸਰ ਉਨਾਂ ਖੇਤਰਾਂ ਵਿਚ ਸਥਿਤ ਹੁੰਦੇ ਹਨ ਜੋ ਫ੍ਰੀਵੇਅ, ਖਤਰਨਾਕ ਸਹੂਲਤਾਂ ਅਤੇ / ਜਾਂ ਰੇਲ ਗਜ਼ ਦੇ ਨੇੜੇ ਹੁੰਦੇ ਹਨ.

ਕੈਲੀਫੋਰਨੀਆ ਵਿੱਚ ਪ੍ਰਦੂਸ਼ਣ ਕੈਲੀਫੋਰਨੀਆ ਰਾਜ ਦੀ ਹਵਾ, ਪਾਣੀ ਅਤੇ ਧਰਤੀ ਵਿੱਚ ਪ੍ਰਦੂਸ਼ਣ ਦੀ ਡਿਗਰੀ ਨਾਲ ਸਬੰਧਤ ਹੈ। ਪ੍ਰਦੂਸ਼ਣ ਨੂੰ ਕਿਸੇ ਵੀ ਪਦਾਰਥ (ਠੋਸ, ਤਰਲ ਜਾਂ ਗੈਸ) ਜਾਂ ਕਿਸੇ ਵੀ ਅਨਰਜੀ ਦੇ ਰੂਪ (ਜਿਵੇਂ ਕਿ ਗਰਮੀ, ਧੁਨੀ, ਜਾਂ ਰੇਡੀਓ ਐਕਟਿਵਟੀ) ਦੇ ਤੌਰ 'ਤੇ ਵਾਤਾਵਰਣ ਵਿੱਚ ਤੇਜ਼ੀ ਨਾਲ ਦਰ ਤੋਂ ਫੈਲਾਉਣ, ਪਤਲਾ, ਗੰਧਲਾ, ਰੀਸਾਈਕਲ ਕੀਤੇ ਜਾਣ ਦੀ ਪਰਿਭਾਸ਼ਾ ਦਿੱਤੀ ਗਈ ਹੈ, ਜਾਂ ਕੁਝ ਨੁਕਸਾਨਦੇਹ ਰੂਪ ਵਿਚ ਸਟੋਰ ਕੀਤਾ ਗਿਆ ਹੈ. ਕੈਲੀਫੋਰਨੀਆ ਵਿਚ ਹਵਾ ਪ੍ਰਦੂਸ਼ਣ ਦੇ ਮਹੱਤਵਪੂਰਣ ਗੈਰ-ਸਿਹਤ ਪ੍ਰਣਾਲੀ ਦੇ ਤਿੰਨ ਮੁੱਖ ਕਾਰਨਾਂ ਦਾ ਮੇਲ : 39 ਮਿਲੀਅਨ ਤੋਂ ਵੱਧ ਲੋਕਾਂ ਦੀਆਂ ਗਤੀਵਿਧੀਆਂ, ਇਕ ਪਹਾੜੀ ਇਲਾਕਾ ਜੋ ਪ੍ਰਦੂਸ਼ਣ ਨੂੰ ਜਾਲ ਵਿਚ ਫਸਾਉਂਦਾ ਹੈ, ਅਤੇ ਇਕ ਗਰਮ ਜਲਵਾਯੂ ਜੋ ਓਜ਼ੋਨ ਅਤੇ ਹੋਰ ਪ੍ਰਦੂਸ਼ਕਾਂ ਨੂੰ ਬਣਾਉਣ ਵਿਚ ਮਦਦ ਕਰਦਾ ਹੈ. ਸਾਲ 2013 ਅਤੇ 2015 ਦਰਮਿਆਨ ਸਭ ਤੋਂ ਜ਼ਿਆਦਾ ਸਾਲਾਨਾ ਕੇਂਦਰੀਕਰਨ ਵਾਲੇ ਅਮਰੀਕਾ ਦੇ 10 ਸ਼ਹਿਰਾਂ ਵਿੱਚੋਂ ਅੱਠ ਕੈਲੀਫੋਰਨੀਆ ਵਿੱਚ ਸਨ ਅਤੇ ਓਜ਼ੋਨ ਦੇ ਸਭ ਤੋਂ ਮਾੜੇ ਪ੍ਰਦੂਸ਼ਣ ਨਾਲ ਅਮਰੀਕਾ ਦੇ 10 ਵਿੱਚੋਂ ਸੱਤ ਸ਼ਹਿਰ ਕੈਲੀਫੋਰਨੀਆ ਵਿੱਚ ਵੀ ਸਨ। ਅਧਿਐਨ ਦਰਸਾਉਂਦੇ ਹਨ ਕਿ ਕੈਲੀਫੋਰਨੀਆ ਵਿੱਚ ਪ੍ਰਦੂਸ਼ਿਤ ਪ੍ਰਦੂਸ਼ਕਾਂ ਦਾ ਦਮ, ਫੇਫੜੇ ਦੇ ਕੈਂਸਰ, ਜਨਮ ਦੀਆਂ ਪੇਚੀਦਗੀਆਂ ਅਤੇ ਸਮੇਂ ਤੋਂ ਪਹਿਲਾਂ ਮੌਤ ਸਮੇਤ ਕਈ ਸਿਹਤ ਮੁੱਦਿਆਂ ਨਾਲ ਜੁੜਿਆ ਹੋਇਆ ਹੈ। ਸਾਲ 2016 ਵਿੱਚ, ਬੇਕਰਸਫੀਲਡ, ਕੈਲੀਫੋਰਨੀਆ ਵਿੱਚ ਸੰਯੁਕਤ ਰਾਜ ਦੇ ਕਿਸੇ ਵੀ ਸ਼ਹਿਰ ਵਿੱਚ ਹਵਾ ਪ੍ਰਦੂਸ਼ਿਤ ਹੋਣ ਦਾ ਸਭ ਤੋਂ ਉੱਚਾ ਪੱਧਰ ਰਿਕਾਰਡ ਕੀਤਾ ਗਿਆ ਸੀ।

ਇਸ ਤਰਾਂ ਹੀ ਜੇਕਰ ਗੱਲ ਭਾਰਤ ਵਿੱਚ ਪ੍ਰਦੂਸ਼ਣ ਦੀ ਕੀਤੀ ਜਾਵੇ ਤਾਂ ਇਕ ਗੱਲ ਸਪੱਸ਼ਟ ਤੌਰ 'ਤੇ ਆਖੀ ਜਾ ਸਕਦੀ ਹੈ ਕਿ ਭਾਰਤ ਵਿਚ ਪੰਦਰਾਂ ਰਾਜ ਅਜਿਹੇ ਹਨ ਜੋ ਦੁਨੀਆਂ ਦੇ ਪ੍ਰਦੂਸ਼ਿਤ ਖੇਤਰਾਂ ਵਿਚ ਸਭ ਤੋਂ ਵਧੇਰੇ ਪਾਏ ਜਾਂਦੇ ਹਨ। 2020 ਦੀ ਰਿਪੋਰਟ ਜੋ ਵਰਲਡ ਏਅਰ ਕੁਆਲਿਟੀ ਦੁਆਰਾ ਦਿੱਤੀ ਗਈ ਉਸ ਵਿੱਚ ਇਕੱਲੇ ਭਾਰਤ ਵਿੱਚ ਹੀ ਪੰਦਰਾਂ ਰਾਜਾਂ ਦਾ ਨਾਮ ਦਿੱਤਾ ਗਿਆ ਹੈ। ਜਿਸ ਵਿੱਚ ਗਾਜ਼ੀਆਬਾਦ, ਬੁਲੰਦਸ਼ਹਿਰ, ਨੋਇਡਾ, ਦਿੱਲੀ, ਗ੍ਰੇਟਰ ਨੋਇਡਾ, ਕਾਨਪੁਰ, ਫ਼ਰੀਦਾਬਾਦ, ਮੇਰਠ, ਜੀਂਦ, ਲਖਨਊ, ਮੁਜ਼ੱਫਰਾਬਾਦ, ਆਗਰਾ ਮੁੱਖ ਰੂਪ ਵਿੱਚ ਹਨ।

ਇਹ ਪ੍ਰਦੂਸ਼ਣ ਦਿਨ ਪ੍ਰਤੀ ਦਿਨ ਵਧ ਰਿਹਾ ਹੈ, ਬੇਸ਼ੱਕ ਅਨੇਕਾਂ ਹੀ ਅਜਿਹੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਜੋ ਕਿ ਵਾਤਾਵਰਨ ਦੀ ਸੰਭਾਲ ਸਬੰਧੀ ਅਤੇ ਉਸ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਸਬੰਧੀ ਉਲੀਕੇ ਜਾਂਦੇ ਹਨ। ਅਕਸਰ ਇਹ ਹੀ ਵੇਖਿਆ ਜਾਂਦਾ ਹੈ ਕਿ ਜਦੋਂ ਇੱਕ ਵਾਰ ਇਹ ਪ੍ਰੋਗਰਾਮ ਆਯੋਜਿਤ ਤਾਂ ਕਰ ਦਿੱਤੇ ਜਾਂਦੇ ਹਨ ਪਰ ਇਨਾਂ ਉੱਤੇ ਅਮਲ ਬਹੁਤ ਹੀ ਘੱਟ ਕੀਤਾ ਜਾਂਦਾ ਹੈ ਜਿਸ ਦੇ ਨਤੀਜੇ ਇਹ ਨਿਕਲਦੇ ਹਨ ਕਿ ਪ੍ਰਦੂਸ਼ਿਤ ਵਾਤਾਵਰਣ ਦਿਨ ਪ੍ਰਤੀ ਦਿਨ




ਮਨੁੱਖਤਾ ਦੇ ਖ਼ਾਤਮੇ ਦਾ ਕਾਰਨ ਬਣ ਰਿਹਾ ਹੈ।

ਭਾਰਤ ਦੇ ਜਿਹੜੇ ਪੰਦਰਾਂ ਰਾਜ ਇਸ ਰਿਪੋਰਟ ਵਿੱਚ ਦਿੱਤੇ ਗਏ ਹਨ ਜੇਕਰ ਉਨਾਂ ਰਾਜਾਂ ਦੇ ਰਹਿਣ ਸਹਿਣ ਅਤੇ ਲੋਕਾਂ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਆਬਾਦੀ ਵੀ ਬਹੁਤ ਹੀ ਜ਼ਿਆਦਾ ਹੈ ਅਤੇ ਇਨਾਂ ਖੇਤਰਾਂ ਵਿੱਚ ਉਦਯੋਗਿਕ ਖੇਤਰ ਵੀ ਬਹੁਤ ਜ਼ਿਆਦਾ ਹਨ।

ਜੇਕਰ ਅਸੀਂ ਥੋੜੀ ਜਿਹੀ ਡੂੰਘਾਈ ਵਿਚ ਜਾ ਕੇ ਵੇਖਦੇ ਹਾਂ ਤਾਂ ਇਸ ਕਾਦਰ ਦੀ ਬਣਾਈ ਕੁਦਰਤ ਉਹ ਅੰਗ ਹੈ ਜਿਸ ਵਿਚ ਜੇਕਰ ਵਾਤਾਵਰਣ ਸਾਫ ਸੁਥਰਾ ਹੈ ਤਾਂ ਹੀ ਮਨੁੱਖ ਤੰਦਰੁਸਤ ਹੈ ਪਰ ਜੇਕਰ ਵਾਤਾਵਰਨ ਹੀ ਗੰਧਲਾ ਹੈ ਤਾਂ ਉਸ ਵਿੱਚ ਰਹਿੰਦਾ ਮਨੁੱਖ ਵੀ ਅਨੇਕਾਂ ਹੀ ਬਿਮਾਰੀਆਂ ਨਾਲ ਜਕੜਿਆ ਹੋਇਆ ਹੈ। ਆਪਣੀਆਂ ਲੋੜਾਂ ਨੂੰ ਅਸੀਂ ਇਨਾਂ ਜ਼ਿਆਦਾ ਵਧਾ ਲਿਆ ਹੈ ਕਿ ਜਿਸ ਨਾਲ ਉਦਯੋਗਿਕ ਖੇਤਰ ਵਿਚ ਵਾਧਾ ਦਿਨ ਪ੍ਰਤੀ ਦਿਨ ਹੋ ਰਿਹਾ ਹੈ। ਇਨਾਂ ਉਦਯੋਗਾਂ ਵਿੱਚ ਰਸਾਇਣਿਕ ਪਦਾਰਥਾਂ ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ। ਇਨਾਂ ਫੈਕਟਰੀਆਂ ਵਿੱਚ ਵਾਧੂ ਪਦਾਰਥ ਕੱਢਣ ਲਈ ਕੋਈ ਇੱਕ ਜਗਾ ਨਿਸ਼ਚਿਤ ਨਹੀਂ ਹੁੰਦੀ ਜਿਸ ਦੀ ਵਜਾ ਨਾਲ ਇਹ ਫੈਕਟਰੀਆਂ ਵਿੱਚੋਂ ਨਿਕਲੇ ਫੋਕਟ ਪਦਾਰਥਾਂ ਨੂੰ ਪੀਣ ਵਾਲੇ ਪਾਣੀ ਵਿੱਚ ਹੀ ਮਿਲਾ ਦਿੱਤਾ ਜਾਂਦਾ ਹੈ ਜਿਸ ਦੇ ਕਾਰਨ ਅਨੇਕਾਂ ਹੀ ਅਣਚਾਹਿਆ ਮੌਤਾਂ ਹੋ ਜਾਂਦੀਆਂ ਹਨ। ਦਿੱਲੀ ਦੀ ਯਮੁਨਾ ਨਦੀ ਵਿੱਚ ਤੈਰਦੀ ਹੋਈ ਜ਼ਹਿਰੀਲੀ ਝੱਗ ਇਸ ਗੱਲ ਦਾ ਸਬੂਤ ਹੈ ਕਿ ਸਮੇਂ ਦੀ ਹਕੂਮਤ ਕੇਵਲ ਤੇ ਕੇਵਲ ਲੋਕਾਂ ਤੋਂ ਵੋਟਾਂ ਦੀ ਆਸ ਰੱਖ ਕੇ ਹੀ ਉਨਾਂ ਦੇ ਪੱਖ ਦਾ ਕੰਮ ਕਰਵਾਉਂਦੀਆਂ ਹਨ। ਪਰ ਇਹ ਹਕੂਮਤ ਇਸ ਚੀਜ਼ ਤੋਂ ਬਿਲਕੁਲ ਅਣਜਾਣ ਹੈ ਕਿ ਜੇਕਰ ਅਸੀਂ ਸਮੇਂ ਨੂੰ ਸੰਭਾਲਦੇ ਹੋਏ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਦੇ ਲਈ ਕੋਈ ਕਠੋਰ ਉਪਾਅ ਨਾ ਕੀਤੇ ਤਾਂ ਉਹ ਖ਼ੁਦ ਵੀ ਅਜਿਹੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਣਗੇ ਜਿਨਾਂ ਦਾ ਸ਼ਿਕਾਰ ਅੱਜ ਇਕ ਆਮ ਮਨੁੱਖ ਸਭ ਤੋਂ ਵਧੇਰੇ ਹੋ ਰਿਹਾ ਹੈ।

ਅਜੋਕੇ ਸਮੇਂ ਵਿੱਚ ਜੋ ਸਭ ਤੋਂ ਭਿਆਨਕ ਮਹਾਂਮਾਰੀ ਕੋਰੋਨਾ ਫੈਲੀ ਹੋਈ ਹੈ। ਜਿਸ ਨੇ ਸਾਰੀ ਦੁਨੀਆਂ ਵਿੱਚ ਆਪਣਾ ਇੱਕ ਅਜਿਹਾ ਪ੍ਰਭਾਵ ਪਾਇਆ ਕੀ ਮਨੁੱਖ ਇੱਕ ਦੂਜੇ ਦੇ ਪਾਸ ਆਉਣ ਤੋਂ ਵੀ ਘਬਰਾਉਣ ਲੱਗਾ ਹੈ। ਸਾਨੂੰ ਇੱਥੇ ਹੀ ਜਾਂਚ ਲੈਣਾ ਚਾਹੀਦਾ ਹੈ ਕਿ ਜਦੋਂ ਵੀ ਕੁਦਰਤ ਦੀ ਕਰੋਪੀ ਹੁੰਦੀ ਹੈ ਤਦ ਉਹ ਸਥਿਤੀ ਨੂੰ ਬਦਲਣ ਦੇ ਲਈ ਅਨੇਕਾਂ ਰੂਪਾਂ ਵਿੱਚ ਧਰਤੀ ਉੱਤੇ ਜਨਮ ਲੈਂਦੀ ਹੈ। ਜਦੋਂ ਅਸੀਂ ਅਜਿਹੀ ਗੱਲ ਨੂੰ ਸਾਹਮਣੇ ਰੱਖਦੇ ਹਾਂ ਤਾਂ ਸਾਡੇ ਕੋਲ ਇੱਕੋ ਇੱਕ ਕਾਰਨ ਹੁੰਦਾ ਹੈ ਕਿ ਮਨੁੱਖ ਖ਼ੁਦ ਹੀ ਇਨਾਂ ਬਿਮਾਰੀਆਂ ਦਾ ਜ਼ਿੰਮੇਵਾਰ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਇਹ ਗੱਲ ਪੂਰਨ ਸਪੱਸ਼ਟ ਰੂਪ ਵਿੱਚ ਆਖਦੀ ਹੈ ਕਿ ਮਨੁੱਖ ਦੇ ਕਰਮ ਹੀ ਉਸ ਦਾ ਭਵਿੱਖ ਨਿਰਧਾਰਿਤ ਕਰਦੇ ਹਨ।ਜੇਕਰ ਅੱਜ ਅਸੀਂ ਅਜਿਹੇ ਕਰਮ ਕਰ ਰਹੇ ਹਾਂ, ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਦੇ ਲਈ ਚੰਗੇ ਨਹੀਂ ਹਨ ਤਾਂ ਭਵਿੱਖ ਵਿੱਚ ਸਾਨੂੰ ਅਜਿਹੀਆਂ ਹੀ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਣਾ ਹੈ ਜੋ ਸਾਡੇ ਸਮਕਾਲ ਵਿਚ ਕੋਰੋਨਾ ਜਿਹੀ ਭਿਆਨਕ ਬੀਮਾਰੀ ਨਾਲ ਅਸੀਂ ਮੁਕਾਬਲਾ ਕਰ ਰਹੇ ਹਾਂ।

ਧਰਤੀ ਦੇ ਇਸ ਪ੍ਰਦੂਸ਼ਣ ਨੂੰ ਵਧਣ ਤੋਂ ਰੋਕਣ ਦੇ ਲਈ ਸਾਨੂੰ ਅੱਜ ਤੋਂ ਹੀ ਸੁਚੇਤ ਹੋਣ ਦੀ ਲੋੜ ਹੈ ਕੀ ਅਸੀਂ ਆਪਣੀਆਂ ਨਿੱਜੀ ਲੋੜਾਂ ਨੂੰ ਘਟਾ ਕੇ ਕੁਦਰਤ ਦੀ ਸੰਭਾਲ ਵਿਚ ਆਪਣਾ ਬਹੁਮੁੱਲਾ ਯੋਗਦਾਨ ਦੇ ਸਕੀਏ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਅਜਿਹੀਆਂ ਬੀਮਾਰੀਆਂ ਦਾ ਸਾਹਮਣਾ ਨਾ ਕਰਨਾ ਪਵੇ ਜੋ ਅਸੀਂ ਅੱਜ ਦੇ ਹਾਲਾਤ ਵਿੱਚ ਕਰ ਰਹੇ ਹਾਂ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# ਸੜਕਾਂ 'ਤੇ ਰੁਲ ਰਿਹਾ ਪੰਜਾਬ ਦਾ ਪੜ੍ਹਿਆ ਲਿਖਿਆ ਬੇਰੁਜ਼ਗਾਰ, ਆਤਮ ਹੱਤਿਆ ਬਨਾਮ ਸਟੇਟ ਦਾ ਡੰਡਾ



### ਡਾਕਟਰ ਗੁਰਤੇਜ ਸਿੰਘ

ਅਰਥ ਸ਼ਾਸਤਰ ਅਨੁਸਾਰ ਕੋਈ ਵਿਅਕਤੀ ਜੋ ਕਿਸੇ ਕੰਮ ਨੂੰ ਕਰਨ ਦੀ ਇੱਛਾ ਰੱਖਦਾ ਹੈ ਅਤੇ ਉਸ ਲਈ ਯੋਗ ਵੀ ਹੈ, ਪਰ ਉਸ ਦੀ ਯੋਗਤਾ ਜਾਂ ਇੱਛਾ ਅਨੁਸਾਰ ਕਰਨ ਲਈ ਉਸ ਨੂੰ ਕੰਮ ਨਾ ਮਿਲੇ ਤਾਂ ਉਸ ਨੂੰ ਬੇਰੁਜ਼ਗਾਰ ਕਿਹਾ ਜਾਂਦਾ ਹੈ। ਪਿਛਲੇ ਲੰਮੇ ਸਮੇਂ ਤੋਂ ਬੇਰੁਜ਼ਗਾਰੀ ਨੇ ਲੋਕਾਂ ਦਾ ਜਿਊਣਾ ਮੁਹਾਲ ਕਰ ਰੱਖਿਆ ਹੈ। ਅਜੋਕੇ ਦੌਰ ਅੰਦਰ ਬੇਰੁਜ਼ਗਾਰਾਂ ਦੁਆਰਾ ਰੁਜ਼ਗਾਰ ਪ੍ਰਾਪਤੀ ਲਈ ਪਾਣੀ ਦੀਆਂ ਟੈਂਕੀਆਂ 'ਤੇ ਚੜ ਕੇ ਕੀਤੇ ਜਾਂਦੇ ਰੋਸ ਪ੍ਰਦਰਸ਼ਨ ਅਤੇ ਸੜਕਾਂ 'ਤੇ ਲਗਾਏ ਧਰਨਿਆਂ ਦੀਆਂ ਖ਼ਬਰਾਂ ਹਰ ਰੋਜ਼ ਮੀਡੀਆ 'ਚ ਨਸ਼ਰ ਹੁੰਦੀਆਂ ਹਨ। ਹੱਕ ਮੰਗਦੇ ਨੌਜਵਾਨਾਂ ਤੇ ਮੁਟਿਆਰਾਂ 'ਤੇ ਪੁਲਿਸ ਵਲੋਂ ਅੰਨੇਵਾਹ ਲਾਠੀਚਾਰਜ ਕੀਤਾ ਜਾਂਦਾ ਹੈ। ਦੇਸ਼ ਦੇ ਨੌਜਵਾਨ ਉੱਚ ਵਿੱਦਿਆ ਪ੍ਰਾਪਤੀ ਦੇ ਬਾਵਜੂਦ ਬੇਰੁਜ਼ਗਾਰ ਹਨ ਅਤੇ ਨੌਕਰੀਆਂ ਲਈ ਸੜਕਾਂ ਦੀ ਖਾਕ ਛਾਨਣ ਲਈ ਮਜਬੂਰ ਹਨ। 8 ਮਾਰਚ 2020 ਨੂੰ ਪਟਿਆਲਾ ਵਿਚ ਰੋਸ ਪ੍ਰਦਰਸ਼ਨ ਕਰ ਰਹੇ ਬੇਰੁਜ਼ਗਾਰ ਅਧਿਆਪਕਾਂ 'ਤੇ ਪੁਲਿਸ ਨੇ ਵਹਿਸ਼ੀਆਨਾ ਢੰਗ ਨਾਲ ਲਾਠੀਚਾਰਜ ਕੀਤਾ ਸੀ, ਜਿਸ ਕਾਰਨ ਕੁਝ ਅਧਿਆਪਕਾਂ ਨੇ ਨਹਿਰ ਵਿਚ ਛਾਲ ਮਾਰ ਦਿੱਤੀ ਸੀ। ਚੰਗਾਲੀਵਾਲਾ ਕਾਂਡ ਤੋਂ ਬਾਅਦ ਪੰਜਾਬ ਦਾ ਸੰਗਰੂਰ ਜ਼ਿਲਾ ਸੁਰਖੀਆਂ ਵਿਚ ਰਿਹਾ ਹੈ, ਸੰਗਰੂਰ ਵਿਚ ਅਕਤੂਬਰ 2019 ਤੋਂ ਹੁਣ ਤੱਕ ਆਪਣੀਆਂ ਮੰਗਾਂ ਨੂੰ ਲੈ ਕੇ ਬੇਰੁਜ਼ਗਾਰ ਬੀ.ਐੱਡ ਅਤੇ ਈ.ਟੀ.ਟੀ ਅਧਿਆਪਕ ਰੋਸ ਮੁਜ਼ਾਹਰੇ ਕਰ ਰਹੇ ਸਨ। ਉਸ ਸਮੇ ਦੌਰਾਨ ਦੋ ਵਾਰ ਮੌਜੂਦਾ ਸਿੱਖਿਆ ਮੰਤਰੀ ਦੀ ਕੋਠੀ ਦਾ ਘਿਰਾਉ ਕਰਦੇ ਸਮੇਂ ਪੁਲਿਸ ਨੇ ਵਹਿਸ਼ੀਆਨਾ ਤਰੀਕੇ ਨਾਲ ਲਾਠੀਚਾਰਜ, ਅੱਥਰੂ ਗੈਸ ਦੇ ਗੋਲੇ ਅਤੇ ਪਾਣੀ ਦੀਆਂ ਤੇਜ਼ ਬੁਛਾਰਾਂ ਦਾ ਪ੍ਰਯੋਗ ਕਰਕੇ ਧਰਨਾਕਾਰੀਆਂ ਨੂੰ ਖਦੇੜਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਦੇ ਫਲਸਰੂਪ ਦਰਜਨ ਤੋਂ ਜ਼ਿਆਦਾ ਅਧਿਆਪਕ ਗੰਭੀਰ ਜ਼ਖ਼ਮੀ ਹੋਏ ਸਨ। ਕੁਝ ਪੁਲਿਸ ਮੁਲਾਜ਼ਮ ਵੀ ਇਸ ਦੌਰਾਨ ਜ਼ਖ਼ਮੀ ਹੋਏ ਸਨ, ਪਰ ਪੁਲਿਸ ਦੀ ਕਾਰਗੁਜ਼ਾਰੀ ਤੋਂ ਲਗਦਾ ਸੀ ਜਿਵੇਂ ਇਹ ਅਧਿਆਪਕ ਹੋਰ ਕਿਸੇ ਦੁਨੀਆ ਦੇ ਵਾਸੀ ਹੋਣ। ਪਤਾ ਨਹੀਂ ਕਿਉਂ ਉਨਾਂ ਦਾ ਦਿਲ ਨਹੀਂ ਪਸੀਜਿਆ ਕਿ ਇਹ ਹਾਲਾਤ ਸਾਡੇ ਬੱਚਿਆਂ ਦੇ ਵੀ ਹੋ ਸਕਦੇ ਹਨ। ਫ਼ਰਜ਼ ਦੀ ਪਾਬੰਦੀ ਉਨਾਂ ਵਰਦੀਧਾਰੀਆਂ ਨੂੰ ਮਜਬੂਰ ਕਰ ਸਕਦੀ ਹੈ ਪਰ ਫਿਰ ਵੀ ਹੱਕ ਮੰਗਦੇ ਲੋਕਾਂ ਨੂੰ ਕੁੱਟਣ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਦੂਜੀ ਗੱਲ ਪ੍ਰਸ਼ਾਸਨ ਹਰ ਵਾਰ ਹੀ ਬਲ ਪ੍ਰਯੋਗ ਤੋਂ ਬਾਅਦ ਹੀ ਦਫਤਰਾਂ ਵਿਚੋਂ ਕਿਉ ਨਿਕਲਦਾ ਹੈ ਜਦ ਗੱਲ ਕਰਨੀ ਹੀ ਪੈਣੀ ਹੈ ਤਾਂ ਫਿਰ ਪਹਿਲਾਂ ਕਿਉਂ ਨਹੀਂ ਉਨਾਂ ਨੂੰ ਭਰੋਸੇ ਵਿਚ ਲਿਆ ਜਾਂਦਾ?

ਕੋਰੋਨਾ ਕਾਲ ਨੇ ਬੇਰੁਜ਼ਗਾਰੀ ਨੂੰ ਚਰਮ ਸੀਮਾ 'ਤੇ ਪਹੁੰਚਾਇਆ ਹੈ। ਨਿੱਜੀ ਅਦਾਰਿਆਂ ਦੇ ਕਾਮੇ ਇਸ ਸੰਕਟ ਵਿਚੋਂ ਅਜੇ ਤੱਕ ਬਾਹਰ ਨਹੀਂ ਆ ਸਕੇ।

**ਸਾਡਾ ਸਮਾਜ**

ਇਸ ਲਾਚਾਰੀ ਨੇ ਉਨਾਂ ਦੇ ਮਾਨਸਿਕ ਪੱਧਰ ਨੂੰ ਹਲੂਣ ਕੇ ਰੱਖ ਦਿੱਤਾ ਹੈ। ਛੋਟੇ ਮੁਲਾਜ਼ਮਾਂ ਨੇ ਛੋਟੇ ਵਿੱਤੀ ਗਰੁੱਪਾਂ ਤੋਂ ਕਰਜ਼ੇ ਲਏ ਹੋਣ ਕਾਰਨ ਉਨਾਂ ਦੀਆਂ ਕਿਸ਼ਤਾਂ ਦੀ ਅਦਾਇਗੀ ਗਲੇ ਦਾ ਫ਼ਾਹਾ ਹੋ ਨਿੱਬੜੀ ਹੈ।

ਪੰਜਾਬ ਸੂਬੇ ਦੇ ਮੌਜੂਦਾ ਮੁੱਖ ਮੰਤਰੀ ਨੇ ਚੋਣਾਂ ਸਮੇਂ ਹਰ ਘਰ ਨੂੰ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ। ਹੁਣ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਮੇਲਿਆਂ ਦੀ ਸ਼ੁਰੂਆਤ ਕੀਤੀ ਗਈ ਜੋ ਦਿਖਾਵੇ ਮਾਤਰ ਤੋਂ ਜ਼ਿਆਦਾ ਕੁਝ ਨਹੀਂ ਹਨ। ਸੂਬੇ ਅੰਦਰ ਹੀ ਰੁਜ਼ਗਾਰ ਦੇਣ ਦੀ ਬਜਾਏ ਠੇਕੇਦਾਰੀ ਪ੍ਰਬੰਧ ਰਾਹੀ ਹੋਰਨਾਂ ਸੂਬਿਆਂ ਅੰਦਰ ਮਾਮੂਲੀ ਉਜ਼ਰਤਾਂ 'ਤੇ ਕੰਮ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ, ਜੋ ਉਨਾਂ ਨਾਲ ਕੋਝਾ ਮਜ਼ਾਕ ਹੈ।

ਸਰਕਾਰੀ ਖੇਤਰ ਦੀਆਂ ਬਹੁਤ ਘੱਟ ਅਸਾਮੀਆਂ ਲਈ ਕੀਤੀ ਜਾਂਦੀ ਭਰਤੀ ਵਿਚੋਂ ਪਾਰਦਰਸ਼ਤਾ ਅਲੋਪ ਹੋ ਚੁੱਕੀ ਹੈ, ਜਿਸ ਦਾ ਮੁੱਖ ਕਾਰਨ ਭ੍ਰਿਸ਼ਟਾਚਾਰ ਹੈ। ਚਪੜਾਸੀ ਦੀ ਨੌਕਰੀ ਲਈ ਉੱਚ ਵਿੱਦਿਆ ਪ੍ਰਾਪਤ ਨੌਜਵਾਨਾਂ ਦੇ ਬਿਨੈਪੱਤਰਾਂ ਨਾਲ ਦਫਤਰ ਭਰ ਜਾਂਦੇ ਹਨ। ਸਾਡੇ ਸੂਬੇ ਅੰਦਰ ਇਸ ਵਰੇ 2021 ਵਿਚ ਮਾਲ ਪਟਵਾਰੀ ਤੇ ਜ਼ਿਲੇਦਾਰ ਦੀਆਂ 1152 ਅਸਾਮੀਆਂ ਲਈ ਦੋ ਲੱਖ ਚੌਤੀ ਹਜ਼ਾਰ ਬਿਨੈਪੱਤਰ ਆਏ, ਜਿਨਾਂ ਤੋਂ ਪੰਜਾਬ ਸਰਕਾਰ ਨੇ ਮੋਟੇ ਤੌਰ 'ਤੇ 28 ਕਰੋੜ ਰੁਪਏ ਕਮਾਏ।

ਨੌਕਰੀ ਲਈ ਅਪਲਾਈ ਕਰਨ ਦੀ ਫੀਸ ਨਾਲ ਸਰਕਾਰਾਂ ਆਪਣੇ ਢਿੱਡ ਭਰਦੀਆਂ ਹਨ, ਕਿਸੇ ਨੂੰ ਰੁਜ਼ਗਾਰ ਮਿਲੇ ਚਾਹੇ ਨਾ ਮਿਲੇ। ਰੁਜ਼ਗਾਰ ਪ੍ਰਾਪਤੀ ਹਿਤ ਲੋਕਾਂ ਨੂੰ ਬਹੁਤ ਪਾਪੜ ਵੇਲਣੇ ਪੈਂਦੇ ਹਨ ਅਤੇ ਉੱਚੀ ਰਾਜਨੀਤਕ ਪਹੁੰਚ ਵਾਲੇ ਲੋਕਾਂ ਜਾਂ ਦਲਾਲਾਂ ਦੀ ਜੇਬ ਗਰਮ ਕਰਨੀ ਪੈਂਦੀ ਹੈ।

ਸਾਡੇ ਦੇਸ਼ ਦੀ ਆਰਥਿਕ ਸਥਿਤੀ ਡਾਵਾਂਡੋਲ ਹੋਣ ਕਾਰਨ ਜ਼ਿਆਦਾਤਰ ਲੋਕ ਗੁਰਬਤ ਕੱਟਣ ਲਈ ਮਜਬੂਰ ਹਨ। ਉਨਾਂ ਲੋਕਾਂ ਦੇ ਬੱਚੇ ਬੜੀ ਮੁਸ਼ੱਕਤ ਨਾਲ ਪੜਾਈ ਪੂਰੀ ਕਰਦੇ ਹਨ ਤੇ ਆਸਾਂ ਦੇ ਮਹਿਲ ਉਸਾਰਦੇ ਹਨ ਕਿ ਪੜ ਲਿਖ ਕੇ ਚੰਗੀ ਨੌਕਰੀ ਮਿਲ ਜਾਊ। ਜਦ ਉਨਾਂ ਦਾ ਹਕੀਕਤ ਨਾਲ ਸਾਹਮਣਾ ਹੁੰਦਾ ਹੈ ਤਾਂ ਇਕ ਝਟਕੇ ਨਾਲ ਉਨਾਂ ਦੀਆਂ ਆਸਾਂ ਦਮ ਤੋੜ ਦਿੰਦੀਆਂ ਹਨ।

ਆਪਣੇ ਦੇਸ਼ 'ਚ ਰੁਜ਼ਗਾਰ ਨਾ ਮਿਲਣ ਕਰਕੇ ਨੌਜਵਾਨਾਂ ਨੇ ਮਜਬੂਰੀ ਵੱਸ ਵਿਦੇਸ਼ਾਂ ਵੱਲ ਰੁਖ ਕੀਤਾ ਹੈ। ਖੈਰ, ਉੱਚ ਵਿੱਦਿਆਂ ਪ੍ਰਾਪਤ ਲੋਕ ਤਾਂ ਸਹੀ ਤਰੀਕੇ ਨਾਲ ਵਿਦੇਸ਼ ਜਾਂਦੇ ਹਨ ਪਰ ਘੱਟ ਪੜੇ ਲਿਖੇ ਲੋਕ ਬਹੁਤ ਵਾਰ ਗ਼ਲਤ ਲੋਕਾਂ ਦੇ ਹੱਥੇ ਚੜ ਕੇ ਆਪਣੀ ਕੀਮਤੀ ਪੂੰਜੀ ਅਤੇ ਜਾਨ ਗਵਾ ਬੈਠਦੇ ਹਨ। ਟਰੈਵਲ ਏਜੰਟਾਂ ਦੀਆਂ ਗ਼ਲਤੀਆਂ ਅਤੇ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਵਾਲੇ ਜ਼ਿਆਦਾਤਰ ਲੋਕ ਜੇਲਾਂ ਵਿਚ ਸੜਨ ਲਈ ਮਜਬੂਰ ਹੋ ਜਾਂਦੇ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਨੇ ਸੰਨ 2018 ਦੇ ਅੰਕੜੇ ਜਾਰੀ ਕੀਤੇ ਹਨ। ਖ਼ੁਦਕੁਸ਼ੀਆਂ ਦੇ ਮਾਮਲਿਆਂ 'ਚ 36 ਫ਼ੀਸਦੀ ਵਾਧਾ ਹੋਇਆ ਹੈ। ਬੇਰੁਜ਼ਗਾਰੀ ਕਾਰਨ ਖ਼ੁਦਕੁਸ਼ੀ ਕਰਨ ਵਾਲਿਆਂ ਸਬੰਧੀ ਕੀਤੇ ਖੁਲਾਸੇ ਦਿਲ ਕੰਬਾਊ ਹਨ ਕਿ ਕਿਸ ਹੱਦ ਤੱਕ ਬੇਰੁਜ਼ਗਾਰੀ ਦੇ ਅਜਗਰ ਨੇ ਲੋਕਾਈ ਨੂੰ ਨਿਗਲਣਾ ਸ਼ੁਰੂ ਕੀਤਾ ਹੋਇਆ ਹੈ। ਖ਼ੁਦਕੁਸ਼ੀ ਕਰਨ ਵਿਚ ਮੋਹਰੀ ਰਹੇ ਕਿਸਾਨਾਂ ਨੂੰ ਵੀ ਇਨਾਂ ਬੇਰੁਜ਼ਗਾਰ ਨੌਜਵਾਨਾਂ ਨੇ ਪਛਾੜ ਦਿੱਤਾ ਹੈ ਜੋ ਦੇਸ਼ ਤੇ ਸਮਾਜ ਹਿਤ ਵਿਚ ਨਹੀਂ ਹੈ। ਸਾਲ 2018 ਦੌਰਾਨ ਦੇਸ਼ ਵਿਚ 12936 ਲੋਕਾਂ ਨੇ ਬੇਰੁਜ਼ਗਾਰੀ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਦਾ ਰਾਹ ਚੁਣਿਆ ਹੈ, ਇਸ ਵਿਚ 10,687 ਮਰਦ ਅਤੇ 2248 ਔਰਤਾਂ ਸ਼ਾਮਿਲ ਹਨ।



ਇਸੇ ਵਰੇ ਖੇਤੀ ਖੇਤਰ ਨਾਲ ਸਬੰਧਤ 10349 ਲੋਕਾਂ ਨੇ ਖ਼ੁਦਕੁਸ਼ੀ ਕੀਤੀ ਹੈ। ਸਾਡੇ ਸੂਬੇ ਅੰਦਰ ਵੀ ਸਾਲ 2018 ਦੌਰਾਨ 207 ਬੇਰੁਜ਼ਗਾਰ ਲੋਕਾਂ ਨੇ ਖ਼ੁਦਕੁਸ਼ੀ ਕੀਤੀ ਹੈ ਜਿਸ ਵਿਚ 184 ਮਰਦ ਅਤੇ 23 ਔਰਤਾਂ ਸ਼ਾਮਿਲ ਹਨ, ਜਦਕਿ ਕਿਸਾਨਾਂ ਦਾ ਇਹ ਅੰਕੜਾ 202 ਹੈ।

ਸਰਕਾਰਾਂ ਨੇ ਨਿੱਜੀ ਖੇਤਰ ਦੀ ਤਰਜ਼ 'ਤੇ ਠੇਕੇਦਾਰੀ ਪ੍ਰਬੰਧ ਨੂੰ ਕਾਫੀ ਹੱਦ ਤੱਕ ਅਪਣਾ ਲਿਆ ਹੈ, ਜਿੱਥੇ ਕਰਮਚਾਰੀਆਂ ਦਾ ਆਰਥਿਕ ਮਾਨਸਿਕ ਸ਼ੋਸ਼ਣ ਹੁੰਦਾ ਹੈ। ਸੂਬੇ ਦੇ ਬਹੁਤ ਸਾਰੇ ਵਿਭਾਗਾਂ 'ਚ ਅੱਜ ਹਾਲਤ ਇਹ ਹੈ ਕਿ ਉੱਥੇ ਦੋ ਤਰਾਂ ਦੇ ਮੁਲਾਜ਼ਮ ਕੰਮ ਕਰਦੇ ਹਨ। ਇਕ ਤਾਂ ਰੈਗੂਲਰ ਮੁਲਾਜ਼ਮ ਹਨ ਜੋ ਉੱਚ ਤਨਖਾਹਾਂ ਲੈਂਦੇ ਹਨ ਅਤੇ ਹੋਰ ਵੀ ਸਰਕਾਰੀ ਸਹੂਲਤਾਂ ਦੇ ਹੱਕਦਾਰ ਹਨ, ਦੂਜੇ ਪਾਸੇ ਠੇਕਾ ਪ੍ਰਬੰਧ ਅਧੀਨ ਰੱਖੇ ਮੁਲਾਜ਼ਮ ਹਨ ਜੋ ਮਾਮੂਲੀ ਉਜਰਤਾਂ 'ਤੇ ਕੰਮ ਰੈਗੂਲਰ ਮੁਲਾਜ਼ਮਾਂ ਤੋਂ ਵੀ ਜ਼ਿਆਦਾ ਕਰਦੇ ਹਨ। ਅਫਸਰਸ਼ਾਹੀ ਦਾ ਦਬਾਅ ਅਤੇ ਨੌਕਰੀ ਖੁੱਸਣ ਦੇ ਡਰ ਕਾਰਨ ਉਹ ਲਗਾਤਾਰ ਸ਼ੋਸ਼ਣ ਕਰਵਾਉਣ ਲਈ ਮਜਬੂਰ ਹਨ। ਹੋਰ ਤਾਂ ਹੋਰ ਹੁਣ ਤਾਂ ਇਨਾਂ ਤੋਂ ਇਹ ਲਿਖਾ ਕੇ ਲਿਆ ਜਾਂਦਾ ਹੈ ਕਿ ਉਹ ਭਵਿੱਖ 'ਚ ਕਦੇ ਵੀ ਹੜਤਾਲ ਆਦਿ ਨਹੀਂ ਕਰਨਗੇ। ਫਿਰ ਵੀ ਜੇਕਰ ਜਾਗਦੀ ਜ਼ਮੀਰ ਵਾਲੇ ਲੋਕ ਆਪਣੇ ਹੱਕਾਂ ਲਈ ਲਾਮਬੰਦ ਹੁੰਦੇ ਹਨ ਤਾਂ ਸਰਕਾਰ ਕੋਲ ਇਕ ਹੀ ਰਸਤਾ ਹੁੰਦਾ ਹੈ ਕਿ ਬਲ ਦੇ ਨਾਲ ਇਨਾਂ ਦਾ ਸੰਘਰਸ਼ ਦਬਾਇਆ ਜਾਵੇ।

ਸਰਕਾਰਾਂ ਦੇ ਨੀਤੀ ਘਾੜਿਆਂ ਨੂੰ ਇਸ ਬੇਰੁਜ਼ਗਾਰੀ ਰੂਪੀ ਅਜਗਰ ਨੂੰ ਹਰ ਹੀਲੇ ਕਾਬੂ ਕਰਨਾ ਹੋਵੇਗਾ। ਸਰਕਾਰਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਹੋਣਗੇ, ਜਿਸ ਨਾਲ ਬੇਰੁਜ਼ਗਾਰੀ ਨੂੰ ਬਹੁਤ ਠੱਲ ਪਵੇਗੀ। ਇਸ ਸੱਚ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਹਰੇਕ ਨੂੰ ਨੌਕਰੀ ਦੇਣਾ ਸੰਭਵ ਨਹੀਂ ਹੈ ਪਰ ਜਿੰਨੇ ਵੀ ਸਾਧਨ ਮੌਜੂਦ ਹਨ ਉਨਾਂ ਦੀ ਯੋਗ ਵਰਤੋਂ ਕਰਕੇ ਕਾਫੀ ਲੋਕਾਂ ਦਾ ਭਲਾ ਪਾਰਦਰਸ਼ੀ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਅਜੋਕੀ ਸਿੱਖਿਆ ਦੇ ਕਿੱਤਾਮੁਖੀਕਰਨ ਨੂੰ ਲਾਗੂ ਕਰਨ ਦੀ ਬਹੁਤ ਵੱਡੀ ਲੋੜ ਹੈ ਤਾਂ ਜੋ ਨੌਜਵਾਨ ਨੌਕਰੀਆਂ ਦੀ ਆਸ ਛੱਡ ਕੇ ਸਵੈ ਰੁਜ਼ਗਾਰ ਵਾਲੇ ਪਾਸੇ ਨੂੰ ਤੁਰ ਸਕਣ। ਇਸ ਲਈ ਸਰਕਾਰ ਦੀਆਂ ਭਲਾਈ ਸਕੀਮਾਂ ਅਤੇ ਕਰਜ਼ਾ ਸਕੀਮਾਂ ਦਾ ਘੇਰਾ ਵਿਸ਼ਾਲ ਕਰਨ ਦੇ ਨਾਲ ਨਾਲ ਲੋਕਾਂ ਨੂੰ ਜਾਗਰੂਕ ਵੀ ਕੀਤਾ ਜਾਵੇ। ਜੇਕਰ ਦੇਸ਼ ਦੀ ਤਕਦੀਰ ਬਦਲਣ ਦੇ ਸਮਰੱਥ ਜਵਾਨੀ ਬੇਰੁਜ਼ਗਾਰੀ ਦੀ ਦਹਿਸ਼ਤ ਕਾਰਨ ਰੁਜ਼ਗਾਰ ਲਈ ਇੰਝ ਹੀ ਸੜਕਾਂ 'ਤੇ ਰੁਲਦੀ ਰਹੀ ਤਾਂ ਦੇਸ਼ ਦਾ ਨਿਘਾਰ ਤੈਅ ਹੈ।

# ਕਰੋਨਾ ਸੱਚ ਜਾਂ ਸਾਜਿਸ਼

### ਹਰਕੀਰਤ ਕੌਰ

੯੭੭੯੧੧੮੦੬੬

ਬੀਤੇ ਵਰੇ ਜੋ ਕਰੋਨਾ ਮਹਾਂਮਾਰੀ ਦਾ ਸੰਤਾਪ ਪੂਰੇ ਸੰਸਾਰ ਨੇ ਝੱਲਿਆ ਉਸ ਤੋਂ ਅਸੀਂ ਸਾਰੇ ਵਾਕਿਫ਼ ਹਾਂ। ਜਿੱਥੇ ਲੱਖਾਂ ਲੋਕਾਂ ਨੇ ਆਪਣੀ ਜਾਨ ਗਵਾਈ ਉੱਥੇ ਹਰ ਦੇਸ਼ ਨੂੰ ਆਰਥਿਕ ਪੱਖੋਂ ਵੱਡੀ ਸੱਟ ਵੱਜੀ। ਹਰ ਦੇਸ਼ ਦੀ ਅਰਥਵਿਵਸਥਾ ਇਸ ਵਾਪਰੇ ਕਹਿਰ ਕਰਕੇ ਡਗਮਗਾ ਗਈ। ਸਿਹਤ, ਆਰਥਿਕ ਸਥਿਤੀ, ਸਿੱਖਿਆ, ਖੇਡ ਜਗਤ, ਸੰਚਾਰ, ਵਪਾਰ, ਖੇਤੀਬਾੜੀ ਹਰ ਖੇਤਰ ਨੇ ਕਰੋਨਾ ਮਹਾਂਮਾਰੀ ਦਾ ਪ੍ਰਭਾਵ ਕਬੂਲਿਆ। ਪਰ ਜਦ ਪਿਛਲੇ ਦਸੰਬਰ ਵਿੱਚ ਲਾਕਡਾਊਨ ਖੁੱਲਣ ਲੱਗਾ ਤਾਂ ਲੋਕਾਂ ਵਿੱਚ ਕੁਝ ਨਵੀਂ ਆਸ ਜਾਗੀ। ਜਿਵੇਂ ਪਹਿਲੇ ਲੇਖਾਂ ਵਿੱਚ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਇਸ ਮਹਾਂਮਾਰੀ ਦਾ ਸਭ ਤੋਂ ਜ਼ਿਆਦਾ ਬੁਰਾ ਅਸਰ ਸਿੱਖਿਆ ਤੇ ਖੇਡ ਖੇਤਰ ਵਿੱਚ ਵੇਖਣ ਨੂੰ ਮਿਲ ਰਿਹਾ ਹੈ। ਮੰਨਦੇ ਹਾਂ ਕਿ ਆਰਥਿਕ ਪੱਖੋਂ ਵੀ ਦੇਸ਼ਾਂ ਨੂੰ ਠੇਸ ਲੱਗ ਰਹੀ ਹੈ, ਪਰ ਸਮਾਂ ਪਾ ਕੇ ਆਰਥਿਕ ਮੰਦਹਾਲੀ ਨੂੰ ਦੂਰ ਕੀਤਾ ਜਾ ਸਕਦਾ ਹੈ, ਪਰ ਜਿਹੜੇ ਵਿਦਿਆਰਥੀਆਂ ਦਾ ਪੜਨ ਦਾ ਸਮਾਂ ਹੁਣ ਬਰਬਾਦ ਹੋ ਰਿਹਾ ਹੈ ਉਹ ਦੁਬਾਰਾ ਕਦੇ ਵਾਪਿਸ ਨਹੀਂ ਆਵੇਗਾ।ਮੌਜੂਦਾ ਸਮੇਂ ਵਿੱਚ ਕਰੋਨਾ ਦਾ ਹਵਾਲਾ ਦੇ ਕੇਵਲ ਸਿੱਖਿਆ ਅਦਾਰਿਆਂ ਦਾ ਬੰਦ ਹੋਣਾ ਅਤੇ ਉਸਦੇ ਉੱਲਟ ਰਾਜਨੀਤਕ ਰੈਲੀਆਂ ਵਿੱਚ ਭਾਰੀ ਇਕੱਠ ਹੋਣਾ ਸਰਕਾਰ ਦੀ ਅਕਲ ਦਾ ਜਨਾਜ਼ਾ ਕੱਢ ਰਿਹਾ ਹੈ। ਖੇਡ ਜਗਤ, ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਇਸ ਵਾਰ ਫਿਰ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਖਿਡਾਰੀਆਂ ਦੇ ਕਰੋਨਾ ਪਾਜ਼ਟਿਵ ਦੀ ਖਬਰ ਆ ਰਹੀ ਹੈ । ਵਾਨਖੇੜੇ ਸਟੇਡੀਅਮ ਵਿੱਚ ਹੋਣ ਵਾਲੇ ਆਈ. ਪੀ. ਐੱਲ ਮੈਚਾਂ ਉੱਪਰ ਵੀ ਖਤਰਾ ਮੰਡਰਾ ਰਿਹਾ ਹੈ । ਸੂਤਰਾਂ ਮੁਤਾਬਿਕ 14ਵੇਂ ਸੀਜ਼ਨ ਦੀ ਸ਼ੁਰੂਆਤ 9 ਅਪ੍ਰੈਲ ਤੋਂ ਹੋਣ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਵਾਨਖੇੜੇ ਸਟੇਡੀਅਮ ਵਿੱਚ ਕੰਮ ਕਰਨ ਵਾਲੇ ਕਈ ਕਰਮਚਾਰੀ ਕਰੋਨਾ ਪਾਜ਼ਟਿਵ ਪਾਏ ਗਏ ਹਨ, ਜਿਸ ਨੂੰ ਲੈ ਕੇ ਖਿਡਾਰੀਆਂ ਅਤੇ ਕ੍ਰਿਕਟ ਐਸੋਸੀਏਸ਼ਨ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ, ਇਹ ਵੀ ਦੱਸਿਆ ਜਾ ਰਿਹਾ ਹੈ ਕਿ ਜੇਕਰ ਮੁੰਬਈ ਵਿੱਚ ਕਰੋਨਾ ਦੇ ਕੇਸ ਕੰਟਰੋਲ ਤੋਂ ਬਾਹਰ ਹੁੰਦੇ ਹਨ ਤਾਂ ਫਿਰ ਇੰਦੌਰ ਅਤੇ ਹੈਦਰਾਬਾਦ ਨੂੰ ਆਈ. ਪੀ. ਐਲ ਦੇ ਸਟੈਂਡ ਬਾਈ ਸਥਾਨ ਦੇ ਰੂਪ ਵਿੱਚ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਕਰੋਨਾ ਦੀ ਮਹਾਂਮਾਰੀ ਨੇ ਖੇਡ ਜਗਤ ਨੂੰ ਉਸ ਸਮੇਂ ਇੱਕ ਵੱਡਾ ਝਟਕਾ ਦਿੱਤਾ ਜਦ ਸਾਬਕਾ ਟੇਬਲ ਟੈਨਿਸ ਖਿਡਾਰੀ ਸੁਹਾਸ ਕੁਲਕਰਣੀ ਦਾ ਕੋਵਿਡ ਦੇ ਕਾਰਨ ਦਿਹਾਂਤ ਹੋ ਗਿਆ। ਰਾਸ਼ਟਰੀ ਮਾਸਟਰਸ ਟੇਬਲ ਟੈਨਿਸ ਚੈਂਪੀਅਨਸ਼ਿਪ ਦਾ ਖਿਤਾਬ ਜਿੱਤ ਚੁੱਕੇ ਕੁਲਕਰਣੀ ਖੇਡ ਤੋਂ ਸੰਨਿਆਸ ਲੈਣ ਤੋਂ ਬਾਅਦ ਸਰਗਰਮ ਤੌਰ 'ਤੇ ਕੋਚਿੰਗ ਕਰ ਰਹੇ ਸਨ। ਇਹ ਖੇਡ ਜਗਤ ਲਈ ਇੱਕ ਦੁਖਦਾਈ ਘਟਨਾ ਹੈ।

ਕਰੋਨਾ ਦੀ ਸਚਾਈ ਹਾਲੇ ਤੱਕ ਇੱਕ ਰਹੱਸ ਬਣੀ ਹੋਈ ਹੈ। ਪਰ ਅਸੀਂ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋ ਸਕਦੇ ਕਿ ਸਮੇਂ ਦੀਆਂ ਸਰਕਾਰਾਂ ਕਰੋਨਾ ਦੀ ਸੱਚਾਈ ਨੂੰ ਛੁਪਾਉਂਦੀਆਂ ਹੋਈਆਂ ਇਸ ਨੂੰ ਇੱਕ ਰਾਜਨੀਤਕ ਸਾਜਿਸ਼ ਦੇ ਤੌਰ 'ਤੇ ਜ਼ਿਆਦਾ ਵਰਤ ਰਹੀਆਂ ਹਨ। ਸਿੱਖਿਆ ਅਤੇ ਦੇਸ਼ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰਾਂ ਨੂੰ ਇਸ ਮਸਲੇ ਉੱਪਰ ਸੰਜੀਦਗੀ ਅਤੇ ਸਮਝਦਾਰੀ ਨਾਲ ਸੋਚਣ ਦੀ ਜ਼ਰੂਰਤ ਹੈ।


Buying or Selling home in Sacramento??

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE 916-513-8094




Put my knowledge, Service, experience and professionalism to work for you.



Buying or selling home in Sacramento?

Call 916-513-8094 for free consultation (PUNJABI/ENGLISH/HINDI)

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

# ਸਿੱਖੀ ਦੀ ਆਨ ਤੇ ਸ਼ਾਨ 'ਦਸਤਾਰ'



**ਜਸਕੀਰਤ ਸਿੰਘ**
98889-49201

ਦਸਤਾਰ ਦੀ ਦਾਸਤਾਨ ਬਹੁਤ ਪੁਰਾਣੀ, ਪੇਚੀਦਾ ਅਤੇ ਗੌਰਵਮਈ ਵੀ ਹੈ। ਇਹ ਭੇਦ-ਭਰੀ ਤੇ ਨਿਵੇਕਲੀ ਵੀ ਹੈ। ਮਨੁੱਖੀ ਲਿਬਾਸ ਦਾ ਸ਼ਾਇਦ ਹੀ ਕੋਈ ਹੋਰ ਬਸਤਰ ਏਨੀ ਧਾਰਮਿਕ, ਇਤਿਹਾਸਕ, ਸਮਾਜਿਕ, ਮਨੋਵਿਗਿਆਨਕ ਮਹੱਤਤਾ ਰੱਖਦਾ ਹੋਵੇ। ਸ਼ਾਇਦ ਹੀ ਕਿਸੇ ਹੋਰ ਲਿਬਾਸ ਦੇ ਇਨੇ ਨਾਂ ਹੋਣ, ਇਨੇ ਪਹਿਨਣ ਦੇ ਢੰਗ ਹੋਣ, ਇਨੇ ਸੰਕੇਤਕ ਅਰਥ ਹੋਣ ਜਾਂ ਕਿਸੇ ਲਿਬਾਸ ਨੂੰ ਜਿੰਦਾ ਰਹਿਣ ਲਈ ਏਨਾ ਸੰਘਰਸ਼ ਕਰਨਾ ਪਿਆ ਹੋਵੇ।

'ਦਸਤਾਰ' ਫਾਰਸੀ ਦਾ ਲਫਜ਼ ਹੈ, ਜਿਸ ਦਾ ਭਾਵ ਹੈ ਹੱਥਾਂ ਨਾਲ ਸਵਾਰ ਕੇ ਬੰਨਿਆਂ ਹੋਇਆ ਬਸਤਰ। ਦਸਤਾਰ ਜਿਸ ਨੂੰ ਅੰਗਰੇਜ਼ੀ ਜਾਂ ਜਰਮਨ ਵਿਚ 'ਟਰਬਨ', ਫਰੈਂਚ ਵਿਚ 'ਟਲਬੈਂਡ', ਇਤਾਲਵੀ, ਸਪੇਨੀ ਤੇ ਪੁਰਤਗਾਲੀ ਵਿਚ 'ਟਰਬੈਂਟੇ' ਡੈਚ ਵਿਚ 'ਟਲਬਰਜ਼', ਰੋਮਾਨੀ ਵਿਚ 'ਟੂਲੀਪਨ' ਲਾਤੀਨੀ ਵਿਚ 'ਮਾਈਟਰ' ਅਤੇ ਤੁਰਕੀ ਵਿਚ 'ਸਾਰੀਕ' ਕਿਹਾ ਜਾਂਦਾ ਹੈ। ਦਸਤਾਰ ਕਿਸੇ ਨਾ ਕਿਸੇ ਰੂਪ ਅਤੇ ਕਾਲ ਵਿਚ ਈਸਾਈਆਂ, ਯਹੂਦੀਆਂ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਦੇ ਸਿਰਾਂ ਦਾ ਸ਼ਿੰਗਾਰ ਰਹੀ ਹੈ ਅਤੇ ਅੱਜ ਵੀ ਹੈ।

ਦਸਤਾਰ ਕਦੋਂ ਤੇ ਕਿਵੇਂ ਸੰਸਾਰ ਵਿਚ ਸ਼ੁਰੂ ਹੋਈ ਪੱਕੇ ਤੌਰ 'ਤੇ ਕੁੱਝ ਨਹੀਂ ਕਿਹਾ ਜਾ ਸਕਦਾ? ਅਰਬ ਅਤੇ ਇਰਾਨ ਦੇਸ਼ਾਂ ਵਿਚ ਦਸਤਾਰ ਨੂੰ ਖਾਸ ਮੁਕਾਮ ਹਾਸਲ ਰਿਹਾ ਹੈ।

ਦਸਤਾਰ ਸੰਸਾਰ ਦਾ ਪੁਰਾਤਨ ਇੱਜ਼ਤ ਆਬਰੂ ਪਹਿਰਾਵਾ ਹੁੰਦਾ ਹੋਵੇਗਾ, ਜੋ ਮਨੁੱਖ ਦੇ ਜਾਹੋ-ਜਲਾਲ ਦੇ ਚਿੰਨ ਵਜੋਂ ਪੀੜੀਆਂ ਦਰ ਪੀੜੀਆਂ ਸਾਡੇ ਤਕ ਪੁੱਜਿਆ ਹੈ।

ਕੇਸਾਧਾਰੀ ਰਹਿਣਾ ਪੁਰਾਤਨ ਕਾਲ ਤੋਂ ਨੇਕ ਅਤੇ ਮਹਾਨ ਵਿਅਕਤੀਆਂ ਦੀ ਮਰਯਾਦਾ ਰਹੀ ਹੈ। ਕੇਸਾਂ ਦੀ ਸੰਭਾਲ ਕਰਨ ਲਈ ਦਸਤਾਰਾਂ ਦੇ ਨਵੇਂ-ਨਵੇਂ ਰੂਪ ਧਾਰ ਕੇ, ਸਿਰ 'ਤੇ ਸਜਾ ਕੇ ਹਰ ਇਕ ਵਿਅਕਤੀ ਮਾਣ ਮਹਿਸੂਸ ਕਰਦਾ ਆਇਆ ਹੈ। ਪੁਰਾਤਨ ਸਮੇਂ ਵਿਚ ਜੇਕਰ ਕਿਸੇ ਵਿਅਕਤੀ ਨੂੰ ਨੀਵਾਂ ਕਰਨ ਹੋਵੇਂ ਜਾਂ ਕਿਸੇ ਨੂੰ ਡੂੰਘੀ ਸੱਟ ਮਾਰਨੀ ਹੁੰਦੀ ਸੀ ਤਾਂ ਰਾਜੇ- ਮਹਾਰਾਜੇ ਉਸ ਵਿਅਕਤੀ ਦੀ ਦਸਤਾਰ ਉਤਾਰ ਉਸਦੇ ਕੇਸ ਕਤਲ ਕਰ ਦਿੰਦੇ ਸਨ। ਕਿਉਂਕਿ ਕੇਸ ਕਤਲ ਕਰਨਾ ਗੁਲਾਮੀ ਦਾ ਚਿੰਨ ਹੈ।

ਇੱਕ ਨੰਦ ਰਾਜਾ ਉੱਘੇ ਪ੍ਰਤਾਪ ਦਾ ਮਾਲਕ ਸੀ। ਉਸ ਨੇ ਛੋਟੇ-ਮੋਟੇ ਰਾਜਿਆਂ ਨੂੰ ਜਿੱਤ ਕੇ ਉਨਾਂ ਨੂੰ ਦੇਸ਼-ਨਿਕਾਲਾ ਦੇ ਦਿੱਤਾ, ਪਰ ਨੰਦ ਰਾਜਾ ਅੰਦਰੋਂ-ਅੰਦਰੀ ਬਹੁਤ ਡਰਦਾ ਸੀ, ਕਿ ਕਿਤੇ ਇਹ ਸਾਰੇ ਰਾਜੇ ਮਿਲ ਕੇ ਉਸਦੇ ਖ਼ਿਲਾਫ਼ ਬਗਾਵਤ ਨਾ ਕਰ ਦੇਣ। ਅੰਤ ਨੰਦ ਰਾਜੇ ਨੇ ਆਪਣੇ ਵਜ਼ੀਰਾਂ ਨਾਲ ਮਿਲ ਕੇ ਸਲਾਹ ਕੀਤੀ , ਕਿ ਇਨਾਂ ਦੀ ਤਾਕਤ ਨੂੰ ਕਿਵੇਂ ਖ਼ਤਮ ਕੀਤਾ ਜਾਵੇ, ਆਖ਼ਿਰ ਸਾਰੇ ਵਜ਼ੀਰਾਂ ਨੇ ਇਹ ਸਲਾਹ ਕੀਤੀ ਕਿ ਉਨਾਂ ਰਾਜਿਆਂ ਦੇ ਕੇਸ ਕਤਲ ਕਰਕੇ ਉਨਾਂ ਨੂੰ ਗੁਲਾਮ ਬਣਾ ਲਿਆ ਜਾਵੇ।

ਸਿੱਖ ਧਰਮ ਵਿਚ ਦਸਤਾਰ ਦੇ ਸਤਿਕਾਰ ਦੀ ਕਹਾਣੀ ਸਿੱਖ ਧਰਮ ਜਿੰਨੀ ਹੀ ਪੁਰਾਣੀ ਹੈ। ਸਿੱਖ ਧਰਮ ਦੇ ਸੰਸਥਾਪਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਕੇਸਾਂ ਦਾ ਸਤਿਕਾਰ ਕਰਦਿਆਂ ਸਿਰ ਤੇ ਦਸਤਾਰ ਸਜਾਉਂਦੇ ਸਨ।

ਕੁੱਝ ਲੋਕਾਂ ਦਾ ਇਹ ਮਤ ਵੀ ਠੀਕ ਲੱਗਦਾ ਹੈ ਕਿ 'ਪੱਗ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਪਕ' ਤੋਂ ਨਿਕਲਿਆ ਲੱਗਦਾ ਹੈ। 'ਪਕ' ਸ਼ਬਦ ਵਾਲਾਂ ਦੇ ਚਿੱਟੇ ਹੋਣ ਅਤੇ ਸਿਆਣੀ ਉਮਰ ਲਈ ਵਰਤਿਆ ਜਾਂਦਾ ਹੈ। ਈਸਾਈ ਧਰਮ ਦੀ ਧਾਰਮਿਕ ਪੁਸਤਕ 'ਬਾਈਬਲ' ਵਿਚ ਪੱਗ ਬੰਨਣ ਦਾ ਜ਼ਿਕਰ ਅਨੇਕਾਂ ਵਾਰ ਆਉਂਦਾ ਹੈ। ਪੱਗ ਬਾਈਬਲ ਅਨੁਸਾਰ ਯਹੂਦੀ ਪਾਦਰੀਆਂ ਦੀ ਯੂਨੀਫਾਰਮ ਦਾ ਇਕ ਅਹਿਮ ਹਿੱਸਾ ਸੀ ਜੋ ਰਾਜ ਗੱਦੀ ਅਤੇ ਹੋਰ ਅਜਿਹੀਆਂ ਰਸਮਾਂ ਸਮੇਂ ਬੰਨਣੀ ਲਾਜ਼ਮੀ ਸੀ। ਪੱਗ ਬਾਈਬਲ ਦੇ ਜ਼ਮਾਨੇ ਵਿਚ ਵੀ ਤਾਕਤ, ਜਵਾਨੀ, ਸ਼ੌਕੀਨੀ ਅਤੇ ਸੁੰਦਰਤਾ ਦਾ ਪ੍ਰਤੀਕ ਮੰਨੀ ਜਾਂਦੀ ਸੀ।

ਇਸਲਾਮ ਧਰਮ ਵਿਚ ਪੱਗ ਨੂੰ ਹੋਰ ਵੀ ਉਚੇਰਾ ਤੇ ਮਹੱਤਵਪੂਰਨ ਮੁਕਾਮ ਹਾਸਲ ਹੈ। ਪੈਗੰਬਰ ਮੁੰਹਦ ਦੇ ਆਪ ਪੱਗ ਬੰਨਣ ਬਾਰੇ ਕਈ ਹਦੀਸਾਂ ਵਿਚ ਜ਼ਿਕਰ ਹੈ ਕਈ ਹਦੀਸਾਂ ਅਨੁਸਾਰ ਪੈਗੰਬਰ ਮੁਹੰਮਦ ਨੇ ਖੁਦ ਇਹ ਫੁਰਮਾਨ ਕੀਤਾ ਕਿ ਮੁਸਲਮਾਨ ਪੱਗ ਬੰਨਣ। ਉਨਾਂ ਕਿਹਾ ਕਿ ਫਰਿਸ਼ਤੇ ਵੀ ਪੱਗ ਬੰਨਦੇ ਹਨ। ਪੱਗ ਸਿਰ ਦਾ ਬਚਾਅ ਕਰਦੀ ਹੈ ਤੇ ਚਿਹਰੇ ਨੂੰ ਸੁੰਦਰਤਾ ਬਖ਼ਸ਼ਦੀ ਹੈ।

'ਪੱਗ ਬੰਨਣ ਦੀ ਆਦਤ ਬਣਾਓ ਕਿਉਂਕਿ ਇਹ ਫ਼ਰਿਸ਼ਤਿਆਂ ਦੀ ਨਿਸ਼ਾਨੀ ਹੈ ...।'

ਭਾਵੇਂਕਿ ਮੁਸਲਮਾਨਾਂ ਵਿੱਚ ਪੱਗ ਬੰਨਣ ਲਈ ਖੁਦ ਪੈਗ਼ੰਬਰ ਵਲੋਂ ਕਿਹਾ ਗਿਆ ਹੈ ਅਤੇ ਮੁਹੰਮਦ ਜੀ ਖੁਦ ਵੀ ਪੱਗ ਬੰਨਦੇ ਸਨ ਪ੍ਰੰਤੂ ਪੱਗ ਬੰਨਣਾ ਇਕ ਲਾਜ਼ਮੀ ਫਰਜ਼ ਕਦੇ ਵੀ ਨਾ ਬਣ ਸਕਿਆ। ਸਿੱਖ ਧਰਮ ਵਿਚ ਕੁਦਰਤ ਵਲੋਂ ਬਖ਼ਸ਼ੇ ਵਾਲਾਂ ਨੂੰ ਹਮੇਸ਼ਾ ਸਾਬਤ ਸੂਰਤ ਰੱਖਣ ਦੇ ਹੁਕਮ ਨੇ ਸਿੱਖਾਂ ਨੂੰ 'ਦਸਤਾਰ' ਸਿਰਾਂ 'ਤੇ ਬੰਨਣਾ ਲਾਜ਼ਮੀ ਕਰ ਦਿੱਤਾ। ਹਾਲਾਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਵੀ ਸਾਰੇ ਸਿੱਖ ਗੁਰੂ ਸਾਹਿਬਾਨ ਦਸਤਾਰ ਸਜਾਉਂਦੇ ਤੇ ਕੇਸ ਵੀ ਰੱਖਦੇ ਸਨ ਅਤੇ ਬਹੁਤ ਸਾਰੇ ਸਿੱਖ ਵੀ ਅਜਿਹਾ ਹੀ ਕਰਦੇ ਸਨ। ਪ੍ਰੰਤੂ 1699 ਦੀ ਵਿਸਾਖੀ ਨੂੰ ਹੋਏ ਫੁਰਮਾਨ ਨੇ ਕੇਸਾਂ ਅਤੇ ਦਸਤਾਰ ਨੂੰ ਸਿੱਖੀ ਸਰੂਪ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ। ਪੱਗ ਨੂੰ ਫਾਰਸੀ ਵਿਚ 'ਸਾਫਾ, ਪੱਗੜੀ ਅਤੇ ਦਸਤਾਰ' ਆਖਿਆ ਜਾਂਦਾ ਹੈ। ਫਾਰਸੀ ਵਿਚ 'ਦੁਲਬੰਦ' , ਤੁਰਕੀ ਵਿਚ 'ਤਾਰਬੁਸ਼' ਆਖਿਆ ਜਾਂਦਾ ਹੈ। ਅਸਲ ਵਿਚ ਪੰਜਾਬੀ ਦਾ ਸ਼ਬਦ 'ਦਸਤਾਰ , ਦੁਲਬੰਦ' ਤੋਂ ਅਤੇ 'ਦੁਲਬੰਦ, ਤਾਰਬੂਸ਼' ਤੋਂ ਪੈਦਾ ਹੋਇਆ ਹੈ। ਪੁਰਾਣੇ ਸਮੇਂ ਵਿਚ ਨੰਗੇ ਸਿਰ ਵਾਲੇ ਨੂੰ ਮਾੜਾ ਸਮਝਿਆ ਜਾਂਦਾ ਸੀ ਜਿਸ ਦਾ ਪ੍ਰਮਾਣ ਭਾਈ ਗੁਰਦਾਸ ਜੀ ਦੀ ਬੱਤੀਵੀਂ ਵਾਰ ਵਿਚੋਂ ਮਿਲਦਾ ਹੈ। ਸਾਡੇ ਦੇਸ਼ ਵਿਚ ਸਿਰ ਦੀ ਰਾਖੀ ਲਈ ਪੱਗ ਬੰਨੀ ਜਾਂਦੀ ਸੀ। ਟੋਪੀ ਦੀ ਵਰਤੋਂ ਵੀ ਸਿਰ ਢੱਕਣ ਲਈ ਕੀਤੀ ਜਾਂਦੀ ਸੀ। ਬਾਵਾ ਬੁੱਧ ਸਿੰਘ ਜੋ ਪੰਜਾਬੀ ਦੇ ਪ੍ਰਸਿੱਧ ਲੇਖਕ ਸਨ ਨੇ ਆਪਣੀ ਪੁਸਤਕ 'ਬੰਬੀਹਾ ਬੋਲ' ਵਿਚ ਟੋਪੀ ਨੂੰ ਗੁਲਾਮੀ ਦੀ ਨਿਸ਼ਾਨੀ ਦੱਸਿਆ ਹੈ।

ਸਿੱਖ ਧਰਮ ਵਿਚ ਦਸਤਾਰ ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋ ਗਈ ਸੀ। ਪੁਰਾਤਨ ਸਾਹਿਤ ਇਸ ਦਾ ਪਤਾ ਦਿੰਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਹੁਤ ਸੁੰਦਰ ਦਸਤਾਰ ਸਜਾਉਂਦੇ ਸਨ ਅਤੇ ਉਨਾਂ ਤੋਂ ਮਗਰੋਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਗੁਰੂ ਸਾਹਿਬਾਨ ਨੇ ਸ਼ਾਹੀ ਠਾਠ-ਬਾਠ ਵਾਲਾ ਪਹਿਰਾਵਾ ਧਾਰਨ ਕੀਤਾ ਤੇ ਦਸਤਾਰ ਵੀ ਸਜਾਈ ਕਿਉਂਕਿ ਇਹ ਗੁਰੂ ਦੀ ਗੱਦੀ ਰੱਬੀ ਬਾਦਸ਼ਾਹਤ ਸੀ। ਦਸਮ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਖਾਲਸਾ ਬਣਾਇਆ ਤੇ ਕੇਸਾਂ ਦੀ ਸਾਭ-ਸੰਭਾਲ ਲਈ ਦਸਤਾਰ ਲਾਜ਼ਮੀ ਕਰ ਦਿੱਤੀ।

ਪੰਜਾਬੀ ਸਾਹਿਤ ਦੇ ਮਹਾਨ ਲੇਖਕ ਗਿਆਨੀ ਸੋਹਣ ਸਿੰਘ ਸ਼ੀਤਲ ਜੀ ਦੀ ਪੁਸਤਕ ' ਸਿੱਖ ਰਾਜ ਕਿਵੇਂ ਗਿਆ 'ਵਿਚ ਸਾਨੂੰ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਬਾਰੇ ਬਹੁਤ ਕੁੱਝ ਪੜਨ ਨੂੰ ਮਿਲਦਾ ਹੈ। ਕਿ ਮਹਾਰਾਜਾ ਰਣਜੀਤ ਸਿੰਘ ਜੀ ਵੇਲੇ ਵੀ 'ਪੱਗੜੀ -ਸੰਭਾਲ' ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਸਨ। ਉਸ ਸਮੇਂ ਪਗੜੀ ਇਜ਼ਤ-ਆਬਰੂ ਦੀ ਨੁਹਾਰ ਹੁੰਦੀ ਸੀ। ਇਸ ਦਾ ਮਾਣ-ਸਤਿਕਾਰ ਸਰਕਾਰੇ-ਦਰਬਾਰੇ ਅਤੇ ਸਮਾਜ ਵਿਚ ਹਮੇਸ਼ਾ ਬਣਿਆ ਰਹਿੰਦਾ ਸੀ।

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪ ਵੀ ਬਹੁਤ ਸੁੰਦਰ ਦਸਤਾਰ ਸਜਾਉਂਦੇ ਸਨ ਅਤੇ ਦਸਤਾਰ ਬੰਨਣ ਦੇ ਮੁਕਾਬਲੇ ਵੀ ਕਰਵਾਉਂਦੇ ਸਨ। ਸੋਹਣੀ ਦਸਤਾਰ ਸਜਾਉਣ ਵਾਲੇ ਨੂੰ ਇਨਾਮ ਵੀ ਦਿੱਤੇ ਜਾਂਦੇ ਸਨ। ਇਸ ਤੋਂ ਪਤਾ ਲਗਦਾ ਹੈ ਕਿ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਵੀ ਦਸਤਾਰ ਦਾ ਉੱਚ ਸਨਮਾਨ ਕੀਤਾ ਅਤੇ ਇਸ ਨੂੰ ਸਿੱਖੀ ਦੀ ਆਨ-ਸ਼ਾਨ ਬਣਾਈ ਰੱਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਸਤਾਰ ਦਾ ਜ਼ਿਕਰ ਇਉਂ ਕੀਤਾ ਮਿਲਦਾ ਹੈ।

'ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥'
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥'

ਅੰਤ ਵਿਚ ਅਸੀਂ ਇਹ ਆਖ ਸਕਦੇ ਹਾਂ ਕਿ ਦਸਤਾਰ ਪੰਜਾਬੀਆਂ ਦੇ ਸੱਭਿਆਚਾਰ ਅਤੇ ਵਿਰਸੇ ਦਾ ਅੰਗ ਹੁੰਦੀਂ ਹੋਈ ਸ਼ਾਨ ਦਾ ਪ੍ਰਤੀਕ ਹੈ। ਇਹ ਸਿੱਖਾਂ ਲਈ ਜਿੱਥੇ ਖਾਸ ਮਹੱਤਵ ਰੱਖਦੀ ਹੈ। ਉਥੇ ਹੋਰਨਾਂ ਧਰਮਾਂ ਵਿਚ ਵੀ ਇਸ ਦਾ ਆਪਣਾ ਸਥਾਨ ਹੈ। ਅੱਜ ਦੁਨੀਆ ਭਰ ਅੰਦਰ ਦਸਤਾਰ ਸਜਾਉਣ ਦੀ ਕਲਾ ਵਿਚ ਸਭ ਤੋਂ ਨਿਪੁੰਨ ਸਿੱਖ ਨੌਜਵਾਨ ਇਸ ਨੂੰ ਬੰਨਦੇ ਹਨ, ਕਿਸੇ ਹੋਰ ਧਰਮਾਂ ਵਿਚ ਇਸ ਤਰਾਂ ਨਹੀਂ ਹੈ। ਸਾਡੀ ਦਸਤਾਰ ਸਾਡੀ ਸਰਦਾਰੀ ਅਤੇ ਸਿੱਖੀ ਦਾ ਪ੍ਰਤੀਕ ਹੈ।

---

## ਪੀਲੀ ਦਸਤਾਰ



**ਡਾ. ਗਜ਼ਨਫਰ**
**ਪੰਜਾਬ, ਪਾਕਿਸਤਾਨ**

ਗੁਰੂ ਘਰ ਜਾ ਕੇ ਅਰਦਾਸ ਕਰਨ ਲਈ ਗੁਰਦਿਆਲ ਸਿੰਘ ਨੇ ਸ਼ੀਸ਼ੇ ਦੇ ਅੱਗੇ ਖਲੋ ਕੇ ਪੀਲੀ ਦਸਤਾਰ ਸਜਾਈ ਅਤੇ ਉਹ ਆਪਣੇ ਦਿਲ ਵਿਚ ਈ ਦਰਬਾਰ ਸਾਹਿਬ ਦੇ ਹਜ਼ੂਰ ਹਜ਼ੂਰੀ ਦਾ ਸੁਆਦ ਲੈ ਰਿਹਾ ਸੀ, ਨਾਲ ਨਾਲ ਉਹ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਾ ਹੋਇਆ ਪਲਾਂ ਵਿਚ ਹੀ ਦਰਬਾਰ ਸਾਹਿਬ ਦੇ ਸਾਹਮਣੇ ਸੀ।

ਤੁਸੀ ਕਿੱਧਰ ਨੂੰ ਜਾ ਰਹੇ ਹੋ।ਬਿਨਾਂ ਪੁਛੇ? ਇਕ ਸੰਤਰੀ ਦੀ ਅਵਾਜ਼ ਉਹਦੇ ਕੰਨਾਂ ਵਿਚ ਪਈ ਜਦੋਂ ਉਹ ਦਰਬਾਰ ਸਾਹਿਬ ਦਾ ਮੁਹਰਲਾ ਵੱਡਾ ਬੂਹਾ ਅੰਦਰ ਨੂੰ ਟੱਪਣ ਲੱਗਾ।

ਅੱਛਾ ਤੇ ਹੁਣ ਗੁਰੂਘਰ ਵੀ ਪੁੱਛ ਕੇ ਜਾਣਾ ਪਿਆ ਕਰੇਗਾ। ਗੁਰਦਿਆਲ ਸਿੰਘ ਨੇ ਉਸਨੂੰ ਫ਼ਤਿਹ ਬੁਲਾਉਂਦਿਆਂ ਕਿਹਾ।।

ਹਾਂ ਜੀ, ਪੁੱਛ ਕੇ ਜਾਣਾ ਪਿਆ ਕਰੇਗਾ। ਸੰਤਰੀ ਨੇ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ।

ਗੁਰਦਿਆਲ ਸਿੰਘ ਦੀਆਂ ਅੱਖਾਂ ਹੈਰਾਨੀ ਨਾਲ ਖੁੱਲੀਆਂ ਸਨ ਤੇ ਉਹਦਾ ਮੂੰਹ ਵੀ ਖੁੱਲਾ ਸੀ।

ਇਧਰ ਕਮਰੇ ਵਿਚ ਆ ਕੇ ਆਪਣਾ ਅੰਗੂਠਾ ਬਾਈਓਮੀਟ੍ਰਿਕ ਕਰੋ, ਫਿਰ ਪਤਾ ਲੱਗੇਗਾ ਤੁਸੀਂ ਦਰਬਾਰ ਸਾਹਿਬ ਹਾਜ਼ਰੀ ਭਰਨ ਲਈ ਆਗਿਆ ਪੱਤਰ ਦਾ ਹੱਕ ਰੱਖਦੇ ਓ ਜਾਂ ਨਹੀਂ। ਸੰਤਰੀ ਨੇ ਦਫ਼ਤਰ ਵੱਲ ਇਸ਼ਾਰਾ ਕਰਦਿਆਂ ਕਿਹਾ। ਗੁਰਦਿਆਲ ਸਿੰਘ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਚੁੱਕੀ ਸੀ। ਉਹ ਹੈਰਾਨੀ ਦੇ ਸਮੁੰਦਰ ਵਿਚ ਗ਼ੋਤੇ ਖਾਂਦਾ ਬਾਈਓਮੀਟ੍ਰਿਕ ਮਸ਼ੀਨ ਦੇ ਸਾਹਮਣੇ ਖਲੋਤਾ, ਸੰਗਤਾਂ ਅਪਣਾ ਅੰਗੂਠਾ ਮਸ਼ੀਨ ਤੇ ਲਾ ਰਹੀਆਂ ਸੀ।

Refused ਕੰਪਿਊਟਰ ਦੀ ਸਕਰੀਨ ਤੇ ਵੱਡੇ ਅੱਖਰਾਂ ਵਿਚ ਲਿਖਿਆ ਸੀ। Sorry ਸੌਰੀ ਤੁਸੀਂ ਅੰਦਰ ਨਹੀਂ ਜਾ ਸਕਦੇ। ਕਿਉਂਕਿ ਸਰਕਾਰ ਨੇ ਦਰਬਾਰ ਸਾਹਿਬ ਨੂੰ ਯੂਨੈਸਕੋ ਦੇ ਆਲਮੀ ਵਿਰਸਾ ਐਲਾਨ ਕਰਵਾ ਦਿੱਤਾ ਹੈ। ਹੁਣ ਉਹੀ ਅੰਦਰ ਜਾਣਗੇ ਜਿਨਾਂ ਨੂੰ ਸਰਕਾਰ ਵੱਲੋਂ ਆਗਿਆ ਮਿਲੀ ਹੋਵੇ। ਇਹ ਗੱਲ ਸੁਣ ਕੇ ਉਹਦਾ ਹੇਠਲਾ ਸਾਹ ਹੇਠਾਂ ਤੇ ਉਤਲਾ ਉਪਰ ਰਹਿ ਗਿਆ।

ਉਹ ਘਬਰਾ ਕੇ ਉੱਠਿਆ। ਉਹ ਪਸੀਨੇ ਨਾਲ ਭਿੱਜ ਚੁੱਕਾ ਸੀ। ਉਹਨੇ ਛੇਤੀ ਨਾਲ ਬੈੱਡ ਦੀ ਸਾਈਡ ਟੇਬਲ ਤੇ ਪਿਆ ਪਾਣੀ ਦਾ ਭਰਿਆ ਗਲਾਸ ਆਪਣੇ ਹਲ਼ਕ ਅੰਦਰ ਸੁੱਟਿਆ। ਸ਼ੁਕਰ ਏ, ਇਹ ਸੁਫ਼ਨਾ ਸੀ। ਏਡਾ ਭੈੜਾ ਸੁਫ਼ਨਾ। ਉਹਨੇ ਅੱਜ ਤੱਕ ਕੋਈ ਨਹੀਂ ਸੀ ਵੇਖਿਆ।ਉਹਦਾ ਦਿਲ ਧੱਕ ਧੱਕ ਕਰ ਰਿਹਾ ਸੀ। ਉਹ ਛੇਤੀ ਨਾਲ ਉਠਿਆ, ਉਸਨੇ ਫਟਾਫਟ ਹੱਥ ਮੂੰਹ ਧੋਤਾ, ਪੀਲੀ ਦਸਤਾਰ ਬੰਨੀ ਤੇ ਵਾਹਿਗੁਰੂ ਵਾਹਿਗੁਰੂ ਆਖਦਾ ਘਰੋਂ ਨਿਕਲ ਗਿਆ।

ਉਹ ਦੀ ਗੱਡੀ ਅੰਮ੍ਰਿਤਸਰ ਸ਼ਹਿਰ ਦੀਆਂ ਸੜਕਾਂ ਤੇ ਛੜੱਪੇ ਭਰਨ ਲੱਗੀ।ਉਹ ਪਲਾਂ ਵਿਚ ਹੀ ਦਰਬਾਰ ਸਾਹਿਬ ਸਾਹਮਣੇ ਅੱਪੜ ਚੁੱਕਿਆ ਸੀ, ਉਹਨੇ ਗੱਡੀ ਖਿਲਾਰੀ ਤੇ ਛੇਤੀ ਨਾਲ ਦਰਬਾਰ ਸਾਹਿਬ ਦੇ ਮੁਹਰਲੇ ਦਰਵਾਜ਼ੇ ਵੱਲ ਵਧਿਆ। ਉਹ ਝੱਟ ਵਿਚ ਹੀ ਦਰਬਾਰ ਸਾਹਿਬ ਦੇ ਅੰਦਰ ਸੀ, ਇਹ ਵਿਹਦਿਆਂ ਉਸ ਦੀਆਂ ਅੱਖਾਂ ਵਿਚੋਂ ਹੰਝੂਆਂ ਦਾ ਮੀਂਹ ਵੱਸ ਰਿਹਾ ਸੀ। ਇਹ ਅੱਥਰੂ ਖ਼ੁਸ਼ੀ ਦੇ ਸਨ।

---

## ਜ਼ਖਮੀ ਬੀੜਾਂ

**ਡਾ. ਹਰਵਿੰਦਰ ਸਿੰਘ,**
**ਮੋ. 9814821842**

ਆਪ ਜੀ ਨੂੰ ਇਹ ਸਿਰਲੇਖ ਕੁਝ ਅਸਹਿਜ ਜ਼ਰੂਰ ਪ੍ਰਤੀਤ ਹੁੰਦਾ ਹੋਵੇਗਾ ਕਿਉਂਕਿ ਇਹ ਸ਼ਬਦ ਸ਼ਾਇਦ ਹੀ ਕਦੀ ਸਾਡੀ ਮਾਨਸਿਕਤਾ ਦਾ ਹਿੱਸਾ ਬਣਿਆ ਹੋਵੇ। ਕੁਝ ਦਿਨ ਪਹਿਲਾਂ ਹੀ ਸ੍ਰੀ ਦਰਬਾਰ ਸਾਹਿਬ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਉਥੇ ਜਾ ਕੇ ਪਤਾ ਲੱਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਪਰਲੀ ਇਮਾਰਤ ਵਿਚ ਸਾਕਾ ਨਨਕਾਣਾ ਸਾਹਿਬ ਅਤੇ ਜੂਨ 1984 ਦੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜੋ ਪਾਵਨ ਸਰੂਪ ਉਸ ਸਮੇਂ ਪ੍ਰਕਾਸ਼ ਕੀਤੇ ਗਏ ਸਨ ਉਹ ਸਰੂਪ ਇਥੇ ਸੁਭਾਇਮਾਨ ਹਨ। ਮਨ ਵਿਚ ਉਨਾਂ ਪਾਵਨ ਸਰੂਪਾਂ ਦੇ ਦਰਸ਼ਨਾਂ ਦੀ ਤਾਂਘ ਲੈ ਕੇ ਅਸੀਂ (ਦਾਸ ਅਤੇ ਕੁਝ ਸਾਥੀ) ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਪਰਲੀ ਇਮਾਰਤ ਵੱਲ ਹੋ ਤੁਰੇ, ਸੇਵਾਦਾਰ ਪਾਸ ਜਾ ਕੇ ਬੇਨਤੀ ਕੀਤੀ ਕਿ ਸਾਨੂੰ ਉਨਾਂ ਪਾਵਨ ਸਰੂਪਾਂ ਦੇ ਦਰਸ਼ਨ ਕਰਵਾਏ ਜਾਣ ਤਾਂ ਉਨਾਂ ਨੇ ਸਾਡੀ ਇਹ ਬੇਨਤੀ ਖਿੜੇ ਮੱਥੇ ਪ੍ਰਵਾਨ ਕਰ ਆਪਣੇ ਨਾਲ ਲੈ ਗਏ ਜਿਥੇ ਪਾਵਨ ਸਰੂਪ ਸੁਭਾਇਮਾਨ ਸਨ। ਪਾਵਨ ਸਰੂਪਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਭਾਈ ਤਰਨਜੀਤ ਸਿੰਘ ਜੀ ਨੇ ਦੱਸਿਆ ਕਿ ਇਨਾਂ ਪਾਵਨ ਸਰੂਪਾਂ ਦੀ ਸਾਂਭ ਸੰਭਾਲ ਸ਼ੁਰੂਆਤ 2009 ਵਿਚ ਸਿੰਘ ਸਾਹਿਬ ਗਿਆਨੀ ਗੁਰਮੁੱਖ ਸਿੰਘ ਜੀ ਵੇਲੇ ਸਾਹਮਣੇ ਆਈ ਤੇ 2014 ਵਿਚ ਇਸ 'ਤੇ ਮਤਾ ਪਾਸ ਹੋਣ ਉਪਰੰਤ ਕਾਰਜ ਆਰੰਭ ਕੀਤਾ। ਇਸ ਕਾਰਜ ਨੂੰ ਕਰਨ ਵਾਲੇ ਵੀਰ ਅਮਿਤ ਸਿੰਘ ਰਾਣਾ ਅਤੇ ਮੁਹੰਮਦ ਇਲਿਆਜ ਹਨ, ਜਿਸ ਸਮੇਂ ਇਨਾਂ ਜ਼ਖਮੀ ਸਰੂਪਾਂ ਨੂੰ ਪ੍ਰਕਾਸ਼ ਕਰਨਾ ਚਾਹਿਆ ਤਾਂ ਇਨਾਂ ਦੇ ਅੰਗ (ਪੰਨੇ) ਉਸ ਸਮੇਂ ਹੱਥ ਲਾਉਣ ਦੇ ਕਾਬਿਲ ਨਹੀਂ ਸਨ ਜੋ ਕਿ ਹੱਥ ਲਾਉਣ ਨਾਲ ਭੁਰ ਰਹੇ ਸਨ। ਇਨਾਂ ਅੰਗਾਂ ਨੂੰ ਪਾਣੀ ਨਾਲ ਵਿਸ਼ੇਸ਼ ਵਿਧੀ ਸਹਿਤ ਨਰਮ ਕਰ ਹੱਥ ਲਾਉਣ ਦੇ ਕਾਬਿਲ ਬਣਾਇਆ ਗਿਆ। ਦੂਸਰੀ ਸਭ ਤੋਂ ਵੱਡੀ ਸਮੱਸਿਆ ਇਹ ਆ ਰਹੀ ਸੀ ਜੋ ਅੰਗ ਕਿਨਾਰਿਆਂ ਤੋਂ ਭੁਰ (ਖਤਮ) ਜੋ ਚੁਕੇ ਹਨ ਉਨਾਂ ਨੂੰ ਕਿਸ ਤਰਾਂ ਠੀਕ ਕੀਤਾ ਜਾ ਸਕੇ, ਇਸ ਕਾਰਜ ਹਿੱਤ ਉਨਾਂ ਪਹਿਲਾਂ ਲੱਗੇ ਹੋਏ ਪੇਪਰ ਦਾ ਡੀ.ਐਨ.ਏ ਟੈਸਟ ਕਰ ਉਸੇ ਕਿਸਮ ਦਾ ਪੇਪਰ ਤਿਆਰ ਕਰਵਾਇਆ ਗਿਆ। ਅੰਗ ਨੂੰ ਦੋਵਾਂ ਪਾਸਿਆਂ ਤੋਂ ਸਹਾਇਤਾ ਲਈ ਜਰਮਨ ਤੋਂ ਵਿਸ਼ੇਸ਼ ਪੇਪਰ ਮੰਗਵਾ ਕੇ ਉਸ ਰਾਹੀਂ ਸੰਭਾਲਿਆ ਜਾ ਰਿਹਾ ਹੈ। ਜੋ ਅੰਗ ਭੁਰ ਚੁੱਕੇ ਸਨ ਉਨਾਂ ਵਿਚੋਂ ਤਿੰਨ ਅਖਰੇ, ਦੋ ਅਖਰੇ ਅਤੇ ਲਗਾਂ ਮਾਤਰਾਵਾਂ ਨੂੰ ਬਹੁਤ ਹੀ ਮਿਹਨਤ ਨਾਲ ਉਸੇ ਜਗਾ ਲਗਾਉਣ ਦਾ ਕਾਰਜ ਜਾਰੀ ਹੈ। ਇਨਾਂ ਬੀੜਾਂ ਨੂੰ ਜ਼ਖ਼ਮੀ ਬੀੜਾਂ ਦਾ ਨਾਮ ਕਿਉਂ ਦਿੱਤਾ ਗਿਆ ਹੈ? ਇਸ ਸੰਬੰਧੀ ਵਿਚਾਰ ਕਰਨ 'ਤੇ ਪਤਾ ਲਗਾ ਕਿ ਜੇਕਰ ਇਨਾਂ ਬੀੜਾਂ ਨੂੰ ਸ਼ਹੀਦੀ ਬੀੜਾਂ ਦਾ ਨਾਮ ਦਿੱਤਾ ਜਾਵੇ ਤਾਂ ਕਿ ਅਸੀਂ ਇਹ ਕਿਵੇਂ ਮੰਨ ਸਕਦੇ ਹਾਂ ਗੁਰੂ ਸਾਹਿਬ ਸ਼ਹੀਦ ਹੋ ਚੁੱਕੇ ਹਨ, ਉਹ ਤਾਂ ਹਾਜ਼ਰ ਨਾਜ਼ਰ ਹਨ। ਦੂਸਰੀ ਗੱਲ ਇਹ ਕਿ ਸ਼ਹੀਦ ਦਾ ਕੋਈ ਇਲਾਜ ਨਹੀਂ ਕੀਤਾ ਜਾ ਸਕਦਾ, ਜਦਕਿ ਜ਼ਖ਼ਮੀ ਨੂੰ ਸੰਭਾਲਿਆ ਜਾ ਸਕਦਾ ਹੈ। ਇਸ ਕਰਕੇ ਇਨਾਂ ਬੀੜਾਂ ਨੂੰ ਸ਼ਹੀਦੀ ਬੀੜਾਂ ਕਹਿਣ ਨਾਲੋਂ ਜ਼ਖ਼ਮੀ ਬੀੜਾਂ ਕਹਿਣਾ ਵਧੇਰੇ ਉਚਿਤ ਹੋਵੇਗਾ।

ਅੱਜ ਜਦੋਂ ਸੰਪੂਰਨ ਖ਼ਾਲਸਾ ਪੰਥ ਸਾਕਾ ਨਨਕਾਣਾ ਸਾਹਿਬ ਦੀ 100 ਸਾਲਾ ਸ਼ਤਾਬਦੀ ਮਨਾ ਰਿਹਾ ਹੈ ਤੇ ਆਪਣੇ ਸ਼ਹੀਦਾਂ ਨੂੰ ਯਾਦ ਕਰ ਰਿਹਾ ਹੈ। ਇਕ ਪਾਸੇ ਜਿੱਥੇ ਸਰਕਾਰ ਵਲੋਂ ਸ਼ਹੀਦੀ ਸਾਕਾ ਮਨਾਉਣ ਜਾ ਰਹੀ ਸੰਗਤ ਨੂੰ ਰੋਕਣਾ ਬਹੁਤ ਮੰਦਭਾਗਾ ਹੈ ਉੱਥੇ ਦੂਸਰੇ ਪਾਸੇ 100 ਸਾਲ ਬੀਤ ਜਾਣ ਉਪਰੰਤ ਵੀ ਅਸੀਂ ਇਸ ਸਾਕੇ ਨਾਲ ਸਬੰਧਤ ਗੁਰੂ ਸਾਹਿਬ ਦੇ ਸਰੂਪ ਨੂੰ ਨਹੀਂ ਸੰਭਾਲ ਸਕੇ, ਇਹ ਵੀ ਮੰਦਭਾਗਾ ਹੈ। ਇਸ ਸਰੂਪ ਦੀ ਸੇਵਾ ਲਗਭਗ 93 ਸਾਲ ਬਾਅਦ ਸ਼ੁਰੂ ਕੀਤੀ ਗਈ, ਇਹ ਆਪਣੇ ਆਪ ਵਿਚ ਸੋਚਣ ਦਾ ਵਿਸ਼ਾ ਹੈ। ਚਲੋ ਦੇਰ ਆਏ ਦਰੁਸਤ ਆਏ ਜੇਕਰ ਅਸੀਂ ਹੁਣ ਵੀ ਇਸ ਕਾਰਜ ਵੱਲ ਤੁਰੇ ਹਾਂ ਤਾਂ ਪ੍ਰਸੰਸਾ ਦੇ ਪਾਤਰ ਹਾਂ। ਪਹਿਲਾਂ ਹੀ ਪਤਾ ਨਹੀਂ ਕਿੰਨੇ ਗੁਰੂ ਸਾਹਿਬ ਦੇ ਪੁਰਾਤਨ ਹੱਥ ਲਿਖਤ ਸਰੂਪ ਬਿਰਧ ਕਹਿ ਕੇ ਸਸਕਾਰ ਕੀਤੇ ਜਾ ਚੁੱਕੇ ਹਨ ਜੋ ਕਿ ਪੰਥ ਦਾ ਵੱਡਮੁਲਾ ਖਜ਼ਾਨਾ ਸਨ। ਇਸ ਪਾਸੇ ਵੱਲ ਪੁੱਟਿਆ ਇਹ ਕਦਮ ਇਤਿਹਾਸ ਵਿਚ ਮੀਲ ਪੱਥਰ ਸਾਬਤ ਹੋਵੇਗਾ।

---

## ਹਾਕਮ ਦੇ ਨਾਂਅ !

ਇਸ ਨਗਰੀ ਦੇ ਹਾਕਮ ਤੋਂ ਮੈਨੂੰ ਕੋਈ ਆਸ ਨਹੀਂ,
ਇਸ ਨਗਰੀ ਦੇ ਹਾਕਮ ਤੇ ਰਤਾ ਵਿਸ਼ਵਾਸ਼ ਨਹੀਂ,
ਇਸ ਨਗਰੀ ਦਾ ਹਾਕਮ ਮੁੱਢ ਤੋਂ ਹੀ ਲੁਟੇਰਾ ਹੈ,
ਉਸਦੇ ਮਹਿਲੀਂ ਚਿਣਿਆ ਹੋਇਆ ਹਰ ਸਿਰ ਮੇਰਾ ਹੈ,
ਮੈਂ ਵੀ ਕਦੇ ਉਸ ਕੋਲੋਂ ਪਰ ਹਾਰ ਨਹੀਂ ਮੰਨੀ ,
ਹਰ ਯੁੱਗ ਵਿੱਚ ਮੈਂ ਹੀ ਉਸਦੀ ਧੌਣ ਹੈ ਭੰਨੀ ,
ਵੇਖ ਲਉ ਇਤਿਹਾਸ ਚੁੱਕ ਕੇ ਬੇਸ਼ੱਕ ਸਦੀਆਂ ਦਾ,
ਮਿਲ ਜਾਵੇਗਾ ਲੇਖਾ ਜੋਖਾ ਇਸਦੀਆਂ ਬਦੀਆਂ ਦਾ,
ਇਸ ਯੁੱਗ ਦੇ ਵਿੱਚ ਵੀ ਮੈਂ ਜੂਝਦੇ ਰਹਿਣਾ ਹੈ,
ਦਸ਼ਮ ਪਿਤਾ ਦੇ ਸਿੰਘ ਨੇ ਕਦ ਜ਼ੁਲਮ ਸਹਿਣਾ ਹੈ,
ਸੰਘਰਸ਼ ਨਾਲ ਹੀ ਕੌਮਾਂ ਦੀ ਤਕਦੀਰ ਬਦਲਦੀ ਹੈ,
ਇਤਿਹਾਸ ਬਦਲਦੇ ਨੇ, ਤਸਵੀਰ ਬਦਲਦੀ ਹੈ,
ਚਾਂਦਨੀ ਚੌਂਕ ਤੋਂ ਪੁੱਛ ਲਉ ਜਾਂ ਕੰਧ ਸਰਹੰਦ ਕੋਲੋਂ,
ਪੁੱਛ ਵੇਖਣਾ ਮਾਛੀਵਾੜੇ ਦੇ ਬਿਖੜੇ ਪੰਧ ਕੋਲੋਂ,
ਜਿਸ ਯੁੱਗ ਵਿੱਚ ਸ਼ਮਸ਼ੀਰ ਮਿਆਨੋਂ ਬਾਹਰ ਆਉਂਦੀ ਹੈ
ਓਸ ਯੁੱਗ ਨੂੰ ਦੁਨੀਆ ਸਾਰੀ ਸੀਸ ਨਿਵਾਉਂਦੀ ਹੈ,
ਇਸ ਹਾਕਮ ਦੇ ਦਰ ਤੇ ਮੈਂ ਹੱਥ ਬੰਨ ਨਹੀਂ ਖੜਨਾ,
ਇਸ ਹਾਕਮ ਦਾ ਦਿੱਤਾ ਹੋਇਆ ਸਬਕ ਨਹੀਂ ਪੜਨਾ,
ਇਸ ਹਾਕਮ ਨੂੰ ਜਦ ਮੇਰੇ ਦੁੱਖ ਦਾ ਅਹਿਸਾਸ ਨਹੀਂ,
ਮੈਨੂੰ ਵੀ ਫਿਰ ਉਸ ਉੱਤੇ ਰਤਾ ਵਿਸ਼ਵਾਸ਼ ਨਹੀਂ,
ਇਸ ਨਗਰੀ ਦੇ ਹਾਕਮ ਤੋਂ ਮੈਨੂੰ ਕੋਈ ਆਸ ਨਹੀਂ...!

**ਅਮਰਦੀਪ ਸਿੰਘ ਗਿੱਲ**

# 31 ਮਾਰਚ 1522 ਨੂੰ ਮਾਤਾ ਖੀਵੀ ਜੀ ਦਾ ਅਨੰਦ ਕਾਰਜ ਗੁਰੂ ਅੰਗਦ ਦੇਵ ਜੀ ਨਾਲ ਹੋਇਆ ਸੀ। ਆਓ ਮਾਤਾ ਖੀਵੀ ਜੀ ਦੇ ਜੀਵਨ ਕਾਲ 'ਤੇ ਸੰਖੇਪ ਝਾਤ ਮਾਰੀਏ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਜੋਰਾਵਰ ਸਿੰਘ ਤਰਸਿੱਕਾ**

ਗੁਰਮਤਿ ਨੇ ਸੰਸਾਰ ਨੂੰ ਬਿਲਕੁਲ ਨਵਾਂ-ਨਿਰੋਆ, ਸ੍ਰੇਸ਼ਠ ਅਤੇ ਸਾਰਥਕ ਸਿਧਾਂਤ, ਸਿਸਟਮ, ਸ਼ਿਸ਼ਟਾਚਾਰ ਅਤੇ ਸਦਾਚਾਰ ਪ੍ਰਦਾਨ ਕੀਤਾ। ਇਹ ਸਹਿਹੋਂਦ ਅਤੇ ਸਹਿਨਸ਼ੀਲਤਾ ਦਾ ਸਿਧਾਂਤ ਸੀ ਜਿਸ ਦਾ ਆਧਾਰ ਕਿਰਤ ਕਰਨਾ, ਵੰਡ ਛਕਣਾ, ਸੇਵਾ, ਸਿਮਰਨ, ਪ੍ਰਭੂ ਗੁਣਾਂ ਦੇ ਧਾਰਨੀ ਬਣਨਾ, ਕਰਤੇ ਦੀ ਰਚਨਾ ਦਾ ਸਤਿਕਾਰ, ਪੰਗਤ ਅਤੇ ਸੰਗਤ ਸੀ। ਇਸ ਵਿੱਚ ਹੋਰਨਾਂ ਮਹੱਤਵਪੂਰਨ ਗਲਾਂ ਤੋਂ ਇਲਾਵਾ ਦਰਸ਼ਨ-ਇਸ਼ਨਾਨ ਦੀ ਸਾਂਝ, ਕਥਾ-ਕੀਰਤਨ ਅਤੇ ਪ੍ਰਭੂ ਗੁਣਾਂ ਅਨੁਸਾਰੀ ਜੀਵਨ ਜਿਊਣ ਦੀ ਸਾਂਝ ਅਤੇ ਬਗੈਰ ਊਚ-ਨੀਚ, ਛੂਤ, ਲਿੰਗ - ਪੁਲਿੰਗ ਦਾ ਵਿਤਕਰਾ ਰੱਖਣ ਦੇ ਖਾਣ-ਪੀਣ ਦੀ ਸਾਂਝ ਸਥਾਪਤ ਕੀਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿੱਚ ਬੀਬੀਆਂ ਨੂੰ ਬਿਨਾਂ ਘੁੰਡ ਕੱਢੇ ਆਉਣ, ਸੇਵਾ ਕਰਨ ਅਤੇ ਗੁਰਬਾਣੀ-ਕੀਰਤਨ ਸੁਣਨ ਦੀ ਆਗਿਆ ਸੀ। ਕਰਤਾਰਪੁਰ ਦੀ ਇਹੋ ਕ੍ਰਾਂਤੀਕਾਰੀ ਰੀਤ ਮਾਤਾ ਖੀਵੀ ਜੀ ਨੇ ਖਡੂਰ ਸਾਹਿਬ ਦੀ ਧਰਤੀ ਉੱਤੇ ਪ੍ਰਚਲਤ ਕੀਤੀ। ਜਿਥੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਗਾਡੀ ਰਾਹ ਨੂੰ ਅਪਣਾ ਕੇ ਜਨਤਾ ਵਿੱਚ ਚੰਗੇ ਗੁਣਾਂ ਦੇ ਧਾਰਨੀ ਹੋਣ ਦੇ ਨਾਲ ਨਾਲ ਸਰੀਰਕ ਬਲ ਨੂੰ ਮੱਲ ਅਖਾੜੇ ਸਥਾਪਤ ਕਰਕੇ ਉਤਸ਼ਾਹਤ ਕੀਤਾ ਅਤੇ ਨਾਲ ਜੋੜਿਆ, ਉਥੇ ਮਾਤਾ ਖੀਵੀ ਜੀ ਨੇ ਤੀਵੀਂ ਜਾਤੀ ਨੂੰ ਬਿਨਾਂ ਘੁੰਡ ਕੱਢੇ ਆਉਣ, ਸੇਵਾ ਕਰਨ ਅਤੇ ਗੁਰਬਾਣੀ-ਕੀਰਤਨ ਸੁਣਨ ਲਈ ਉਤਸ਼ਾਹਤ ਕੀਤਾ ਜਿਸ ਕਰਕੇ, ਮਾਤਾ ਖੀਵੀ ਜੀ ਸਿੱਖ ਧਰਮ ਦੀ ਪਹਿਲੀ ਇਸਤਰੀ ਪ੍ਰਚਾਰਕ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ।

ਮਾਤਾ ਖੀਵੀ ਜੀ ਇਕ ਆਦਰਸ਼ਕ ਮਾਤਾ ਵੀ ਸੀ ਜਿਸ ਨੇ ਆਪਣੇ ਬੇਟਿਆਂ ਅਤੇ ਬੇਟੀਆਂ ਅੰਦਰ ਸੇਵਾ ਅਤੇ ਪ੍ਰਮਾਤਮਾਂ ਦੇ ਗੁਣਾਂ ਨੂੰ ਸੰਗਤ ਵਿਚੋਂ ਸਮਝਣ, ਸਿਖਣ ਅਤੇ ਆਪਣੇ ਜੀਵਨ ਵਿੱਚ ਅਪਨਾਉਣ ਲਈ ਬੂਹਤ ਪ੍ਰੇਰਤ ਕੀਤਾ। ਉਹ ਆਪਣੇ ਬੱਚਿਆਂ ਨਾਲ ਅਥਾਹ ਪਿਆਰ ਵੀ ਕਰਦੇ ਸਨ। ਮਾਤਾ ਖੀਵੀ ਜੀ ਆਪਣੀਆਂ ਬੇਟੀਆਂ ਨੂੰ ਆਪਣੇ ਪੁਤਰਾਂ ਦੀ ਤਰਾਂ ਹੀ ਪਿਆਰ ਕਰਦੇ ਸਨ। ਮਾਤਾ ਖੀਵੀ ਜੀ ਆਪਣੀਆਂ ਸਾਰੀਆਂ ਬਹੁਪੱਖੀ ਜ਼ਿੰਮੇਵਾਰੀਆਂ ਦੇ ਬਾਵਜੂਦ ਗੁਰੂ ਸਾਹਿਬ ਦੇ ਸੁਖ-ਅਰਾਮ ਦਾ ਵੀ ਪੂਰਾ ਧਿਆਨ ਰੱਖਦੇ ਸਨ। ਸੱਚਮੁੱਚ ਹੀ ਉਹ ਸਦਗੁਣਾਂ ਵਾਲੀ ਇਕ ਆਦਰਸ਼ਕ ਪਤਨੀ ਸਨ।

**ਲੰਗਰ ਬਾਰੇ ਮਹਿਮਾ ਪ੍ਰਕਾਸ਼ ਦੇ ਕਰਤਾ ਬਾਵਾ ਸਰੂਪ ਦਾਸ ਭੱਲਾ:** ਸ੍ਰੀ ਗੁਰੂ ਅੰਗਦ ਦੇਵ ਜੀ ਜਿਥੇ ਆਪਣੇ ਪ੍ਰਵਚਨਾਂ ਦੁਆਰਾ ਗੁਰੂ ਦਰਬਾਰ ਵਿੱਚ ਆਉਣ ਵਾਲੇ ਜਗਿਆਸੂਆਂ ਨੂੰ ਆਤਮਿਕ ਗਿਆਨ ਦੇ ਭੋਜਨ ਦੁਆਰਾ ਤ੍ਰਿਪਤ ਕਰਕੇ ਉਨਾਂ ਦੇ ਮਨਾਂ ਦੀ ਭਟਕਣਾਂ ਨੂੰ ਦੂਰ ਕਰਦੇ ਸਨ, ਉਥੇ ਮਾਤਾ ਖੀਵੀ ਜੀ ਆਉਣ ਵਾਲੀਆਂ ਸੰਗਤਾਂ ਵਾਸਤੇ ਲੰਗਰ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਨੂੰ ਸੰਭਾਲਦੇ ਸਨ।

ਭਾਈ ਸੱਤਾ ਤੇ ਬਲਵੰਡ ਦੁਆਰਾ ਰਾਮਕਲੀ ਕੀ ਵਾਰ ਅੰਦਰ ਵਰਨਣ ਕੀਤਾ ਗਿਆ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥
(ਪੰਨਾ 967)

ਸਹੁਰੇ-ਘਰ ਦੇ ਬਜ਼ੁਰਗ ਭਾਈ ਅਮਰਦਾਸ ਜੋ ਦੇਵੀ ਦੇ ਪੁਜਾਰੀ ਸਨ। ਜਦੋਂ ਉਹ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਆਏ ਤਾਂ ਉੱਥੋਂ ਦੀ ਸੋਭਾ, ਕਾਰਜ ਮਾਹੌਲ ਅਤੇ ਸਿਧਾਂਤ ਨੂੰ ਵੇਖ ਅਤੇ ਸਮਝ ਕੇ ਉੱਥੇ ਹੀ ਟਿਕ ਗਏ। ਭਾਵੇਂ ਉਹ ਰਿਸ਼ਤੇ ਵਿੱਚ ਗੁਰੂ ਅੰਗਦ ਦੇਵ ਜੀ ਦੇ ਕੁੜਮ ਸਨ ਪ੍ਰੰਤੂ ਉਨਾਂ ਨੇ ਜਦੋਂ ਇਹ ਵੇਖਿਆ ਕਿ ਗੁਰੂ-ਪਤਨੀ ਮਾਤਾ ਖੀਵੀ ਜੀ ਖ਼ੁਦ ਹੱਥੀਂ ਲੰਗਰ ਤਿਆਰ ਕਰ ਰਹੇ ਹਨ, ਵਰਤਾ ਰਹੇ ਹਨ ਅਤੇ ਜੂਠੇ ਬਰਤਨ ਮਾਂਜਣ ਦੀ ਸੇਵਾ ਨਿਝਿਜਕ ਹੋ ਕੇ ਪੂਰੀ ਸ਼ਰਧਾ ਨਾਲ ਕਰ ਰਹੇ ਹਨ ਤਾਂ ਉਨਾਂ ਨੇ ਵੀ ਲੰਗਰ ਵਿੱਚ ਬਰਤਨ ਮਾਂਜਣ ਅਤੇ ਪਾਣੀ ਲਿਆਉਣ ਦੀ ਸੇਵਾ ਅਰੰਭ ਦਿੱਤੀ। ਇਸੇ ਤਰਾਂ ਮਾਤਾ ਖੀਵੀ ਜੀ ਦਾ ਜੀਵਨ ਅਨੇਕਾਂ ਵਿਅਕਤੀਆਂ ਲਈ ਇਕ ਮਿਸਾਲ ਅਤੇ ਪ੍ਰੇਰਨਾ-ਸ੍ਰੋਤ ਬਣਿਆ ਅਤੇ ਲੋਕਾਂ ਅੰਦਰ ਨਿਸ਼ਕਾਮ ਸੇਵਾ ਕਰਨ ਦੀ ਭਾਵਨਾ ਜਾਗੀ।

ਜਦੋਂ ਮਾਤਾ ਖੀਵੀ ਜੀ ਨੂੰ ਪਤਾ ਲੱਗਾ ਕਿ ਉਨਾਂ ਦੇ ਪੁੱਤਰਾਂ, ਦਾਸੂ ਜੀ ਅਤੇ ਦਾਤੂ ਜੀ ਨੇ ਘੋੜੀ ਉੱਤੇ ਚੜ ਕੇ ਭਾਈ ਅਮਰਦਾਸ ਦਾ ਪਿੱਛਾ ਕੀਤਾ ਅਤੇ ਬਾਸਰਕੇ ਜਾ ਕੇ, ਉਨਾਂ ਨੂੰ ਘੇਰ ਲੈਣ ਦੀ ਗੱਲ ਸੁਣੀ ਤਾਂ ਮਾਤਾ ਖੀਵੀ ਜੀ ਆਪਣੇ ਦੋਹਾਂ ਪੁੱਤਰਾਂ ਨੂੰ ਨਾਲ ਲੈ ਕੇ ਉਨਾਂ ਪਾਸ ਗਏ ਤਾਂ ਭਾਈ ਅਮਰਦਾਸ ਨੇ ਮਾਤਾ ਖੀਵੀ ਜੀ ਨੂੰ ਬਾਸਰਕੇ ਵੇਖਕੇ ਕਿਹਾ ਕਿ ਤੁਸੀਂ ਕਿਉਂ ਖੇਚਲ ਕੀਤੀ, ਮੈਨੂੰ ਬੁਲਾ ਲੈਣਾ ਸੀ। ਨਿਮਰਤਾ ਦੇ ਪੁੰਜ ਮਾਤਾ ਖੀਵੀ ਜੀ ਨੇ ਕਿਹਾ, 'ਗੁਰੂ ਨਾਨਕ ਦੇ ਘਰ ਦੀ ਦੌਲਤ ਹੀ ਗਰੀਬੀ ਹੈ, ਨਿਮਰਤਾ ਹੈ। ਮੈਂ ਦੋਵੇਂ ਬੱਚੇ ਲੈ ਕੇ ਆਈ ਹਾਂ। ਆਪ ਮਿਹਰ ਕਰੋ, ਖਿਮਾ



ਕਰੋ ਅਤੇ ਭੁੱਲਣਹਾਰ ਜਾਣ ਕੇ ਅਤੇ ਆਪਣੇ ਬੱਚੇ ਸਮਝ ਕੇ ਬਖਸ਼ ਦਿਉ ਜੀ।' ਉਸ ਸਮੇਂ ਭਾਈ ਅਮਰਦਾਸ ਗੁਰੂ ਨਹੀਂ ਸਨ ਬਣੇ। ਜਦ ਭਾਈ ਅਮਰਦਾਸ ਜੀ ਨੇ ਕਿਹਾ ਕਿ ਬਖਸ਼ਣਹਾਰ ਤਾਂ ਗੁਰੂ ਅੰਗਦ ਦੇਵ ਜੀ ਹੀ ਹਨ ਤਾਂ ਮਾਤਾ ਖੀਵੀ ਜੀ ਨੇ ਕਿਹਾ, 'ਮੈਨੂੰ ਪਤਾ ਹੈ ਕਿ ਇਹ ਅਪਰਾਧ ਬਖਸ਼ਣ ਯੋਗ ਨਹੀਂ। ਬੱਚਿਆਂ ਉੱਤੇ ਮਿਹਰ ਕਰ ਦਿਓ।' ਭਾਈ ਅਮਰ ਦਾਸ ਜੀ ਨੇ ਮਾਤਾ ਖੀਵੀ ਜੀ ਨੂੰ ਧੰਨ ਆਖ ਕੇ ਬੱਚਿਆਂ ਨੂੰ ਛਾਤੀ ਨਾਲ ਲਾ ਲਿਆ। ਅਜੋਕੀਆਂ ਮਾਤਾਵਾਂ ਲਈ ਇਹ ਇਕ ਬਹੁਤ ਹੀ ਸਾਰਥਕ ਅਤੇ ਉੱਤਮ ਉਪਦੇਸ਼ ਹੈ।

ਇਸ ਦਾ ਆਧਾਰ ਹੈ 'ਸੇਵਾ-ਸਿਮਰਨ ਦੇ ਨਾਲ-ਨਾਲ ਸਹਿਜਤਾ, ਸਹਿਨਸ਼ੀਲਤਾ, ਸਾਂਝੀਵਾਲਤਾ, ਉਦਮ ਕਰਨਾ ਅਤੇ ਪਰਉਪਕਾਰੀ ਹੋਣਾ।' ਸਮਾਜਿਕ ਅਤੇ ਧਾਰਮਿਕ ਖੇਤਰ ਵਿੱਚ ਜਾਤ-ਪਾਤੀ ਸਿਸਟਮ ਅਤੇ ਧਰਮ ਵਿੱਚ ਊਚ-ਨੀਚ, ਜਾਤ-ਪਾਤ ਦੇ ਭੇਦ ਭਾਵ ਨੂੰ ਸਮਾਪਤ ਕਰਕੇ ਇਸ ਵਿੱਚ ਆਮ ਕਿਰਤੀ, ਅਖੌਤੀ ਸੂਦਰ ਅਤੇ ਅਛੂਤ ਸਮਝੇ ਜਾਂਦੇ ਅਖੌਤੀ ਨੀਵੇਂ ਲੋਕਾਂ ਨੂੰ ਅਤੇ ਪੈਰ ਦੀ ਜੁੱਤੀ ਸਮਝੀ ਜਾਂਦੀ ਔਰਤ ਨੂੰ ਬਰਾਬਰ ਦਾ ਸਥਾਨ, ਸਨਮਾਣ, ਸਤਿਕਾਰ ਅਤੇ ਸ੍ਰੇਸ਼ਟਤਾ ਪ੍ਰਦਾਨ ਕਰਾਉਣਾ ਅਤੇ 'ਕਾਦਰ ਦੀ ਕੁਦਰਤ' ਵਿੱਚ ਬਰਾਬਰ ਦਾ ਸਾਂਝੀਵਾਲ ਬਣਾਉਣਾ ਸੀ। ਇਸ ਦਾ ਆਧਾਰ ਸਤਿਗੁਰਾਂ ਨੇ ਹੋਰਨਾਂ ਢੰਗ-ਤਰੀਕਿਆਂ ਦੇ ਨਾਲ-ਨਾਲ 'ਸੰਗਤ ਅਤੇ ਪੰਗਤ' ਦੇ ਸੰਕਲਪ ਨੂੰ ਬਣਾਇਆ। ਸੰਗਤ ਵਿੱਚ ਸਭ ਇਸ ਤਰਾਂ ਸਿੱਖ ਗੁਰਦੁਆਰਾ ਸਾਹਿਬ ਦੀ ਸੰਸਥਾ ਨਿਆਸਰਿਆਂ ਦਾ ਆਸਰਾ, ਨਿਓਟਿਆਂ ਦੀ ਓਟ, ਲੋੜਵੰਦਾਂ ਲਈ ਲੰਗਰ, ਨਿਘਰਿਆਂ ਲਈ ਰੈਣ-ਬਸੇਰਾ, ਆਤਮ-ਅਭਿਲਾਖੀਆਂ ਲਈ ਸਿਮਰਨ ਦਾ ਸਥਾਨ, ਗਰੀਬਾਂ ਅਤੇ ਅਨਾਥਾਂ ਲਈ ਸਹਾਇਤਾ ਦਾ ਕੇਂਦਰ, ਮਰੀਜ਼ਾਂ, ਬੀਮਾਰਾਂ ਅਤੇ ਲਾਚਾਰਾਂ ਅਤੇ ਲੋੜਵੰਦਾਂ ਲਈ ਦਵਾ-ਦਾਰੂ (ਚਕਿਤਸਾ) ਦਾ ਪ੍ਰਬੰਧ ਆਦਿ ਬਣ ਗਿਆ। ਸੱਚਮੁਚ ਹੀ ਗੁਰਦੁਆਰਾ ਸਾਹਿਬ ਸਰਬ-ਸਾਂਝੇ ਰੱਬ ਦਾ ਸਰਬ-ਸਾਂਝਾ ਪਵਿੱਤਰ ਸਥਾਨ ਬਣ ਗਿਆ। ਇਸ ਵਿੱਚੋਂ 'ਸਰਬਸਾਂਝੀ ਗੁਰਬਾਣੀ' ਅਤੇ ਗੁਰਮਤਿ ਸੰਗੀਤ ਰਾਹੀਂ ਤਪਦੇ ਹਿਰਦਿਆਂ ਨੂੰ ਠਾਰਦਾ ਬਾਣੀ ਰੂਪੀ ਅੰਮ੍ਰਿਤ ਵਰਸਾਇਆ ਹੈ। ਗੁਰਦੁਆਰਾ ਸਾਹਿਬ ਦਾ ਪਵਿੱਤਰ ਉਪਦੇਸ਼ ਸਾਰੀਆਂ ਧਾਰਮਿਕ, ਰਾਜਨੀਤਿਕ, ਸਮਾਜਿਕ, ਊਚ-ਨੀਚ, ਜਾਤ-ਪਾਤੀ, ਰਾਣਾ ਅਤੇ ਰੰਕ, ਗਰੀਬ-ਅਮੀਰ, ਪੜ੍ਹਿਆ-ਅਣਪੜ੍ਹਿਆ ਦੀਆਂ ਸਭ ਵੱਲਗਣਾਂ ਨੂੰ ਟੱਪ ਕੇ, ਸਰ ਕਰ ਕੇ, ਸਰਬ-ਲੋਕਾਈ ਲਈ ਇਕ ਸਮਾਨ ਹੋ ਗਿਆ। ਗੁਰਮਤਿ ਦੇ ਧਾਰਨੀ ਲਈ ਸਤ, ਸੰਤੋਖ, ਦਇਆ, ਖਿਮਾ ਆਦਿ ਉਸ ਦੇ ਗਹਿਣੇ ਹਨ ਜਿਨਾਂ ਨੂੰ ਧਾਰਨ ਕਰ ਕੇ ਉਹ ਆਦਰਸ਼ਕ ਜੀਵ ਹੋ ਜਾਂਦਾ ਹੈ। ਗੁਰ ਦਰਬਾਰ ਵਿੱਚ ਪ੍ਰਵਾਨ ਚੜਦਾ ਹੈ। ਇਸੇ ਕਰਕੇ ਉਨਾਂ ਨੇ ਲੋਕਾਈ ਸਾਹਮਣੇ ਆਪਣੇ ਆਦਰਸ਼ਕ ਜੀਵਨ ਦੁਆਰਾ 'ਮਿਸਾਲੀ ਅਤੇ ਮਿਆਰੀ ਜੀਵਨ ਜੁਗਤ' ਪੇਸ਼ ਕੀਤੀ। ਇਹ ਜੀਵਨ-ਜੁਗਤ, 'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥' 'ਤੇ ਅਧਾਰਿਤ ਹੈ।

ਇੱਕੋ ਸਮੇਂ ਇੱਕੋ ਸਥਾਨ (ਸਤਿਸੰਗਤ ਵਿਚ) ਇਕਸਾਰ ਸ਼ਬਦ ਦੀ ਦੌਲਤ ਦਾ ਲੰਗਰ ਵੰਡਿਆ ਜਾਂਦਾ ਹੈ ਅਤੇ ਸ਼ਬਦ-ਕੀਰਤਨ, ਕਥਾ, ਪਾਠ ਅਤੇ ਅਰਦਾਸ ਕੋਈ ਵੀ ਕਰ ਸਕਦਾ ਹੈ। ਇਸ ਉੱਤੇ ਕਿਸੇ ਵਿਅਕਤੀ ਵਿਸ਼ੇਸ਼ ਜਾਂ ਵਿਸ਼ੇਸ਼ ਜਾਤੀ ਦਾ ਅਧਿਕਾਰ ਨਹੀਂ ਹੈ। ਇੱਥੇ ਤਾਂ 'ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥' ਹੀ ਹੈ। ਇੱਥੇ ਤਾਂ ਜੀਵਨ ਦੇ ਹਰਿ ਪਹਿਲੂ ਵਿੱਚ ਸੱਚ ਦਾ ਹੀ ਵਰਤਾਰਾ ਹੈ। ਖਾਣ, ਪੀਣ, ਪਹਿਨਣ, ਉਠਣ, ਬੈਠਣ, ਸੋਚਣ ਆਦਿ, ਭਾਵ ਹਰ ਸਮੇਂ ਸੱਚ ਨੂੰ ਹੀ ਪਰਨਾਏ ਰਹਿਣਾ ਹੈ।

ਜਿਥੇ ਗੁਰੂ ਅੰਗਦ ਦੇਵ ਜੀ, ਸੰਗਤ ਦਾ ਦਰਬਾਰ ਲਾਉਂਦੇ, ਬੱਚਿਆਂ ਅਤੇ ਵੱਡਿਆਂ ਨੂੰ ਗੁਰਮੁਖੀ ਲਿਪੀ ਵਿੱਚ ਕਿਤਾਬਾਂ ਲਿਖ ਕੇ ਦੇਂਦੇ ਅਤੇ ਪੰਜਾਬੀ ਪੜਨੀ ਸਿਖਾਂਦੇ, ਸਰੀਰਕ ਬਲਵਾਨਤਾ ਲਈ ਮੱਲ ਅਖਾੜੇ ਲਾਉਂਦੇ, ਉਥੇ ਮਾਤਾ ਖੀਵੀ ਜੀ ਸੰਗਤ ਨੂੰ ਨਾਲ ਲੈਕੇ ਲੰਗਰ ਦੀ ਸੇਵਾ ਵਿੱਚ ਰੁੱਝੇ ਰਹਿੰਦੇ। ਇਸ ਤਰਾਂ ਸੰਗਤ ਵਿੱਚ ਤੀਵੀਂ ਦਾ ਮਾਨ, ਸਨਮਾਨ ਅਤੇ ਬਰਾਬਰਤਾ ਲਈ ਅਤੇ ਗੁਰਬਾਣੀ ਦੇ ਪ੍ਰਚਾਰ ਨੂੰ ਬੜਾ ਬੱਲ ਬਖਸ਼ਿਆ।

ਸਮਾਜ ਦੀ ਉਚਾਈ ਮਾਪਣ ਦਾ ਸਹੀ ਪੈਮਾਨਾ ਇਸਤਰੀ ਨੂੰ ਦਿੱਤਾ ਜਾਂਦਾ ਦਰਜਾ ਹੈ।ਬਹੁਤ ਸਾਰੇ ਧਰਮਾਂ ਵਿਚ ਇਸਤਰੀਆਂ ਨਾਲ ਵਿਤਕਰੇ ਕੀਤੇ ਜਾਂਦੇ ਰਹੇ ਹਨ। ਉਨਾਂ ਨੂੰ ਹਮੇਸ਼ਾ ਆਪਣੀ ਗੋਲੀ, ਪੈਰ ਦੀ ਜੁੱਤੀ ਸਮਝ ਕੇ ਰੱਖਿਆ ਜਾਂਦਾ ਰਿਹਾ ਹੈ। ਪ੍ਰੰਤੂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਨੇ ਇਸਤਰੀਆਂ ਨੂੰ ਮਰਦਾਂ ਬਰਾਬਰ ਸਤਿਕਾਰ ਦਿੱਤਾ ਹੈ। ਸਮਾਜ ਵਿਚ ਇਸਤਰੀਆਂ ਨਾਲ ਸਬੰਧਤ ਅਜਿਹੀਆਂ ਪ੍ਰਥਾਵਾਂ ਦਾ ਖੰਡਨ ਕੀਤਾ ਹੈ ਜਿਹੜੀਆਂ ਕਿ ਇਸਤਰੀ ਨੂੰ ਗੁਲਾਮ ਕਰਦੀਆਂ ਰਹੀਆਂ ਹਨ। ਗੁਰੂ ਸਹਿਬਾਨ ਦੇ ਨਾਲ ਨਾਲ ਗੁਰੂ ਮਹਿਲਾਂ ਦੀ ਵੀ ਨਿਵੇਕਲੀ ਦੇਣ ਰਹੀ ਹੈ। ਗੁਰੂ ਅੰਗਦ ਸਾਹਿਬ ਜੀ ਸਮੇਂ ਉਨਾਂ ਦੇ ਸੁਪਤਨੀ ਮਾਤਾ ਖੀਵੀ ਜੀ ਨੇ ਬਿਨਾਂ ਕਿਸੇ ਭੇਦ ਭਾਵ, ਊਚ ਨੀਚ ਦੇ ਵਿਤਕਰੇ ਤੋਂ ਸੇਵਾ ਕੀਤੀ।ਮਾਤਾ ਖੀਵੀ ਜੀ ਅਜਿਹੇ ਪਹਿਲੇ ਸਿੱਖ ਇਸਤਰੀ ਹਨ ਜਿਨਾਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਉਂਦਾ ਹੈ।

ਮਾਤਾ ਖੀਵੀ ਦਾ ਜੀ ਜਨਮ ਖਡੂਰ ਦੇ ਨੇੜੇ ਸੰਘਰ ਪਿੰਡ ਵਿਖੇ ਭਾਈ ਦੇਵੀ ਚੰਦ ਖੱਤਰੀ ਦੇ ਘਰ ਹੋਇਆ। ਦੇਵੀ ਚੰਦ ਜੀ ਇਕ ਵੱਡੇ ਹਟਵਾਣੀਏ ਤੇ ਸ਼ਾਹੂਕਾਰ ਸਨ। ਮਾਈ ਵੀਰਾਈ, ਜਿਹੜੇ ਕਿ ਚੌਧਰੀ ਤੱਖਤ ਮੱਲ, ਮੱਤੇ ਦੀ ਸਰਾਂ ਵਾਲਿਆਂ ਦੀ ਸਪੁੱਤਰੀ ਸਨ, ਨੇ ਖੀਵੀ ਜੀ ਦਾ ਰਿਸ਼ਤਾ ਭਾਈ ਲਹਿਣਾ ਜੀ ਨਾਲ ਪੱਕਾ ਕਰਾ ਦਿੱਤਾ। ਮਹਾਨਕੋਸ਼ ਦੇ ਅਨੁਸਾਰ ਮਾਤਾ ਖੀਵੀ ਜੀ ਦਾ ਵਿਆਹ ਸੰਨ 1519ਈ: ਵਿਚ ਹੋਇਆ। ਕੁਝ ਕਾਰਨਾਂ ਕਰਕੇ ਚੌਧਰੀ ਤੱਖ਼ਤ ਮੱਲ ਨੇ ਭਾਈ ਲਹਿਣਾ ਜੀ ਦੇ ਪਿਤਾ ਬਾਬਾ ਫੇਰੂ ਜੀ ਨੂੰ ਨੌਕਰੀ ਤੋਂ ਵੱਖਰਾ ਕਰ ਦਿੱਤਾ। ਭਾਈ ਦੇਵੀ ਚੰਦ ਜੀ ਬਾਬਾ ਫੇਰੂ ਤੇ ਭਾਈ ਲਹਿਣਾ ਜੀ ਨੂੰ ਸੰਘਰ ਵਿਖੇ ਹੀ ਲੈ ਆਏ। ਬਾਬਾ ਫੇਰੂ ਜੀ ਨੇ ਹਰੀਕੇ ਪੱਤਣ ਦੁਕਾਨ ਪਾ ਲਈ ।ਛੇਤੀ ਹੀ ਆਪ ਜੀ ਖਡੂਰ ਮੁੜ ਆਏ ਤੇ ਸ਼ਾਹੂਕਾਰਾ ਕਰਨ ਲੱਗੇ ਅਤੇ ਨਾਲ ਦੁਕਾਨ ਵੀ ਰੱਖੀ। 1526ਈ: ਨੂੰ ਬਾਬਾ ਫੇਰੂ ਜੀ ਚੜਾਈ ਕਰ ਗਏ ।ਉਨਾਂ ਦੇ ਜਾਣ ਤੋਂ ਬਾਅਦ ਸਾਰਾ ਕੰਮ-ਕਾਜ ਭਾਈ ਲਹਿਣਾ ਜੀ ਨੇ ਸੰਭਾਲ ਲਿਆ। ਬਾਬਾ ਫੇਰੂ ਜੀ ਨਾ ਸਿਰਫ਼ ਦੇਵੀ ਭਗਤ ਸਨ, ਸਗੋਂ ਹਰ ਸਾਲ ਪਹਾੜਾਂ ਵਾਲੀ ਦੇਵੀ ਦੇ ਦਰਸ਼ਨ ਨੂੰ ਜੱਥਾ ਵੀ ਲੈ ਜਾਂਦੇ ਸਨ ਅਤੇ ਉਸ ਸੰਗ ਦੇ ਜਥੇਦਾਰ ਵੀ ਸਨ। ਪਿਤਾ ਜੀ ਚਲਾਣੇ ਤੋਂ ਬਾਅਦ ਜਿੱਥੇ ਘਰ ਦੀ ਜ਼ਿੰਮੇਵਾਰੀ ਉਨਾਂ ਉੱਤੇ ਪਈ, ਉਥੇ ਸੰਗ ਨੂੰ ਲੈ ਜਾਣ ਦੀ ਜਥੇਦਾਰੀ ਵੀ ਉਨਾਂ ਸਿਰ ਆਈ। ਭਾਈ ਲਹਿਣਾ ਜੀ ਕਈ ਸਾਲ ਉਸ ਜ਼ਿੰਮੇਵਾਰੀ ਨੂੰ ਨਿਭਾਉਂਦੇ ਰਹੇ। ਇਕ ਵਾਰੀ ਖਡੂਰ ਸਾਹਿਬ ਵਿਖੇ ਹੀ ਭਾਈ ਜੋਧ ਜੀ ਦੇ ਮੂੰਹੋਂ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਕਰਤਾਰਪੁਰ ਜਾਣ ਦੀ ਵਿਚਾਰ ਬਣਾਈ। ਸੰਗ ਦੇ ਸਾਥੀਆਂ ਨੂੰ ਰਾਹ ਵਿਚ ਛੱਡ ਕੇ ਕਰਤਾਰਪੁਰ ਆਏ ਤੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਕੇ ਉਥੇ ਹੀ ਟਿਕਣ ਦਾ ਮਨ ਬਣਾ ਲਿਆ। ਭਾਈ ਦਾਸੂ ਜੀ ਤੇ ਬੀਬੀ ਅਮਰੋ ਜੀ ਦਾ ਜਨਮ ਹੋ ਚੁੱਕਿਆ ਸੀ। ਜਦੋਂ ਜੱਥਾ ਜੰਮੂ ਤੋਂ ਪਹਾੜ ਵਾਲੀ ਦੇਵੀ ਦੇ ਦਰਸ਼ਨ ਕਰ ਖਡੂਰ ਮੁੜ ਆਇਆ ਤਾਂ ਆ ਕੇ ਕਿਸੇ ਨੇ ਮਾਤਾ ਖੀਵੀ ਜੀ ਨੂੰ ਕਿਹਾ 'ਤੇਰਾ ਪਤੀ, ਤੇਰਾ ਸਾਥ ਛੱਡ ਕੇ ਕਰਤਾਰਪੁਰ ਦਾ ਹੋ ਗਿਆ। ਠੰਢੇ ਸੁਭਾਓ ਦੀ ਮੂਰਤ ਖੀਵੀ ਅਡੋਲ ਰਹੀ। ਜਦੋਂ ਸਾਰਿਆਂ ਲਾ-ਲਾ ਕੇ ਗੱਲਾਂ ਕੀਤੀਆਂ ਤੇ ਕਿਹਾ, 'ਲਹਿਣਾ' (ਜੀ) ਕਰਤਾਰਪੁਰ ਹੀ ਨਾਨਕ ਦੇ ਪਾਸ ਰਹਿ ਪਿਆ, ਸੰਗ ਨੂੰ ਜਵਾਬ ਦੇ ਦਿੱਤਾ। ਆਪ ਸਾਧ ਹੋ ਕੇ ਬੈਠ ਗਿਆ ਤੇ ਤਪੇ (ਗੁਰੂ ਨਾਨਕ ਜੀ) ਦੇ ਦੁਆਰੇ ਹੀ ਧੂਣੀ ਰਮਾ ਲਈ ਹੈ। ਮਾਤਾ ਖੀਵੀ ਜੀ ਨੇ ਸਿਰਫ਼ ਇਹ ਹੀ ਆਖਿਆ ਜਿਥੇ ਉਹ ਜਿਸ ਹਾਲ 'ਚ ਮੈਨੂੰ ਰੱਖੇਗਾ, ਉਸ ਹਾਲ ਵਿਚ ਹੀ ਰਹਾਂਗੀ।' ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਕਰਤਾਰਪੁਰ ਤੋਂ ਘਰ ਖਡੂਰ ਦੀ ਸਾਰ ਲੈਣ ਲਈ ਭਾਈ ਲਹਿਣਾ ਜੀ ਨੂੰ ਭੇਜਿਆ ਤਾਂ ਮਾਤਾ ਖੀਵੀ ਜੀ ਨੇ ਸਾਫ਼ ਦੇਖ ਲਿਆ ਕਿ ਉਨਾਂ ਦਾ ਦਿਲ ਘਰ ਦੇ ਕੰਮਾਂ ਵਿਚ ਨਹੀਂ ਲੱਗਦਾ ਤੇ ਦੁਕਾਨ ਦਾ ਸਾਰਾ ਕੰਮ ਵੀ ਆਪਣੇ ਭਣੇਵੇਂ ਨੂੰ ਸੌਂਪ ਰਹੇ ਹਨ ਤੇ ਆਪ ਜੀ ਨੇ ਸਿਰਫ ਇੰਨਾਂ ਹੀ ਕਿਹਾ 'ਬਾਹਰ ਨਾ ਜਾਓ, ਘਰ ਰਹਿ ਜੋਗ ਕਮਾਓ, ਜਿਵੇਂ ਤੁਸੀਂ ਆਖੋਗੇ ਮੈ ਉਸੇ ਤਰਾਂ ਹੀ ਤੁਰਾਂਗੀ, ਤੁਹਾਡੇ ਤਪ ਵਿੱਚ ਮੈਂ ਕਦੇ ਰੋੜਾ ਨਹੀਂ ਬਣਦੀ। ਉਸ ਸਮੇਂ ਭਾਈ ਲਹਿਣਾ ਜੀ ਨੇ ਕਿਹਾ 'ਜਿਸ ਕੋਲ ਮੈਂ ਚਲਿਆ ਹਾਂ, ਉਹ ਜੋਗੀ, ਜੰਗਮ, ਸੰਨਿਆਸੀ ਸਰੇਵੜਾ ਨਹੀਂ, ਉਸ ਨੇ ਗ੍ਰਹਿਸਤ ਵਿੱਚ ਉਦਾਸੀ ਦਾ ਰਾਹ ਦਿਖਾਇਆ ਹੈ।'

ਮਾਤਾ ਜੀ ਨੇ ਕਿਸੇ ਪ੍ਰਕਾਰ ਤੋਂ ਨਾ ਰੋਕਿਆ। ਬੱਚੇ ਭਾਵੇਂ ਬਹੁਤ ਛੋਟੇ ਸਨ ਪਰ ਉਨਾਂ ਦਾ ਸਾਰਾ ਭਾਰ ਮਾਤਾ ਜੀ ਨੇ ਆਪਣੇ ਸਿਰ ਉੱਤੇ ਚੁੱਕ ਲਿਆ। ਉਸ ਸਮੇਂ ਮਾਤਾ ਖੀਵੀ ਜੀ ਦੀ ਇਹ ਕੁਰਬਾਨੀ ਕੋਈ ਘੱਟ ਨਹੀਂ ਸੀ।ਮਾਤਾ ਖੀਵੀ ਜੀ ਨੂੰ ਉਸ ਸਮੇਂ ਇਹ ਨਹੀਂ ਸੀ ਪਤਾ ਕਿ 'ਦੀਨ-ਦੁਨੀ' ਦਾ ਛਤਰ ਉਸੇ ਦੇ ਪਤੀ ਉੱਤੇ ਝੂਲਣਾ ਹੈ।ਭਾਈ ਲਹਿਣਾ ਜੀ ਨੂੰ ਗੁਰੂ ਨਾਨਕ ਜੀ ਕੋਲ ਖੁਸ਼ੀ ਨਾਲ ਭੇਜਦੇ ਸਨ। ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਜੀ ਦੀ ਹਰ ਪ੍ਰੀਖਿਆ ਵਿਚੋਂ ਖਰੇ ਉਤਰੇ। ਗੁਰੂ ਪਦਵੀ ਸੌਂਪ ਗੁਰੂ ਨਾਨਕ ਸਾਹਿਬ ਜੀ ਨੇ ਲਹਿਣੇ ਤੋਂ ਗੁਰੂ ਅੰਗਦ ਬਣਾ ਦਿੱਤਾ। ਸ਼ਬਦ ਦੀ ਦਾਤ ਲੈ ਕੇ ਗੁਰੂ ਅੰਗਦ ਸਾਹਿਬ ਜੀ ਖਡੂਰ ਮੁੜ ਆਏ।

ਮਾਤਾ ਜੀ ਦਾ ਸੁਭਾਅ ਵੀ ਬਹੁਤ ਮਿੱਠਾ ਸੀ। ਖਡੂਰ ਸਾਹਿਬ ਪਰਿਵਾਰ ਵਿਚ ਰਹਿੰਦਿਆਂ ਕਦੇ ਕਿਸੇ ਨਾਲ ਗੁੱਸਾ ਗਿਲਾ ਨਹੀਂ ਕੀਤਾ, ਸਗੋਂ ਮਿੱਠਾ ਬੋਲ ਕੇ ਸਭ ਨੂੰ ਆਪਣੇ ਵੱਲ ਕਰ ਲੈਂਦੇ। ਕਿਸੇ ਦੀ ਹਿੰਮਤ ਨਾ ਹੁੰਦੀ ਕਿ ਉਨਾਂ ਦੇ ਸੁਭਾਅ ਅੱਗੇ ਕੋਈ ਬੋਲ ਸਕੇ। ਮਾਤਾ ਖੀਵੀ ਜੀ ਆਪਣੀ ਦੋਹਰੀ ਜ਼ਿੰਮੇਵਾਰੀ ਨੂੰ ਬੜੇ ਵਧੀਆ ਢੰਗ ਨਾਲ ਨਿਭਾ ਰਹੇ ਸਨ। ਗੁਰੂ ਅੰਗਦ ਦੇਵ ਜੀ ਨੂੰ ਭੇਟ ਕੀਤੀ ਮਾਇਆ ਆਪਣੇ ਨਿੱਜੀ ਪਰਿਵਾਰ ਨੂੰ ਕਦੇ ਵਰਤਣ ਨਾ ਦਿੱਤੀ। ਮਾਤਾ ਖੀਵੀ ਜੀ ਆਪ ਘਰੋਂ ਅਣ-ਚੋਪੜੀ ਰੋਟੀ ਪਕਾ ਕੇ ਲਿਆਉਂਦੇ ਤੇ ਪੁੱਤਰਾਂ ਨੂੰ ਆਪਣੀ ਦੁਕਾਨ ਸਾਂਭਣ ਲਈ ਕਿਹਾ ਕਰਦੇ। ਭੇਟਾ ਨੂੰ ਨਿੱਜ ਲਈ ਵਰਤਣਾ ਗੁਰੂ ਅੰਗਦ ਦੇਵ ਜੀ ਠੀਕ ਨਹੀਂ ਸਮਝਦੇ ਸਨ।

ਜੋ ਕੁਝ ਆਉਂਦਾ, ਲੰਗਰ ਵਿਚ ਪੈਂਦਾ। ਲੰਗਰ ਵਿਚ ਖੀਰ, ਕੜਾਹ, ਸਭ ਕੁਝ ਬਣਦਾ ਪਰ ਗੁਰੂ ਅੰਗਦ ਦੇਵ ਜੀ ਉਹ ਕੁਝ ਖਾਂਦੇ, ਜੋ ਮਾਤਾ ਜੀ ਘਰੋਂ ਪਕਾ ਕੇ ਲਿਆਉਂਦੇ।

ਤਾਰੀਖ਼-ਇ-ਪੰਜਾਬ ਕ੍ਰਿਤ ਕਨਈਆ ਲਾਲ ਵਿਚ ਵੀ ਲਿਖਿਆ ਹੈ ਕਿ ਗੁਰੂ ਜੀ ਆਪਣੇ ਹੱਥਾਂ ਨਾਲ ਮਿਹਨਤ ਕਰਦੇ ਤੇ ਉਸ ਦੀ ਆਮਦਨੀ ਨਾਲ ਭੋਜਨ ਖਾਂਦੇ।

ਮਾਤਾ ਖੀਵੀ ਜੀ ਨੇ ਬੱਚੀਆਂ ਨੂੰ ਘਰੇ ਪਰਿਵਾਰ ਸਾਂਭਣ ਦੇ ਨਾਲ ਕੋਲ ਬਿਠਾ ਕੇ ਬਾਣੀ ਵੀ ਯਾਦ ਕਰਾਈ। ਐਸੀ ਸਿੱਖਿਆ ਦਿੱਤੀ ਕਿ ਉਨਾਂ ਕਦੇ ਨਾ ਵਿਸਾਰੀ।

ਭਾਈ ਬਲਵੰਡ ਜੀ ਦੀ ਵਾਰ ਅਨੁਸਾਰ,' ਮਾਤਾ ਖੀਵੀ ਜੀ ਆਪਣੇ ਪਤੀ ਵਾਂਗ ਬਹੁਤ ਭਲੇ ਹਨ, ਮਾਤਾ ਜੀ ਦੀ ਛਾਂ ਬਹੁਤ ਪੱਤ੍ਰਾ ਵਾਲੀ ਸੰਘਣੀ ਹੈ।

**ਬਾਕੀ ਸਫ਼ਾ 31 'ਤੇ**

# ਕੀ ਪਰਵਾਸ ਨੇ ਸਾਡੇ ਵਿੱਚ ਨੈਤਿਕ ਨਿਘਾਰ ਪੈਦਾ ਕੀਤਾ ਹੈ ?

**ਸ਼ਮੀਲ ਕੈਨੇਡਾ**

ਇਹ ਬੜਾ ਅਜੀਬ ਸਵਾਲ ਹੈ। ਕਈਆਂ ਨੂੰ ਇਹ ਬੇਤੁਕਾ ਵੀ ਲੱਗ ਸਕਦਾ ਹੈ। ਪਰ ਇਸ ਪਾਸੇ ਜੇ ਧਿਆਨ ਦਿੱਤਾ ਜਾਵੇ ਤਾਂ ਅਜਿਹੀ ਸਚਾਈ ਦਿਸਣੀ ਸ਼ੁਰੂ ਹੁੰਦੀ ਹੈ, ਜਿਸ ਨੂੰ ਦੇਖਕੇ ਸ਼ਰਮ ਆਵੇਗੀ।

ਇਸ ਦਾ ਜਵਾਬ ਦੇਣ ਤੋਂ ਪਹਿਲਾਂ ਇੱਕ ਨੁਕਤਾ ਇਹ ਵੀ ਕੁਝ ਲੋਕ ਪੇਸ਼ ਕਰਦੇ ਹਨ ਕਿ ਪਰਵਾਸ ਨਾਲ ਨੈਤਿਕ ਨਿਘਾਰ ਵਿੱਚ ਕੋਈ ਵਾਧਾ ਨਹੀਂ ਹੋਇਆ। ਜੋ ਨੈਤਿਕ ਕਦਰਾਂ-ਕੀਮਤਾਂ ਸਾਡੇ ਕੋਲ ਪਹਿਲਾਂ ਹੀ ਸਨ, ਉਹੀ ਲੈ ਕੇ ਅਸੀਂ ਸਾਰੀ ਦੁਨੀਆ ਵਿੱਚ ਗਏ ਹਾਂ ਅਤੇ ਫਰਕ ਸਿਰਫ ਇੰਨਾ ਹੈ ਕਿ ਪਹਿਲਾਂ ਉਹ ਸਚਾਈ ਸਿਰਫ ਪੰਜਾਬ ਤਕ ਸੀਮਤ ਸੀ ਅਤੇ ਹੁਣ ਸਾਰੀ ਦੁਨੀਆ ਵਿੱਚ ਬਿਖਰ ਗਈ ਹੈ।

ਕੁਝ ਨੂੰ ਇਹ ਸੁਣਨਾ ਚੰਗਾ ਵੀ ਨਹੀਂ ਲੱਗੇਗਾ, ਕਿਉਂਕਿ ਅਸੀਂ ਪੰਜਾਬੀ ਮਹਿਮਾ ਸੁਣਨ ਦੇ ਇੰਨੇ ਆਦੀ ਹੋ ਚੁੱਕੇ ਹਾਂ ਕਿ ਸਾਨੂੰ ਆਪਣੀ ਨੁਕਤਾਚੀਨੀ ਸੁਣ ਕੇ ਬੁਰਾ ਲੱਗ ਸਕਦਾ ਹੈ।

ਇੱਕ ਤਾਜ਼ਾ ਘਟਨਾ ਮੇਰੇ ਸਾਹਮਣੇ ਆਈ ਹੈ। ਇੱਕ ਨੌਜਵਾਨ ਨੇ ਮੈਨੂੰ ਫੋਨ ਕੀਤਾ, ਜਿਸਦਾ ਦੋਸਤ ਇੰਡੀਆ ਤੋਂ ਵਾਪਸ ਆਇਆ ਸੀ। ਉਹ ਦੋਵੇਂ ਇੱਥੇ ਵਰਕ ਪਰਮਿਟ ’ਤੇ ਸਨ। ਕੈਨੇਡਾ ਦੇ ਨਵੇਂ ਨਿਯਮਾਂ ਮੁਤਾਬਕ ਮੁਲਕ ਦੇ ਬਾਹਰੋਂ ਜੋ ਵੀ ਹਵਾਈ ਸਫ਼ਰ ਕਰਕੇ ਆਉਂਦਾ ਹੈ, ਉਸ ਨੂੰ ਤਿੰਨ ਦਿਨ ਆਪਣੇ ਖਰਚੇ ’ਤੇ ਸਰਕਾਰ ਦੁਆਰਾ ਮਨਜ਼ੂਰ ਹੋਟਲਾਂ ਵਿੱਚ ਰਹਿਣਾ ਪੈਂਦਾ ਹੈ। ਇਸ ਦੌਰਾਨ ਉਸਦੇ ਕੋਵਿਡ ਟੈਸਟ ਦੀ ਉਡੀਕ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਉਸ ਨੂੰ 10-11 ਦਿਨ ਲਈ ਸੈਲਫ ਆਈਸੋਲੇਟ ਕਰਨਾ ਪੈਂਦਾ ਹੈ, ਕਿਸੇ ਅਜਿਹੀ ਥਾਂ ’ਤੇ ਜਿੱਥੇ ਉਹ ਦੂਜਿਆਂ ਤੋਂ ਅਲੱਗ ਇੱਕ ਵੱਖਰੇ ਕਮਰੇ ਵਿੱਚ ਰਹੇ। ਜਿਹੜੇ ਨੌਜਵਾਨ ਪੜ੍ਹਨ ਲਈ ਆਏ ਹਨ ਜਾਂ ਜਿਹੜੇ ਵਰਕ ਪਰਮਿਟ ’ਤੇ ਹਨ, ਉਨਾਂ ਕੋਲ ਇਸ ਤਰਾਂ ਰਹਿਣ ਦੀ ਸੁਵਿਧਾ ਨਹੀਂ ਹੁੰਦੀ। ਉਹ ਅਕਸਰ ਕਈ-ਕਈ ਜਣੇ ਕੋਈ ਬੇਸਮੈਂਟ ਜਾਂ ਅਪਾਰਟਮੈਂਟ ਕਿਰਾਏ ’ਤੇ ਲੈ ਕੇ ਰਹਿੰਦੇ ਹਨ। ਇਸ ਕਰਕੇ ਇਸ ਤਰਾਂ ਦੇ ਲੋਕਾਂ ਵਾਸਤੇ ਕਈਆਂ ਨੇ ਸੈਲਫ-ਆਈਸੋਲੇਸ਼ਨ ਵਾਸਤੇ ਥਾਂ ਕਿਰਾਏ ’ਤੇ ਦੇਣੀ ਸ਼ੁਰੂ ਕਰ ਦਿੱਤੀ ਹੈ। ਇਹ ਲੋਕ ਸੋਸ਼ਲ ਮੀਡੀਆ ’ਤੇ ਇਸ਼ਤਿਹਾਰ ਪਾਉਂਦੇ ਹਨ ਅਤੇ ਉੱਥੋਂ ਹੀ ਅਜਿਹੇ ਲੋੜਵੰਦ ਨੌਜਵਾਨ ਇਨਾਂ ਦੀਆਂ ਥਾਵਾਂ ਬੁੱਕ ਕਰ ਲੈਂਦੇ ਹਨ।

ਜਿਸ ਨੌਜਵਾਨ ਨੇ ਮੈਨੂੰ ਕਾਲ ਕੀਤੀ ਸੀ, ਉਸ ਦੇ ਦੋਸਤ ਨੇ ਅਜਿਹੀ ਕੋਈ ਥਾਂ ਹੀ ਬੁੱਕ ਕੀਤੀ ਸੀ। ਉਸ ਨੌਜਵਾਨ ਨੇ ਮੇਰੀ ਅੱਗੇ ਅਜਿਹੇ ਮੁੰਡਿਆਂ ਨਾਲ ਗੱਲਬਾਤ ਕਰਵਾਈ, ਜਿਹੜੇ ਅਜਿਹੀਆਂ ਕੁਝ ਥਾਵਾਂ ’ਤੇ ਰਹਿ ਰਹੇ ਸਨ। ਜਿਹੜੇ ਕਮਰੇ ਉਨਾਂ ਬੁੱਕ ਕੀਤੇ ਸਨ, ਉਨਾਂ ਬਾਰੇ ਵਾਅਦਾ ਕੀਤਾ ਗਿਆ ਸੀ ਕਿ ਤੁਹਾਨੂੰ ਅਲੱਗ ਕਮਰਾ ਮਿਲੇਗਾ, ਅਲੱਗ ਵਾਸ਼ਰੂਮ ਹੋਵੇਗਾ, ਖਾਣਾ ਨਾਲ ਮਿਲੇਗਾ। ਇਨਾਂ ਵਿੱਚੋਂ ਕੁਝ ਕੁ ਨੂੰ ਜਿਨਾਂ ਥਾਵਾਂ ’ਤੇ ਲਿਜਾਇਆ ਗਿਆ ਸੀ, ਉਨਾਂ ਦੀ ਹਾਲਤ ਕੈਨੇਡੀਅਨ ਮਿਆਰਾਂ ਮੁਤਾਬਕ ਬਹੁਤ ਬੁਰੀ ਸੀ। ਕਿਸੇ ਨੇ ਗੈਰ-ਕਾਨੂੰਨੀ ਤਰੀਕੇ ਨਾਲ ਘਰ ਦੇ ਲਿਵਿੰਗ ਏਰੀਆ ਵਿੱਚ ਪਾਰਟੀਸ਼ਨ ਕਰਕੇ ਡੱਬੇਨੁਮਾ ਕਮਰੇ ਬਣਾਏ ਸਨ। ਇਨਾਂ ਕਮਰਿਆਂ ਵਿੱਚ ਇਨਾਂ ਨੌਜਵਾਨਾਂ ਨੂੰ ਠਹਿਰਾਇਆ ਗਿਆ। ਇੱਕੋ ਵਾਸ਼ਰੂਮ ਸਾਰੇ ਵਰਤਦੇ ਸਨ। ਵਾਸ਼ਰੂਮ ਵਿੱਚ ਕੋਈ ਟਾਇਲਟ ਪੇਪਰ, ਸੋਪ ਆਦਿ ਕੁਝ ਵੀ ਨਹੀਂ ਸੀ। ਕਿਚਨ ਵਿੱਚ ਚਾਹ ਬਣਾਉਣ ਵਾਸਤੇ ਵੀ ਕੋਈ ਸਮਾਨ ਨਹੀਂ ਸੀ। ਖਾਣੇ ਦੇ ਨਾਂ ’ਤੇ ਇੱਕ ਟਿਫਨ ਸਵੇਰੇ 11-12 ਵਜੇ ਆ ਜਾਂਦਾ, ਜਿਸ ਵਿੱਚ ਦੋ ਸਬਜ਼ੀਆਂ ਤੇ ਛੇ ਰੋਟੀਆਂ ਹੁੰਦੀਆਂ ਅਤੇ ਕਿਹਾ ਇਹ ਜਾਂਦਾ ਸੀ ਕਿ ਇਸ ਨਾਲ ਹੀ ਤੁਸੀਂ ਪੂਰਾ ਦਿਨ ਕੱਢਣਾ ਹੈ। ਕਮਰਿਆਂ ਵਿੱਚ ਕੋਈ ਸਫਾਈ ਨਹੀਂ ਸੀ। ਘਰ ਵਿੱਚ ਕੌਕਰੋਚ ਘੁੰਮਦੇ ਸਨ।

ਇਹ ਨੌਜਵਾਨ ਕੈਨੇਡਾ ਵਿੱਚ ਪਹਿਲੀ ਵਾਰ ਆਏ ਸਨ। ਇਨਾਂ ਨੂੰ ਇੱਥੋਂ ਦੇ ਸਿਸਟਮ ਦਾ ਕੁਝ ਵੀ ਪਤਾ ਨਹੀਂ ਸੀ। ਆਈਸੋਲੇਸ਼ਨ ਕਾਰਨ ਵੈਸੇ ਵੀ ਕਿਤੇ ਜਾਣ ਦੀ ਮਨਾਹੀ ਸੀ ਅਤੇ ਉੱਤੋਂ ਨਵੇਂ ਹੋਣ ਕਰਕੇ ਵੈਸੇ ਵੀ ਕਿਤੇ ਜਾਣਾ ਉਨਾਂ ਲਈ ਮੁਸ਼ਕਲ ਸੀ। ਇਨਾਂ ਨੂੰ ਲੱਗਿਆ ਕਿ ਉਹ ਤਾਂ ਕਿਸੇ ਦੀ ਕੈਦ ਵਿੱਚ ਪਹੁੰਚ ਗਏ ਹਨ। ਇਨਾਂ ਨੂੰ ਇਹ ਕਿਹਾ ਗਿਆ ਕਿ ਜੇ ਤੁਹਾਨੂੰ ਕੋਈ ਕੁਆਰਨਟੀਨ ਅਫਸਰ ਪੁੱਛਣ ਆਵੇ ਤਾਂ ਕਹਿਣਾ ਕਿ ਸਾਡੇ ਕੋਲ ਅਲੱਗ ਕਮਰਾ ਅਤੇ ਅਲੱਗ ਵਾਸ਼ਰੂਮ ਹੈ। ਸਾਰਾ ਕੁਝ ਠੀਕ ਹੈ।

ਇਸ ਤਰਾਂ ਦਾ ਧੰਦਾ ਚਲਾਉਣ ਵਾਲਾ ਇਹ ਪੰਜ-ਛੇ ਲੋਕਾਂ ਦਾ ਇੱਕ ਗਰੁੱਪ ਹੈ, ਜਿਨਾਂ ਨੇ ਅਲੱਗ ਅਲੱਗ ਘਰਾਂ ਵਿੱਚ ਅਜਿਹੇ ਇੰਤਜ਼ਾਮ ਕਰ ਰੱਖੇ ਹਨ। ਅਜਿਹੇ ਹੋਰ ਵੀ ਬਹੁਤ ਲੋਕ ਹੋਣਗੇ। ਇਨਾਂ ਨੌਜਵਾਨਾਂ ਨੇ ਦੱਸਿਆ ਕਿ ਜਦੋਂ ਉਨਾਂ ਨੇ ਸਹੂਲਤਾਂ ਦੀ ਘਾਟ ਬਾਰੇ ਸ਼ਿਕਾਇਤ ਕੀਤੀ ਤਾਂ ਉਨਾਂ ਨੂੰ ਡਰਾਇਆ ਧਮਕਾਇਆ ਗਿਆ ਕਿ ਉਨਾਂ ਦੀ ਸ਼ਿਕਾਇਤ ਕਰ ਦਿੱਤੀ ਜਾਵੇਗੀ। ਜਿਹੜੇ ਨੌਜਵਾਨ ਬੱਚੇ ਪਹਿਲੀ ਵਾਰ ਇਸ ਮੁਲਕ ਵਿੱਚ ਆਏ ਹੋਣ, ਉਨਾਂ ਲਈ ਅਜਿਹੀ ਹਾਲਤ ਵਿੱਚ ਡਰ ਜਾਣਾ ਕੁਦਰਤੀ ਹੈ।

ਮੈਂ ਇਨਾਂ ਵਿੱਚੋਂ ਕੁਝ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਨਾਂ ਦੀ ਮਦਦ ਲਈ ਪੇਸ਼ਕਸ਼ ਕੀਤੀ, ਪਰ ਉਹ ਇੰਨੇ ਡਰੇ ਹੋਏ ਸਨ ਕਿ ਉਨਾਂ ਨੂੰ ਲੱਗਦਾ ਹੈ ਕਿ ਜਿਵੇਂ ਕਿਵੇਂ ਔਖੇ ਹੋ ਕੇ ਪੰਜ-ਸੱਤ ਦਿਨ ਹੋਰ ਕੱਢ ਲਈਏ। ਉਹ ਕੋਈ ਵੀ ਪੰਗਾ ਲੈਣ ਤੋਂ ਡਰਦੇ ਸਨ।

ਇੱਕ ਨੌਜਵਾਨ ਜਿਹੜਾ ਇੱਥੋਂ ਨਿਕਲ ਆਇਆ, ਉਸਨੇ ਮੇਰੇ ਰੇਡੀਓ ਸ਼ੋਅ ਵਿੱਚ ਆ ਕੇ ਆਪਣੀ ਕਹਾਣੀ ਸੁਣਾਈ। ਇਸ ਕਹਾਣੀ ਨੂੰ ਸੁਣਨ ਤੋਂ ਬਾਅਦ ਮੈਨੂੰ ਕੁਝ ਹੋਰ ਲੋਕਾਂ ਦੇ ਫੋਨ ਆਏ। ਇੱਕ ਬਜ਼ੁਰਗ ਦੇ ਸ਼ਬਦ ਮੇਰੇ ਦਿਮਾਗ ਵਿੱਚ ਚੱਲ ਰਹੇ ਹਨ: ‘ਅਸੀਂ ਹੋਰ ਕਿੰਨਾ ਕੁ ਗਰਕਾਂਗੇ !’ ਉਨਾਂ ਦਾ ਕਹਿਣਾ ਸੀ ਕਿ ਜੇ ਤੁਸੀਂ ਬਿਜ਼ਨਸ ਚਲਾ ਹੀ ਰਹੇ ਹੋ, ਹਰ ਸਟੂਡੈਂਟ ਤੋਂ ਪੰਜ-ਸੱਤ ਸੌ ਲੈ ਰਹੇ ਹੋ ਤਾਂ ਜੇ ਉਨਾਂ ਨੂੰ ਤਿੰਨ ਵਕਤ ਖਾਣਾ ਦੇ ਦੇਵੋਂਗੇ ਤਾਂ ਤੁਹਾਡਾ ਕੀ ਘਟ ਜਾਣਾ ਹੈ ? ਉਹ ਬੋਲੇ ਕਿ ਅਸੀਂ ਉਹ ਲੋਕ ਹਾਂ, ਜੋ ਜਗਾ-ਜਗਾ ਲੰਗਰ ਖਵਾਉਣ ਵਾਲੇ ਹਾਂ। ਪਰ ਪੈਸੇ ਦੇ ਲਾਲਚ ਵਿੱਚ ਸਾਡੀ ਇਹ ਹਾਲਤ ਹੋ ਗਈ ਹੈ !

ਇਸ ਇੱਕ ਮਿਸਾਲ ਨੂੰ ਸਾਰੀ ਕਮਿਊਨਿਟੀ ਦੀ ਮਿਸਾਲ ਨਹੀਂ ਬਣਾਇਆ ਜਾ ਸਕਦਾ, ਪਰ ਅਜਿਹਾ ਇੰਨਾ ਕੁਝ ਹੋ ਰਿਹਾ ਹੈ, ਜਿਹੜਾ ਅਸੀਂ ਰੋਜ਼ ਦੇਖ ਰਹੇ ਹਾਂ ਜਾਂ ਸੁਣ ਰਹੇ ਹਾਂ। ਬਹੁਤ ਸਾਰੇ ਲੋਕ ਇਹ ਮਹਿਸੂਸ ਕਰਦੇ ਹਨ ਕਿ ਇਨਾਂ ਮੁਲਕਾਂ ਵਿੱਚ ਪਹੁੰਚਣ ਵਾਲੇ ਸਾਡੇ ਬਹੁਤ ਸਾਰੇ ਲੋਕਾਂ ਅੰਦਰ ਪੈਸੇ ਦੀ ਦੌੜ ਨੇ ਇੰਨਾ ਕੁਝ ਤੋੜ ਦਿੱਤਾ ਹੈ, ਜਿਹੜਾ ਕਈ ਵਾਰ ਸਾਰੀ ਕਮਿਊਨਿਟੀ ਦਾ ਜਲੂਸ ਕੱਢ ਦਿੰਦਾ ਹੈ।

ਇਸ ਨੈਤਿਕ ਨਿਘਾਰ ਦੀ ਇੱਕ ਵਿਆਖਿਆ ਕਿਸੇ ਦੋਸਤ ਨੇ ਦਿੱਤੀ। ਉਹ ਕਹਿੰਦਾ ਹੈ ਕਿ ਕੈਨੇਡਾ ਪਹੁੰਚਣ ਲਈ ਜਿਸ ਤਰਾਂ ਸਾਡੇ ਬਹੁਤ ਸਾਰੇ ਲੋਕ ਫਰੌਡ, ਝੂਠ ਅਤੇ ਹੇਰਾਫੇਰੀਆਂ ਦਾ ਸਹਾਰਾ ਲੈ ਰਹੇ ਨੇ, ਉਨਾਂ ਦਾ ਨਿਘਾਰ ਉਸੇ ਦਿਨ ਸ਼ੁਰੂ ਹੋ ਜਾਂਦਾ ਹੈ। ਜਿਹੜੇ ਇਨਸਾਨ ਨੇ ਕੈਨੇਡਾ ਪਹੁੰਚਣ ਲਈ ਗੁਰੂ ਗ੍ਰੰਥ ਸਾਹਿਬ ਅੱਗੇ ਝੂਠੀਆਂ ਲਾਵਾਂ ਲਈਆਂ ਹੋਣਗੀਆਂ, ਉਸ ਨੂੰ ਤੁਸੀਂ ਦੁਨੀਆ ਦੀ ਕਿਹੜੀ ਸਹੁੰ ਨਾਲ ਡਰਾ ਸਕੋਗੇ ? ਜਾਂ ਉਸਦੀ ਕਿਹੜੀ ਸਹੁੰ ’ਤੇ ਤੁਸੀਂ ਯਕੀਨ ਕਰੋਗੇ ?

ਇੰਮੀਗਰੇਸ਼ਨ, ਪ੍ਰਾਪਰਟੀਆਂ ਖਰੀਦਣ, ਮੌਰਗੇਜ ਲੈਣ, ਸਰਕਾਰਾਂ ਵਲੋਂ ਮਿਲਦੇ ਤਰਾਂ ਤਰਾਂ ਦੇ ਬੈਨੀਫਿਟ ਲੈਣ ਅਤੇ ਹਰ ਸੁਵਿਧਾ ਦੀ ਦੁਰਵਰਤੋਂ ਕਰਨ ਲਈ ਦੁਨੀਆ ਦਾ ਜੋ ਫਰੌਡ ਸਾਡੇ ਲੋਕ ਕਰ ਰਹੇ ਹਨ, ਉਸਨੇ ਅਜਿਹੀ ਹਾਲਤ ਬਣਾ ਦਿੱਤੀ ਹੈ ਕਿ ਸਾਨੂੰ ਅੱਜ ਕੱਲ ਅਕਸਰ ਇਹ ਗੱਲ ਸੁਣਨ ਨੂੰ ਮਿਲਦੀ ਹੈ ਕਿ ਸਾਡੇ ਲੋਕਾਂ ਨੇ ਕੈਨੇਡਾ ਨੂੰ ਵੀ ਉਸੇ ਤਰਾਂ ਦਾ ਬਣਾ ਦੇਣਾ ਹੈ, ਜਿਹੋ ਜਿਹੇ ਇਹ ਆਪ ਹਨ।

ਇਸਦਾ ਇਹ ਮਤਲਬ ਨਹੀਂ ਕਿ ਸਾਡੀ ਕਮਿਊਨਿਟੀ ਵਿੱਚ ਚੰਗੇ ਲੋਕਾਂ ਦੀ ਕਮੀ ਹੈ ਅਤੇ ਨਾ ਹੀ ਇਸਦਾ ਇਹ ਮਤਲਬ ਹੈ ਕਿ ਇਹ ਨੈਤਿਕ ਨਿਘਾਰ ਸਿਰਫ ਸਾਡੇ ਲੋਕਾਂ ਵਿੱਚ ਹੀ ਹੈ। ਪਰ ਅਸੀਂ ਚਿੰਤਾ ਸਿਰਫ ਆਪਣਿਆਂ ਦੀ ਕਰ ਸਕਦੇ ਹਾਂ ਅਤੇ ਜੇ ਅੱਜ ਕੱਲ ਕਿਤੇ ਵੀ ਬੈਠੀਏ ਤਾਂ ਗੱਲ ਇਸ ਤਰਾਂ ਦੇ ਫਰੌਡ ਅਤੇ ਨੈਤਿਕ ਨਿਘਾਰ ’ਤੇ ਪਹੁੰਚ ਹੀ ਜਾਂਦੀ ਹੈ। ਕੁਝ ਤਾਂ ਅਜਿਹਾ ਹੈ, ਜਿਸ ਬਾਰੇ ਸਾਨੂੰ ਸੋਚਣ ਵਿਚਾਰਨ ਦੀ ਲੋੜ ਹੈ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਅਖੇ ਲੱਖਾ ਸਿਧਾਣਾ ਪ੍ਰਵਾਨ, ਪਰ ਦੀਪ ਸਿੱਧੂ ਨਹੀਂ...



**ਰਣਜੀਤ ਸਿੰਘ ਦਮਦਮੀ ਟਕਸਾਲ**
**(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)**
**88722-93883**

26 ਜਨਵਰੀ ਨੂੰ ਕਿਸਾਨ ਟਰੈਕਟਰ ਪ੍ਰੇਡ ਦੌਰਾਨ ਲਾਲ ਕਿਲੇ ਉੱਤੇ ਖ਼ਾਲਸਾਈ ਨਿਸ਼ਾਨ ਸਾਹਿਬ ਝੁੱਲਣ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਤੋਂ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਨੂੰ ਗ਼ੱਦਾਰ ਐਲਾਨਿਆ ਗਿਆ ਸੀ ਤੇ ਹੁਣ ਜਦ ਮੋਰਚਾ ਡਾਵਾਂ ਡੋਲ ਹੋ ਚੁੱਕਾ ਹੈ ਤਾਂ ਲੱਖਾ ਸਿਧਾਣਾ ਨੂੰ ਮੋਰਚੇ ਵਿਚ ਵਾਪਸ ਲੈਣ ਦਾ ਐਲਾਨ ਕੀਤਾ ਗਿਆ ਹੈ। ਪਰ ਨਾਲ ਹੀ ਕਿਹਾ ਗਿਆ ਕਿ ਲੱਖੇ ਨੇ ਸਿਰਫ਼ ਅਨੁਸ਼ਾਸਨ ਤੋੜਿਆ ਸੀ ਪਰ ਦੀਪ ਸਿੱਧੂ ਨੇ ਧਾਰਮਿਕ ਦੰਗੇ ਭੜਕਾਉਣ ਅਤੇ ਕਿਸਾਨ ਸੰਘਰਸ਼ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਇਸ ਲਈ ਦੀਪ ਸਿੱਧੂ ਨਾਲ਼ ਭਵਿੱਖ ਵਿਚ ਵੀ ਕਦੇ ਸੰਯੁਕਤ ਕਿਸਾਨ ਮੋਰਚਾ ਮਿਲ ਕੇ ਨਹੀਂ ਚੱਲ ਸਕਦਾ। ਚਲੋ ਇੱਕ ਵਾਰ ਤਾਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਅਤੇ ਕਾਮਰੇਡਾਂ ਨੇ ਥੁੱਕ ਕੇ ਤਾਂ ਚੱਟ ਹੀ ਲਿਆ। ਜਿਵੇਂ ਲੱਖੇ ਨੂੰ ਮੋਰਚੇ ਵਿਚ ਆਉਣ 'ਤੇ ਸਟੇਜ ਉੱਤੇ ਬੋਲਣ ਦਾ ਸੱਦਾ ਦਿੱਤਾ ਗਿਆ ਹੈ ਇਵੇਂ ਹੀ ਦੀਪ ਸਿੱਧੂ ਨੂੰ ਵੀ ਦੇਣਾ ਪਵੇਗਾ। ਹੁਣ ਜਦ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਦੇ ਹੱਕ ਵਿਚ ਨੌਜਵਾਨਾਂ ਦੀ ਇੱਕ ਵੱਡੀ ਲਹਿਰ ਖੜੀ ਹੋ ਚੁੱਕੀ ਹੈ ਤਾਂ ਲੋਕਾਂ 'ਚ ਇਹ ਵੀ ਚਰਚਾ ਹੈ ਕਿ ਦੋਨਾਂ ਨੂੰ ਵੱਖ ਕਰਨ ਲਈ ਹੀ ਸੰਯੁਕਤ ਕਿਸਾਨ ਮੋਰਚੇ ਨੇ ਇਹ ਅਡੰਬਰ ਰਚਿਆ ਹੈ ਜਿਸ ਤੋਂ ਲੱਖੇ ਨੂੰ ਸੁਚੇਤ ਰਹਿਣਾ ਚਾਹੀਦਾ ਹੈ ਤੇ ਦੀਪ ਸਿੱਧੂ ਨਾਲ ਮਿਲ ਕੇ ਹੀ ਕੋਈ ਕਦਮ ਅੱਗੇ ਵਧਾਉਣਾ ਚਾਹੀਦਾ ਹੈ। ਜੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਸੁਹਿਰਦ ਹੁੰਦੇ ਤਾਂ ਉਹ ਤਿਹਾੜ ਜੇਲ ਵਿਚ ਬੰਦ ਦੀਪ ਸਿੱਧੂ ਦੇ ਬਾਰੇ ਵੀ ਸਾਰਥਿਕ ਫ਼ੈਸਲਾ ਲੈਂਦੇ ਤੇ ਮੁਕੰਮਲ ਏਕਤਾ ਦਾ ਐਲਾਨ ਕਰਦੇ ਜਿਸ ਨਾਲ਼ ਨੌਜਵਾਨਾਂ ਵਿਚ ਖ਼ੁਸ਼ੀ ਦੀ ਲਹਿਰ ਬਣਨੀ ਸੀ ਤੇ ਸੰਘਰਸ਼ ਨੂੰ ਵਧੇਰੇ ਬਲ ਮਿਲ਼ਣਾ ਸੀ। ਕਾਲ਼ੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਪਾਰਲੀਮੈਂਟ ਨੂੰ ਘੇਰ ਕੇ ਮੋਦੀ ਸਰਕਾਰ ਨੂੰ ਵਖ਼ਤ ਵੀ ਨੌਜਵਾਨਾਂ ਨੇ ਹੀ ਪਾਉਣਾ ਹੈ। ਸੋ, ਲੱਖੇ ਦੀ ਮੋਰਚੇ ਵਿਚ ਵਾਪਸੀ ਨੌਜਵਾਨਾਂ ਦੀ ਜਿੱਤ ਅਤੇ ਕਾਮਰੇਡਾਂ ਦੀ ਹਾਰ ਵੀ ਮੰਨੀ ਜਾ ਰਹੀ ਹੈ। ਪਰ ਬਹੁਤ ਚੰਗਾ ਹੋਵੇ ਜੇ ਲੱਖਾ ਸਿਧਾਣਾ ਇਹ ਐਲਾਨ ਕਰ ਦੇਵੇ ਕਿ ਜੇ ਤੁਹਾਨੂੰ ਦੀਪ ਪ੍ਰਵਾਨ ਨਹੀਂ ਤਾਂ ਮੇਰੀ ਵੀ ਤੁਹਾਡੇ ਨਾਲ਼ ਫ਼ਤਿਹ ਹੀ ਚੰਗੀ ਹੈ। ਇਹ ਵੀ ਚਰਚਾ ਹੈ ਕਿ ਲੱਖੇ ਨੇ ਸੰਯੁਕਤ ਕਿਸਾਨ ਮੋਰਚੇ ਤੋਂ ਮਾਫ਼ੀ ਮੰਗ ਲਈ ਹੈ ਜਿਸ ਦਾ ਸੋਸ਼ਲ ਮੀਡੀਆ 'ਤੇ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ



ਪਰ ਲੱਖੇ ਨੇ ਸਪੱਸ਼ਟੀਕਰਨ ਦੇ ਕੇ ਸਾਰੀ ਸਥਿਤੀ ਸਾਫ਼ ਕਰ ਦਿੱਤੀ ਹੈ ਕਿ ਅਜਿਹਾ ਕੁਝ ਵੀ ਨਹੀਂ ਹੈ ਤੇ ਏਕਤਾ ਲਈ ਸਿਰਫ਼ ਵਿਚੋਲਿਆਂ ਨੇ ਹੀ ਉਸ ਨਾਲ਼ ਗੱਲਬਾਤ ਕੀਤੀ ਹੈ। ਨਾਲ਼ੇ ਮਾਫ਼ੀ ਲੱਖਾ ਨਹੀਂ, ਬਲਕਿ ਕਾਮਰੇਡ ਰਾਜਿੰਦਰ ਮੰਗੇ ਜਿਸ ਨੇ ਅੱਗ ਲਾ ਕੇ ਸੰਘਰਸ਼ ਦਾ ਬੇੜਾ ਗਰਕ ਕਰਨ ਚਾਹਿਆ। ਦੂਜੇ ਪਾਸੇ ਸੰਯੁਕਤ ਕਿਸਾਨ ਮੋਰਚੇ ਅਤੇ 32 ਕਿਸਾਨ ਜਥੇਬੰਦੀਆਂ ਵਿੱਚ ਵੀ ਲੱਖੇ ਦੀ ਵਾਪਸੀ ਦੇ ਐਲਾਨ ਨੂੰ ਲੈ ਕੇ ਅੰਦਰੋਂ-ਅੰਦਰੀ ਤਲਖ਼ੀ ਅਤੇ ਤਕਰਾਰ ਮੱਚ ਪਿਆ ਹੈ। ਲਗਦਾ ਹੈ ਕਿ ਸੰਯੁਕਤ ਕਿਸਾਨ ਮੋਰਚੇ ਨਾਲ਼ ਲੱਖੇ ਸਿਧਾਣੇ ਦੀ ਏਕਤਾ ਸਿਰੇ ਚੜਨ ਤੋਂ ਪਹਿਲਾਂ ਹੀ ਟੁੱਟ ਜਾਵੇਗੀ। ਲੱਖਾ ਸਿਧਾਣਾ ਅਤੇ ਦੀਪ ਸਿੱਧੂ ਨਾਲ਼ ਸੰਯੁਕਤ ਕਿਸਾਨ ਮੋਰਚੇ ਦੀਆਂ ਦੂਰੀਆਂ ਸੰਘਰਸ਼ ਦੇ ਹਿੱਤ ਵਿੱਚ ਨਹੀਂ ਹਨ। ਕਿਸਾਨ ਆਗੂ ਸੰਘਰਸ਼ ਦੀ ਸਫ਼ਲਤਾ ਲਈ ਦੂਰ-ਦ੍ਰਿਸ਼ਟੀ ਅਤੇ ਸਿਆਣਪ ਤੋਂ ਕੰਮ ਲੈਣ ਤੇ ਦੀਪ ਸਿੱਧੂ, ਲੱਖਾ ਸਿਧਾਣਾ ਅਤੇ ਹੋਰ ਨੌਜਵਾਨਾਂ ਨੂੰ ਆਪਣੇ ਕਲਾਵੇ ਵਿਚ ਲੈਣ ਜੋ ਪੰਜਾਬ ਦੇ ਲੋਕ ਚਾਹੁੰਦੇ ਹਨ।

# ਅਜੋਕੀਆਂ ਚੁਣੌਤੀਆਂ ਦੌਰਾਨ ਸਿੱਖ ਲੀਡਰਸ਼ਿਪ ਦੀ ਲੋੜ ਸਫਬੰਦੀ

**ਅਵਤਾਰ ਸਿੰਘ ਯੂਕੇ**

ਕਿਸਾਨਾਂ ਦੇ ਖਿਲਾਫ ਪਾਸ ਕੀਤੇ ਗਏ ਤਿੰਨ ਬਿਲਾਂ ਨੂੰ ਲੈ ਕੇ ਚੱਲ ਰਿਹਾ ਮੋਰਚਾ ਆਪਣੇ ਕਈ ਪੜਾਅ ਪਾਰ ਕਰਦਾ ਹੋਇਆ ਅੱਜ ਵਾਲੀ ਸਥਿਤੀ ਵਿੱਚ ਪਹੁੰਚ ਗਿਆ ਹੈ। ਜਿਵੇਂ ਹਰੇਕ ਸੰਘਰਸ਼ ਵਿੱਚ ਹੁੰਦਾ ਹੀ ਹੈ ਕਿ ਕਿਸੇ ਵੇਲੇ ਸੰਘਰਸ਼ ਦੀ ਬਹੁਤ ਚੜਾਈ ਹੁੰਦੀ ਹੈ, ਫੇਰ ਵਕਤ ਪੈਣ ਨਾਲ ਉਹ ਮੱਠਾ ਪੈ ਜਾਂਦਾ ਹੈ ਅਤੇ ਕੁਝ ਸਮੇਂ ਬਾਅਦ, ਯੋਗ ਅਤੇ ਸਿਆਣੀ ਲੀਡਰਸ਼ਿਪ ਦੇ ਸਿਆਣੇ ਫੈਸਲਿਆਂ ਨਾਲ, ਸੰਘਰਸ਼ ਫਿਰ ਬੁਲੰਦੀਆਂ ਵੱਲ ਜਾ ਰਹਿੰਦਾ ਹੈ।

ਕਿਸਾਨੀ ਸੰਘਰਸ਼ ਨੇ ਆਪਣੀ ਚਰਮ ਸੀਮਾ 26 ਜਨਵਰੀ ਨੂੰ ਹੰਢਾ ਲਈ ਹੈ। 26 ਜਨਵਰੀ ਨੂੰ ਜੋ ਕੁਝ ਹੋਇਆ ਉਹ ਕਿਸੇ ਨੇ ਵੀ ਚਿਤਵਿਆ ਨਹੀ ਸੀ। ਨਾ ਇਹ ਘਟਨਾਕ੍ਰਮ ਕਿਸਾਨੀ ਲੀਡਰਸ਼ਿਪ ਦੇ ਚਿੱਤ ਚੇਤੇ ਵਿੱਚ ਸੀ ਅਤੇ ਨਾ ਹੀ 26 ਜਨਵਰੀ ਨੂੰ ਲਾਲ ਕਿਲੇ 'ਤੇ ਪਹੁੰਚ ਕੇ ਨਿਸ਼ਾਨ ਸਾਹਿਬ ਝੁਲਾਉਣ ਵਾਲੀ ਸਿੱਖ ਸੰਗਤ ਨੂੰ। ਇਹ ਸਭ ਕੁਝ ਅਚਨਚੇਤ ਅਤੇ ਤੇਜ਼ੀ ਨਾਲ ਵਾਪਰ ਗਿਆ। ਅਜਿਹਾ ਸੰਘਰਸ਼ਾਂ ਵਿੱਚ ਆਮ ਹੀ ਹੁੰਦਾ ਹੈ। ਹਰ ਸੰਘਰਸ਼ ਦੀ ਆਪਣੀ ਨਿਵੇਕਲੀ ਚਾਲ ਹੁੰਦੀ ਹੈ। ਚਾਹੇ ਸੰਘਰਸ਼ ਦੀ ਲੀਡਰਸ਼ਿੱਪ ਕਿੰਨੀ ਵੀ ਸਿਆਣੀ ਕਿਉਂ ਨਾ ਹੋਵੇ, ਉਹ ਸੰਘਰਸ਼ ਨੂੰ ਆਪਣੀ ਮੁੱਠੀ ਵਿੱਚ ਕੈਦ ਕਰਕੇ ਨਹੀ ਚਲਾ ਸਕਦੀ। ਸ਼ੰਘਰਸ਼ ਦੀ ਆਪਣੀ ਨਿਵੇਕਲੀ ਅਤੇ ਬੁਲੰਦ ਤੋਰ, ਅਕਸਰ ਲੀਡਰਸ਼ਿਪ ਨੂੰ ਵੀ ਆਪਣੇ ਨਾਲ ਵਹਾ ਲੈ ਜਾਂਦੀ ਹੈ। ਇਹ ਤੋਰ ਏਨੀ ਮੂੰਹ ਜੋਰ ਹੁੰਦੀ ਹੈ ਕਿ ਕੋਈ ਵੀ ਲੀਡਰਸ਼ਿਪ ਇਸ ਨੂੰ ਸੰਭਾਲਣ ਵਿੱਚ ਸਫਲ ਨਹੀ ਹੁੰਦੀ। ਖਾੜਕੂ ਸਿੱਖ ਲਹਿਰ ਦੌਰਾਨ ਅਸੀਂ ਇਹ ਭਾਣਾ ਵਾਪਰਦਾ ਆਪਣੇ ਅੱਖੀਂ ਦੇਖਿਆ ਹੈ। ਏਨੀ ਸਿਆਣੀ ਅਤੇ ਸਮਰੱਥ ਲੀਡਰਸ਼ਿਪ ਹੋਣ ਦੇ ਬਾਵਜੂਦ ਖਾੜਕੂ ਲਹਿਰ ਲੀਡਰਸ਼ਿਪ ਦੇ ਹੱਥਾਂ ਵਿੱਚੋਂ ਪਹਿਲਾਂ ਨਿਕਲ ਗਈ ਅਤੇ ਫਿਰ ਕਿਰ ਗਈ।

ਸੋ ਹੁਣ 26 ਜਨਵਰੀ ਦੀਆਂ ਘਟਨਾਵਾਂ ਲਈ ਆਪਸੀ ਦੂਸ਼ਣਬਾਜੀ ਕਰਕੇ ਆਪਣਾਂ ਸਮਾਂ ਬਰਬਦ ਕਰਨ ਦੀ ਲੋੜ ਨਹੀ ਹੈ। ਹੁਣ ਸੰਘਰਸ਼ ਆਪਣੇ ਅਸਲ ਨਿਸ਼ਾਨੇ ਵੱਲ ਘੱਟ ਬਲਕਿ ਲੱਖਾ ਸਿਧਾਣਾ ਅਤੇ ਦੀਪ ਸਿੱਧੂ ਦੀ ਸ਼ਖਸ਼ੀਅਤ ਦੁਆਲੇ ਵੱਧ ਘੁੰਮਣ ਲੱਗ ਪਿਆ ਹੈ। ਇਨਾਂ ਨੂੰ ਮੋਰਚੇ ਵਿੱਚ ਸ਼ਾਮਲ ਕਰਨ ਜਾ ਨਾ ਕਰਨ ਬਾਰੇ ਹੀ ਪੰਜਾਬੀਆਂ ਦੀ ਸਾਰੀ ਸ਼ਕਤੀ ਖਤਮ ਕੀਤੀ ਜਾਣ ਲੱਗ ਪਈ ਹੈ।

ਜੇ ਮੋਰਚਾ ਵੱਡਾ ਹੈ ਤਾਂ ਲੱਖਾ ਸਿਧਾਣਾ ਅਤੇ ਦੀਪ ਸਿੱਧੂ ਦੇ ਉੱਥੇ ਹੋਣ ਜਾ ਨਾ ਹੋਣ ਨਾਲ ਮੋਰਚੇ ਨੂੰ ਕੋਈ ਫਰਕ ਨਹੀਂ ਪੈਣਾ ਚਾਹੀਦਾ। ਮੋਰਚੇ ਦੀ ਸਿਧਾਂਤਕ ਪਰਪੱਕਤਾ ਹੀ ਕੇਂਦਰੀ ਮੁੱਦਾ ਹੋਣੀ ਚਾਹੀਦੀ ਹੈ। ਦੂਜੀ ਗੱਲ ਇਹ ਕਿ ਲੱਖਾ ਸਿਧਾਣਾਂ ਅਤੇ ਦੀਪ ਸਿੱਧੂ ਨੂੰ ਕਿਸੇ ਇੱਕ ਸਟੇਜ ਦੇ ਮੁਥਾਜ ਨਹੀ ਹੋਣਾ ਚਾਹੀਦਾ । ਉਨਾਂ ਵਿੱਚ ਏਨਾ ਜਜ਼ਬਾ ਅਤੇ ਤਾਣ ਹੋਣਾ ਚਾਹੀਦਾ ਹੈ ਕਿ ਉਹ ਜਿੱਥੇ ਵੀ ਖੜੇ ਹੋ ਜਾਣ ਉੱਥੇ ਹੀ ਸਟੇਜ ਲੱਗ ਜਾਵੇ।

ਦੀਪ ਸਿੱਧੂ ਅਤੇ ਲੱਖਾ ਸਿਧਾਣਾ ਦੇ ਹਮਾਇਤੀਆਂ ਨੂੰ ਹੁਣ ਦਿੱਲੀ ਬਾਰਡਰ 'ਤੇ ਧਿਆਨ ਕੇਂਦਰਤ ਕਰਨ ਨਾਲੋਂ ਪੰਜਾਬ ਵਿੱਚ ਨੌਜਵਾਨੀ ਨੂੰ ਜਥੇਬੰਦ ਕਰਨ ਅਤੇ ਉਨਾਂ ਵਿੱਚ ਆਪਣੀ ਹੋਂਦ ਦੀ ਚਿਣਗ ਜਗਾਉਣ ਵੱਲ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ।

ਦਿੱਲੀ ਵਾਲੀ ਸਟੇਜ ਜਿਨਾਂ ਸਿਆਣੇ ਨੇਤਾਵਾਂ ਨੇ ਸੰਭਾਲੀ ਹੋਈ ਹੈ, ਉਨਾਂ ਨੂੰ ਸੰਭਾਲਣ ਦੀ ਜਿੰਮੇਵਾਰੀ ਦੇਣੀ ਚਾਹੀਦੀ ਹੈ। ਉਹ ਆਪਣੇ ਢੰਗ ਨਾਲ ਸਟੇਜ ਨੂੰ ਵੀ ਚਲਾਉਣ ਅਤੇ ਮੋਰਚੇ ਨੂੰ ਵੀ। ਨੌਜਵਾਨੀ ਵੱਲੋਂ ਉਨਾਂ ਨੂੰ ਨੈਤਿਕ ਹਮਾਇਤ ਜਾਰੀ ਰਹਿਣੀ ਚਾਹੀਦੀ ਹੈ। ਉਨਾਂ ਦਾ ਵਿਰੋਧ ਨਾ ਕੀਤਾ ਜਾਵੇ ਬਲਕਿ ਹਰ ਬਿਆਨ ਹਮਾਇਤ ਵਿੱਚ ਹੀ ਦਿੱਤਾ ਜਾਵੇ।

ਨੌਜਵਾਨਾਂ ਨੂੰ ਆਪਣੀ ਸ਼ਕਤੀ ਪੰਜਾਬ ਵਿੱਚ ਕੇਂਦਰਤ ਕਰਨੀ ਚਾਹੀਦੀ ਹੈ। ਕਿਸਾਨ ਮੋਰਚੇ ਨੇ ਇੱਕ ਵਾਰ ਫਿਰ ਸਿੱਖ ਕੌਮ ਦੀ ਸੁੱਤੀ ਪਈ ਮੁਹਾਰਤ ਨੂੰ ਜਗਾਇਆ ਹੈ। ਜਿਸ ਕਿਸਮ ਦੀ ਕਵਿਤਾ ਅਤੇ ਗੀਤ ਪੰਜਾਬ ਦੀ ਹੋਂਦ ਬਾਰੇ ਪਿਛਲੇ 6-7 ਮਹੀਨਿਆਂ ਦੌਰਾਨ ਰਚੇ ਗਏ ਹਨ। ਜਿਸ ਕਿਸਮ ਦੇ ਪੁਖਤਾ ਵਿਚਾਰ ਪੰਜਾਬ ਦੀਆਂ ਹਵਾਵਾਂ ਵਿੱਚ ਗੂੰਜੇ ਹਨ, ਜਿਸ ਕਿਸਮ ਦੀ ਬਗਾਵਤ ਦੇ ਬੀਜ ਪੰਜਾਬ ਨੇ ਮੁੜ ਪੁੰਗਰਦੇ ਦੇਖੇ ਹਨ, ਇਸ ਟੇਲੈਂਟ ਨੂੰ ਸੰਭਾਲਣ ਅਤੇ ਜਥੇਬੰਦ ਕਰਨ ਦੀ ਲੋੜ ਹੈ।

ਰਾਜਨੀਤਕ ਤੌਰ ਤੇ ਇਛਾਵਾਨ ਨੌਜਵਾਨਾਂ ਨੂੰ ਉਸ ਪਾਸੇ ਜਥੇਬੰਦ ਕਰਕੇ ਸਿਧਾਂਤਕ ਪਰਪੱਕਤਾ ਵਾਲੇ ਨੌਜਵਾਨਾਂ ਨੂੰ ਪੰਜਾਬ ਦੀਆਂ ਅਤੇ ਖਾਲਸਾਈ ਰਵਾਇਤਾਂ ਨੂੰ ਮੁੜ ਸੁਰਜੀਤ ਕਰਨ ਦੇ ਦੋਹਰੇ ਕਾਰਜ ਕਰਨੇ ਪੈਣਗੇ। ਪੰਜਾਬ ਦੀ ਜਵਾਨੀ ਨੇ ਆਪਣੀ ਸ਼ਕਤੀ ਦਾ ਮੁਜਾਹਰਾ ਕਰ ਦਿੱਤਾ ਹੈ ਇਸ ਸ਼ਕਤੀ ਅਤੇ ਟੇਲੈਂਟ ਨੂੰ ਰਾਜਨੀਤਕ ਸ਼ਕਤੀ ਵਿੱਚ ਬਦਲਣ ਲਈ, ਹੁਣ ਪੰਜਾਬ ਵਿੱਚ ਸਰਗਮੀਆਂ ਕਰਨ ਦੀ ਲੋੜ ਹੈ।

ਸਿਰਫ ਲੱਖੇ ਸਿਧਾਣੇ ਜਾਂ ਦੀਪ ਸਿੱਧੂ ਨੂੰ ਸਟੇਜਾਂ ਤੇ ਬਿਠਾਉਣ ਦੀ ਲੜਾਈ ਹੁਣ ਛੱਡਣੀ ਪਵੇਗੀ। ਹੋਂਦ ਦੀ ਲੜਾਈ ਲਈ ਪਿੜ ਪੰਜਾਬ ਵਿੱਚ ਬੰਨਣਾ ਪਵੇਗਾ। ਜੇ ਸਿੱਖਾਂ ਦੀ ਕੋਈ ਯੋਗ ਸਿਆਸੀ ਧਿਰ ਸਾਹਮਣੇ ਨਹੀ ਆਉਂਦੀ ਤਾਂ ਅਗਲੇ 20 ਸਾਲ ਅਸੀਂ ਫਿਰ ਖੁਆਰ ਹੋਵਾਂਗੇ। ਯਤਨ ਕਰਨੇ ਚਾਹੀਦੇ ਹਨ ਸਿਆਸਤ ਵਿੱਚ ਉੱਚੇ ਕਿਰਦਾਰ ਵਾਲੀਆਂ ਰੂਹਾਂ ਨੂੰ ਸ਼ਾਮਲ ਕਰਨ ਦੇ।

# ਕਿਵੇਂ ਮੁੜ ਖੜਾ ਹੋ ਸਕਦਾ ਹੈ ਪੰਜਾਬ ?

**ਹਰਕੀਰਤ ਕੌਰ ਸਭਰਾ**
**9779118066**

ਪੰਜਾਬ ਗੰਭੀਰ ਸੰਕਟ ਦਾ ਸ਼ਿਕਾਰ ਹੈ। ਇਹ ਸੰਕਟ ਕਿਸੇ ਇੱਕ ਖੇਤਰ ਤੱਕ ਸੀਮਤ ਨਹੀਂ, ਸਗੋਂ ਵਿਭਿੰਨ ਖੇਤਰਾਂ ਤੱਕ ਫੈਲਿਆ ਹੋਇਆ ਹੈ। ਪੰਜਾਬ ਜਿਹੜਾ ਕਿਸੇ ਵਕਤ ਹਰ ਖੇਤਰ ਵਿੱਚ ਮੋਹਰੀ ਰਾਜ ਹੁੰਦਾ ਸੀ, ਹੁਣ ਪਛੜੇਪਣ ਵੱਲ ਵੱਧ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਇਸ ਸੰਕਟ ਗ੍ਰਸਤ ਸਥਿਤੀ ਲਈ ਕੋਈ ਇੱਕ ਵਿਅਕਤੀ, ਇੱਕ ਰਾਜਸੀ ਪਾਰਟੀ, ਇੱਕ ਸਮਾਜਿਕ ਸੰਸਥਾ ਜਾਂ ਇੱਕ ਵਿਸ਼ੇਸ਼ ਖ਼ਿੱਤਾ ਜ਼ਿੰਮੇਵਾਰ ਨਹੀਂ ਬਲਕਿ ਪੰਜਾਬ ਦਾ ਹਰ ਇੱਕ ਵਾਸੀ ਜ਼ਿੰਮੇਵਾਰ ਹੈ। ਇਸ ਸਾਰੇ ਵਰਤਾਰੇ ਨੂੰ ਮੂਕ ਦਰਸ਼ਕ ਬਣਕੇ ਦੇਖਣ ਵਾਲੇ ਵੀ ਉਨੇ ਹੀ ਜ਼ਿੰਮੇਵਾਰ ਹਨ, ਜਿੰਨੀਆਂ ਕਿ ਇਸ ਨੂੰ ਪੈਦਾ ਕਰਨ ਵਾਲੀਆਂ ਸ਼ਕਤੀਆਂ ।

ਪੰਜਾਬ ਕਿਹੜੇ ਸੰਕਟਾਂ ਨਾਲ ਜੂਝ ਰਿਹਾ ਹੈ, ਇਸ ਸਭ ਤੋਂ ਅਸੀਂ ਸਾਰੇ ਜਾਣੂ ਹਾਂ, ਲੇਖਾਂ, ਭਾਸ਼ਣਾਂ ਰਾਹੀਂ ਅਸੀਂ ਸਾਰੇ ਹਾਲਾਤਾਂ, ਸੰਕਟਾਂ ਉੱਤੇ ਤਾਂ ਝਾਤ ਮਾਰਦੇ ਹਾਂ ਪਰ ਉਸਦੇ ਢੁਕਵੇਂ ਹੱਲਾਂ ਬਾਰੇ ਗਹਿਰਾਈ ਨਾਲ ਵਿਚਾਰ ਨਹੀਂ ਕਰਦੇ। ਸੋ ਅੱਜ ਦੇ ਇਸ ਲੇਖ ਵਿੱਚ ਕੁਝ ਵਾਜਬ ਅਤੇ ਢੁਕਵੇਂ ਹੱਲਾਂ ਉੱਤੇ ਚਾਨਣਾ ਪਾਉਣ ਦਾ ਯਤਨ ਕਰ ਰਹੀ ਹਾਂ। ਪੰਜਾਬ ਦੇ ਮੌਜੂਦਾ ਹਾਲਾਤਾਂ ਦੇ ਜ਼ਿਆਦਾਤਰ ਜ਼ਿੰਮੇਵਾਰ ਅਸੀਂ ਸਰਕਾਰਾਂ ਜਾਂ ਰਾਜਨੀਤਿਕ ਪਾਰਟੀਆਂ ਨੂੰ ਠਹਿਰਾਉਂਦੇ ਹਾਂ। ਜੋ ਬਹੁਤ ਹੱਦ ਤੱਕ ਠੀਕ ਹੈ, ਪਰ ਕਹਿੰਦੇ ਹਨ ਕਿ 'ਡੱਕੇ ਮਾਰਨ ਰੋੜਨੋਂ ਸੋਮਾਂ ਏਹਦਾ ਮਾਰ' ਕਹਿਣ ਤੋਂ ਭਾਵ ਕਿ ਖੇਤਾਂ ਵਿੱਚੋਂ ਜਦੋਂ ਪਾਣੀ ਟੁੱਟਦਾ ਤਾਂ ਜੱਟ ਪਹਿਲਾਂ ਇਹ ਦੇਖਦਾ ਹੈ ਕਿ ਸੀਰ ਕਿੱਥੇ ਪੈ ਰਹੀ ਹੈ । ਬਿਲਕੁਲ ਇਸੇ ਤਰਾਂ ਸਰਕਾਰਾਂ ਤੋਂ ਪਹਿਲਾਂ ਆਮ ਜਨਤਾ ਜ਼ਿੰਮੇਵਾਰ ਹੈ ਕਿਉਂਕਿ ਸਰਕਾਰਾਂ ਨੂੰ ਬਣਾਉਣ ਦਾ ਜ਼ਿੰਮਾ ਤਾਂ ਸਾਡੇ ਮੋਢਿਆਂ ਉੱਤੇ ਸੀ, ਇਹ ਜਨਤਾ ਦਾ ਫਰਜ ਬਣਦਾ ਹੈ ਕਿ ਵੋਟਾਂ ਦੇ ਦਿਨਾਂ ਵਿੱਚ ਮਦਹੋਸ਼ ਹੋ ਕੇ ਨਹੀਂ ਬਲਕਿ ਹੋਸ਼ ਵਿੱਚ ਰਹਿ ਕੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ ਜਾਵੇ। ਵੋਟਾਂ ਸਮੇਂ ਤਾਂ ਅਸੀਂ ਇੱਕ ਸ਼ਰਾਬ ਦੀ ਬੋਤਲ ਪਿੱਛੇ ਆਪਣੀ ਜ਼ਮੀਰ ਵੇਚਣ ਲਈ ਤਿਆਰ ਹੋ ਜਾਂਦੇ ਹਾਂ, ਬਜਾਇ ਇਹ ਸੋਚਣ ਦੇ ਕਿ ਜੋ ਸਰਕਾਰ ਬਣਨ ਤੋਂ ਪਹਿਲਾਂ ਨਸ਼ਾ ਫੈਲਾਅ ਰਹੇ ਹਨ, ਸਰਕਾਰ ਬਣਨ ਤੋਂ ਬਾਅਦ ਉਨਾਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ। ਸੋ ਸਭ ਤੋਂ ਪਹਿਲਾਂ ਤਾਂ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਵੋਟ ਦੇ ਅਧਿਕਾਰ ਦਾ ਇਸਤੇਮਾਲ ਬਹੁਤ ਹੀ ਸੰਜੀਦਗੀ ਅਤੇ ਜ਼ਿੰਮੇਵਾਰ ਨਾਗਰਿਕ ਦੀ ਤਰਾਂ ਕਰੀਏ।

ਜਨਤਾ ਤੋਂ ਬਾਅਦ ਜੇਕਰ ਗੱਲ ਕੀਤੀ ਜਾਵੇ ਸਰਕਾਰਾਂ ਦੀ ਤਾਂ ਪਾਰਟੀਆਂ ਨੂੰ ਬਹੁਤ ਸੰਜੀਦਗੀ ਨਾਲ ਵਿਚਾਰ ਕੇ ਆਪਣੇ ਪਾਰਟੀ ਦੇ ਨੁਮਾਇੰਦੇ ਚੁਣਨੇ ਚਾਹੀਦਾ ਹਨ, ਕਿਉਂਕਿ ਜੇਕਰ ਮੈਂ ਗ਼ਲਤ ਨਾ ਹੋਵਾਂ ਤਾਂ ਪੰਜਾਬ ਦੀਆਂ ਵੱਡੀਆਂ ਤੋਂ ਲੈ ਕੇ ਛੋਟੀਆਂ ਪਾਰਟੀਆਂ ਤੱਕ ਬਹੁਤਾਤ ਮੈਂਬਰ ਬਹੁਤ ਘੱਟ ਪੜੇ ਹਨ। ਸ਼ਾਇਦ ਜਿਨਾਂ ਨੂੰ ਰਾਜਨੀਤੀ ਦੇ ਮੁੱਢਲੇ ਸਿਧਾਂਤਾਂ ਬਾਰੇ ਵੀ ਜਾਣਕਾਰੀ ਨਾ ਹੋਵੇ। ਜੇਕਰ ਅਸੀਂ ਪੰਜਾਬ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੇ ਹਾਂ ਤਾਂ ਇਹ ਯਕੀਨੀ ਬਣਾਉਣਾ ਪਵੇਗਾ ਕਿ ਸਾਡਾ ਪੰਜਾਬ ਅਨਪੜ ਤੇ ਗਵਾਰ ਨੇਤਾਵਾਂ ਦੇ ਹੱਥ ਵਿੱਚ ਨਹੀਂ ਬਲਕਿ ਪੜੇ ਲਿਖੇ, ਮਾਹਿਰ, ਸੂਝਵਾਨ, ਤਰਕਸ਼ੀਲ ਅਤੇ ਵਿਦਵਾਨਾਂ ਦੇ ਹੱਥ ਵਿੱਚ ਹੋਵੇ ।

ਨੌਜਵਾਨ ਪੀੜੀ ਦੇ ਵਿਦੇਸ਼ਾਂ ਵੱਲ ਨੂੰ ਵੱਧ ਰਹੇ ਅਤੇ ਹੱਥੀ ਕੰਮ ਕਰਨ ਦੇ ਘੱਟ ਰਹੇ ਰੁਝਾਨ ਉੱਪਰ ਗਹਿਰਾਈ ਨਾਲ ਸੋਚਣ ਉਪਰੰਤ ਮੈਨੂੰ ਮਸ਼ਹੂਰ ਸੂਫ਼ੀ ਕਵੀ ਅਤੇ ਗਾਇਕ ਮਾਣਯੋਗ ਸਤਿੰਦਰ ਸਰਤਾਜ ਜੀ ਦੇ ਬੋਲ ਯਾਦ ਆਉਂਦੇ ਹਨ ਕਿ

'ਚਾਰ ਹੀ ਤਰੀਕਿਆਂ ਨਾਲ ਬੰਦਾ ਕਰੇ ਕੰਮ ਸਦਾ ਸ਼ੌਕ ਨਾਲ,
ਪਿਆਰ ਨਾਲ, ਲਾਲਚ ਜਾਂ ਡੰਡੇ ਨਾਲ'

ਅਸੀਂ ਦੇਖਦੇ ਹਾਂ ਸਾਡੇ ਬਹੁਤ ਸਾਰੇ ਨੌਜਵਾਨ ਮੁੰਡੇ ਕੁੜੀਆਂ ਜੋ ਪੰਜਾਬ ਵਿੱਚ ਪਾਣੀ ਦਾ ਗਿਲਾਸ ਤੱਕ ਨਹੀਂ ਸਨ ਫੜਦੇ, ਵਿਦੇਸ਼ ਜਾ ਦੂਹਰੀਆਂ ਦੂਹਰੀਆਂ ਸ਼ਿਫ਼ਟਾਂ ਲਗਾਉਂਦੇ ਹਨ। ਹੁਣ ਇੱਥੇ ਸਵਾਲ ਇਹ ਹੈ ਕਿ ਅਜਿਹਾ ਕੀ ਹੈ ਜੋ ਭੰਨ ਕੇ ਡੱਕਾ ਦੂਹਰਾ ਨਾ ਕਰਨ ਵਾਲੇ ਨੌਜਵਾਨ ਵੀ ਕੰਮ ਕਰਨ ਲੱਗ ਜਾਂਦੇ ਹਨ। ਇਸ ਦਾ ਬਹੁਤ ਹੀ ਸਰਲ ਜਿਹਾ ਉੱਤਰ ਹੈ 'ਅਨੁਸ਼ਾਸਨ' ਬਾਹਰਲੇ ਮੁਲਕਾਂ ਵਿੱਚ ਹਰ ਜਗਾ ਅਨੁਸ਼ਾਸਨ ਹੈ। ਹਰ ਕੰਮ ਅਨੁਸ਼ਾਸਨਮਈ ਤਰੀਕੇ ਨਾਲ ਕੀਤਾ ਜਾਂਦਾ ਹੈ। ਸਾਡੇ ਨੌਜਵਾਨਾਂ ਨੂੰ ਨਾ ਚਾਹੁੰਦੇ ਹੋਏ ਵੀ ਅਨੁਸ਼ਾਸਨ ਵਿੱਚ ਰਹਿ ਕੇ ਕੰਮ ਕਰਨਾ ਪੈਂਦਾ ਹੈ। ਕਾਨੂੰਨਾਂ ਦੀ ਪਾਲਣਾ ਕਰਨੀ ਹੀ ਪਵੇਗੀ ਭਾਵੇਂ ਪਿਆਰ ਨਾਲ ਜਾਂ ਫਿਰ ਡੰਡੇ ਨਾਲ। ਸਾਡੇ ਭਾਰਤੀ ਸਿਸਟਮ ਵਾਂਗ ਨਹੀਂ ਕਿ ਲਾਲ ਬੱਤੀ ਤੇ ਵਾਹਨ ਨਾ ਰੋਕਣ ਦੀ ਸਜ਼ਾ ਕੇਵਲ 100 ਰੁਪਿਆ ਹੋਵੇਗੀ। ਦੂਸਰੀ ਗੱਲ ਵਿਅਕਤੀ ਦੀ ਮਿਹਨਤ ਦਾ ਮੁੱਲ ਪੈਂਦਾ ਹੈ। ਸੋ ਜੇਕਰ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੀ ਰੌਣਕ ਪੰਜਾਬ ਵਿੱਚ ਰਹੇ ਤਾਂ ਸਾਨੂੰ ਹਰ ਕੰਮ ਨੂੰ ਅਨੁਸ਼ਾਸਨ ਮਈ ਬਣਾਉਣਾ ਪਵੇਗਾ। ਕਾਨੂੰਨਾਂ ਨੂੰ ਅਮਲੀ ਰੂਪ ਦੇਣਾ ਪਵੇਗਾ, ਨੌਜਵਾਨਾਂ ਲਈ ਸਹੂਲਤਾਂ ਪ੍ਰਦਾਨ ਕਰਨੀਆਂ ਪੈਣਗੀਆਂ ਅਤੇ ਵੱਧ ਤੋਂ ਵੱਧ ਉਦਯੋਗ ਸਥਾਪਿਤ ਕੀਤੇ ਜਾਣ। ਜੇਕਰ ਪਿਛਲੇ ਕੁਝ ਸਮੇਂ ਵੱਲ ਝਾਤ ਮਾਰੀਏ ਤਾਂ ਪੰਜਾਬ ਦੇ ਲੁਧਿਆਣਾ ਸ਼ਹਿਰ ਵਿੱਚ 150 ਫ਼ੈਕਟਰੀਆਂ ਬੰਦ ਹੋ ਚੁੱਕੀਆਂ ਹਨ। ਅੰਮ੍ਰਿਤਸਰ ਵਿੱਚ ਕਿਸੇ ਸਮੇਂ 110 ਟੈਕਸਟਾਈਲ ਇੰਡਸਟਰੀਜ਼ ਸਨ ਜਿਨਾਂ ਦੀ ਮੌਜੂਦਾ ਸਮੇਂ ਵਿੱਚ ਗਿਣਤੀ ਕੇਵਲ 20 ਹੈ। ਪੰਜਾਬ ਨਿਰਮਾਣਕਰਤਾ ਤੋਂ ਖਪਤਕਾਰ ਬਣ ਚੁੱਕਾ ਹੈ ਜੋ ਪੰਜਾਬ ਦੀ ਤਰੱਕੀ ਲਈ ਸੁਖਾਵਾਂ ਨਹੀਂ ਹੈ।

ਇਸ ਤੋਂ ਇਲਾਵਾ ਜੋ ਪੰਜਾਬ ਦੀ ਜਵਾਨੀ ਅਤੇ ਪੰਜਾਬ ਨੂੰ ਮੁੜ ਪੱਬਾਂ ਭਾਰ ਖੜਾ ਕਰਨ ਵਿੱਚ ਆਪਣਾ ਯੋਗਦਾਨ ਪਾ ਸਕਦਾ ਹੈ, ਉਹ ਹੈ ਸਾਡਾ ਪੰਜਾਬੀ ਸਾਹਿਤ। ਪਰਿਵਾਰ ਤੋਂ ਸ਼ੁਰੂਆਤ ਕਰਕੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਹਰ ਇੱਕ ਦੀ ਪਹਿਲੀ ਕੋਸ਼ਿਸ਼ ਨੌਜਵਾਨਾਂ ਵਿੱਚ ਸਾਹਿਤ ਨੂੰ ਪੜਨ ਦੀ ਰੁਚੀ ਨੂੰ ਪੈਦਾ ਕਰਨਾ ਹੋਵੇ। ਇਹ ਮੇਰਾ ਨਿੱਜੀ ਤਜਰਬਾ ਹੈ ਕਿ ਸਾਹਿਤ , ਕਿਤਾਬਾਂ ਨਾਲ ਜੁੜਿਆ ਵਿਅਕਤੀ ਇੱਕ ਜ਼ਿੰਮੇਵਾਰ ਨਾਗਰਿਕ ਹੋ ਨਿੱਬੜਦਾ ਹੈ। ਜਿਨਾਂ ਵੀ ਹਾਲਤਾਂ ਬਾਰੇ ਚਰਚਾ ਕਰਨ ਦਾ ਯਤਨ ਕੀਤਾ ਇਹ ਪੰਜਾਬ ਦੀ ਜ਼ਮੀਨੀ ਹਕੀਕਤ ਹੈ ਅਤੇ ਇਸ ਤੋਂ ਅਸੀਂ ਮੂੰਹ ਨਹੀਂ ਮੋੜ ਸਕਦੇ, ਜ਼ਰੂਰਤ ਹੈ ਤਾਂ ਆਪਣਾ ਮੁਹਾਵਣਾ ਮੋੜਨ ਦੀ। ਪੰਜਾਬ ਦੀ ਤੜਫ਼ਦੀ ਰੂਹ ਨੂੰ ਸ਼ਾਂਤੀ ਉਦੋਂ ਹੀ ਮਿਲੇਗੀ ਜਦੋਂ ਪੰਜਾਬ ਫਿਰ ਤੋਂ ਖ਼ੁਸ਼ਹਾਲ ਹੋਵੇਗਾ ਐਨ ਓਦਾਂ ਜਿਵੇਂ ਇੱਕ ਬਜ਼ੁਰਗ ਬਾਬਾ ਆਪਣੇ ਪੋਤੇ ਪੋਤਰੀਆਂ ਤੇ ਬਾਗ ਪਰਿਵਾਰ ਨੂੰ ਹੱਸਦਾ ਵੱਸਦਾ ਵੇਖ ਖ਼ੁਸ਼ ਹੁੰਦਾ ਹੈ। ਪੰਜਾਬ ਦੀ ਵਿਲਕਦੀ ਰੂਹ ਨੂੰ ਸ਼ਾਂਤ ਕਰਨ ਲਈ ਪੰਜਾਬ ਦੀਆਂ ਸਾਰੀਆਂ ਧਿਰਾਂ ਨੂੰ ਰਾਜਸੀ ਲਾਲਸਾ, ਵੋਟ ਰਾਜਨੀਤੀ, ਸਵਾਰਥੀ ਲਾਭ ਤੋਂ ਉੱਪਰ ਉੱਠ ਕੇ ਪੂਰੀ ਸੂਝ ਬੂਝ ਨਾਲ ਵਿਚਾਰ ਕਰਨਾ ਚਾਹੀਦਾ ਹੈ ਅਤੇ ਬੇਤੁਕੇ ਬਿਆਨਾਂ, ਬਹਾਨੇਬਾਜ਼ੀ ਤੋਂ ਲਾਂਭੇ ਹੋ ਕੇ ਗੰਭੀਰ ਕਦਮ ਚੁੱਕਣੇ ਚਾਹੀਦੇ ਹਨ ਇਸ ਵਿੱਚ ਪੰਜਾਬ ਅਤੇ ਪੰਜਾਬੀਆਂ ਦਾ ਹੀ ਭਲਾ ਹੈ । ਪੰਜਾਬ ਨੂੰ ਮੁੜ ਪੈਰਾਂ ਤੇ ਖੜਾ ਕਰਨ ਲਈ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਹੰਭਲਾ ਮਾਰਨਾ ਪਵੇਗਾ।

# ਜਰਨੈਲਾਂ ਵਾਲੇ ਕੰਮ ਕਰਨ ਵਾਲਾ -ਜਰਨੈਲ ਸਿੰਘ ਖਾਲਸਾ

**ਮਾਲਵਿੰਦਰ ਤਿਉਣਾ ਪੁਜਾਰੀਆਂ,**
**ਮੋ. ਨੰ 9878531625**

ਪੰਜਾਬ ਸੂਬੇ ਵਿੱਚ ਸਥਿਤ ਸਿੱਖ ਧਰਮ ਦੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਛਿਪਦੇ ਵਾਲੇ ਪਾਸੇ ਸਥਿਤ ਪਿੰਡ ਤੰਗਰਾਲੀ ਵਿਖੇ 12 ਨਵੰਬਰ 1953 ਨੂੰ ਜਨਮੇ ਆਪਣੇ ਪੁੱਤਰ ਦਾ ਨਾਮ ਮਾਤਾ ਕਰਤਾਰ ਕੌਰ ਅਤੇ ਪਿਤਾ ਚੰਦ ਸਿੰਘ ਨੇ ਜਰਨੈਲ ਸਿੰਘ ਰੱਖਿਆ ਸੀ। ਉਹ ਜਰਨੈਲ ਸਿੰਘ ਹੁਣ ਕੰਮ ਵੀ ਜਰਨੈਲਾਂ ਵਾਲੇ ਹੀ ਕਰ ਰਿਹਾ ਹੈ।

ਜਰਨੈਲ ਸਿੰਘ ਖਾਲਸਾ ਦੱਸਦਾ ਹੈ ਕਿ ਉਸ ਨੂੰ ਸੰਨ 1958 ਵਿੱਚ, ਜਦੋਂ ਤੰਗਰਾਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ ਤਾਂ ਉਸ ਸਮੇਂ ਵਿੱਚ ਮਾਸਟਰ ਮੱਖਣ ਸਿੰਘ ਅਤੇ ਸਵਰਨ ਸਿੰਘ ਪਿੰਡ ਵਾਲੇ ਵੱਡੇ ਬੋਹੜ ਤੋਂ ਸਾਰੇ ਸਕੂਲ ਦੇ ਕੁੱਲ 46 ਬੱਚਿਆਂ ਸਮੇਤ ਦੌੜ ਲਗਾਇਆ ਕਰਦੇ ਸਨ।

ਇੱਥੋਂ ਹੀ, ਉਸ ਨੂੰ ਦੌੜਣ ਦੀ ਚੇਟਕ ਲੱਗੀ। ਉਸ ਨੇ ਦਸਵੀਂ ਕਲਾਸ 1982 ਵਿੱਚ ਪਾਸ ਕੀਤੀ। ਬਠਿੰਡਾ ਦੀ ਰੈਡ ਕਰਾਸ ਸੁਸਾਇਟੀ ਵਿੱਚ ਮੈਡੀਕਲ ਹਾਲ ਉਪਰ ਸੇਲਜ਼ਮੈਨ ਵਜੋਂ 1983 ਵਿੱਚ ਨੌਕਰੀ ਕਰ ਲਈ। ਇੱਥੇ ਉਸ ਨੇ ਸੇਲਜ਼ਮੈਨ ਵਜੋਂ ਕੰਮ ਕੀਤਾ, ਪਰ ਸੰਨ 1998 ਵਿੱਚ ਰੈਡ ਕਰਾਸ ਦੀ ਇਹ ਦੁਕਾਨ ਲੀਜ਼ ਉਪਰ ਦੇ ਦਿੱਤੀ ਗਈ। ਜਿਸ ਕਾਰਨ ਉਹ ਪਿੰਡ ਆ ਕੇ, ਜਿਸ ਸਕੂਲ ਵਿੱਚੋਂ ਪੜ੍ਹਿਆ ਸੀ। ਉਸ ਸਕੂਲ ਵਿੱਚ ਹੀ ਪੀ.ਟੀ.ਏ.ਕਮੇਟੀ ਦੇ ਬੇਨਤੀ ਕਰਨ ਉਪਰ ਸਕੂਲੀ ਬੱਚਿਆਂ ਨੂੰ ਪੜਾਉਣ ਲੱਗ ਪਿਆ। ਉਸ ਤੋਂ ਬਾਅਦ, ਜਦੋਂ ਮਿੱਡ ਡੇਅ ਮੀਲ ਸਕੀਮ ਸੁਰੂ ਹੋਈ ਤਾਂ ਉਹ ਬੱਚਿਆਂ ਲਈ ਖਾਣੇ ਦੀ ਸੇਵਾ ਕਰਨ ਲੱਗ ਪਿਆ। ਉਸ ਸਮੇਂ ਤੋਂ ਹੀ ਜਰਨੈਲ ਸਿੰਘ ਸੇਵਾ ਭਾਵਨਾ ਨਾਲ ਇਹ ਸੇਵਾ ਮਹਿਜ਼ 1750 ਰੁਪਏ 'ਤੇ ਨਿਰੰਤਰ ਇਹ ਸੇਵਾ ਕਰ ਰਿਹਾ ਹੈ। ਉਸ ਨੇ ਸਕੂਲ ਸਮੇਤ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਉਪਰ ਵੱਡੀ ਗਿਣਤੀ ਵਿੱਚ ਬੂਟੇ ਵੀ ਲਗਾਏ ਹਨ। ਪਿੰਡ ਤੰਗਰਾਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਉਸ ਨੇ ਫੁੱਲ ਬੂਟੇ ਲਗਾ ਕੇ, ਬੜਾ ਸੁੰਦਰ ਬਣਾਇਆ ਹੋਇਆ ਹੈ। ਉਸ ਦੇ ਇਸ ਕੰਮ ਵਿੱਚ ਉਸ ਦੀ ਪਤਨੀ ਸੁਖਪਾਲ ਕੌਰ ਵੀ ਪੂਰਨ ਸਹਿਯੋਗ ਕਰਦੀ ਹੈ। ਜਰਨੈਲ ਸਿੰਘ ਖਾਲਸਾ ਚਿੱੜੀ ਦੇ ਪੰਜੇ ਜਿੱਡੇ ਛੋਟੇ ਜਿਹੇ ਆਪਣੇ ਛੋਟੇ ਜਿਹੇ ਪਿੰਡ ਤੰਗਰਾਲੀ, ਜਿਸ ਦੀ ਅਬਾਦੀ ਲਗਭਗ 700 ਹੈ, ਵਿੱਚੋਂ ਹੁਣ ਤੱਕ ਦਸ ਦੇ ਕਰੀਬ ਨੌਜਵਾਨਾਂ ਨੂੰ ਪੰਜਾਬ ਪੁਲਿਸ ਅਤੇ ਫ਼ੌਜ ਵਿੱਚ ਭਰਤੀ ਕਰਵਾ ਚੁੱਕਾ। ਇੱਕ ਦਰਜਨ ਤੋਂ ਵੱਧ ਲੋਕਾਂ ਨੂੰ ਜਰਨੈਲ ਸਿੰਘ ਖਾਲਸਾ ਅਮ੍ਰਿਤਪਾਨ ਕਰਵਾ ਕੇ, ਸਿੱਖੀ ਧਾਰਨ ਕਰਵਾ ਚੁੱਕਾ ਹੈ। ਪਿਛਲੇ ਲੰਮੇ ਸਮੇਂ ਤੋਂ ਵਿੱਤੀ ਤੌਰ 'ਤੇ ਤੰਗ ਰਹਿਣ ਵਾਲੇ ਜਰਨੈਲ ਸਿੰਘ ਨੂੰ, ਰੱਬ ਨੇ ਸ਼ੇਰਾਂ ਵਾਲਾ ਦਿਲ ਦਿੱਤਾ ਹੈ। ਉਸ ਦੇ ਚਿਹਰੇ ਉਪਰ ਹਰ ਸਮੇਂ ਖੁਸ਼ੀ ਰਹਿੰਦੀ ਹੈ।

ਉਹ ਪਿਛਲੇ ਇੱਕ ਦਹਾਕੇ ਤੋਂ ਮਾਸਟਰਜ਼ ਅਥਲੈਟਿਕ ਮੀਟਾਂ ਵਿੱਚੋਂ ਤਮਗੇ ਵੀ ਫੁੰਡਦਾ ਆ ਰਿਹਾ ਹੈ। ਉਸ ਨੇ ਪੰਜਾਹ ਪਲੱਸ ਗਰੁੱਪ ਵਿੱਚ 30 ਅਤੇ 31 ਅਕਤੂਬਰ 2004 ਵਿੱਚ ਪਹਿਲੀ ਵਾਰੀ ਸ਼ਹੀਦ ਭਗਤ ਸਿੰਘ ਖੇਡ ਸਟੈਡੀਅਮ ਫ਼ਿਰੋਜਪੁਰ ਵਿਖੇ ਹੋਈਆਂ ਪੱਚੀਵੀਆਂ ਵੈਟਰਨਜ਼ ਅਥਲੈਟਿਕ ਮੀਟ ਵਿੱਚ ਭਾਗ ਲਿਆ ਸੀ। ਇਸ ਮੌਕੇ ਉਸ ਨੇ 1500 ਮੀਟਰ ਦੌੜ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਆਪਣੀ ਜਿੰਦਗੀ ਵਿੱਚ ਪਹਿਲਾ ਤਮਗਾ ਫੁੰਡਿਆ। ਉਸ ਤੋਂ ਬਾਅਦ ਉਹ ਇਸ ਖੇਤਰ ਵਿੱਚ ਪ੍ਰੈਕਟਸ ਕਰਨ ਲੱਗਾ। ਉਸ ਦੇ ਪਿੰਡ ਦੇ ਲੋਕਾਂ ਨੇ ਇਸ ਦੀ ਪਤਨੀ ਨੂੰ ਆਪਣੀ ਬਿਨਾਂ ਮੰਗੀ ਰਾਏ ਵੀ ਦਿੱਤੀ ਕਿ ਇਸ ਦਾ ਦਿਮਾਗ ਖ਼ਰਾਬ ਹੋ ਗਿਆ ਹੈ। ਇਹ ਸਵੇਰੇ ਸਵੇਰੇ ਸੜਕਾਂ ਉਪਰ ਭੱਜਦਾ ਰਹਿੰਦਾ ਹੈ। ਕਿਸੇ ਹੋਰ ਪਾਸੇ ਨਾ ਨਿਕਲ ਜਾਵੇ। ਇਸ ਕਾਰਨ ਇਸ ਨੂੰ ਦਵਾਈ ਦਿਵਾਈ ਜਾਵੇ। ਪਰ ਉਸ



ਦੀ ਪਤਨੀ ਨੇ ਲੋਕਾਂ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੇ ਪਤੀ ਉਪਰ ਭਰੋਸਾ ਰੱਖਿਆ। ਉਸ ਨੇ ਸਾਲ 2007 ਦੇ 15 ਅਤੇ 16 ਦਸੰਬਰ ਨੂੰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਾਹਿਬ ਵਿਖੇ 26ਵੀਆਂ ਪੰਜਾਬ ਮਾਸਟਰਜ਼ ਅਥਲੈਟਿਕ ਚੈਪੀਅਨਸ਼ਿਪ ਹੋਈ। ਜਿਸ ਵਿੱਚ ਉਨਾਂ ਨੇ 5,000 ਮੀਟਰ ਭਾਵ ਪੰਜ ਕਿਲੋਮੀਟਰ ਦੌੜ ਵਿੱਚ, ਤੀਜਾ ਸਥਾਨ ਪ੍ਰਾਪਤ ਕੀਤਾ। ਸ੍ਰੀ ਮਸਤੂਆਣਾ ਸਾਹਿਬ ਵਿਖੇ ਇਸੇ ਸਾਲ 28 ਅਤੇ 29 ਨਵੰਬਰ ਨੂੰ ਹੋਈ ਮਾਸਟਰ ਅਥਲੈਟਿਕ ਚੈਪੀਅਨਸ਼ਿਪ ਵਿੱਚ ਜਰਨੈਲ ਨੇ ਮੁੜ 400, 300 ਅਤੇ 200 ਮੀਟਰ ਦੌੜ ਵਿੱਚ ਤੀਜਾ ਸਥਾਨ ਪ੍ਰਾਪਤ ਕਰਦੇ ਤਮਗੇ ਫੁੰਡੇ। 2 ਅਤੇ 3 ਦਸੰਬਰ 2011 ਵਿੱਚ ਦਸਮੇਸ਼ ਸਪੋਰਟਸ ਕੰਪਲੈਕਸ ਐਸ.ਏ.ਐਸ.ਕਾਲਜ ਚਰਨਕਮਲ ਬੰਗਾ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਿੱਚ 55 ਪਲੱਸ ਵਰਗ ਵਿੱਚ ਭਾਗ ਲਿਆ ਅਤੇ ਮਾਸਟਰਜ਼ ਹਾਰਡਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। 7 ਅਤੇ 8 ਦਸੰਬਰ 2019 ਨੂੰ ਗੁਰ ਸਾਗਰ ਮਸਤੂਅਣਾ ਸਾਹਿਬ ਵਿੱਚ ਮਾਸਟਰਜ਼ ਅਥਲੈਟਿਕ ਚੈਪੀਅਨਸ਼ਿਪ ਵਿੱਚ ਜਰਨੈਲ ਸਿੰਘ ਨੇ 65 ਪਲੱਸ ਵਿੱਚ ਭਾਗ ਲਿਆ ਅਤੇ 15000 ਮੀਟਰ ਦੌੜ ਵਿੱਚ 8.54.89 ਸਮੇਂ ਵਿੱਚ ਪੂਰੀ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਰੋਨਾ ਤੋਂ ਪਹਿਲਾਂ ਹੋਈ ਅਥਲੈਟਿਕ ਮੀਟ ਜੋ ਸ੍ਰੀ ਮਸਤੂਆਣਾ ਸਾਹਿਬ ਹੋਈ ਸੀ ਉਥੇ ਉਸ ਨੇ 65 ਪਲੱਸ ਗਰੁੱਪ ਵਿੱਚ 10,000 ਮੀਟਰ ਭਾਵ ਦਸ ਕਿਲੋਮੀਟਰ ਦੌੜ ਵਿੱਚ ਭਾਗ ਲਿਆ ਸੀ ਅਤੇ ਇਹ ਦੌੜ ਉਸ ਨੇ 1:12:15 ਸਮੇਂ ਵਿੱਚ ਪੂਰੀ ਕੀਤੀ ਸੀ।

ਮਾਣ ਸਨਮਾਨ ਸਬੰਧੀ ਸਵਾਲ ਕਰਨ ਦੇ ਉਤਰ ਵਿੱਚ ਉਸ ਨੇ ਦੱਸਿਆ ਕਿ ਉਸ ਨੂੰ ਸ਼ਹੀਦ ਮਨਜੀਤ ਸਿੰਘ ਦੀ ਮਾਤਾ ਨੇ ਤਲਵੰਡੀ ਸਾਬੋ ਸ਼ਹੀਦੀ ਦਿਨ ਮੌਕੇ ਉਸ ਦੀ ਮਾਤਾ ਨੇ ਦੋ ਕਿੱਲੋ ਦੇਸੀ ਘਿਓ ਦੇ ਕੇ ਸਨਮਾਨ ਕੀਤਾ ਸੀ।

ਉਸ ਦੀ ਲੱਤ ਵਿੱਚ ਗੰਢ ਬਣ ਜਾਣ ਕਾਰਨ, ਉਸ ਨੇ ਕੁਝ ਸਮੇਂ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਜਾਣਾ ਬੰਦ ਕਰਕੇ ਪਿੰਡ ਦੇ ਗੁਰਦੁਆਰਾ ਸਾਹਿਬ ਜਾਣਾ ਸ਼ੁਰੂ ਕੀਤਾ ਹੈ। ਜਦੋਂਕਿ ਉਹ ਪਹਿਲਾਂ ਸਾਲ 2004 ਤੋਂ ਹੀ ਆਪਣੇ ਪਿੰਡ ਤੋਂ ਦੌੜ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਜਾਂਦਾ ਹੁੰਦਾ ਸੀ ਅਤੇ ਵਾਪਸੀ ਵੀ ਦੌੜ ਲਗਾ ਕੇ ਹੀ ਆਪਣੇ ਪਿੰਡ ਵਾਪਸੀ ਕਰਦਾ ਹੁੰਦਾ ਸੀ। ਉਸ ਦੀ ਖਾਸੀਅਤ ਇਹ ਵੀ ਹੈ ਕਿ ਉਹ ਗਰਮੀ ਸਰਦੀ ਚਿੱਟੇ ਸਾਦੇ ਕੁੜਤੇ ਪਜਾਮੇ ਵਿੱਚ ਹੀ ਰਹਿੰਦਾ ਹੈ ਅਤੇ ਉਸ ਦੇ ਸਰੀਰ ਉਪਰ ਮੌਸਮ ਦਾ ਕੋਈ ਅਸਰ ਨਹੀਂ ਹੁੰਦਾ।

---

# ਕਿਰਦਾਰ

## 'ਗੁਫਤਾਰ ਕਾ ਜੇ ਗਾਜੀ ਤੋ ਬਨਾ, ਕਿਰਦਾਰ ਕਾ ਗਾਜੀ ਬਨ ਨਾ ਸਕਾ' (ਮੁਹੰਮਦ ਇਕਬਾਲ)

**ਕੁਲਬੀਰ ਸਿੰਘ**

ਸਖਸ਼ੀਅਤ

ਕਿਰਦਾਰ ਸਿੱਖ ਦੀ ਬੁਨਿਆਦ ਹੈ, ਇਹ ਬੁਨਿਆਦ ਕਿਸੇ ਦੀ ਘੱਟ ਅਤੇ ਕਿਸੇ ਦੀ ਵਧੇਰੇ ਮਜਬੂਤ ਤਾਂ ਹੋ ਸਕਦੀ ਹੈ, ਪਰ ਕੀ ਭਲਾ ਕਿਰਦਾਰ ਤੋਂ ਬਿਨਾਂ ਸਿੱਖੀ ਕਿਆਸੀ ਜਾ ਸਕਦੀ ਹੈ ? ਗੁਰੂ ਸਾਹਿਬ ਨੇ ਇਸ ਕਿਰਦਾਰ ਨੂੰ ਰਬਾਬ ਦੀਆਂ ਮਧੁਰ ਧੁਨਾਂ ਨਾਲ ਰੋਸ਼ਨਾਇਆ। ਜਦੋਂ ਗੁਰੂ ਨਾਨਕ ਸਾਹਿਬ ਨੂੰ ਮੁੱਲਾ ਅਤੇ ਕਾਜੀਆਂ ਨੇ ਪੁਛਿਆ ਕੇ ਹਿੰਦੂ ਵੱਡਾ ਹੈ ਜਾਂ ਮੁਸਲਮਾਨ ਤਾਂ ਗੁਰੂ ਸਾਹਿਬ ਨੇ ਆਖਿਆ 'ਬਾਬੇ ਆਖੇ ਹਾਜੀਆਂ ਸੁੱਭਿ ਅਮਲਾ ਬਾਝਹੁ ਦੋਨੋ ਰੋਈ'। ਇਸ ਬੁਲੰਦ ਕਿਰਦਾਰ ਤੋਂ ਹੀ ਤਾਂ ਸਦਾ ਸਮੇਂ ਦੀਆਂ ਤਾਕਤਾਂ ਨੂੰ ਖੌਫ ਆਉਂਦਾ ਸੀ, ਬੁਲੰਦ-ਕਿਰਦਾਰ ਹੀ ਤਾਂ ਸਿੱਖਾਂ ਦੇ ਇਤਿਹਾਸ ਵਿਚ ਜਲੌਅ ਪੈਦਾ ਕਰ ਸਕੇ, ਜੋ ਕਿ ਅੱਜ ਵੀ ਸਾਡੀ ਪ੍ਰੇਰਣਾ ਦਾ ਸਰੋਤ ਬਣ ਰਿਹਾ ਹੈ। ਇਸ ਬੁਲੰਦ ਕਿਰਦਾਰ ਕਰਕੇ ਹੀ ਧੀਆਂ ਭੈਣਾਂ ਔੜ ਸਮੇਂ ਸਿੱਖ ਦਾ ਆਸਰਾ ਭਾਲਦੀਆਂ ਹਨ। ਇਹ ਗੱਲ ਆਪਾਂ ਅਜੇ ਵੀ ਅੰਸ਼ਕ ਰੂਪ ਵਿਚ ਮੌਜੂਦਾ ਸਮੇਂ ਵਿਚ ਵੇਖ ਸਕਦੇ ਹਾਂ। ਕਿਰਦਾਰ ਕਰਕੇ ਹੀ ਤਾਂ ਸਿੱਖਾਂ ਅਤੇ ਬਾਕੀ ਕੌਮਾਂ, ਫਲਸਫਿਆਂ, ਖਿਆਲਾਂ ਵਿੱਚ ਨਿਖੇੜਾ ਹੈ। ਕਿਰਦਾਰ ਦਾ ਦਾਮਨ ਛੱਡ ਕੇ ਸਿੱਖ ਸਮੇਂ ਦੀ ਗਰਦ ਵਿਚ ਗਰਕ ਨਹੀਂ ਹੋ ਜਾਣਗੇ। ਜਰਮਨ ਦਾਰਸ਼ਨਿਕ ਨੀਤਸ਼ੇ ਦਾ ਖਿਆਲ ਹੈ ਕਿ 'ਜਿਹੜਾ ਦਰੱਖਤ ਅਸਮਾਨ ਵਿਚ ਦੂਰ ਤੱਕ ਫੈਲਣਾ ਚਾਹੁੰਦਾ ਹੈ, ਉਸਦੀਆਂ ਜੜਾਂ ਜਮੀਨ ਵਿਚ ਵਧੇਰੇ ਡੂੰਘੀਆਂ ਹੋਣੀਆਂ ਚਾਹੀਦੀਆਂ ਹਨ ਨਹੀਂ ਤਾਂ ਹਲਕੀ ਜੇਹੀ ਹਨੇਰੀ ਜੜੋਂ ਪੁੱਟ ਸੁੱਟੇਗੀ।'

ਸੋ ਬੁਲੰਦ ਕਿਰਦਾਰ ਅਮਲਾ ਨੂੰ ਸਚਿਆਰੇ ਕਰਨ ਨਾਲ ਮਿਲਦਾ ਹੈ, ਮਨ ਨੂੰ ਸਾਧਣਾ ਹੁੰਦਾ ਹੈ, ਅਤੇ ਸਿੱਖ ਨੇ ਨਿਰੰਤਰ ਗੁਰੂ ਦੇ ਹੁਕਮ ਨੂੰ ਪਾਲਣਾ ਹੈ। ਹੁਕਮ ਦੀ ਪਾਲਣਾ ਵਿਚੋਂ ਹੀ ਸਿੱਖ ਧਰਤੀ 'ਤੇ ਸ਼ਹਾਨਾ ਕਦਮ ਰੱਖ ਸਕੇਗਾ ਅਤੇ ਭਾਈ ਬਚਿੱਤਰ ਸਿੰਘ ਦੀ ਤਰਾਂ ਗੁਰੂ ਦੇ ਥਾਪੜੇ ਸਦਕਾ ਨਾਗਣੀ ਲੈ 'ਗਰੂਰ ਵਿਚ ਮਦਮਸਤ ਕੂੜ' ਨੂੰ ਬਿੰਨੇਗਾ। ਹੁਕਮ ਵਿਚ ਪ੍ਰਵਿਰਤ ਸ਼ਖਸੀਅਤਾਂ ਹੀ 'ਹਲੀਮੀ ਰਾਜ' ਦੀ ਸਥਾਪਤੀ ਦਾ ਜ਼ਰੀਆ ਬਣਨਗੀਆਂ, ਖਗੋਲ ਅਕਲੀ ਚਤੁਰਾਈਆਂ ਦੇ ਪੈਂਤੜਿਆਂ ਨਾਲ ਬਾਕੀ ਕੌਮਾਂ ਦੀ ਤਰਾਂ ਕਾਬਜ ਤਾਂ ਹੋਇਆ ਜਾ ਸਕਦਾ ਹੈ ਪਰ ਉਸ ਵਿਚੋਂ ਸ਼ਾਇਦ 'ਖਾਲਸੇ ਦੀ ਸਪਿਰਟ' ਗਾਇਬ ਹੋਵੇ।

ਪਰ ਮੌਜੂਦਾ ਚਿੰਤਤ ਦੀਆਂ ਨਵੀਨ ਧਰਾਵਾਂ ਜਾਂ ਦਿਸ਼ਾਵਾਂ ਕਿਰਦਾਰ ਦੀ ਮਜ਼ਬੂਤੀ 'ਤੇ ਜ਼ੋਰ ਦੇਣ ਵਾਲੀਆਂ ਅਨੁਭਵੀ ਧਰਾਵਾਂ ਦੀ ਖਿਲਾਫਤ ਕਰਦੀਆਂ ਹਨ, ਫਲਸਫੇ ਦੇ ਖਾਰੇ ਸਮੁੰਦਰ ਵਿਚ ਤਾਰੀ ਲਾਉਣ ਵਾਲੇ ਥੀਓਲੋਜਿਸਟ ਸਿੱਖੀ ਨੂੰ ਵੀ ਬਾਇਨਰੀ ਵਿਚ ਵੇਖਣ ਲਈ ਮੋਹਤਾਜ ਹਨ, ਕਿਉਂਕਿ ਉਨਾਂ ਕੋਲ ਕੋਈ ਅਜ਼ਾਦ ਅਤੇ ਸਪੀਰਚੁਅਲ ਵੀਜ਼ਨ ਨਹੀ। ਉਹ ਨਹੀਂ ਸਮਝ ਸਕਦੇ ਜਦੋਂ ਭਾਈ ਵੀਰ ਸਿੰਘ 'ਵਲਵਲੇ' ਵਿਚ ਆਖਦੇ ਹਨ 'ਜਿਨਾਂ ਉਚਾਈਆਂ ਉਤੋਂ 'ਬੁੱਧੀ' ਖੰਭ ਸਾੜ ਢੱਡੀ, ਮੱਲੋ ਮੱਲੀ ਉਥੇ ਦਿਲ ਮਾਰਦਾ ਉਡਾਰੀਆਂ'। ਕਿਰਦਾਰ ਨੂੰ ਬੁਲੰਦ ਕਰਨ ਦਾ ਸੰਕਲਪ ਉਨਾਂ ਦੇ ਤਸੱਵਰ ਵਿਚ ਸਿੱਖੀ ਨੂੰ 'ਮਿਸਟਿਸਮ' ਦੇ ਹਨੇਰੇ ਵਿੱਚ ਧਕੇਲਣਾ ਹੈ ਜਿਸ ਕਾਰਨ ਪੰਥ 'ਮੋਨੋਥੀਇਜਮ' ਦੀ ਸੁੰਨ ਤੇ ਨਿਰਾਕਾਰਤਾ ਵਿਚ ਗੁਆਚ ਜਾਵੇਗਾ। ਕਦੀ ਕਹਿੰਦੇ ਕਿ ਕਿਰਦਾਰ ਬੁਲੰਦ ਕਰਨ ਦਾ ਸੰਕਲਪ ਜਰਮਨੀ ਫਿਲਾਸਫਰ ਹੀਗਲ ਦੀ ਸਬਜੈਕਟੀਵਿਟੀ ਵਿਚੋਂ ਅਕਾਰਗਤ ਹੁੰਦਾ ਹੈ ਅਤੇ ਪੰਥ ਦਾ ਧਿਆਨ ਜਿਸ ਵਿਚੋਂ ਸੰਸਥਾਵਾਂ, ਸਰਬੱਤ ਦੇ ਭਲੇ ਦੀ ਪ੍ਰਥਾਇ ਯੋਗ ਅਮਲਾਂ ਨੇ ਪ੍ਰਕਾਸ਼ਿਤ ਹੋਣਾ ਹੈ, ਵੀ ਆਪਣਾ ਧਿਆਨ ਅੰਦਰੂਨੀ ਸੰਸਾਰ ਵਿੱਚ ਲੈ ਬੇਕਾਰ ਹੋ ਜਾਂਦੇ ਹਨ।

ਸੋ ਫਿਲੋਸੋਫੀਕਲ ਇਨਵੈਸਟੀਕੇਸ਼ਨ ਦੇ ਸਫਰ ਦੀਆਂ ਅਨੇਕਾਂ ਲੀਮੀਟੇਸ਼ਨਸ ਹਨ, ਫਿਲੋਸੋਫੀਕਲ ਮਾਇਡ ਦੀ ਤਲਾਸ਼ ਇਨਵੈਸਟੀਗੇਟ ਕਰਨਾ ਹੈ ਜਿਸ ਵਿੱਚ ਅਬਸਟੈਕਟ ਫੈਕਟਸ ਮੁੱਖ ਸਹਾਰਾ ਹੁੰਦੇ ਹਨ। ਅਨੁਭਵ ਦੇ ਸਮੁੱਚੇ ਪਸਾਰ ਉਸਦੀ ਬੇਤਰਸ ਪਕੜ ਵਿਚ ਨਹੀਂ ਆ ਸਕਦੇ। ਸੋ ਅਜਿਹੀਆਂ ਚੇਤਨਾਵਾਂ ਕਾਰਨ ਸਿੱਖੀ ਦੀ ਦੋਹਾਂ ਜਹਾਨਾਂ ਨੂੰ ਆਪਣੀ ਨਵਾਜਿਸ਼ ਵਿਚ ਲੈ ਰਹੀ ਮਹਾਂ ਪਰਵਾਜ਼ ਵਿਖਾਈ ਨਹੀ ਦਿੰਦੀ। ਸਿੱਖੀ ਵਿਚ ਹਲਤ ਅਤੇ ਪਲਤ, ਮੀਰੀ ਅਤੇ ਪੀਰੀ, ਦੀਨ ਅਤੇ ਦੁਨੀਆ ਦੋਨਾਂ ਪਸਾਰਾਂ ਦਾ ਵਰਟੀਕਲ ਅਤੇ ਹੋਰੀਜੈਂਟਲ, ਦੀ ਗੱਲ ਅਨੇਕਾਂ ਦ੍ਰਿਸ਼ਟਾਤਾਂ ਦੇ ਜ਼ਰੀਏ ਚਲਦੀ ਹੈ। ਪਰ ਇਥੇ 'ਆਦਿ ਸ਼ੰਕਰ' ਦੇ 'ਅਦਵੈਤਵਾਦ' ਵਿਚੋਂ ਸਿਰਜਿਤ ਤ੍ਰਿਸਕਾਰਿਤ ਦਵੈਤ ਜਿਹਾ ਦਵੰਧ ਨਹੀਂ ਹੈ, ਸਗੋਂ ਕਰਤਾ ਅਤੇ ਕਿਰਤ ਇਕਮਿਕ ਹਨ, 'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।' ਇਸ ਮਹਾਂਵਾਕ ਵਿਚ ਰਾਜ ਦਾ ਸੰਕਲਪ ਅਤੇ ਸੰਸਥਾਵਾਂ ਦੀ ਸਿਰਜਣਾ ਦਾ ਰਾਜ ਪਿਆ ਹੈ। ਇਸ ਤੋਂ ਸਾਫ ਜਾਹਿਰ ਹੈ ਕਿ ਸਿੱਖੀ ਸਿਰਫ ਮਿਸਟਿਸਮ ਵਿਚ ਹੀ ਸਿਮਟ ਕੇ ਨਹੀਂ ਰਹਿ ਜਾਂਦੀ, ਸਗੋਂ ਇਸਦੇ ਰਹਿਮ ਦੀ ਦ੍ਰਿਸ਼ਟੀ ਲਗਾਤਾਰ ਤੇ ਨਿਰੰਤਰ ਇਸ ਜਗਤ ਲਈ ਪਰਉਪਕਾਰ ਕਰਨ ਲਈ ਸਹਾਈ ਰਹਿੰਦੀ ਹੈ ਅਤੇ ਇਸ ਤਰਾਂ ਸਰਬੱਤ ਦਾ ਭਲਾ ਖਾਲਸੇ ਦੀ ਅਰਦਾਸ ਦਾ ਅਨਿੱਖੜ ਅੰਗ ਬਣ ਜਾਂਦਾ ਹੈ। ਪਰ ਕਿਰਦਾਰ ਬੁਨਿਆਦ ਹੈ ਜਿਸ ਬਾਰੇ ਆਪਾਂ ਪਹਿਲਾਂ ਵੀ ਗੱਲ ਕਰ ਚੁੱਕੇ ਹਾਂ, 'ਡਾ ਇਕਬਾਲ' ਅਨੁਸਾਰ ਬਿਨਾ ਧਰਮ ਤੇ ਕਿਰਦਾਰ ਤੋਂ ਕੀਤੇ ਅਮਲ 'ਜੁਦਾ ਹੋ ਦੀਨ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜੀ' ਜਿਹਾ ਹਾਲ ਹੋਵੇਗਾ।

---

# ਪੂਰੀ ਜ਼ਿੰਦਗੀ ਸਮਾਜਿਕ ਬਰਾਬਰੀ ਲਈ ਲੜਦੇ ਰਹੇ ਡਾ. ਭੀਮ ਰਾਓ ਅੰਬੇਡਕਰ

**ਮਨਜੀਤ ਤਿਆਗੀ**

'ਮਨੁੱਖ ਨੂੰ ਜਿਉਂਦੇ ਰਹਿਣ ਲਈ ਸਿਰਫ਼ ਰੋਟੀ ਹੀ ਨਹੀਂ ਚਾਹੀਦੀ, ਸਗੋਂ ਉਸ ਦੇ ਕੋਲ ਦਿਮਾਗ਼ ਹੈ, ਜਿਸ ਨੂੰ ਵਿਚਾਰਾਂ ਦੇ ਭੋਜਨ ਦੀ ਲੋੜ ਹੈ।'

ਉਪਰੋਕਤ ਸ਼ਬਦ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਦੇ ਹਨ, ਜਿਨਾਂ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਇਕ ਮਹਾਨ ਚਿੰਤਕ ਵਜੋਂ ਵੀ ਸਤਿਕਾਰਿਆ ਜਾਂਦਾ ਹੈ। ਉਹ ਖੁੱਲੇ ਵਿਚਾਰਾਂ ਵਾਲੇ, ਧੁਰ ਅੰਦਰ ਤੱਕ ਲੋਕਤੰਤਰ ਪੱਖੀ ਸੋਚ ਅਤੇ ਅਮਲਾਂ ਵਾਲੇ ਅਜਿਹੇ ਇਨਸਾਨ ਸਨ, ਜਿਨਾਂ ਨੇ ਨਿਆਂ, ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਹੱਲਾਸ਼ੇਰੀ ਦਿੱਤੀ। ਉਹ ਵਿਹਾਰਕ ਤੇ ਸਮਾਜਿਕ ਨਿਆਂ ਵਿਚ ਵਿਸ਼ਵਾਸ ਰੱਖਦੇ ਸਨ।

14 ਅਪ੍ਰੈਲ, 1891 ਨੂੰ ਮਹਾਰਾਸ਼ਟਰ ਦੇ ਪਿੰਡ ਅੰਬਾਡਵੇ ਵਿਖੇ ਅੰਬੇਡਕਰ ਦਾ ਜਨਮ ਹੋਇਆ, ਜਿਨਾਂ ਦੇ ਸੰਘਰਸ਼ ਤੇ ਜੱਦੋ-ਜਹਿਦ ਨਾਲ ਦਲਿਤਾਂ ਅਤੇ ਪਿਛੜੇ ਵਰਗਾਂ ਦੇ ਜੀਵਨ ਵਿਚ ਵੱਡੀ ਤਬਦੀਲੀ ਆਈ। ਡਾ. ਅੰਬੇਡਕਰ ਦੇ ਪਿਤਾ ਸੂਬੇਦਾਰ ਰਾਮਜੀ ਮਾਲੋਜੀ ਸਕਪਾਲ 'ਬ੍ਰਿਟਿਸ਼ ਇੰਡੀਅਨ ਆਰਮੀ' 'ਚ ਨੌਕਰੀ ਕਰਦੇ ਸਨ ਤੇ ਮਾਤਾ ਭੀਮਾ ਬਾਈ ਬੜੀ ਨੇਕ ਤੇ ਸਮਝਦਾਰ ਇਸਤਰੀ ਸੀ।

17 ਸਾਲਾਂ ਦੀ ਉਮਰ ਵਿਚ ਉਨਾਂ ਦਾ ਵਿਆਹ ਰਾਮਾ ਬਾਈ ਨਾਲ ਹੋ ਗਿਆ, ਉਦੋਂ ਰਾਮਾ ਬਾਈ ਦੀ ਉਮਰ ਸਿਰਫ਼ 9 ਸਾਲ ਸੀ। ਘਰ ਦੀ ਕਮਜ਼ੋਰ ਆਰਥਿਕ ਹਾਲਤ ਹੋਣ ਦੇ ਬਾਵਜੂਦ ਉਨਾਂ ਨੇ ਮੁੰਬਈ ਦੇ ਐਲਫਿੰਸਟਨ ਕਾਲਜ ਤੋਂ ਬੀ. ਏ. ਪਾਸ ਕਰ ਲਈ। ਬੜੌਦਾ ਰਿਆਸਤ ਦੇ ਮਹਾਰਾਜਾ ਨੇ 1913 ਵਿਚ ਕੁਝ ਲੜਕਿਆਂ ਨੂੰ ਉੱਚ ਵਿੱਦਿਆ ਹਾਸਲ ਕਰਨ ਲਈ ਅਮਰੀਕਾ ਭੇਜਿਆ, ਜਿਨਾਂ ਵਿਚ ਭੀਮ ਰਾਓ ਅੰਬੇਡਕਰ ਵੀ ਸਨ। 1915 ਵਿਚ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਆਪ ਨੇ ਐਮ. ਏ. ਦੀ ਡਿਗਰੀ ਪ੍ਰਾਪਤ ਕਰ ਲਈ। ਅਮਰੀਕਾ ਦੇ ਆਜ਼ਾਦ, ਖੁਸ਼ਹਾਲ ਤੇ ਖੁੱਲ ਭਰੇ ਵਾਤਾਵਰਨ ਨੂੰ ਵੇਖ ਕੇ ਅੰਬੇਡਕਰ ਦਾ ਦਿਲ ਤੰਗੀਆਂ-ਤੁਰਸ਼ੀਆਂ ਸਹਿੰਦੇ, ਗੁਲਾਮੀਆਂ ਹੰਢਾਉਂਦੇ ਅਛੂਤ ਭਰਾਵਾਂ ਲਈ ਤੜਪ ਉੱਠਿਆ। ਕੋਲੰਬੀਆ ਯੂਨੀਵਰਸਿਟੀ ਤੋਂ ਆਪ ਨੂੰ ਡਾਕਟਰ ਆਫ਼ ਫ਼ਿਲਾਸਫੀ ਦੀ ਡਿਗਰੀ ਮਿਲੀ। ਇਸ ਤਰਾਂ ਉਹ ਭੀਮ ਰਾਓ ਤੋਂ ਡਾ. ਭੀਮ ਰਾਓ ਅੰਬੇਡਕਰ ਬਣ ਗਏ। ਇੰਨੀਆਂ ਡਿਗਰੀਆਂ ਪ੍ਰਾਪਤ ਕਰਨ ਦੇ ਬਾਵਜੂਦ ਵੀ ਡਾ. ਅੰਬੇਡਕਰ ਦੀ ਜਗਿਆਸੂ ਬਿਰਤੀ ਤ੍ਰਿਪਤ ਨਹੀਂ ਹੋਈ ਸੀ, ਉਹ ਚਾਹੁੰਦੇ ਸਨ ਕਿ ਕਿਸੇ ਤਰਾਂ ਪੈਸਾ ਇਕੱਠਾ ਕਰਕੇ



ਲੰਦਨ ਜਾ ਕੇ ਕਾਨੂੰਨ ਤੇ ਅਰਥ-ਸ਼ਾਸਤਰ ਦੀ ਵਿਚਕਾਰ ਛੱਡੀ ਪੜਾਈ ਮੁਕੰਮਲ ਕੀਤੀ ਜਾਵੇ। ਇਸ ਲਈ ਉਨਾਂ ਨੇ ਮੁੰਬਈ ਦੇ ਇਕ ਕਾਲਜ ਅੰਦਰ ਪ੍ਰੋਫ਼ੈਸਰੀ ਕਬੂਲ ਕੀਤੀ। 1919 ਵਿਚ ਆਪ ਨੇ ਮੂਕ-ਨਾਇਕ ਨਾਂਅ ਦਾ ਪੰਦਰਾ ਰੋਜ਼ਾ ਅਖ਼ਬਾਰ ਸ਼ੁਰੂ ਕੀਤਾ। 1920 ਵਿਚ ਉਹ ਅਗਲੇਰੀ ਪੜਾਈ ਲਈ ਲੰਡਨ ਚਲੇ ਗਏ ਪਰ ਉੱਥੇ ਜਾ ਕੇ ਵੀ ਆਪਣੇ ਜ਼ਿੰਦਗੀ ਦੇ ਮਿਸ਼ਨ ਨੂੰ ਨਹੀਂ ਭੁੱਲੇ। 1923 ਵਿਚ ਆਪ ਲੰਡਨ ਤੋਂ ਬੈਰਿਸਟਰ ਤੇ ਡਾਕਟਰ ਆਫ਼ ਫ਼ਿਲਾਸਫ਼ੀ ਬਣ ਕੇ ਪਰਤੇ। ਸਾਲ 1930 ਦਾ ਵਰਾ ਭਾਰਤੀ ਇਤਿਹਾਸ ਵਿਚ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ। ਇਸ ਸਾਲ ਲੰਡਨ ਵਿਚ ਗੋਲਮੇਜ਼ ਕਾਨਫਰੰਸ ਹੋਈ। ਡਾ. ਅੰਬੇਡਕਰ ਨੇ ਇਸ ਵਿਚ ਸ਼ਾਮਿਲ ਹੋ ਕੇ ਅਛੂਤਾਂ ਦੇ ਕਈ ਨੁਕਤੇ ਉਭਾਰੇ। ਇੱਥੇ ਹੀ ਮਹਾਤਮਾ ਗਾਂਧੀ ਨਾਲ ਆਪ ਦੇ ਵਿਚਾਰਧਾਰਾਈ ਵਿਰੋਧ ਪੈਦਾ ਹੋ ਗਏ। ਡਾ. ਅੰਬੇਡਕਰ ਹੱਕ-ਸੱਚ ਤੇ ਇਨਸਾਫ ਲਈ ਲੜਨ ਵਾਲੇ ਇਕ ਨਿਧੜਕ ਤੇ ਨਿਡਰ ਲੀਡਰ ਸਨ। ਉਨਾਂ ਸਪੱਸ਼ਟ ਸ਼ਬਦਾਂ ਵਿਚ ਗਾਂਧੀ ਜੀ ਨੂੰ ਇਹ ਕਹਿ ਦਿੱਤਾ ਕਿ ਕਾਂਗਰਸ ਨੇ ਅਛੂਤਾਂ ਦੇ ਮਸਲੇ ਨੂੰ ਮਾਨਤਾ ਦੇਣ ਦੇ ਸਿਵਾਏ ਕੁਝ ਨਹੀਂ ਕੀਤਾ।

ਬਾਬਾ ਸਾਹਿਬ ਦਾ ਪਰਿਵਾਰਕ ਜੀਵਨ ਹਮੇਸ਼ਾ ਹੀ ਦੁਖਦਾਈ ਰਿਹਾ। ਬਚਪਨ ਵਿਚ ਆਪ ਨੇ ਅੱਤ ਦੀ ਗ਼ਰੀਬੀ ਭੋਗੀ। ਸ਼ਾਦੀ ਤੋਂ ਬਾਅਦ ਆਪ ਦੇ ਚਾਰ ਬੱਚੇ ਚਲਾਣਾ ਕਰ ਗਏ। 27 ਮਈ, 1935 ਨੂੰ ਉਨਾਂ 'ਤੇ ਜਿਵੇਂ ਦੁੱਖਾਂ ਦਾ ਪਹਾੜ ਹੀ ਟੁੱਟ ਪਿਆ। ਇਸ ਦਿਨ ਆਪ ਦੀ ਧਰਮਪਤਨੀ ਇਸ ਦੁਨੀਆ ਨੂੰ ਅਲਵਿਦਾ ਕਹਿ ਸਦਾ ਲਈ ਆਪ ਨੂੰ ਵਿਛੋੜਾ ਦੇ ਗਈ।

**ਬਾਕੀ ਸਫ਼ਾ 31 'ਤੇ**

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

400 ਸਾਲਾ ਗੁਰੂ ਤੇਗ ਬਹਾਦਰ ਪ੍ਰਕਾਸ਼ ਦਿਵਸ ਹਿੰਦੁਸਤਾਨ ਅਤੇ ਸੰਸਾਰ ਪੱਧਰ ਉੱਤੇ ਸਿੱਖ ਧਰਮ ਦੇ ਪੈਰੋਕਾਰਾਂ ਵੱਲੋਂ ਬਹੁਤ ਹੀ ਹਰਸੋ ਉਲਾਸ ਨਾਲ ਮਨਾਇਆ ਜਾ ਰਿਹਾ ਹੈ। ਧਿਆਨ ਰਹੇ ਵਿਰਾਸਤ ਦੇ ਫੱਕਰ ਨੂੰ ਯਾਦ ਕਰਨਾ ਜਾਗਦੀਆਂ ਕੌਮਾਂ ਦੀ ਨਿਸ਼ਾਨੀ ਹੁੰਦੀ ਹੈ । ਸਿੱਖ ਕੌਮ ਅਜਿਹੇ ਵੱਡੇ ਦਿਨ ਮਨਾ ਕੇ ਪਾਤਸ਼ਾਹ ਹਜ਼ੂਰ ਦੇ ਸਾਹਮਣੇ ਆਪਣੇ ਆਪ ਨੂੰ ਜਾਗਦੀਆਂ ਕੌਮਾਂ ਦੇ ਪ੍ਰਸੰਗ ਵਿੱਚ ਪੇਸ਼ ਕਰਨ ਲਈ ਤੱਤਪਰ ਹਨ । ਮਨੁੱਖਤਾ ਨੂੰ ਸੱਚ ਨਾਲ ਜੋੜਨ ਦੇ ਲਈ ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ ਲੈ ਕੇ ਪੂਰਵ ਤੱਕ ਯਾਤਰਾਵਾਂ ਕੀਤੀਆਂ। ਜਿਨਾਂ ਨਾਲ ਸਬੰਧਤ ਇਤਿਹਾਸਕ ਸਥਾਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪਾਤਸ਼ਾਹ ਹਜ਼ੂਰ ਨੇ ਇਨਸਾਨ ਨੂੰ ਉਸ ਅਕਾਲ ਪੁਰਖ ਨਾਲ ਜੋੜਨ ਦੇ ਲਈ ਲੰਮਾ ਪੈਂਡਾ ਤੈਅ ਕੀਤਾ।

ਪਰ ਸਮੇਂ ਦੇ ਨਾਲ ਸਿੱਖਾਂ ਨੇ ਉਨਾਂ ਵਿਰਾਸਤੀ ਸਥਾਨਾਂ ਵੱਲ ਸੁਚੇਤ ਪੱਧਰ 'ਤੇ ਧਿਆਨ ਨਾ ਦਿੱਤਾ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉਨਾਂ ਵਿੱਚੋਂ ਬਹੁਤ ਸਾਰੇ ਗੁਰਦੁਆਰੇ ਸੰਤਾਂ ਮਹਾਤਮਾ, ਮਸੰਦਾਂ ਦੀਆਂ ਕਬੀਲਦਾਰ ਗੱਦੀਆਂ ਬਣ ਕੇ ਰਹਿ ਗਈਆਂ ਹਨ। ਉਨਾਂ ਦੀ ਨਿਸ਼ਾਨਦੇਹੀ ਕਰਨੀ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਕੁਝ ਕੁ ਪਵਿੱਤਰ ਸਥਾਨਾਂ ਦੀ ਬਾਤ ਪਾਉਣ ਦਾ ਯਤਨ ਕਰ ਰਹੇ ਹਾਂ ਤਾਂ ਜੋ ਸਦੇਵ ਸਮਿਆਂ ਲਈ ਉਨਾਂ ਪਵਿੱਤਰ ਸਥਾਨਾਂ ਨੂੰ ਕੁੱਲ ਸਿੱਖਾਂ ਦੀ ਮਸਤਕ ਦਾ ਭਾਗ ਬਣਾ ਕੇ ਪਾਤਸ਼ਾਹ ਦੇ ਨਾਦੀ ਪੁੱਤਰ ਹੋਣ ਦਾ ਦਾਅਵਾ ਕਰ ਸਕੀਏ।

ਡਾ. ਸਰਬਜਿੰਦਰ ਸਿੰਘ ਦੀ ਕਲਮ ਤੋਂ ਇਨਾਂ ਪਵਿੱਤਰ ਅਸਥਾਨਾਂ ਬਾਰੇ ਜਾਣਾਂਗੇ ਅਤੇ ਅਜੋਕੇ ਸਮੇਂ ਜੋ ਵੀ ਹਾਲਾਤ ਹਨ ਉਨਾਂ ਉੱਤੇ ਰੋਸ਼ਨੀ ਪਾ ਕੇ ਉਨਾਂ ਦੀ ਸਾਂਭ ਸੰਭਾਲ ਸਬੰਧੀ ਵੇਰਵਾ ਵੀ ਇਕੱਤਰ ਕਰਨ ਦਾ ਯਤਨ ਕਰਾਂਗੇ।

ਅੰਮ੍ਰਿਤਸਰ ਟਾਈਮਜ਼

# "ਸ੍ਰੀ ਗੁਰੂ ਕੇ ਮਹਿਲ" ਸ੍ਰੀ ਅੰਮ੍ਰਿਤਸਰ ਤੋਂ "ਸੰਗਤ ਟੋਲਾਂ" ਢਾਕਾ ਬੰਗਲਾ ਦੇਸ਼ ਤੱਕ ਗੁਰੂ ਤੇ.ਗਬਹਾਦਰ ਪਾਤਸ਼ਾਹ ਦੀਆਂ ਯਾਤਰਾਵਾਂ ਦੇ ਸਨਮੁੱਖ

**ਡਾ. ਸਰਬਜਿੰਦਰ ਸਿੰਘ ਜੀ**
**ਚੇਅਰਪਰਸਨ ਭਾਈ ਗੁਰਦਾਸ ਚੇਅਰ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**




ਪਾਤਸ਼ਾਹ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਸਾਡੇ ਸਮਕਾਲ ਦੇ ਸਨਮੁੱਖ ਹੈ। ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ ਚਾਰ ਸੌ ਸਾਲਾ ਪ੍ਰਕਾਸ਼ ਪੁਰਬ ਸਾਡੇ ਸਮਕਾਲ ਦੇ ਸਨਮੁੱਖ ਹੈ, ਮੇਰੀ ਇਹ ਪਵਿੱਤਰ ਭਾਵਨਾ ਹੈ ਕਿ ਇਨਾਂ ਦਿਨਾਂ ਵਿਚ ਆਪਾਂ 'ਸ੍ਰੀ ਗੁਰੂ ਕਾ ਮਹੱਲ' ਸ੍ਰੀ ਅੰਮ੍ਰਿਤਸਰ ਤੋਂ ਚੱਲ 'ਸੰਗਤ ਟੋਲਾ' ਢਾਕਾ ਬੰਗਲਾਦੇਸ਼ ਤੱਕ ਪਾਤਸ਼ਾਹ ਦੀਆਂ ਯਾਤਰਾਵਾਂ ਦੇ ਸਨਮੁੱਖ ਹੋਈਏ। ਧਿਆਨ ਰਹੇ ਕਿ ਇਹ ਯਾਤਰਾ ਬਹੁਤ ਜ਼ਿਆਦਾ ਲੰਬੀ ਹੈ ਪਰ ਆਪਾਂ ਕੁਝ ਇਕ ਪਵਿੱਤਰ ਅਸਥਾਨਾਂ ਦੇ ਮਾਧਿਅਮ ਰਾਹੀਂ ਜੋ ਮਹਾਰਾਜ ਦੇ ਚਰਨਾਂ ਦੀ ਛੋਹ ਪ੍ਰਾਪਤ ਕਰ ਸਦੀਵੀ ਹੋ ਗਏ ਦੇ ਦਰਸ਼ਨ ਦੀਦਾਰੇ ਕਰ ਗੁਰ ਆਸੀਸਾਂ ਦੇ ਪਾਤਰ ਬਣਨ ਦਾ ਯਤਨ ਕਰਾਂਗੇ!! ਇਹ ਹਨ ਜਨਮ ਅਸਥਾਨ : **ਸ੍ਰੀ ਗੁਰੂ ਕਾ ਮਹੱਲ**

**'ਬਾਬਾ ਬਕਾਲਾ'** ਜੋ ਕਿਸੇ ਸਮੇਂ ਬਿਆਸ ਦਰਿਆ ਦੇ ਬਿਲਕੁਲ ਨਜਦੀਕ ਵਸਿਆ ਇਕ ਛੋਟਾ ਜਿਹਾ ਪਿੰਡ । ਬਿਆਸ ਦਰਿਆ ਦੇ ਪਾਣੀ ਦੀਆਂ ਰੌਣਕਾਂ, ਚਿੜੀ ਚੜੂੰਗਾ, ਮਨੁੱਖ, ਪਸ਼ੂ-ਪੰਛੀ ਸੁਖੀ ਵਸੇਂਦੇ ਪਰ ਸਭ ਤੋਂ ਵਧੇਰੇ 'ਬਕ' ਡਾਰਾਂ ਦੀਆਂ ਡਾਰਾਂ ਤੇ ਇਸ ਦਾ ਨਾਮ ਉਨਾਂ ਤੋਂ ਈ ਪੈ ਗਿਆ 'ਬਕ-ਵਾਲਾ'। ਫਿਰ ਇਹ ਬਕ-ਵਾਲਾ ਲੋਕਾਂ ਦੀ ਜੁਬਾਨ ਤੇ ਬਕਾਲਾ ਵਜੋਂ ਸਥਾਪਤ ਕਦੋਂ ਹੋਇਆ ਕਿਸੇ ਨੂੰ ਪਤਾ ਨਹੀਂ ਹੈ। ਮਾਤਾ ਨਾਨਕੀ ਜੀ ਦਾ ਪੈਤਰਿਕ ਘਰ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਨਾਨਕਾ ਪਿੰਡ ਨਾਨਾ ਹਰਦਾਸ ਜੀ ਤੇ ਨਾਨੀ ਹਰਦਈ ਜੀ । ਕੀਰਤਪੁਰ ਸਾਹਿਬ ਸਤਵੇਂ ਗੁਰੂ ਪਾਤਸ਼ਾਹ ਦੀ ਗੁਰਗੱਦੀ ਤੋਂ ਬਾਅਦ ਤੇਗ ਬਹਾਦਰ ਜੀ ਨੇ ਮਾਤਾ ਨਾਨਕੀ ਤੇ ਆਪਣੀ ਪਤਨੀ ਮਾਤਾ ਗੁਜਰੀ ਨਾਲ ਇਸ ਜਗਾ ਆ ਰੈਣ ਬਸੇਰਾ ਬਣਾ ਲਿਆ । ਫਿਰ ਸਾਲ ਦਰ ਸਾਲ ਗੁਜਰ ਗਏ, ਰੱਬੀ ਰੂਹ ਰੱਬੀ ਸਿਮਰਨ ਤੇ ਉਸ ਵਾਸਤੇ ਇਕ ਭੋਰਾ । ਅਠਵੇਂ ਪਾਤਸ਼ਾਹ ਦਾ ਫੁਰਮਾਨ 'ਬਾਬਾ' ਵਸੇ 'ਬਕਾਲੇ' ਬਸ ਫਿਰ ਕੀ ਸੀ ਆ ਬੈਠੇ ਬੇਅੰਤ ਝੂਠ ਦੀਆਂ ਗੱਦੀਆਂ ਲਾਣ। ਬਖਸ਼ਿਸ਼ ਹੋਈ ਮੱਖਣ ਸ਼ਾਹ ਲਬਾਣੇ ਹੋਰਾਂ ਤੇ ਸੁੱਖੀ ਸੁੱਖ ਕਬੂਲ ਹੋਈ ਤੇ ਭੇਟਾ ਦੇਣ ਪਹੁੰਚ ਗਿਆ ਬਕਾਲੇ। ਇਥੇ ਤੇ ਮੰਜਰ ਹੀ ਹੋਰ ਸੀ, ਬਾਈ ਗੁਰੂ ਇਕ ਦੂਜੇ ਵਿਚ ਵਜਦੇ ਫਿਰਨ, ਸੋਚਾਂ 'ਚ ਪੈ ਗਿਆ ਕੀ ਕਰੇ ਤੇ ਫਿਰ ਮੁਸਕਰਾਇਆ ਲੱਗਾ ਹਰੇਕ ਦੇ ਅੱਗੇ ਪੰਜ ਪੰਜ ਮੋਹਰਾਂ ਧਰਨ। ਅਖੌਤੀ ਗੁਰੂ ਬਗਲਿਆਂ ਵਾਂਗ ਪੰਜ ਮੋਹਰਾਂ ਚੋਰ ਅੱਖਾਂ ਨਾਲ ਵੇਖ ਖੁਸ਼ੀ 'ਚ ਅੱਖਾਂ ਬੰਦ ਕਰ ਲੈਣ ਇਹ ਸੋਚ ਅੱਜ ਦਿਹਾੜੀ ਚੰਗੀ ਬਣੀ। ਅਖੀਰ ਜਾ ਪਹੁੰਚਿਆਂ ਭੋਰੇ 'ਚ, ਪੰਜ ਮੋਹਰਾਂ ਧਰੀਆਂ ਮੱਥਾ ਟੇਕਿਆ । ਉਧਰ ਜਦ ਅੱਖਾਂ ਨਹੀਂ ਖੁਲੀਆਂ ਤਾਂ ਨਿਰਾਸ਼ ਹੋ ਲੱਗਾ ਵਾਪਸ ਮੁੜਨ । ਅਵਾਜ ਆਈ 'ਪੰਜ ਸੌ ਦੀ ਥਾਂ ਪੰਜ ਝੜਾਵੇ ਕਰਕੇ ਬਚਨ ਮੁਕਰਦਾ ਜਾਵੇ' ਬਸ ਛਾਲ ਈ ਮਾਰੀ ਪਲ ਵੀ ਨਾ ਲੱਗਾ ਤੇ ਭੋਰੇ ਦੀ ਛੱਤ ਤੇ। ਚਾਰ ਚੁਫੇਰੇ ਇਕ ਅਵਾਜ ਦੀ ਗੂੰਜ ਈ ਸੁਣੀ 'ਗੁਰ ਲਾਧੋ ਰੇ ਗੁਰ ਲਾਧੋ ਰੇ' ਵਹੀਰਾਂ ਘੱਤ ਲੋਕ ਭਜ ਤੁਰੇ ਭੋਰੇ ਵੱਲ ਤੇ ਪਤਾ ਈ ਨਾ ਲੱਗਾ ਭੋਰਾ ਕਦ ਭੋਰਾ ਸਾਹਿਬ ਹੋ ਗਿਆ 'ਤੇ ਤਿਆਗ ਮੱਲ' ਪਾਤਸ਼ਾਹ ਹਜੂਰ ਨੌਵੀਂ ਜੋਤ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ। ਪਿਆਰਿਓ ਇਹੀ ਉਹ ਪਾਕ ਪਵਿੱਤਰ ਅਸਥਾਨ ਹੈ ਜਿਥੇ ਇਹ ਕਰਤਾਰੀ ਕੌਤਕ ਵਾਪਰਿਆ। ਆਓ ਨਤਮਸਤਕ ਹੋਈਏ ਤੇ ਆਪਣੇ ਮਸਤਕ ਦਾ ਭਾਗ ਬਣਾ ਪਾਤਸ਼ਾਹ ਹਜੂਰ ਨੂੰ ਹੱਥ ਜੋੜ ਬੇਨਤੀ ਕਰੀਏ ਦੰਭ ਪਖੰਡ ਤੇ ਦੰਭੀ ਪਖੰਡੀਆਂ ਤੋਂ ਮੁਕਤ ਹੋਏ ਇਹ ਪਾਕ ਭੂ-ਖੰਡ!!

**'ਸਠਿਆਲਾ'**

ਤਿੰਨ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ, ਕੁਲ ਪੰਜਾਬ ਦਾ ਸਭ ਤੋਂ ਵੱਡਾ ਪਿੰਡ, ਜਿਸ ਦੇ ਕੁਲ ਖੇਤਰਫਲ ਵਿਚ ਕਈ ਪਿੰਡ ਸਮਾਅ ਜਾਣ। ਪਾਤਸ਼ਾਹ ਨਾਨਕ ਆਏ ਆਸੀਸਾਂ ਨਾਲ ਨਿਵਾਜਿਆ, ਗੁਰੂ ਹਰਗੋਬਿੰਦ ਮਹਾਰਾਜ ਨੇ ਬਖਸ਼ਿਸ਼ ਕੀਤੀ ਪਰ ਸਠਿਆਲੀਏ ਬਲ ਸਰਦਾਰ ਕੁਝ ਇਕ 'ਹਰੇ ਬੂਟ' ਈ ਪਾਤਸ਼ਾਹਾਂ ਦੇ ਆਗਮਨ ਦੀਆਂ ਰਮਜਾਂ ਨੂੰ ਸਮਝ ਸਕੇ । ਭਾਰੂ ਗਿਣਤੀ ਵਸਨੀਕਾਂ ਅਣਗੌਲਿਆਂ ਕਰ ਛਡੀ ਬਖਸ਼ਿਸ਼। ਰਹਿਮਤੇ ਬਾਰਸ਼ ਫਿਰ ਹੋਈ ਤੇ ਹੁਣ ਸੀ ਚਰਨ ਛੋਹ ਗੁਰੂ ਤੇਗ ਬਹਾਦਰ ਜੀਆਂ ਦੀ। ਫਿਰ ਭਾਗ ਲਾ ਦਿਤੇ ਇਸ ਧਰਤਿ ਨੂੰ ਪਰ ਉਹੀ ਬੇਮੁਖਤਾ ਤੇ ਰੁਖਾਪਣ। ਲਾਹਾ ਲੁਟਿਆ ਹਰੇਕ ਵਾਰ ਮੁਸਲਮਾਨ ਬੀਬੀਆਂ ਨੇ ਹੀ ਜਾਂ ਦੋ ਚਾਰ ਗੁਰੂ ਪਿਆਰੇ ਬੱਲਾਂ ਨੇ। ਇਕ ਪਿੱਪਲ ਥੱਲੇ ਉਤਾਰਾ ਕੀਤਾ ਮਹਾਰਾਜ ਨੇ। ਘੁਗ ਵਸਣ ਦਾ ਵਰ ਦਿੱਤਾ ਤੇ ਰੂਹਾਂ ਵਿਚ ਪਿਆਰ ਉਤਾਰਨ ਦਾ ਵੀ। ਭਲਾ ਪਾਤਸ਼ਾਹ ਜੋ ਹਰਖ ਸੋਗ ਤੋਂ ਨਿਆਰੇ ਸਨ ਉਨਾਂ ਤੇ ਪਿੰਡ ਦੇ ਵਸਨੀਕਾਂ ਦੀ ਬੇਮੁਖਤਾ ਦਾ ਅਸਰ ਹੋ ਵੀ ਕੀ ਸਕਦਾ ਸੀ । ਪਾਤਸ਼ਾਹ ਮੰਦ ਮੰਦ ਮੁਸਕਰਾਏ, ਵਾਪਸ ਵਹੀਰਾਂ ਘੱਤੀਆਂ ਤੇ ਜਾਂ ਭਾਗ ਲਾਏ ਕਾਲੇਕੇ ਦੇ ਪਿੰਡ ਨੂੰ ਤੇ ਸਾਰਾ ਪਿੰਡ ਸਿਜਦੇ ਵਿੱਚ ਸੀ । ਕਾਲੇਕੇ ਦੇ ਕੀ ਮਾਨਸ ਜਾਤ ਤੇ ਕੀ ਪਸ਼ੂ ਪਰਿੰਦੇ, ਮੁੱਖ ਪਿਛੇ ਵੱਲ ਕੀਤਾ ਅਸਮਾਨੀ ਬੋਲਿਆ ਨੇ ਸਠਿਆਲੇ ਦੇ ਲੋਕਾਂ ਦੀ ਰੂਹ ਧੋ ਦਿੱਤੀ । ਬੋਲੇ ਸਨ 'ਤੁਸੀਂ ਵੀ ਇੰਝ ਦੇ ਹੋ ਜਾਓ'। ਕੀ ਵਾਪਰਿਆ ਰਬ ਜਾਣੇ ਪਰ ਸਿਜਦੇ ਵਿਚ ਉਸ ਦਿਨ ਤੋਂ ਲੈ ਅੱਜ ਤੱਕ ਸਠਿਆਲੇ ਦੇ ਬਾਸ਼ਿੰਦੇ ਤੇ ਨਿਵਾਜੇ ਪਏ ਹਨ, ਬਖਸ਼ਿਸ਼ਾਂ ਨਾਲ। ਸੋਹਣਾ ਪਿੰਡ ਹੈ ਤੇ ਵੱਡਾ ਕਾਲਜ ਪਾਤਸ਼ਾਹ ਦੇ ਨਾਮ ਤੇ। ਪਾਤਸ਼ਾਹ ਦੀ ਯਾਦ ਵਿੱਚ ਸੁੰਦਰ ਗੁਰਦੁਆਰਾ ਸਾਹਿਬ ਜਿਥੇ ਜੁੜਦੇ ਨੇ ਅੱਜ ਸਾਰੇ ਈ ਮਾਈ ਭਾਈ ਕੁਲ ਸਠਿਆਲੇ ਦੇ ਪਾਤਸ਼ਾਹ ਦੇ ਪ੍ਰਕਾਸ਼ ਤੇ ਸ਼ਹਾਦਤ ਦੇ ਪਾਕ ਦਿਨ ਤੇ । ਸਚਮੁੱਚ ਈ ਰੂਹ ਵਾਲੇ ਲੋਕ ਨੇ ਇਹ ਸਾਰੇ ਦੇ ਸਾਰੇ। ਪਤਾ ਲਗਦਾ ਹੈ ਕਿ ਗੁਰੂ ਪਾਤਸ਼ਾਹ ਨੂੰ ਅੱਗੇ ਹੋ ਮਿਲਣ ਵਾਲੇ ਬਲ ਪਰਿਵਾਰ ਅਮਰੀਕਾ ਕੈਨੇਡਾ ਵਸ ਰਹੇ ਨੇ ਅੱਜ ਕੱਲ! 'ਘੁਗ ਵਸਦਾ ਗਾਮ ਸਠਿਆਲਾ, ਸਠਿਆਲਾ ਕਰਮਾਂ ਵਾਲਾ!!'

ਸਠਿਆਲਾ ਪਿੰਡ ਤੋਂ ਪਾਤਸ਼ਾਹ ਨੇ ਕੂਚ ਦਾ ਹੁਕਮ ਕੀਤਾ । ਭਾਈ ਗੁਰਦਿੱਤਾ ਰੰਧਾਵਾ ਨੇ ਪਾਤਸ਼ਾਹ ਵਾਸਤੇ ਘੋੜੀ ਤਿਆਰ ਕਰ ਉਨਾਂ ਨੂੰ ਸਵਾਰ ਹੋਣ ਵਾਸਤੇ ਬੇਨਤੀ ਕੀਤੀ । ਪਾਤਸ਼ਾਹ ਮੁਸਕਰਾਏ ਬੋਲੇ ਭਾਈ ਜੀ ਕੁਲ ਸੇਵਾ ਹੀ ਬਾਬਾ ਬੁੱਢਾ ਜੀਆਂ ਕੀ ਅੰਸ਼ ਵੰਸ਼ ਦੇ ਮਸਤਕ ਦਾ ਭਾਗ ਬਣ ਗਈ। ਗੁਰਦਿਤਾ ਜੀ ਸਿਜਦੇ ਵਿਚ ਬੋਲੇ 'ਪਾਤਸ਼ਾਹ ਤੋੜ ਨਿਬਹੈ'। ਗੁਰੂ ਪਰਿਵਾਰ ਲਈ ਵੀ ਸਵਾਰੀ ਦੇ ਪ੍ਰਬੰਧ ਹੋਏ। ਸੰਗਤ ਪੈਦਲ ਈ ਪਾਤਸ਼ਾਹ ਦੇ ਨਾਲ ਚਲਣ ਲਈ ਤਿਆਰੇ ਕਸ ਚੁੱਕੀ ਸੀ, ਬਲ ਲਾਣਾ ਤੇ ਮੁਸਲਮ ਬੀਬੀਆਂ ਪਿੰਡ ਤੋਂ ਬਾਹਰ ਤੱਕ ਤੋਰਨ ਆਈਆਂ। ਬਾਬਾ ਬਕਾਲਾ ਦੇ ਐਨ ਪਿਛੋਂ ਦੀ ਡਾਂਡੇ ਮੀਂਡੇ ਸੰਗਤਾਂ ਨੇ ਗੁਰੂ ਪਾਤਸ਼ਾਹ ਦੇ ਪਿਛੇ ਪਿੰਡ ਧਿਆਨਪੁਰ ਤੇ ਦਨਿਆਲ ਦੇ ਬਦੇਸ਼ੇ ਸਿਖਾਂ ਦੇ ਕੋਲ ਜਾ ਪੜਾਅ ਕੀਤਾ।ਬਦੇਸ਼ਿਆਂ ਸਰਦਾ ਬਣਦਾ ਲੰਗਰ ਛਕਾਇਆ, ਢੇਰ ਆਸੀਸਾਂ ਦੀ ਬਖਸ਼ਿਸ਼ ਹੋਈ । ਜਿਸ ਅਸਥਾਨ ਤੇ ਲੰਗਰ ਛਕਿਆ, ਉਹ ਚੌਰਸਤਾ ਹੈ ਜਿਥੇ ਇਕ ਪਾਸੇ ਬਾਬਾ ਬਕਾਲਾ ਤੋਂ ਕਾਲੇਕੇ ਤੇ ਰਈਏ ਤੋਂ ਨਾਥ ਦੀ ਖੂਹੀ ਵੱਲ ਜਾਣ ਦਾ ਰਸਤਾ ਹੈ । ਇਸ ਅਸਥਾਨ ਤੇ ਕੋਈ ਅੱਠ ਦਹਾਕੇ ਪਹਿਲਾਂ ਦਨਿਆਲ ਪਿੰਡ ਦੇ ਇਕ ਬਜੁਰਗ ਨੇ ਨਲਕੇ ਅਤੇ ਕਮਰੇ ਦੀ ਸੇਵਾ ਕੀਤੀ ਜੋ ਅੱਜ ਵੀ ਸੁਭਾਏਮਾਨ ਹੈ ਪਰ ਉਸਦੀ ਹਾਲਤ ਪਤਲੀ ਹੈ । ਇਥੋਂ ਸਿਧਾ ਕੂਚ ਕਰ ਸੁਧਾਰ ਪਿੰਡ ਪਾਰ ਕੀਤਾ ਜੋ ਮੁਸਲਮਾਨ ਕਿਸਾਨਾਂ ਦਾ ਪਿੰਡ ਸੀ ਤੇ ਹੁਣ ਰੁਖ ਸੀ ਕਾਲੇਕੇ ਦਾ ।

**'ਕਾਲੇਕੇ'** ਪਿੰਡ ਵਿਚ ਜਦ ਗੁਰੂ ਪਾਤਸ਼ਾਹ ਦੇ ਕਾਲੇਕੇ ਵਲ ਆਗਮਨ ਦੀ ਖਬਰ ਮਿਲੀ ਤੇ ਕੀ ਬਾਲ, ਬਿਰਧ, ਜਵਾਨ ਬੀਬੀਆਂ ਭਾਈ ਵਹੀਰਾਂ ਘਤ ਅੱਧ ਵਿਚ ਹੀ ਆ ਚਰਨੀ ਲੱਗੇ । ਪੂਰੇ ਜਲੌਅ ਨਾਲ ਪਿੰਡ ਲਜਾਇਆ ਗਿਆ । ਮੇਲੇ ਲੱਗ ਗਏ। ਕਈ ਦਿਨ ਜਿਦ ਕਰ ਸੰਗਤ ਨੇ ਪਾਤਸ਼ਾਹ ਨੂੰ ਅੱਗੇ ਨਾ ਜਾਣ ਦਿੱਤਾ । ਪਾਤਸ਼ਾਹ ਗਦਗਦ ਹੋਏ, ਆਸੀਸਾਂ ਦੇ ਮੀਂਹ ਪੈ ਗਏ, ਮੰਨਿਆ ਜਾਂਦਾ ਹੈ ਕਿ ਸਠਿਆਲੇ ਦੇ ਵਾਸੀਆਂ ਨੂੰ ਵੀ ਇਨਾਂ ਵਰਗੇ ਹੋਣ ਦੀ ਆਸੀਸ ਇਥੋਂ ਹੀ ਬਖਸ਼ੀ ਸੀ। ਕਾਲੇਕੇ ਬਹੁਤ ਸੁੰਦਰ ਪਿੰਡ ਇਥੇ ਬਾਬਾ ਬਕਾਲਾ ਤੋਂ ਸਿੱਧੀ ਸੜਕ ਹੈ ਜੋ ਧਿਆਨਪੁਰ, ਕਲੇਰ ਤੇ ਦਨਿਆਲ ਵਿਚੋਂ ਦੀ ਲੰਘ ਕਾਲੇਕੇ ਪਹੁੰਚਦੀ ਹੈ।ਪਾਤਸ਼ਾਹ ਦੀ ਯਾਦ ਵਿੱਚ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ, ਜਿਸ ਦੀ ਸੇਵਾ ਸ਼੍ਰੋਮਣੀ ਕਮੇਟੀ ਕਰਦੀ ਹੈ।

ਕਾਲੇਕੇ ਤੋਂ ਮੋਹ ਭਰੀ ਵਿਦਾਇਗੀ ਹੋਈ, ਘੋੜਾ ਜੋੜਾ ਅਰਪਤ ਕਰ ਭੇਟਾ ਕਬੂਲ ਕਰਨ ਲਈ ਕਾਲੇਕੇ ਦੇ ਸਭ ਮਾਈ ਭਾਈ ਸਿਜਦੇ ਵਿਚ ਹੋ ਬੋਲੇ 'ਭੇਟਾ ਕਬੂਲ ਕਰ ਧੰਨਤਾ ਦੇ ਪਾਤਰ ਬਣਾਓ ਮਹਾਰਾਜ ਪਿੰਡ ਨੂੰ' ਪਾਤਸ਼ਾਹ ਦੀਆਂ ਬੁਲੀਆਂ ਤੇ ਮੁਸਕਰਾਹਟ ਬਿਖਰੀ ਤੇ ਲੋਕਾਂ ਨੇ ਅਵਾਜ ਸੁਣੀ 'ਭੇਟਾ ਕਬੂਲ ਭਈ'। ਧੰਨ ਹੋ, ਡੰਡੋਤ ਵਿਚ ਹੋ ਗਿਆ ਪੂਰੇ ਦਾ ਪੂਰਾ ਪਿੰਡ ਤੇ ਹੁਣ ਰੁਖ ਸ੍ਰੀ ਖਡੂਰ, ਗੋਇੰਦਵਾਲ ਤੇ ਤਰਨਤਾਰਨ ਦਾ। ਖਿਲਚੀਆਂ, ਰਤਨਗੜ, ਨਾਗੋਕੇ ਤੇ ਫਿਰ ਖਡੂਰ । ਖਡੂਰ ਤੋਂ ਰੁਖ ਹੋਇਆ ਤਰਨਤਾਰਨ ਤੇ ਰਸਤਾ ਸੀ ਗੋਇੰਦਵਾਲ ਦੇ ਵਿਚ ਦੀ। ਕੁਲ ਤੇ ਹੀ ਤੁੱਠੇ ਪਾਤਸ਼ਾਹ ਆਸੀਸਾਂ, ਮਿਹਰਾਂ, ਬਰਕਤਾਂ ਤੇ ਬਖਸ਼ਿਸ਼ਾਂ ਨਾਲ ਝੋਲੀਆਂ ਭਰਦੇ ਜਾ ਪਹੁੰਚੇ 'ਰਾਮਦਾਸ ਪੁਰ' ਸ੍ਰੀ ਅੰਮ੍ਰਿਤਸਰ ਸਾਹਿਬ, ਜਿਥੇ ਵੰਡੀਆਂ ਸਨ ਪਾਤਸ਼ਾਹੀਆਂ ਸੱਚੇ ਪਾਤਸ਼ਾਹਾਂ ਜੀਆਂ ਨੇ । ਸੰਗਤਾਂ ਨੂੰ ਜਿਉਂ ਜਿਉਂ ਪਤਾ ਲਗਦਾ ਗਿਆ ਹੁੰਮ-ਹੁੰਮਾ ਕੇ ਪਾਤਸ਼ਾਹ ਦੇ ਕਾਫਲੇ ਦਾ ਹਿੱਸਾ ਹੋ ਧੰਨਤਾ ਦਾ ਭਾਗ ਬਣਦੀਆਂ ਗਈਆਂ ਤੇ ਹੁਣ ਪਹੁੰਚ ਗਏ ਕਾਫਲੇ 'ਹਰਿਮੰਦਰ ਸਾਹਿਬ' ਦੀ ਪ੍ਰਕਰਮਾ ਵਿਚ । ਗਦ-ਗਦ ਸੀ ਕੁਲ ਲੋਕਾਈ, ਹੁੰਦੀ ਵੀ ਕਿਉਂ ਨਾ ਭਲਾ 'ਪਾਤਸ਼ਾਹ ਹਜੂਰ ਜਦ ਹੋਣ ਸਨਮੁੱਖ। ਨਤਮਸਤਕ ਹੋਣਾ ਸੀ ਸਭ ਨੇ ਅੱਜ ਹਰਿਮੰਦਰ ਸਾਹਿਬ ਵਿਚ ਜਿਥੇ ਪਾਕ ਪੈੜਾਂ ਸਨ ਗੁਰੂ ਅਰਜਨ ਸਾਹਿਬ ਮਹਾਰਾਜ, ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਨਾਲ ਨਾਲ ਸਾਈਂ ਮੀਰ ਸਮੇਤ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਦੀਆਂ। ਅਜੇ ਰੁਖ ਹਰਿਮੰਦਰ ਦਾ ਹੋਇਆ ਹੀ ਸੀ ਕਿ ਕਾਲੀਆਂ ਬਦਰੂਹਾਂ ਨੂੰ ਆਪਣੇ ਪੈਰਾਂ ਹੇਠੋਂ ਜਮੀਨ ਖਿਸਕਦੀ ਲਗਣ ਲਗੀ । ਸੋਚਿਆ ਜੇ ਇਹ ਇਥੇ ਬਿਰਾਜਮਾਨ ਹੋ ਗਏ ਤੇ ਫਿਰ ਸਾਡੀ ਹਾਲਤ ਤੇ ਪਾਣੀਓ ਪਤਲੀ ਹੋਣ ਵਿਚ ਪਲ ਵੀ ਕਿਥੇ ਲਗਣਾ । ਭੁੱਖੇ ਮਰ ਜੂ ਕੋੜਮਾ ਪੂਰੇ ਦਾ ਪੂਰਾ ਤੇ ਲਾ ਕੇ ਜੰਦਰਾ ਤਿਤਰ ਹੋ ਗਿਆ ਲਾਣਾ ਸਾਰੇ ਦਾ ਸਾਰਾ। ਬੇਨਤੀ ਕੀਤੀ ਪਾਤਸ਼ਾਹ ਹੁਕਮ ਹੋਵੇ ਤੇ ਜੰਦਰਾ ਤੋੜ ਮਰੋੜ ਦੇਈਏ। ਨਾਂਹ 'ਚ ਸਿਰ ਹਿਲਦਾ ਦਿਸਿਆ ਤੇ ਪਾਤਸ਼ਾਹ ਐਨ ਅਕਾਲ ਬੁੰਗੇ ਦੇ ਨਾਲ ਮੁੱਖ ਕਰ ਹਰਿਮੰਦਰ ਵੱਲ ਚੌਂਕੜਾ ਲਾ ਬੈਠ ਗਏ ਤੇ ਹਰਿਮੰਦਰ ਪਾਤਸ਼ਾਹਾਂ ਕੋਲ ਚਲ ਕੇ ਆ ਗਿਆ। ਉਸ ਅਸਥਾਨ ਨੂੰ ਥੜਾ ਸਾਹਿਬ ਜਾਂ ਭੋਰਾ ਸਾਹਿਬ ਦਾ ਨਾਮ ਮਿਲਿਆ। ਕੁਝ ਪਲ, ਘੜੀਆਂ ਜਾਂ ਪੂਰਾ ਦਿਨ ਬਤੀਤ ਕੀਤਾ । ਪਾਤਸ਼ਾਹ ਨੇ ਭਗੌੜਿਆਂ ਨੂੰ ਵੀ ਅਸੀਸਾਂ ਦੀ ਬਖਸ਼ਿਸ਼ ਕੀਤੀ ਤੇ ਹੁਣ ਰੁਖ ਕਿਧਰ ਸੀ ਪਾਤਸ਼ਾਹ ਦੀ ਮੌਜ ਤੇ ਉਸਦੀ ਮੌਜ ਵਿਚ ਹੀ ਤੇ ਸੀ ਸੰਗਤ ਪਿਛੇ ਪਿਛੇ।।

**1. ਗੁਰੂ ਕੇ ਮਹਿਲ**
**2. ਬਾਬਾ ਬਕਾਲਾ**
**3. ਸਠਿਆਲਾ**
**4. ਕਾਲੇਕੇ**
**5. ਥੜਾ ਸਾਹਿਬ ਗੁਰਦੁਆਰਾ, ਹਰਿਮੰਦਰ ਸਾਹਿਬ**

# ਚੀਫ਼ ਦੀ ਦਾਅਵਤ


## ਭੀਸ਼ਮ ਸਾਹਨੀ

ਭੀਸ਼ਮ ਸਾਹਨੀ ਦੇਸ਼ ਦੇ ਨਾਮੀਂ ਹਿੰਦੀ ਲੇਖਕ, ਨਾਟਕਕਾਰ ਅਤੇ ਅਦਾਕਾਰ ਸਨ, ਜਿਨਾਂ ਦਾ ਜਨਮ 8 ਅਗਸਤ, 1915 ਨੂੰ ਰਾਵਲਪਿੰਡੀ (ਲਹਿੰਦਾ ਪੰਜਾਬ) ਵਿਚ ਹੋਇਆ। ਉਹ ਨਾਮੀਂ ਅਦਾਕਾਰ ਬਲਰਾਜ ਸਾਹਨੀ ਦੇ ਛੋਟੇ ਭਰਾ ਸਨ। ਉਹ 1947 ਤੋਂ 1963 ਤੱਕ ਮਾਸਕੋ ਵਿਖੇ ਫੋਰਨ ਲੈਂਗੁਏਜਿਜ਼ ਪਬਲੀਕੇਸ਼ਨ ਹਾਊਸ ਵਿੱਚ ਅਨੁਵਾਦਕ ਰਹੇ। ਉਨਾਂ ਨੂੰ ਆਪਣੇ ਨਾਵਲ 'ਤਮਸ' ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਭਾਸ਼ਾ ਵਿਭਾਗ ਪੰਜਾਬ ਨੇ ਸ਼੍ਰੋਮਣੀ ਲੇਖਕ ਐਵਾਰਡ (1975) ਦਿੱਤਾ। ਉਨਾਂ ?ਨੂੰ ਪਦਮ ਭੂਸ਼ਣ (1998) ਤੇ ਸੋਵੀਅਤ ਲੈਂਡ ਨਹਿਰੂ ਪੁਰਸਕਾਰ (1983) ਵਰਗੇ ਐਵਾਰਡ ਵੀ ਮਿਲੇ। ਭਾਰਤ ਸਰਕਾਰ ਵੱਲੋਂ ਉਨਾਂ 'ਤੇ 2017 ਵਿਚ ਦਸ ਰੁਪਏ ਦੀ ਡਾਕ ਟਿਕਟ ਜਾਰੀ ਕੀਤੀ ਗਈ। ਉਨਾਂ ਦਾ 11 ਜੁਲਾਈ, 2003 ਨੂੰ ਦੇਹਾਂਤ ਹੋ ਗਿਆ। 'ਚੀਫ਼ ਦੀ ਦਾਅਵਤ' ਉਨਾਂ ਦੀ ਲਾਮਿਸਾਲ ਕਹਾਣੀ ਹੈ।

ਸੰਪਾਦਕ


ਅੱਜ ਮਿਸਟਰ ਸ਼ਾਮਨਾਥ ਦੇ ਘਰ ਚੀਫ਼ ਦੀ ਦਾਅਵਤ ਸੀ।

ਸ਼ਾਮਨਾਥ ਅਤੇ ਉਹਦੀ ਪਤਨੀ ਨੂੰ ਮੁੜਕਾ ਪੂੰਝਣ ਦੀ ਵੀ ਵਿਹਲ ਨਹੀਂ ਸੀ। ਪਤਨੀ ਡਰੈਸਿੰਗ ਗਾਊਨ ਪਹਿਨੀ ਉਲਝੇ ਹੋਏ ਵਾਲਾਂ ਦਾ ਜੂੜਾ ਬਣਾਈ, ਮੂੰਹ ਉਤੇ ਫੈਲੀ ਲਿਪਸਟਿਕ ਅਤੇ ਪਾਊਡਰ ਨੂੰ ਭੁਲਾਈ, ਅਤੇ ਮਿਸਟਰ ਸ਼ਾਮਨਾਥ ਚੀਜ਼ਾਂ ਦੀ ਲਿਸਟ ਹੱਥ ਵਿੱਚ ਫੜੀ, ਇਕ ਕਮਰੇ ਤੋਂ ਦੂਜੇ ਕਮਰੇ ਵਿੱਚ ਆ-ਜਾ ਰਹੇ ਸਨ।

ਆਖ਼ਰ ਪੰਜ ਵੱਜਦੇ-ਵੱਜਦੇ ਤਿਆਰੀ ਪੂਰੀ ਹੋ ਗਈ। ਕੁਰਸੀਆਂ, ਮੇਜ਼, ਤਿਪਾਈਆਂ, ਨੈਪਕਿਨ, ਫੁੱਲ ਸਭ ਕੁਝ ਬਰਾਂਡੇ ਵਿਚ ਆ ਗਿਆ। ਡਰਿੰਕ ਦਾ ਪ੍ਰਬੰਧ ਬੈਠਕ ਵਿਚ ਕਰ ਦਿਤਾ ਗਿਆ। ਘਰ ਦਾ ਫਾਲਤੂ ਸਮਾਨ ਅਲਮਾਰੀਆਂ ਦੇ ਪਿੱਛੇ ਅਤੇ ਪਲੰਘ ਹੇਠਾਂ ਛੁਪਾਇਆ ਜਾਣ ਲੱਗਾ। ਉਦੋਂ ਹੀ ਸ਼ਾਮਨਾਥ ਦੇ ਸਾਹਮਣੇ ਅਚਾਨਕ ਇਕ ਅੜਚਣ ਆ ਖੜੀ ਹੋਈ : ਮਾਂ ਦਾ ਕੀ ਕਰੀਏ ?

ਇਸ ਗੱਲ ਵੱਲ ਨਾ ਤਾਂ ਉਹਦਾ ਅਤੇ ਨਾ ਹੀ ਉਹਦੀ ਮਾਹਿਰ ਪਤਨੀ ਦਾ ਧਿਆਨ ਗਿਆ ਸੀ। ਮਿਸਟਰ ਸ਼ਾਮਨਾਥ ਸ੍ਰੀਮਤੀ ਵੱਲ ਮੁੜ ਕੇ ਅੰਗਰੇਜ਼ੀ ਵਿੱਚ ਬੋਲਿਆ -ਮਾਂ ਦਾ ਕੀ ਕਰੀਏ ?

ਸ੍ਰੀਮਤੀ ਕੰਮ ਕਰਦੀ-ਕਰਦੀ ਰੁਕ ਗਈ ਅਤੇ ਕੁਝ ਸੋਚਣ ਪਿੱਛੋਂ ਬੋਲੀ- ਇਨਾਂ ਨੂੰ ਪਿਛਲੇ ਪਾਸੇ ਇਨਾਂ ਦੀ ਸਹੇਲੀ ਦੇ ਘਰ ਭੇਜ ਦਿਓ। ਰਾਤ ਭਾਵੇਂ ਉੱਥੇ ਹੀ ਰਹਿਣ। ਕੱਲ ਨੂੰ ਆ ਜਾਣ।

ਸ਼ਾਮਨਾਥ ਸੁੰਗੜੀਆਂ ਅੱਖਾਂ ਨਾਲ ਸ੍ਰੀਮਤੀ ਦੇ ਮੂੰਹ ਵਲ ਵੇਖਦਾ ਹੋਇਆ ਕੁਝ ਚਿਰ ਸੋਚਦਾ ਰਿਹਾ, ਫਿਰ ਸਿਰ ਮਾਰ ਕੇ ਬੋਲਿਆ- ਨਹੀਂ, ਮੈਂ ਨਹੀਂ ਚਾਹੁੰਦਾ ਕਿ ਉਸ ਬੁੱਢੀ ਦਾ ਆਉਣਾ-ਜਾਣਾ ਇੱਥੇ ਫਿਰ ਸ਼ੁਰੂ ਹੋ ਜਾਵੇ। ਪਹਿਲਾਂ ਹੀ ਬੜੀ ਮੁਸ਼ਕਲ ਨਾਲ ਬੰਦ ਕੀਤਾ ਸੀ। ਮਾਂ ਨੂੰ ਕਹਿ ਦਿੰਦੇ ਹਾਂ ਕਿ ਛੇਤੀ ਖਾਣਾ ਖਾ ਕੇ ਸ਼ਾਮ ਵੇਲੇ ਹੀ ਆਪਣੀ ਕੋਠੀ ਵਿੱਚ ਚਲੇ ਜਾਣ। ਮਹਿਮਾਨ ਤਾਂ ਕਿਤੇ ਅੱਠ ਵਜੇ ਆਉਣਗੇ। ਉਨਾਂ ਦੇ ਆਉਣ ਤੋਂ ਪਹਿਲਾਂ ਹੀ ਕੰਮ ਨਿਬੇੜ ਲੈਣ।

ਸੁਝਾਅ ਠੀਕ ਸੀ। ਦੋਹਾਂ ਨੂੰ ਪਸੰਦ ਆਇਆ। ਪਰ ਫਿਰ ਅਚਾਨਕ ਸ੍ਰੀਮਤੀ ਬੋਲੀ- ਜੇ ਉਹ ਸੌਂ ਗਏ ਅਤੇ ਨੀਂਦ ਵਿਚ ਘੁਰਾੜੇ ਮਾਰਨ ਲੱਗੇ, ਫਿਰ ਨਾਲ ਹੀ ਤਾਂ ਬਰਾਂਡਾ ਹੈ, ਜਿੱਥੇ ਮਹਿਮਾਨ ਖਾਣਾ ਖਾਣਗੇ।

ਤਾਂ ਇਨਾਂ ਨੂੰ ਕਹਿ ਦਿੰਦੇ ਹਾਂ ਕਿ ਅੰਦਰੋਂ ਦਰਵਾਜ਼ਾ ਬੰਦ ਕਰ ਲੈਣ। ਮੈਂ ਬਾਹਰੋਂ ਤਾਲਾ ਲਾ ਦਿਆਂਗਾ। ਜਾਂ ਮਾਂ ਨੂੰ ਕਹਿ ਦਿੰਦਾ ਹਾਂ ਕਿ ਅੰਦਰ ਜਾ ਕੇ ਸੌਣ ਨਾ, ਬੈਠੇ ਰਹਿਣ, ਹੋਰ ਕੀ!

ਤੇ ਜੇ ਸੌਂ ਗਏ, ਫੇਰ ਡਿਨਰ ਦਾ ਕੀ ਪਤਾ, ਕਦੋਂ ਤੱਕ ਚੱਲੇ। ਗਿਆਰਾਂ-ਗਿਆਰਾਂ ਵਜੇ ਤੱਕ ਤਾਂ ਤੁਹਾਡੀ ਡਰਿੰਕ ਚੱਲਦੀ ਰਹਿੰਦੀ ਹੈ...।

ਸ਼ਾਮਨਾਥ ਕੁਝ ਖਿਝ ਗਿਆ, ਹੱਥ ਮਾਰਦਾ ਹੋਇਆ ਬੋਲਿਆ -ਚੰਗੇ ਭਲੇ ਏਹ ਭਰਾ ਕੋਲ ਜਾ ਰਹੇ ਸਨ, ਤੂੰ ਐਵੇਂ ਹੀ ਚੰਗੀ ਬਣਨ ਲਈ ਵਿੱਚ ਲੱਤ ਅੜਾ ਦਿੱਤੀ।

ਵਾਹ ਬਈ ਵਾਹ! ਤੁਹਾਡੇ ਮਾਂ-ਪੁੱਤ ਦੇ ਮਾਮਲੇ ਵਿੱਚ ਮੈਂ ਕਿਉਂ ਬੁਰੀ ਬਣਾਂ। ਮੈਨੂੰ ਕੀ ? ਤੁਸੀਂ ਜਾਣੋ, ਜਾਂ ਉਹ ਜਾਣਨ!

ਮਿਸਟਰ ਸ਼ਾਮਨਾਥ ਚੁੱਪ ਕਰ ਗਿਆ। ਇਹ ਮੌਕਾ ਬਹਿਸ ਦਾ ਨਹੀਂ ਸੀ। ਸਮੱਸਿਆ ਦਾ ਹੱਲ ਲੱਭਣਾ ਪੈਣਾ ਸੀ। ਉਸ ਨੇ ਘੁੰਮ ਕੇ ਮਾਂ ਦੀ ਕੋਠੜੀ ਵੱਲ ਵੇਖਿਆ। ਕੋਠੜੀ ਦਾ ਦਰਵਾਜ਼ਾ ਬਰਾਂਡੇ ਵਿਚ ਖੁੱਲਦਾ ਸੀ। ਬਰਾਂਡੇ ਵੱਲ ਵੇਖ ਕੇ ਉਹ ਤੁਰੰਤ ਬੋਲਿਆ- ਮੈਂ ਸੋਚ ਲਿਆ ਹੈ ਅਤੇ ਉਨਾਂ ਹੀ ਕਦਮਾਂ ਨਾਲ ਮਾਂ ਦੀ ਕੋਠੜੀ ਦੇ ਬਾਹਰ ਜਾ ਖੜਾ ਹੋਇਆ। ਮਾਂ ਕੰਧ ਦੇ ਨੇੜੇ ਇੱਕ ਪੀੜੀ 'ਤੇ ਬੈਠੀ ਚੁੰਨੀ ਨਾਲ ਮੂੰਹ-ਸਿਰ ਢਕੀ ਮਾਲਾ ਫੇਰ ਰਹੀ ਸੀ। ਸਵੇਰ ਤੋਂ ਤਿਆਰੀ ਹੁੰਦੀ ਵੇਖਦਿਆਂ ਮਾਂ ਦਾ ਦਿਲ ਵੀ ਧੜਕ ਰਿਹਾ ਸੀ। ਬੇਟੇ ਦੇ ਦਫ਼ਤਰ ਦਾ ਵੱਡਾ ਸਾਹਿਬ ਘਰੇ ਆ ਰਿਹਾ ਹੈ, ਸਾਰਾ ਕੰਮ ਠੀਕ-ਠਾਕ ਨਿਬੜ ਜਾਏ!

ਮਾਂ, ਅੱਜ ਤੁਸੀਂ ਰੋਟੀ ਛੇਤੀ ਖਾ ਲਿਓ! ਮਹਿਮਾਨ ਸਾਢੇ ਸੱਤ ਵਜੇ ਆ ਜਾਣਗੇ।

ਮਾਂ ਨੇ ਹੌਲੀ ਜਿਹੀ ਮੂੰਹ ਤੋਂ ਚੁੰਨੀ ਪਰੇ ਕੀਤੀ ਅਤੇ ਬੇਟੇ ਵੱਲ ਵੇਖਦਿਆਂ ਕਿਹਾ -ਅੱਜ ਮੈਂ ਰੋਟੀ ਨਹੀਂ ਖਾਣੀ, ਪੁੱਤ! ਤੈਨੂੰ ਤਾਂ ਪਤਾ ਹੀ ਹੈ, ਮਾਸ-ਮੱਛੀ ਬਣੇ, ਤਾਂ ਮੈਂ ਕੁਝ ਨਹੀਂ ਖਾਂਦੀ।

ਚਲੋ, ਜੋ ਵੀ ਹੋਵੇ, ਆਪਣਾ ਕੰਮ ਛੇਤੀ ਨਿਬੇੜ ਲੈਣਾ।

ਠੀਕ ਹੈ, ਬੇਟਾ!

ਤੇ ਮਾਂ, ਅਸੀਂ ਪਹਿਲਾਂ ਬੈਠਕ ਵਿੱਚ ਬੈਠਾਂਗੇ, ਉਨਾ ਚਿਰ ਤੁਸੀਂ ਏਥੇ ਬਰਾਂਡੇ ਵਿੱਚ ਬੈਠੇ ਰਹਿਣਾ। ਜਦੋਂ ਅਸੀਂ ਇੱਥੇ ਆਏ, ਤਾਂ ਤੁਸੀਂ ਗੁਸਲਖਾਨੇ ਦੇ ਰਸਤੇ ਵਿੱਚੋਂ ਬੈਠਕ ਵਿੱਚ ਚਲੇ ਜਾਣਾ!

ਠੀਕ ਹੈ, ਬੇਟਾ!

ਵਿੱਚ ਆਪਣੀ ਪਤਨੀ ਨੂੰ ਕਿਹਾ -ਕੋਈ ਢੰਗ-ਸਿਰ ਦੀ ਗੱਲ ਹੋਵੇ, ਤਾਂ ਵੀ ਕੋਈ ਕਹੇ। ਜੇ ਕਿਤੇ ਪੁੱਠੀ-ਸਿੱਧੀ ਗੱਲ ਹੋ ਗਈ, ਚੀਫ਼ ਨੂੰ ਬੁਰਾ ਲੱਗਿਆ ਤਾਂ ਸਾਰਾ ਸੁਆਦ ਜਾਂਦਾ ਰਹੇਗਾ।

ਮਾਂ ਸਫ਼ੇਦ ਕਮੀਜ਼-ਸਲਵਾਰ ਪਹਿਨ ਕੇ ਬਾਹਰ ਆਈ। ਛੋਟਾ ਜਿਹਾ ਕੱਦ, ਸਫ਼ੇਦ ਕੱਪੜਿਆਂ ਵਿੱਚ ਵਲੇਟੀ, ਛੋਟਾ ਜਿਹਾ ਸੁੱਕਾ ਹੋਇਆ ਸਰੀਰ, ਧੁੰਦਲੀਆਂ ਅੱਖਾਂ, ਸਿਰਫ਼ ਸਿਰ ਦੇ ਅੱਧੇ ਝੜੇ ਹੋਏ ਵਾਲ, ਸਫ਼ੇਦ ਪੱਲੇ ਵਿੱਚ ਛੁਪ ਗਏ ਸਨ। ਪਹਿਲਾਂ ਨਾਲੋਂ ਕੁਝ ਹੀ ਘੱਟ ਕਰੂਪ ਨਜ਼ਰ ਆ ਰਹੀ ਸੀ।

ਚਲੋ, ਠੀਕ ਹੈ। ਕੋਈ ਚੂੜੀਆਂ ਵਗੈਰਾ ਹੋਣ ਤਾਂ ਉਹ ਵੀ ਪਹਿਨ ਲਓ, ਕੋਈ ਹਰਜ਼ ਨਹੀਂ।

ਚੂੜੀਆਂ ਕਿੱਥੋਂ ਲਿਆਵਾਂ ਬੇਟਾ! ਤੈਨੂੰ ਤਾਂ ਪਤਾ ਹੈ, ਸਾਰੇ ਗਹਿਣੇ ਤੇਰੀ ਪੜ੍ਹਾਈ ਲਈ ਵਿਕ ਗਏ!



ਤੇ ਮਾਂ, ਅੱਜ ਛੇਤੀ ਨਾ ਸੌਣਾ। ਤੁਹਾਡੇ ਘੁਰਾੜਿਆਂ ਦੀ ਅਵਾਜ਼ ਦੂਰ ਤੱਕ ਜਾਂਦੀ ਹੈ।

ਮਾਂ ਝਿਜਕ ਨਾਲ ਬੋਲੀ -ਕੀ ਕਰਾਂ, ਪੁੱਤ! ਮੇਰੇ ਵੱਸ ਦੀ ਗੱਲ ਨਹੀਂ। ਜਦੋਂ ਤੋਂ ਬੀਮਾਰ ਹੋ ਕੇ ਹਟੀ ਹਾਂ, ਨੱਕ ਰਾਹੀਂ ਸਾਹ ਨਹੀਂ ਲੈ ਸਕਦੀ।

ਮਿਸਟਰ ਸ਼ਾਮਨਾਥ ਨੇ ਪ੍ਰਬੰਧ ਤਾਂ ਕਰ ਦਿੱਤਾ, ਫਿਰ ਵੀ ਉਸ ਦੀ ਘਬਰਾਹਟ ਖ਼ਤਮ ਨਹੀਂ ਹੋਈ। ਜੇ ਚੀਫ਼ ਅਚਾਨਕ ਉਧਰ ਆ ਗਿਆ, ਫੇਰ! ਅੱਠ-ਦਸ ਮਹਿਮਾਨ ਹੋਣਗੇ, ਦੇਸੀ ਅਫ਼ਸਰ, ਉਨਾਂ ਦੀਆਂ ਪਤਨੀਆਂ ਵੀ ਹੋਣਗੀਆਂ, ਕੋਈ ਵੀ ਗੁਸਲਖਾਨੇ ਵੱਲ ਜਾ ਸਕਦਾ ਹੈ। ਘਬਰਾਹਟ ਅਤੇ ਗੁੱਸੇ ਵਿੱਚ ਉਹ ਸਿਰ ਖੁਰਕਣ ਲੱਗਿਆ। ਇੱਕ ਕੁਰਸੀ ਚੁੱਕ ਕੇ ਬਰਾਂਡੇ ਵਿੱਚ ਕੋਠੜੀ ਦੇ ਬਾਹਰ ਰੱਖਦਿਆਂ ਬੋਲਿਆ -ਆਓ ਮਾਂ, ਇਸ 'ਤੇ ਜ਼ਰਾ ਬੈਠਣਾ!

ਮਾਂ ਮਾਲਾ ਸੰਭਾਲਦੀ, ਪੱਲਾ ਠੀਕ ਕਰਦੀ ਉੱਠੀ ਅਤੇ ਹੌਲੀ ਜਿਹੀ ਕੁਰਸੀ 'ਤੇ ਆ ਕੇ ਬਹਿ ਗਈ।

ਇਉਂ ਨਹੀਂ ਮਾਂ, ਲੱਤਾਂ ਉੱਤੇ ਕਰਕੇ ਨਹੀਂ ਬੈਠੀਦਾ! ਇਹ ਮੰਜਾ ਥੋੜੇ ਹੈ! ਮਾਂ ਨੇ ਲੱਤਾਂ ਹੇਠਾਂ ਕਰ ਲਈਆਂ।

ਤੇ ਰੱਬ ਕਰਕੇ, ਨੰਗੇ ਪੈਰੀਂ ਨਾ ਤੁਰਿਓ। ਨਾ ਹੀ ਖੜਾਵਾਂ ਪਾ ਕੇ ਸਾਹਮਣੇ ਆਇਓ। ਇੱਕ ਦਿਨ ਮੈਂ ਤੁਹਾਡੀਆਂ ਉਹ ਖੜਾਵਾਂ ਚੁੱਕ ਕੇ ਬਾਹਰ ਸੁੱਟ ਦਿਆਂਗਾ।

ਮਾਂ ਚੁੱਪ ਰਹੀ।

ਕੱਪੜੇ ਕਿਹੜੇ ਪਾਓਗੇ, ਮਾਂ ?

ਜਿਹੜੇ ਹਨ, ਉਹੀ ਪਾਵਾਂਗੀ, ਬੇਟਾ! ਜੋ ਕਹੇਂਗਾ, ਪਹਿਨ ਲਵਾਂਗੀ।

ਮਿਸਟਰ ਸ਼ਾਮਨਾਥ ਅੱਧ-ਖੁੱਲੀਆਂ ਅੱਖਾਂ ਨਾਲ ਮਾਂ ਵੱਲ ਵੇਖਣ ਲੱਗਾ ਅਤੇ ਮਾਂ ਦੇ ਕੱਪੜਿਆਂ ਬਾਰੇ ਸੋਚਣ ਲੱਗਾ। ਸ਼ਾਮਨਾਥ ਹਰ ਗੱਲ ਵਿੱਚ ਤਰਤੀਬ ਚਾਹੁੰਦਾ ਸੀ। ਘਰ ਦਾ ਪ੍ਰਬੰਧ ਉਹਦੇ ਆਪਣੇ ਹੱਥ ਵਿਚ ਸੀ। ਖੂੰਟੀਆਂ ਕਮਰਿਆਂ ਵਿੱਚ ਕਿੱਥੇ ਲਾਈਆਂ ਜਾਣ, ਬਿਸਤਰੇ ਕਿੱਥੇ ਵਿਛਾਏ ਜਾਣ, ਕਿਹੜੇ ਰੰਗ ਦੇ ਪਰਦੇ ਲਾਏ ਜਾਣ, ਪਤਨੀ ਕਿਹੜੀ ਸਾੜੀ ਪਹਿਨੇ, ਮੇਜ਼ ਕਿਸ ਸਾਈਜ਼ ਦਾ ਹੋਵੇ... ਸ਼ਾਮਨਾਥ ਨੂੰ ਚਿੰਤਾ ਸੀ ਕਿ ਜੇ ਚੀਫ਼ ਦਾ ਸਾਹਮਣਾ ਮਾਂ ਨਾਲ ਹੋ ਗਿਆ ਤਾਂ ਕਿਤੇ ਸ਼ਰਮਸਾਰ ਨਾ ਹੋਣਾ ਪਵੇ। ਮਾਂ ਨੂੰ ਸਿਰ ਤੋਂ ਪੈਰਾਂ ਤੱਕ ਵੇਖਦੇ ਹੋਏ ਬੋਲਿਆ -ਤੁਸੀਂ ਸਫ਼ੇਦ ਸਲਵਾਰ-ਕਮੀਜ਼ ਪਹਿਨ ਲਓ ਮਾਂ! ਪਹਿਨ ਕੇ ਆਓ ਤਾਂ ਜ਼ਰਾ ਵੇਖ ਲਵਾਂ!

ਮਾਂ ਹੌਲੀ ਜਿਹੀ ਉੱਠੀ ਅਤੇ ਆਪਣੀ ਕੋਠੜੀ ਵਿੱਚ ਕੱਪੜੇ ਪਹਿਨਣ ਚਲੀ ਗਈ।

ਇਹ ਮਾਂ ਦਾ ਝਮੇਲਾ ਹੀ ਰਹੇਗਾ। ਉਹਨੇ ਫਿਰ ਅੰਗਰੇਜ਼ੀ

ਇਹ ਵਾਕ ਸ਼ਾਮਨਾਥ ਨੂੰ ਤੀਰ ਵਾਂਗ ਵੱਜਿਆ। ਖਿਝ ਕੇ ਬੋਲਿਆ, ਇਹ ਕਿਹੜਾ ਰਾਗ ਛੇੜ ਦਿੱਤਾ ਮਾਂ! ਸਿੱਧਾ ਕਹਿ ਦਿਓ, ਗਹਿਣੇ ਨਹੀਂ ਹਨ, ਬਸ! ਇਸ ਨਾਲ਼ ਪੜ੍ਹਾਈ-ਲਿਖਾਈ ਦਾ ਕੀ ਸਬੰਧ ਹੈ ? ਜੇ ਗਹਿਣੇ ਵਿਕ ਗਏ ਤਾਂ ਕੁਝ ਬਣ ਕੇ ਹੀ ਆਇਆ ਹਾਂ, ਨਿਰਾ ਲੁੱਟਰ ਤਾਂ ਨਹੀਂ ਬਣਿਆ। ਜਿੰਨਾ ਦਿੱਤਾ ਸੀ, ਉਸ ਤੋਂ ਦੁੱਗਣੇ ਲੈ ਲੈਣੇ!

ਮੇਰੀ ਜੀਭ ਸੜ ਜਾਵੇ ਬੇਟਾ, ਜੇ ਮੈਂ ਤੈਥੋਂ ਗਹਿਣੇ ਮੰਗਾਂਗੀ ? ਮੇਰੇ ਮੂੰਹੋਂ ਤਾਂ ਐਵੇਂ ਹੀ ਨਿਕਲ ਗਿਆ ਸੀ। ਜੇ ਗਹਿਣੇ ਹੁੰਦੇ ਤਾਂ ਲੱਖ ਵਾਰੀ ਪਹਿਨਦੀ।

ਸਾਢੇ ਪੰਜ ਵੱਜ ਚੁੱਕੇ ਸਨ। ਅਜੇ ਮਿਸਟਰ ਸ਼ਾਮਨਾਥ ਨੇ ਆਪ ਵੀ ਨਹਾ-ਧੋ ਕੇ ਤਿਆਰ ਹੋਣਾ ਸੀ। ਪਤਨੀ ਕਦੋਂ ਦੀ ਆਪਣੇ ਕਮਰੇ ਵਿੱਚ ਜਾ ਚੁੱਕੀ ਸੀ। ਸ਼ਾਮਨਾਥ ਜਾਂਦਾ ਹੋਇਆ ਇੱਕ ਵਾਰ ਫੇਰ ਮਾਂ ਨੂੰ ਸਮਝਾਉਂਦਾ ਗਿਆ -ਮਾਂ, ਰੋਜ਼ ਵਾਂਗੂੰ ਗੁੰਮ ਸੁੰਮ ਜਿਹੀ ਨਾ ਬੈਠੇ ਰਹਿਣਾ। ਜੇ ਸਾਹਿਬ ਏਧਰ ਆ ਗਏ ਅਤੇ ਕੁਝ ਪੁੱਛਣ ਲੱਗੇ ਤਾਂ ਠੀਕ ਤਰਾਂ ਜਵਾਬ ਦੇਣਾ।

ਮੈਂ ਨਾ ਪੜੀ, ਨਾ ਲਿਖੀ, ਬੇਟਾ! ਮੈਂ ਕੀ ਗੱਲ ਕਰਾਂਗੀ! ਤੂੰ ਹੀ ਦੱਸ ਦੇਵੀਂ ਕਿ ਮਾਂ ਅਨਪੜ ਹੈ, ਕੁਝ ਜਾਣਦੀ-ਸਮਝਦੀ ਨਹੀਂ। ਫਿਰ ਉਹ ਨਹੀਂ ਪੁੱਛੇਗਾ।

ਸੱਤ ਵਜਦੇ-ਵਜਦੇ ਮਾਂ ਦਾ ਦਿਲ ਧੱਕ-ਧੱਕ ਕਰਨ ਲੱਗਿਆ। ਜੇ ਚੀਫ਼ ਸਾਹਮਣੇ ਆ ਗਿਆ ਅਤੇ ਉਹਨੇ ਕੁਝ ਪੁੱਛਿਆ, ਤਾਂ ਉਹ ਕੀ ਜਵਾਬ ਦੇਵੇਗੀ ? ਅੰਗਰੇਜ਼ ਨੂੰ ਤਾਂ ਉਹ ਦੂਰੋਂ ਹੀ ਵੇਖ ਕੇ ਘਬਰਾ ਜਾਂਦੀ ਸੀ, ਇਹ ਤਾਂ ਅਮਰੀਕੀ ਹੈ, ਪਤਾ ਨਹੀਂ ਕੀ ਪੁੱਛ ਲਵੇ! ਮੈਂ ਕੀ ਕਹਾਂਗੀ! ਮਾਂ ਦਾ ਦਿਲ ਕੀਤਾ ਕਿ ਚੁੱਪ-ਚਾਪ ਪਿਛਲੇ ਪਾਸੇ ਵਿਧਵਾ ਸਹੇਲੀ ਦੇ ਘਰ ਚਲੀ ਜਾਵੇ। ਪਰ ਬੇਟੇ ਦੇ ਹੁਕਮ ਨੂੰ ਕਿਵੇਂ ਟਾਲ ਸਕਦੀ ਸੀ! ਚੁੱਪ-ਚਾਪ ਕੁਰਸੀ ਉੱਤੇ ਲੱਤਾਂ ਲਟਕਾਈ ਉੱਥੇ ਹੀ ਬੈਠੀ ਰਹੀ। ਇੱਕ ਕਾਮਯਾਬ ਪਾਰਟੀ ਉਹ ਹੁੰਦੀ ਹੈ, ਜਿਸ ਵਿੱਚ ਡਰਿੰਕ ਕਾਮਯਾਬੀ ਨਾਲ ਚੱਲ ਜਾਵੇ। ਸ਼ਾਮਨਾਥ ਦੀ ਪਾਰਟੀ ਸਫਲਤਾ ਦੀ ਸਿਖਰ 'ਤੇ ਸੀ। ਗੱਲਬਾਤ ਉਸੇ ਰੁਟੀਨ ਵਿੱਚ ਚੱਲ ਰਹੀ ਸੀ, ਜਿਸ ਰੁਟੀਨ ਵਿੱਚ ਗਲਾਸ ਭਰੇ ਜਾ ਰਹੇ ਸਨ। ਕਿਤੇ ਕੋਈ ਰੁਕਾਵਟ ਨਹੀਂ ਸੀ, ਕੋਈ ਅੜਿੱਚਣ ਨਹੀਂ ਸੀ। ਸਾਹਿਬ ਨੂੰ ਵਿਸਕੀ ਪਸੰਦ ਆਈ ਸੀ। ਮੇਮ-ਸਾਹਿਬ ਨੂੰ ਪਰਦੇ ਪਸੰਦ ਆਏ ਸਨ, ਸੋਫਾ-ਕਵਰ ਦਾ ਡਿਜ਼ਾਈਨ ਪਸੰਦ ਆਇਆ ਸੀ, ਕਮਰੇ ਦੀ ਸਜਾਵਟ ਪਸੰਦ ਆਈ ਸੀ। ਇਸ ਤੋਂ ਵੱਧ ਹੋਰ ਕੀ ਚਾਹੀਦਾ ਹੈ! ਸਾਹਿਬ ਤਾਂ ਡਰਿੰਕ ਦੇ ਦੂਜੇ ਦੌਰ ਵਿੱਚ ਹੀ ਚੁਟਕਲੇ ਤੇ ਕਹਾਣੀਆਂ ਸੁਣਾਉਣ ਲੱਗ ਪਏ ਸਨ। ਦਫ਼ਤਰ ਵਿੱਚ ਜਿੰਨਾ ਰੋਹਬ ਰੱਖਦੇ ਸਨ, ਇੱਥੇ ਉੱਨਾ ਹੀ ਦੋਸਤ-ਨੁਮਾ ਹੋ ਰਹੇ ਸਨ। ਅਤੇ ਉਨਾਂ ਦੀ ਪਤਨੀ, ਕਾਲਾ ਗਾਊਨ ਪਹਿਨੀ, ਗਲੇ ਵਿੱਚ ਸਫ਼ੇਦ ਮੋਤੀਆਂ ਦਾ ਹਾਰ, ਸੈਂਟ ਅਤੇ ਪਾਊਡਰ ਦੀ ਮਹਿਕ ਨਾਲ ਓਤ-ਪੋਤ ਕਮਰੇ ਵਿੱਚ ਬੈਠੀਆਂ ਸਾਰੀਆਂ ਦੇਸੀ ਔਰਤਾਂ ਦਾ ਕੇਂਦਰ-ਬਿੰਦੂ ਬਣੀ ਹੋਈ ਸੀ। ਗੱਲ-ਗੱਲ 'ਤੇ ਹੱਸਦੀ, ਗੱਲ-ਗੱਲ 'ਤੇ ਸਿਰ ਹਿਲਾਉਂਦੀ। ਤੇ ਸ਼ਾਮਨਾਥ ਦੀ ਪਤਨੀ ਨਾਲ ਤਾਂ ਇਉਂ ਗੱਲਾਂ ਕਰ ਰਹੀ ਸੀ, ਜਿਵੇਂ ਉਹਦੀ ਪੁਰਾਣੀ ਸਹੇਲੀ ਹੋਵੇ!

ਅਤੇ ਇਉਂ ਹੀ ਪੀਂਦੇ-ਪਿਆਉਂਦੇ ਸਾਢੇ ਦਸ ਵੱਜ ਗਏ। ਵਕਤ ਬੀਤਦੇ ਪਤਾ ਹੀ ਨਾ ਲੱਗਿਆ।

ਆਖ਼ਰ ਸਾਰੇ ਜਣੇ ਆਪੋ-ਆਪਣੇ ਗਲਾਸਾਂ ਵਿਚੋਂ ਆਖ਼ਰੀ ਘੁੱਟ ਪੀ ਕੇ ਖਾਣਾ ਖਾਣ ਲਈ ਉੱਠੇ ਅਤੇ ਬੈਠਕ ਤੋਂ ਬਾਹਰ ਆ ਗਏ। ਸਭ ਤੋਂ ਮੂਹਰੇ ਰਾਹ ਦੱਸਦਾ ਹੋਇਆ ਸ਼ਾਮਨਾਥ, ਪਿੱਛੇ ਚੀਫ਼ ਅਤੇ ਹੋਰ ਮਹਿਮਾਨ।

ਬਰਾਂਡੇ ਵਿੱਚ ਪਹੁੰਚਦੇ ਹੀ ਸ਼ਾਮਨਾਥ ਅਚਾਨਕ ਰੁਕ ਗਿਆ। ਜੋ ਦ੍ਰਿਸ਼ ਉਹ ਨੇ ਵੇਖਿਆ, ਉਸ ਨਾਲ ਉਹਦੀਆਂ ਲੱਤਾਂ ਕੰਬਣ ਲੱਗੀਆਂ ਤੇ ਪਲ-ਭਰ ਵਿੱਚ ਸਾਰਾ ਨਸ਼ਾ ਕਾਫ਼ੂਰ ਹੋਣ ਲੱਗਿਆ। ਬਰਾਂਡੇ ਵਿੱਚ ਐਨ ਕੋਠੜੀ ਦੇ ਬਾਹਰ ਮਾਂ ਆਪਣੀ ਕੁਰਸੀ ਉੱਤੇ ਜਿਉਂ ਦੀ ਤਿਉਂ ਬੈਠੀ ਸੀ, ਪਰ ਦੋਵੇਂ ਪੈਰ ਕੁਰਸੀ ਦੀ ਸੀਟ 'ਤੇ ਰੱਖੇ ਹੋਏ ਅਤੇ ਸਿਰ ਸੱਜੇ ਤੋਂ ਖੱਬੇ, ਖੱਬੇ ਤੋਂ ਸੱਜੇ ਝੂਲ ਰਿਹਾ ਸੀ ਅਤੇ ਮੂੰਹ ਵਿਚੋਂ ਲਗਾਤਾਰ ਘੁਰਾੜਿਆਂ ਦੀ ਅਵਾਜ਼ ਆ ਰਹੀ ਸੀ। ਜਦੋਂ ਸਿਰ ਕੁਝ ਚਿਰ ਲਈ ਟੇਢਾ ਹੋ ਕੇ ਇੱਕ ਪਾਸੇ ਵੱਲ ਖੜ ਜਾਂਦਾ ਤਾਂ ਘੁਰਾੜੇ ਹੋਰ ਵੀ ਉੱਚੀ ਹੋ ਜਾਂਦੇ ਅਤੇ ਫਿਰ ਜਦੋਂ ਝਟਕੇ ਨਾਲ ਨੀਂਦ ਟੁੱਟਦੀ ਤਾਂ ਸਿਰ ਫਿਰ ਤੋਂ ਸੱਜੇ ਤੋਂ ਖੱਬੇ ਝੂਟੇ ਲੈਣ ਲੱਗਦਾ। ਪੱਲਾ ਸਿਰ ਤੋਂ ਖਿਸਕ ਗਿਆ ਸੀ ਅਤੇ ਮਾਂ ਦੇ ਝੜੇ ਹੋਏ ਵਾਲ਼, ਅੱਧੇ ਗੰਜੇ ਸਿਰ 'ਤੇ ਖਿੱਲਰੇ ਪਏ ਸਨ।

ਵੇਖਦਿਆਂ ਹੀ ਸ਼ਾਮਨਾਥ ਗੁੱਸੇ ਵਿੱਚ ਆ ਗਿਆ। ਜੀਅ ਕੀਤਾ ਕਿ ਮਾਂ ਨੂੰ ਧੱਕਾ ਮਾਰ ਕੇ ਉਠਾ ਦੇਵੇ ਅਤੇ ਉਨਾਂ ਨੂੰ ਕੋਠੜੀ ਵੱਲ ਧੱਕ ਦੇਵੇ। ਪਰ ਇਉਂ ਕਰਨਾ ਸੰਭਵ ਨਹੀਂ ਸੀ। ਚੀਫ਼ ਅਤੇ ਬਾਕੀ ਮਹਿਮਾਨ ਕੋਲ ਖੜੇ ਸਨ।

ਮਾਂ ਵੱਲ ਵੇਖਦਿਆਂ ਹੀ ਦੇਸੀ ਅਫ਼ਸਰਾਂ ਦੀਆਂ ਕੁਝ ਔਰਤਾਂ ਹੱਸ ਪਈਆਂ, ਇੰਨੇ ਵਿੱਚ ਚੀਫ਼ ਨੇ ਹੌਲੀ ਜਿਹੀ ਕਿਹਾ -ਪੂਅਰ ਡੀਅਰ!

ਮਾਂ ਘਬਰਾ ਕੇ ਉੱਠ ਗਈ। ਸਾਹਮਣੇ ਖੜੇ ਇੰਨੇ ਲੋਕਾਂ ਨੂੰ ਵੇਖ ਕੇ ਇਉਂ ਬੌਖਲਾਈ ਕਿ ਕੁਝ ਬੋਲ ਨਾ ਸਕੀ। ਤੁਰੰਤ ਪੱਲਾ ਸਿਰ 'ਤੇ ਰੱਖਦੀ ਹੋਈ ਖੜੀ ਹੋ ਗਈ ਅਤੇ ਹੇਠਾਂ ਵੱਲ ਵੇਖਣ ਲੱਗੀ। ਉਨਾਂ ਦੇ ਪੈਰ ਥਿੜਕਣ ਲੱਗੇ ਅਤੇ ਹੱਥਾਂ ਦੀਆਂ ਉਂਗਲਾਂ ਥਰ-ਥਰ ਕੰਬਣ ਲੱਗੀਆਂ।

ਮਾਂ, ਤੁਸੀਂ ਜਾ ਕੇ ਸੌਂ ਜਾਓ, ਤੁਸੀਂ ਕਿਉਂ ਇੰਨੀ ਦੇਰ-ਤੱਕ ਜਾਗ ਰਹੇ ਸੀ ਅਤੇ ਖਚਰਾਨਾ ਜਿਹੀਆਂ ਨਜ਼ਰਾਂ ਨਾਲ ਸ਼ਾਮਨਾਥ ਚੀਫ਼ ਦੇ ਮੂੰਹ ਵੱਲ ਵੇਖਣ ਲੱਗਿਆ।

ਚੀਫ਼ ਦੇ ਚਿਹਰੇ 'ਤੇ ਮੁਸਕਰਾਹਟ ਸੀ। ਉਹ ਉੱਥੇ ਹੀ ਖੜੇ-ਖੜੇ ਬੋਲੇ -ਨਮਸਤੇ!

ਮਾਂ ਨੇ ਝਿਜਕ ਵਿੱਚ ਆਪਣੇ ਸੁੰਗੜੇ ਹੋਏ ਦੋਵੇਂ ਹੱਥ ਜੋੜੇ ਪਰ ਇੱਕ ਹੱਥ ਚੁੰਨੀ ਦੇ ਅੰਦਰ ਸੀ ਮਾਲਾ ਫੇਰਦਾ ਹੋਇਆ, ਦੂਜਾ ਹੱਥ ਬਾਹਰ। ਉਹ ਠੀਕ-ਤਰਾਂ ਨਮਸਤੇ ਵੀ ਨਾ ਕਰ ਸਕੀ। ਸ਼ਾਮਨਾਥ ਇਸ 'ਤੇ ਵੀ ਖਿਝ ਗਿਆ।

ਇੰਨੇ ਵਿਚ ਚੀਫ਼ ਨੇ ਆਪਣਾ ਸੱਜਾ ਹੱਥ ਮਿਲਾਉਣ ਲਈ ਮਾਂ ਦੇ ਅੱਗੇ ਕੀਤਾ। ਮਾਂ ਹੋਰ ਘਬਰਾ ਗਈ।

ਮਾਂ, ਹੱਥ ਮਿਲਾਓ!

ਪਰ ਹੱਥ ਕਿਵੇਂ ਮਿਲਾਉਂਦੀ ? ਸੱਜੇ ਹੱਥ ਵਿੱਚ ਤਾਂ ਮਾਲਾ ਸੀ। ਘਬਰਾਹਟ ਵਿੱਚ ਮਾਂ ਨੇ ਖੱਬਾ ਹੱਥ ਹੀ ਸਾਹਿਬ ਦੇ ਸੱਜੇ ਹੱਥ ਉੱਤੇ ਰੱਖ ਦਿੱਤਾ। ਸ਼ਾਮਨਾਥ ਅੰਦਰੋਂ-ਅੰਦਰੀ ਮੱਚ ਗਿਆ। ਦੇਸੀ ਅਫ਼ਸਰਾਂ ਦੀਆਂ ਔਰਤਾਂ ਖਿੜ-ਖਿੜਾ ਕੇ ਹੱਸ ਪਈਆਂ।

ਇਉਂ ਨਹੀਂ, ਮਾਂ! ਤੁਹਾਨੂੰ ਤਾਂ ਪਤਾ ਹੈ ਸੱਜਾ ਹੱਥ ਮਿਲਾਈਦਾ ਹੈ। ਸੱਜਾ ਹੱਥ ਮਿਲਾਓ।

ਪਰ ਉਦੋਂ ਤੱਕ ਚੀਫ਼ ਮਾਂ ਦਾ ਖੱਬਾ ਹੱਥ ਹੀ ਵਾਰ-ਵਾਰ ਹਿਲਾ ਕੇ ਕਹਿ ਰਹੇ ਸਨ -ਹਾਓ ਡੂ ਯੂ ਡੂ ?

ਬੋਲੋ ਮਾਂ, ਮੈਂ ਠੀਕ ਹਾਂ। ਕਹੋ ਮਾਂ-ਹਾਊ ਡੂ ਯੂ ਡੂ।

ਮਾਂ ਝਿਜਕਦੀ ਹੋਈ ਹੌਲੀ ਜਿਹੀ ਬੋਲੀ, -ਹੌ ਡੂ ਜੂ ਡੂ...

ਇੱਕ ਵਾਰ ਫਿਰ ਕਹਿਕਹਾ ਗੂੰਜਿਆ।

ਮਾਹੌਲ ਖ਼ੁਸ਼ਗਵਾਰ ਹੋਣ ਲੱਗਿਆ। ਸਾਹਿਬ ਨੇ ਸਥਿਤੀ ਸੰਭਾਲ ਲਈ ਸੀ। ਸਾਰੇ ਹੀ ਹੱਸਣ-ਚਹਿਕਣ ਲੱਗ ਪਏ ਸਨ। ਸ਼ਾਮਨਾਥ ਦੇ ਮਨ ਦਾ ਗੁੱਸਾ ਵੀ ਕੁਝ-ਕੁਝ ਘੱਟ ਹੋ ਰਿਹਾ ਸੀ।

ਸਾਹਿਬ ਨੇ ਮਾਂ ਦਾ ਹੱਥ ਅਜੇ ਵੀ ਆਪਣੇ ਹੱਥ ਵਿੱਚ ਫੜਿਆ ਹੋਇਆ ਸੀ ਅਤੇ ਮਾਂ ਸੁੰਗੜਦੀ ਜਾ ਰਹੀ ਸੀ। ਸਾਹਿਬ ਦੇ ਮੂੰਹ ਵਿਚੋਂ ਸ਼ਰਾਬ ਦੀ ਬੋ ਆ ਰਹੀ ਸੀ।

ਸ਼ਾਮਨਾਥ ਅੰਗਰੇਜ਼ੀ ਵਿੱਚ ਬੋਲਿਆ -ਮੇਰੀ ਮਾਂ ਪਿੰਡ ਦੀ ਰਹਿਣ ਵਾਲੀ ਹੈ। ਸਾਰੀ ਉਮਰ ਪਿੰਡ ਹੀ ਰਹੀ ਹੈ। ਇਸ ਲਈ ਤੁਹਾਥੋਂ ਝਿਜਕਦੀ ਹੈ।

ਸਾਹਿਬ ਇਸ 'ਤੇ ਖ਼ੁਸ਼ ਨਜ਼ਰ ਆਏ। ਬਾਕੀ ਸਫ਼ਾ 28 'ਤੇ

# ਵਿਸਾਖੀ ਅਤੇ ਪੰਜਾਬੀ ਫਿਲਮਾਂ

ਫਿਲਮੀ ਸੰਸਾਰ

**ਭੀਮ ਰਾਜ ਗਰਗ**

ਪੰਜਾਬ ਦੇ ਸੱਭਿਆਚਾਰ, ਇਤਿਹਾਸ ਅਤੇ ਧਾਰਮਿਕ ਵਿਰਸੇ ਨਾਲ ਜੁੜੇ ਮੇਲਿਆਂ ਵਿੱਚ ਵਿਸਾਖੀ ਦੀ ਅਹਿਮ ਥਾਂ ਹੈ। ਇਹ ਹਾੜ੍ਹੀ ਦੀ ਫ਼ਸਲ ਨਾਲ ਜੁੜਿਆ ਵਾਢੀ ਦਾ ਤਿਉਹਾਰ ਹੈ। ਹੱਡ-ਭੰਨਵੀਂ ਮਿਹਨਤ ਤੋਂ ਬਾਅਦ ਹਾੜ੍ਹੀ ਦੀ ਫ਼ਸਲ ਦੀ ਸਾਂਭ ਸੰਭਾਲ ਕਰਕੇ ਕਿਸਾਨ ਮੇਲਾ ਵੇਖਣ ਲਈ ਜਾਂਦੇ ਹਨ। ਵਿਸਾਖੀ ਦੇ ਦਿਹਾੜੇ 1699 ਨੂੰ ਖਾਲਸਾ ਪੰਥ ਦੀ ਸਿਰਜਨਾ ਨੇ ਇਸ ਤਿਉਹਾਰ ਨੂੰ ਸਦੀਵੀ ਬਣਾ ਦਿੱਤਾ।

ਸ਼ੁਰੂ-ਸ਼ੁਰੂ ਵਿੱਚ ਪੰਜਾਬੀ ਫਿਲਮਾਂ ਨੂੰ ਵੀ ਤਿਓਹਾਰਾਂ ਖ਼ਾਸਕਰ ਵਿਸਾਖੀ ਦੇ ਮੌਕੇ ਰਿਲੀਜ਼ ਕਰਨ ਦਾ ਰਿਵਾਜ ਸੀ।

ਪਲੇਠੀ ਪੰਜਾਬੀ ਫਿਲਮ ‘ਇਸ਼ਕ ਪੰਜਾਬ’ ਉਰਫ਼ ‘ਮਿਰਜ਼ਾ-ਸਾਹਿਬਾਂ’ ਨੂੰ ਵਿਸਾਖੀ ਤੋਂ ਕੁਝ ਦਿਨ ਪਹਿਲਾਂ ਲਾਹੌਰ ਦੇ ਨਿਰੰਜਨ ਟਾਕੀਜ਼ ਵਿਖੇ 29 ਮਾਰਚ, 1935 ਨੂੰ ਪਰਦਾਨਸ਼ੀ ਕੀਤਾ ਗਿਆ ਸੀ।

ਪੰਜਾਬੀ ਦੀ ਦੂਜੀ ਫਿਲਮ ‘ਸ਼ੀਲਾ’ ਉਰਫ਼ ‘ਪਿੰਡ ਦੀ ਕੁੜੀ’ ਵੀ ਵਿਸਾਖੀ ਦੇ ਨੇੜੇ 26 ਮਾਰਚ, 1937 ਨੂੰ ਪੈਲੇਸ ਸਿਨੇਮਾ, ਲਾਹੌਰ ਵਿੱਚ ਪਰਦੇ ਉੱਤੇ ਆਈ ਸੀ।

ਇਸ ਤੋਂ ਬਾਅਦ ‘ਮਤਵਾਲੀ ਮੀਰਾ’ (12 ਅਪ੍ਰੈਲ 1940), ਗਵਾਂਢੀ (8 ਅਪ੍ਰੈਲ 1942), ਲੱਛੀ (8 ਅਪ੍ਰੈਲ 1949), ‘ਮਦਾਰੀ’ (13 ਅਪ੍ਰੈਲ 1950), ਸ਼ਾਹਜੀ (4 ਅਪ੍ਰੈਲ 1954), ਨਿੱਕੀ (11 ਅਪ੍ਰੈਲ 1958), ‘ਬਿੱਲੋ’ (13 ਅਪ੍ਰੈਲ 1961), ‘ਵਲਾਇਤ ਪਾਸ’ (13 ਅਪ੍ਰੈਲ 1962), ਗੀਤ ਬਹਾਰਾਂ ਦੇ (3 ਅਪ੍ਰੈਲ 1964), ਸੱਪਣੀ (2 ਅਪ੍ਰੈਲ 1965), ਸ਼ਹਿਰ ਦੀ ਕੁੜੀ (28 ਮਾਰਚ, 1969), ਨਾਨਕ ਨਾਮ ਜਹਾਜ਼ ਹੈ (3 ਅਪ੍ਰੈਲ 1970), ਮਾਂ ਦਾ ਲਾਡਲਾ (3 ਅਪ੍ਰੈਲ 1973), ਦਾਜ (1 ਅਪ੍ਰੈਲ 1977), ਦਰਾਣੀ ਜਠਾਣੀ (13 ਅਪ੍ਰੈਲ 1979), ਸਹਿਤੀ ਮੁਰਾਦ (4 ਅਪ੍ਰੈਲ 1980), ਰੇਸ਼ਮਾ (11 ਅਪ੍ਰੈਲ 1986), ਦੂਜਾ ਵਿਆਹ ਤੇ ਜਿਗਰੀ ਯਾਰ (28 ਮਾਰਚ, 1985), ਕੀ ਬਣੂ ਦੁਨੀਆਂ ਦਾ (27 ਮਾਰਚ 1987), ਜੋਸ਼ ਜਵਾਨੀ ਦਾ (1 ਅਪ੍ਰੈਲ 1993), ਟਰੱਕ ਡਰਾਈਵਰ (28 ਮਾਰਚ 1997), ਪੁਰਜ਼ਾ ਪੁਰਜ਼ਾ ਕਟ ਮਰੇ (2 ਅਪ੍ਰੈਲ 1998), ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ (10 ਅਪ੍ਰੈਲ 1998), ਤੇਰਾ ਮੇਰਾ ਕੀ ਰਿਸ਼ਤਾ (10 ਅਪ੍ਰੈਲ 2009), ਮਿਰਜ਼ਾ: ਦਿ ਅਨਟੋਲਡ ਸਟੋਰੀ (6 ਅਪ੍ਰੈਲ 2012), ਸਾਡਾ ਹੱਕ (4 ਅਪ੍ਰੈਲ 2013) ਅਤੇ ਰੱਬ ਮਾਫ਼ ਕਰੀਂ (4 ਅਪ੍ਰੈਲ 2014) ਅਨੇਕਾਂ ਪੰਜਾਬੀ ਫਿਲਮਾਂ ਹਨ ਜਿਹੜੀਆਂ ਵਿਸਾਖੀ ਦੇ ਤਿਓਹਾਰ ਉੱਤੇ ਪਰਦਾਪੇਸ਼ ਹੋਈਆਂ ਹਨ।




ਸ਼ੁਰੂਆਤ ਤੋਂ ਹੀ ਪੰਜਾਬੀ ਫਿਲਮਾਂ ਵਿੱਚ ਵਿਸਾਖੀ ਦੇ ਤਿਓਹਾਰ ਅਤੇ ਭੰਗੜਾ ਆਦਿ ਨੂੰ ਪ੍ਰਮੁੱਖਤਾ ਨਾਲ ਸ਼ਾਮਿਲ ਕੀਤਾ ਜਾਂਦਾ ਸੀ। ਪੰਜਾਬੀ ਫਿਲਮ ਸ਼ੀਲਾ ਉਰਫ ਪਿੰਡ ਦੀ ਕੁੜੀ (1935) ਦਾ ਗੀਤ ‘ਖ਼ਸਮਾਂ ਨੂੰ ਖਾ ਗਿਆ ਘਰ ਨੀ, ਚੱਲ ਮੇਲੇ ਚੱਲੀਏ’ ਇਸ ਸਿਲਸਿਲੇ ਦੀ ਸ਼ੁਰੂਆਤ ਮੰਨੀ ਜਾਂਦੀ ਹੈ’

ਫਿਲਮ ‘ਯਮਲਾ ਜੱਟ’ (1940) ਦੇ ਭੰਗੜਾ ਗੀਤ ‘ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇ, ਬਦਲਾਂ ’ਚੋਂ ਖ਼ੁਸ਼ੀਆਂ ਵੱਸੀਆਂ ਨੇ’ ਨੂੰ ਵਿਸਾਖੀ ਦੇ ਮੌਕੇ ਉੱਤੇ ਫਿਲਮਾਇਆ ਗਿਆ ਸੀ। ਸ਼ਮਸ਼ਾਦ ਬੇਗ਼ਮ ਦੀ ਆਵਾਜ਼ ਵਿੱਚ ਇਸ ਗੀਤ ਨੇ ਸਾਰੇ ਪੰਜਾਬ ਵਿੱਚ ਧੁੰਮਾਂ ਪਾ ਦਿੱਤੀਆਂ ਸਨ। ਇਸ ਤੋਂ ਬਾਅਦ ਭੰਗੜਾ ਗੀਤ ਪੰਜਾਬੀ ਫਿਲਮਾਂ ਦੀ ਕਾਮਯਾਬੀ ਦੀ ਕੁੰਜੀ ਬਣ ਗਏ।

ਹੌਲੀ-ਹੌਲੀ ਪੰਜਾਬੀ ਫਿਲਮੀ ਗੀਤਾਂ ਚ’ ਵਿਸਾਖੀ ਸ਼ਬਦ ਜਿਵੇਂ ‘ਆਈ ਵਿਸਾਖੀ ਓ ਜੱਟਾ ਆਈ ਵਿਸਾਖੀ, ਬੱਲੇ ਬੱਲੇ ਕਿ ਅਜੇ ਤੇਰੇ ਬੰਦ ਨਾ ਬਣੇ ’ (ਫਿਲਮ ਭਾਇਆ ਜੀ) ਦੀ ਵਰਤੋਂ ਸ਼ੁਰੂ ਹੋ ਗਈ ਸੀ।

ਸੰਨ 1951 ਵਿੱਚ ਚਿੱਤਰ-ਭੂਮੀ ਲਿਮੀਟਡ ਬੰਬੇ ਨੇ ‘ਵਿਸਾਖੀ’ ਨਾਮ ਦੀ ਫਿਲਮ ਬਣਾਈ ਸੀ। ਇਹ ਫਿਲਮ ਇੱਕ ਭੰਗੜੇ ਵਾਲੇ ਗੀਤ ‘ਨੀ ਕਿਹੜੀ ਏਂ ਤੂੰ ਹਾਕ ਮਾਰਦੀ’ ਆਈ ਵਿਸਾਖੀ ਆਈ ਬੇਲੀਆ’ ਨਾਲ ਸ਼ੁਰੂ ਹੁੰਦੀ ਹੈ। ਸੰਨ 1950 ਦੇ ਦਹਾਕੇ ਵਿੱਚ ਪੰਜਾਬੀ ਫਿਲਮਾਂ ਦੇ ਪ੍ਰੋਡਿਊਸਰਾਂ ਨੇ ਵਿਸਾਖੀ ਦੇ ਤਿਓਹਾਰ ਨੂੰ ਆਪਣੀ ਫਿਲਮਾਂ ਦਾ ਅਹਿਮ ਹਿੱਸਾ ਮੰਨ ਕੇ, ਵਧ ਤੋਂ ਵਧ ਭੰਗੜੇ ਵਾਲੇ ਗੀਤ ਰੱਖਣੇ ਸ਼ੁਰੂ ਕਰ ਦਿੱਤੇ ਸਨ।

ਫਿਲਮ ‘ਕੌਡੇ ਸ਼ਾਹ’ ਦਾ ਗੀਤ ‘ਵਿਸਾਖੀ ਆਈ ਵਿਸਾਖੀ, ਫ਼ਸਲਾਂ ਦੀ ਮੁੱਕ ਗਈ ਰਾਖੀ’ ਵਿਸਾਖੀ ਦੇ ਤਿਓਹਾਰ ਦਾ ਪ੍ਰਤੀਕ ਬਣ ਗਿਆ ਸੀ ਅਤੇ ਅੱਜ ਵੀ ਵਿਸਾਖੀ ਦਿਹਾੜੇ ਇਹ ਗੀਤ ਖ਼ੂਬ ਵਜਾਇਆ ਅਤੇ ਸੁਣਿਆ ਜਾਂਦਾ ਹੈ। ਪੰਜਾਬੀ ਫਿਲਮਾਂ ਵਿੱਚ ਵਿਸਾਖੀ ਦੀ ਅਹਿਮੀਅਤ ਦੇ ਮੱਦੇਨਜ਼ਰ ਗੋਲਡਨ ਮੂਵੀਜ਼ ਬੰਬੇ ਨੇ 1958 ਵਿੱਚ ‘ਭੰਗੜਾ’ ਫਿਲਮ ਬਣਾਈ ਸੀ, ਜਿਸ ਦੇ ਖਾਸ ਕਰਕੇ ਭੰਗੜਾ ਦੇ ਗੀਤ ‘ਜੱਟ ਕੁੜੀਆਂ ਤੋਂ ਡਰਦਾ ਮਾਰਾ ਮੋਢੇ ਉੱਤੇ ਡਾਂਗ ਰੱਖਦਾ’ ਨੇ ਪੰਜਾਬ ਵਿੱਚ ਹੀ ਨਹੀਂ ਬਲਕਿ ਸਾਰੇ ਦੇਸ਼ ਵਿੱਚ ਤੜਥਲੀਆਂ ਪਾ ਦਿੱਤੀਆਂ ਸਨ।

ਸਾਲ 1950 ਨੂੰ ਰਿਲੀਜ਼ ਹੋਈ ਫਿਲਮ ‘ਦੋ ਲੱਛੀਆਂ’ ਵਿੱਚ ਇੱਕ ਨਹੀਂ, ਸਗੋਂ ਦੋ ਦੋ ਭੰਗੜਾ ਗੀਤ ‘ਗੋਰਾ ਰੰਗ ਨਾ ਹੋ ਜਾਵੇ ਕਾਲਾ’ ਅਤੇ ‘ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਹੀਓਂ ਬਹਿੰਦੀ’ ਰੱਖੇ ਗਏ ਸਨ।

ਇਸੇ ਸਾਲ ਦੋ ਹੋਰ ਫਿਲਮਾਂ ਪੱਗੜੀ ਸੰਭਾਲ ਜੱਟਾ (ਗੱਲਾਂ ਗੋਰੀਆਂ ਤੇ ਹੋਂਠ ਗੁਲਾਬੀ) ਅਤੇ ਯਮਲਾ ਜੱਟ (ਅੱਖ ਲੜੀ ਵੇ ਲੜੀ) ਵਿੱਚ ਭੰਗੜਾ ਗੀਤ ਸ਼ਾਮਿਲ ਕੀਤੇ ਗਏ ਸਨ। ਸਾਲ 1961 ਵਿੱਚ ਵਿਸਾਖੀ ਮੌਕੇ ਦੇ ਭੰਗੜਾ ਗੀਤ ‘ਬਿੱਲੋ’ (ਤੁਸੀਂ ਕਿੱਥੇ ਚੱਲੇ), ‘ਗੁੱਡੀ’ (ਲੱਕ ਪਤਲਾ ਤੇ ਗਾਗਰ ਭਾਰੀ) ਅਤੇ ‘ਜੱਟੀ’ (ਗੁੱਤ ਤੇਰੀ ਅੰਬਰਸਰ ਦੀ) ਰੱਖੇ ਗਏ ਸਨ।

962 ਦੀ ਫਿਲਮ ‘ਚੌਧਰੀ ਕਰਨੈਲ ਸਿੰਘ’ ਦੇ ਭੰਗੜੇ ਗੀਤ ‘ਅੜੀ ਮਾਰ ਕੇ ਨੱਚੀ ਜਦੋਂ ਬੰਤੋ’ ਨੇ ਪਿੰਡ ਦੀ ਗੱਲ ਤਾਂ ਛੱਡੋ ਸਾਰੇ ਹਿੰਦੁਸਤਾਨ/ ਪਾਕਿਸਤਾਨ ਵਿੱਚ ਭੂਚਾਲ ਲਿਆ ਦਿੱਤਾ ਸੀ।

ਫਿਲਮ ਪ੍ਰਦੇਸੀ ਢੋਲਾ ਵਿੱਚ ਦੋ ਭੰਗੜਾ ਗੀਤ ‘ਤੇਰਾ ਝੁਮਕਾ ਲਵੇ ਹੁਲਾਰੇ’ ਅਤੇ ‘ਦੁਸ਼ਮਣ ਹੋ ਜਾਵੇ ਭਾਵੇਂ ਦੁਨੀਆਂ ਸਾਰੀ’ (ਵਿਸਾਖੀ ਦਾ ਮੇਲਾ) ਸ਼ਾਮਿਲ ਕੀਤੇ ਗਏ ਸਨ।

ਵਿਸਾਖੀ ਦਾ ਮੇਲਾ ਦੋ ਪ੍ਰੇਮੀਆਂ ਨੂੰ ਮਿਲਣ ਦਾ ਮੌਕਾ ਵੀ ਦਿੰਦਾ ਸੀ ਅਤੇ ਇਸ ਵਾਸਤੇ ਪੰਜਾਬੀ ਫਿਲਮਾਂ ਦੇ ਡਾਇਲਾਗ/ਗੀਤ ਵੀ ਕੁਝ ਇਸ ਤਰਾਂ ਲਿਖੇ ਜਾਂਦੇ ਸਨ: ਮਹੀਨਾ ਆਇਆ ਵਿਸਾਖ ਦਾ ਮਾਹੀ ਚਲੀਏ ਵਿਸਾਖੀ ਦੇ ਮੇਲੇ, ਜਲੇਬੀਆਂ ਨੂੰ ਜੀ ਕਰਦਾ (ਦੋ ਲੱਛੀਆਂ)।

ਫਿਲਮ ਲਾਜੋ ਵਿੱਚ ਹੀਰੋਇਨ ਨਿਸ਼ੀ ਆਖਦੀ ਹੈ, ‘ਕੱਲ ਵਿਸਾਖੀ ਹੈ ਮੇਲਾ ਵੇਖਣ ਚੱਲਾਂਗੇ ਅਤੇ ਭੰਗੜਾ ਗੀਤ ‘ਜੱਟ ਜੱਟੀ ਨੂੰ ਡਰਾਵਣ ਆਇਆ’ ਸ਼ੁਰੂ ਹੋ ਜਾਂਦਾ ਹੈ। ਫਿਲਮ ਮਾਮਾ ਜੀ ਦੇ ਭੰਗੜੇ ਦੇ ਗੀਤ ‘ਰੂਪ ਨੂੰ ਹਨੇਰ ਚੜ੍ਹਿਆ’ ਤੋਂ ਪਹਿਲੋਂ ਹੀਰੋਇਨ ਇੰਦਰਾ ਬਿੱਲੀ ਇਹੋ ਜਿਹਾ ਸੰਵਾਦ ਬੋਲਦੀ ਹੈ।

ਫਿਲਮ ਪਿੰਡ ਦੀ ਕੁੜੀ ਦਾ ਭੰਗੜਾ ‘ਜੈਲਦਾਰਾ ਪੁੱਤ ਨੂੰ ਸਮਝਾ ਲੈ’ ਵੀ ਵਿਸਾਖੀ ਦੇ ਮੌਕੇ ਨੂੰ ਦਰਸਾਉਂਦਾ ਹੈ। ਫਿਲਮ ‘ਪਰਦੇਸੀ ਢੋਲਾ’ ਵਿੱਚ ਮਾਂ ਹੀਰੋ ਰਵਿੰਦਰ ਕਪੂਰ ਨੂੰ ਕਹਿੰਦੀ ਹੈ ‘ਜਾ ਪੁੱਤਰ ਇੰਦਰਾ ਨੂੰ ਵਿਸਾਖੀ ਦਾ ਮੇਲਾ ਵਿਖਾ ਲਿਆ।’ ਮੇਲੇ ਵਿੱਚ ਜਾ ਕੇ ਉਹ ਦੋਵੇਂ ‘ਦੁਸ਼ਮਣ ਹੋ ਜਾਵੇ ਭਾਵੇਂ ਦੁਨੀਆਂ ਸਾਰੀ’ ਗੀਤ ਤੇ ਭੰਗੜਾ ਪਾਉਂਦੇ ਹਨ।

ਫਿਲਮ ਜੀਜਾ ਜੀ ਦਾ ਡਾਇਲਾਗ ‘ਭੋਲੂ ਅੱਜ ਵਿਸਾਖੀ ਏ, ਅੱਜ ਦੇ ਦਿਨ ਵੀ ਸੋਗ’ ਪੰਜਾਬੀਆਂ ਦੇ ਜੀਵਨ ਵਿੱਚ ਵਿਸਾਖੀ ਦੀ ਅਹਿਮੀਅਤ ਨੂੰ ਪ੍ਰਗਟਾਉਂਦਾ ਹੈ। ਇਹ ਗੱਲ ਸੁਣਦਿਆਂ ਹੀ ਯਤੀਮ ਅਤੇ ਮਾਸੂਮ ਹੀਰੋ ‘ਹੜਿੱਪਾ ਹੜਿੱਪਾ ਨੀ ਚਿੱਟੀਏ ਕਬੂਤਰੀਏ..’ ਬੋਲਾਂ ਉੱਤੇ ਭੰਗੜਾ ਪਾਉਣ ਲੱਗਦਾ ਹੈ।

ਵਿਸਾਖੀ ਦੇ ਪਾਵਨ ਤਿਓਹਾਰ ਨੂੰ ਹੋਰ ਵੀ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਵਿੱਚ ਭੰਗੜਾ ਗੀਤਾਂ ਦੇ ਜ਼ਰੀਏ ਅਹਿਮ ਥਾਂ ਦਿੱਤੀ ਗਈ ਹੈ। ਤਕਰੀਬਨ 1960ਵਿਆਂ ਅਤੇ 1970ਵਿਆਂ ਦੀ ਹਰ ਦੂਜੀ ਫਿਲਮ ਵਿੱਚ ਵਿਸਾਖੀ ਦੇ ਮੇਲੇ ਬਾਬਤ ਕੋਈ ਗੀਤ ਸੀ ਜਾਂ ਮੇਲੇ ਦਾ ਦ੍ਰਿਸ਼ ਕਹਾਣੀ ਦੀ ਨਾਟਕੀ ਮੋੜ ਸਾਬਤ ਹੁੰਦਾ ਸੀ।

ਵਿਸਾਖੀ ਦਾ ਤਿਓਹਾਰ ਤਕਰੀਬਨ ਤਿੰਨ-ਚਾਰ ਦਹਾਕਿਆਂ ਤੱਕ ਪੰਜਾਬੀ ਫਿਲਮਾਂ ਦੀ ਸ਼ਾਨ ਬਣਿਆ ਰਿਹਾ। ਇਸ ਤੋਂ ਬਾਅਦ ਪੰਜਾਬੀ ਫਿਲਮਸਾਜ਼ਾਂ ਨੇ ਪੰਜਾਬ ਦੇ ਸੱਭਿਆਚਾਰਕ ਵਿਰਸੇ ਨਾਲ ਜੁੜੇ ਮੇਲਿਆਂ ਅਤੇ ਤਿਉਹਾਰਾਂ ਨੂੰ ਦਿਲੋਂ ਹੀ ਭੁਲਾ ਦਿੱਤਾ।

ਦੀਵਾਲੀ, ਲੋਹੜੀ, ਹੋਲੀ ਵਰਗੇ ਤਿਓਹਾਰ ਸਾਡੀਆਂ ਫਿਲਮਾਂ ਵਿੱਚੋਂ ਤਕਰੀਬਨ ਗਾਇਬ ਹੋ ਗਏ ਹਨ। ਬਸ ਹੁਣ ਕਦੀ ਕਦਾਈਂ ਵਿਸਾਖੀ ਦੇ ਢੋਲ ਦੀ ਧਮਕ ਕੰਨਾਂ ਵਿੱਚ ਪੈਂਦੀ ਹੈ ਜਿਵੇਂ 1992 ਵਿੱਚ ਡਾਇਰੈਕਟਰ ਹਰਜੀਤ ਸਿੰਘ ਨੇ ‘ਵਿਸਾਖੀ’ ਨਾਮ ਦੀ ਪੰਜਾਬੀ ਫਿਲਮ ਬਣਾਈ ਸੀ। ਸੰਨ 2016 ਵਿੱਚ ਗਾਖਲ ਬ੍ਰਦਰਜ਼ ਇੰਟਰਟੇਨਮੈਂਟ ਪ੍ਰਾਈਵੇਟ ਲਿਮਟਿਡ ਨੇ ‘ਵਿਸਾਖੀ ਲਿਸਟ’ ਨਾਮ ਦੀ ਫਿਲਮ ਬਣਾਈ।

# ਪੰਜਾਬੀ ਸਾਹਿਤ ਦੀ ਹਰਮਨ ਪਿਆਰੀ ਕੂੰਜ

**ਰਵਨਜੋਤ ਕੌਰ ਸਿੱਧੂ ਰਾਵੀ**
**ਜੱਬੋਵਾਲ ਸ਼ਹੀਦ ਭਗਤ ਸਿੰਘ ਨਗਰ**

ਧੀਆਂ ਕੂੰਜਾਂ ਬੈਠ ਸਦਾ ਨਾ ਰਹਿਣਾ ਆਖਰ ਜਾਣੀ ਮਾਰ ਉਡਾਰੀ। ਉੱਡਣਾ ਪੈਂਦਾ ਆਖਿਰ ਨੂੰ ਨਾ ਰੱਖਿਆ ਰਹਿੰਦੀਆਂ ਧੀਆਂ ਅਤੇ ਕੂੰਜਾਂ।

ਉੱਚਾਈ, ਲੰਬਾਈ, ਪਤਲੇਪਣ, ਕੋਮਲਤਾ ਆਦਿ ਵਰਗੇ ਪੱਖੋਂ ਪੰਜਾਬੀ ਮੁਟਿਆਰ ਦੀ ਕੂੰਜ ਨਾਲ ਅਕਸਰ ਤੁਲਨਾ ਕੀਤੀ ਜਾਂਦੀ ਹੈ। ਗਿੱਧੇ ਵਿਚ ਨੱਚਦੀਆਂ ਮੁਟਿਆਰਾਂ ਦੇ ਨਾਚ ਨੂੰ ਕਾਲਪਨਿਕ ਤਰੀਕੇ ਨਾਲ ਕੂੰਜਾਂ ਦੀ ਡਾਰ ਨਾਲ ਕੁਝ ਇਸ ਤਰਾਂ ਤੁਲਨਾਇਆ ਜਾਂਦਾ ਹੈ:

’ਕੱਠੀਆਂ ਹੋ ਕੇ ਆਈਆਂ ਗਿੱਧੇ ਵਿਚ ਇਕੋ ਜਿਹੀਆਂ ਮੁਟਿਆਰਾਂ। ਦੂਹਰੀਆਂ ਹੋ ਕੇ ਨੱਚਣ ਲੱਗੀਆਂ ਜਿਉਂ ਕੂੰਜਾਂ ਦੀਆਂ ਡਾਰਾਂ।

ਪੰਜਾਬੀ ਸਾਹਿਤ ਦੇ ਲੋਕ ਗੀਤਾਂ ਵਿੱਚ ਕੂੰਜ ਲਫ਼ਜ਼ ਦਾ ਜ਼ਿਕਰ ਵਾਰ-ਵਾਰ ਆਉਂਦਾ ਸੀ। ਵੱਖ ਵੱਖ ਪੰਛੀ ਪੰਜਾਬੀ ਸੱਭਿਆਚਾਰ ਦਾ ਮਹੱਤਵਪੂਰਨ ਹਿੱਸਾ ਹਨ। ਇਸੇ ਤਰਾਂ ਦਾ ਹੀ ਇਕ ਪੰਛੀ ਹੈ ਕੂੰਜ। ਕੂੰਜ ਇਕ ਪ੍ਰਵਾਸੀ ਪੰਛੀ ਹੈ। ਇਸਦੇ ਪ੍ਰਵਾਸੀ ਪੰਛੀ ਹੋਣ ਦੇ ਬਾਵਜੂਦ ਇਹ ਪੰਜਾਬੀਆਂ ਵਿਚ ਕਾਫ਼ੀ ਹਰਮਨਪਿਆਰਾ ਅਤੇ ਪੰਜਾਬੀ ਸੱਭਿਆਚਾਰ ਵਿਚ ਖ਼ਾਸ ਸਥਾਨ ਰੱਖਦਾ ਹੈ।ਹਿੰਦੀ ਵਿੱਚ ਕੂੰਜਾਂ ਨੂੰ ‘ਕਰਕਰਾਂ’ ਅਤੇ ਅੰਗਰੇਜ਼ੀ ਵਿੱਚ ‘ਕਰੇਨਸ’ ਕਹਿੰਦੇ ਹਨ।ਸਾਰੀ ਦੁਨੀਆਂ ਵਿੱਚ ਕੁੱਲ 15 ਜਾਤੀਆਂ ਦੀਆਂ ‘ਕਰੇਨਸ’ ਮਿਲਦੀਆਂ ਹਨ ਜਿਨਾਂ ਦੇ ਪਰਿਵਾਰ ਨੂੰ ‘ਗਰੂਈਡੇਈ’ ਸੱਦਦੇ ਹਨ। ਇਨਾਂ ਪੰਦਰਾਂ ਜਾਤੀਆਂ ਵਿੱਚੋਂ ਸੱਤ ਜਾਤੀਆਂ ਦੀ ਹੋਂਦ ਖ਼ਤਰੇ ਦੇ ਕਗ਼ਾਰ ਉੱਤੇ ਪਹੁੰਚ ਚੁੱਕੀ ਹੈ। ਭਾਰਤ ਵਿੱਚ ਮਿਲਣ ਵਾਲੀਆਂ ਚਾਰ ਜਾਤੀਆਂ ਵਿੱਚੋਂ ਸਿਰਫ਼ ਇੱਕ ‘ਸਾਰਸ ਕਰੇਨ’ ਹੀ ਇੱਥੇ ਸਾਰਾ ਸਾਲ ਰਹਿੰਦੀ ਹੈ। ਬਾਕੀ ਦੀਆਂ ਤਿੰਨ ਜਾਤੀਆਂ ਸਿਰਫ਼ ਸਰਦੀਆਂ ਕੱਟਣ ਇੱਥੇ ਆਉਂਦੀਆਂ ਹਨ। ਪੰਜਾਬ ਦੀ ਹਰਮਨ ਪਿਆਰੀ ਤੇ ਸਾਹਿਤ ਨਾਲ ਜੁੜੀ ਹੋਈ ਕੂੰਜ 15 ਜਾਤੀਆਂ ਵਿੱਚੋਂ ਸਭ ਤੋਂ ਛੋਟੀ ਹੈ, ਇਸ ਲਈ ਉਸ ਨੂੰ ਛੋਟੀ ਕੂੰਜ ਦਾ ਨਾਮ ਦਿੱਤਾ ਗਿਆ ਅਤੇ ਅੰਗਰੇਜ਼ੀ ਵਿੱਚ ‘ਡੀਮੌਆਇਸੀਲੀ ਕਰੇਨ’ ਕਹਿੰਦੇ ਹਨ।ਛੋਟੇ ਸਿਰ, ਲੰਮੀ ਧੌਣ ਅਤੇ ਲੰਮੀਆਂ ਲੱਤਾਂ ਵਾਲੀਆਂ ‘ਛੋਟੀਆਂ ਕੂੰਜਾਂ’ ਦੀ ਉਚਾਈ 75 ਸੈਂਟੀਮੀਟਰ, ਸਰੀਰ ਦੀ ਲੰਬਾਈ 85 ਤੋਂ 100 ਸੈਂਟੀਮੀਟਰ, ਪਰਾਂ ਦਾ ਪਸਾਰ 155 ਤੋਂ 180 ਸੈਂਟੀਮੀਟਰ ਅਤੇ ਭਾਰ 2 ਤੋਂ 3 ਕਿਲੋ ਹੁੰਦਾ ਹੈ। ਦੂਰੋਂ ਸ਼ੁਤਰਮੁਰਗ ਵਰਗੀ ਦਿੱਖ ਵਾਲੀ ਇਸ ‘ਛੋਟੀ ਕੂੰਜ’ ਦਾ ਰੰਗ ਪਿਲਤਣ ਵਾਲੀ ਨੀਲੀ ਭਾਹ ਵਾਲਾ ਸਲੇਟੀ ਹੁੰਦਾ ਹੈ। ਇਨਾਂ ਦੇ ਕਾਲੇ ਸਿਰ ਹੇਠਾਂ ਠੋਡੀ ਤੋਂ ਲੰਮੀ ਗਰਦਨ ਦੀ ਜੜ ਤਕ ਕਾਲੇ ਲੰਮੇ ਖੰਭਾਂ ਦੀ ਦਾੜ੍ਹੀ ਜਿਹੀ ਹੁੰਦੀ ਹੈ। ਕੂੰਜਾਂ ਦੀਆਂ ਲਾਲ ਅੱਖਾਂ ਦੇ ਪਿੱਛੋਂ ਕੰਨਾਂ ਉੱਤੇ ਥੱਲਿਓਂ ਅੱਗੇ ਨੂੰ ਮੁੜੇ ਹੋਏ ਕੋਈ 4-5 ਇੰਚ ਲੰਮੇ ਕੁਝ ਦੁੱਧ ਚਿੱਟੇ ਖੰਭ ਹੁੰਦੇ ਹਨ। ਗਰਦਨ ਦਾ ਪਿੱਠ ਵਾਲਾ ਪਾਸਾ ਚਿੱਟਾ ਹੁੰਦਾ ਹੈ। ਹੇਠਾਂ ਨੂੰ ਮੁੜੇ ਹੋਏ ਲੰਮੇ-ਲੰਮੇ ਖੰਭਾਂ ਨਾਲ ਬਣੀ ਪੂਛ ਕਾਲੀ ਹੁੰਦੀ ਹੈ। ਵੱਡੇ ਗੋਲ ਪਰਾਂ ਉੱਤੇ ਲੱਗੇ ਉੱਡਣ ਵਾਲੇ ਖੰਭਾਂ ਦੇ ਸਿਰੇ ਵੀ ਕਾਲੇ ਹੀ ਹੁੰਦੇ ਹਨ। ਇਸ ਦੇ ਨਾਲ ਇਨਾਂ ਦੀ ਪਤਲੀ ਛੋਟੀ ਚੁੰਝ ਅਤੇ ਲੰਮੀਆਂ ਖੁਰਦਰੀਆਂ ਦਿਸਣ ਵਾਲੀਆਂ ਲੱਤਾਂ ਵੀ ਕਾਲੀਆਂ ਹੀ ਹੁੰਦੀਆਂ ਹਨ।ਭਾਰਤ ਵਿੱਚ ਆਉਣ ਵਾਲੀਆਂ ਛੋਟੀਆਂ ਕੂੰਜਾਂ ਮੰਗੋਲਿਆ, ਚੀਨ ਅਤੇ ਮੱਧ-ਯੂਰਪ ਵਿੱਚ ਆਪਣੀਆਂ ਗਰਮੀਆਂ ਕੱਟਦੀਆਂ ਹਨ ਅਤੇ ਉੱਥੇ ਹੀ ਬੱਚੇ ਦਿੰਦੀਆਂ ਹਨ। ਅਗਸਤ ਦੇ ਮਹੀਨੇ ਵਿੱਚ ਇਹ ਇਕੱਲੀਆਂ ਹੋਣਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਕੋਈ ਚਾਰ ਸੌ ਤਕ ਦੇ ਕਾਫ਼ਲਿਆਂ ਵਿੱਚ ਇਹ ਅੰਗਰੇਜ਼ੀ ਦੇ ਅੱਖਰ ’ਵੀ’ ਦੇ ਆਕਾਰ ਵਿੱਚ 5,000 ਤੋਂ 8,000 ਮੀਟਰ ਦੀ ਉੱਚਾਈ ’ਤੇ ਉੱਡਦੀਆਂ ਹਿਮਾਲਿਆ ਪਰਬਤ ਨੂੰ ਪਾਰ ਕਰਕੇ ਅਕਤੂਬਰ ਦੇ ਸ਼ੁਰੂ ਵਿੱਚ ਭਾਰਤ ਪਹੁੰਚ ਜਾਂਦੀਆਂ ਹਨ। ਕੂੰਜਾਂ ਦੇ ਇਸ ਤਰਾਂ ਦੇ ਆਕਾਰ ਵਿਚ ਉੱਡਣ ਪਿੱਛੇ ਵਿਗਿਆਨਕ ਕਾਰਨ ਹਵਾ ਦੇ ਵੇਗ ਦੇ ਪ੍ਰਭਾਵ ਨੂੰ ਘੱਟ ਕਰਨਾ ਹੁੰਦਾ ਹੈ। ਇਸਦੇ ਨਾਲ ਅਗਵਾਈ ਕਰਨ ਵਾਲੀ ਕੂੰਜ ਨੂੰ ਵਧੇਰ ਤਾਕਤ ਲਗਾਉਣੀ ਪੈਂਦੀ ਹੈ, ਜਦੋਂਕਿ ਉਸ ਪਿਛਲੀਆਂ ਕੂੰਜਾਂ ਨੂੰ ਉੱਡਣਾ ਕੁਝ ਆਸਾਨ ਰਹਿੰਦਾ ਹੈ। ਮੂਹਰੇ ਵਾਲੀ ਕੂੰਜ ਦੇ ਥੱਕਣ ’ਤੇ ਉਹ ਆਪਣੀ ਥਕਾਵਟ ਨੂੰ ਘੱਟ ਕਰਨ ਲਈ ਕਤਾਰ ਵਿਚੋਂ ਪਿੱਛੇ ਚਲੀ ਜਾਂਦੀ ਹੈ। ਉਸਤੋਂ ਪਿਛਲੀ ਕੂੰਜ ਕਤਾਰ ਦੀ ਅਗਵਾਈ ਕਰਨ ਲੱਗਦੀ ਹੈ। ਕਤਾਰਾਂ ਵਿਚ ਉੱਡਦੀਆਂ ਕੂੰ ਸਿਰ ਉੱਪਰ ਨੂੰ ਚੁੱਕ ਕੇ ਗੋਲ-ਗੋਲ ਚੱਕਰਾਂ ਵਿੱਚ ਛਲਾਂਗਾਂ ਮਾਰਦੀਆਂ ਦੌੜਦੀਆਂ ਹਨ। ਉਸ ਵੇਲੇ ਵਿੱਚ-ਵਿੱਚ ਦੀ ਰੁਕ ਕੇ ਕੋਈ ਸੁੱਕੀ ਸੋਟੀ ਜਾਂ ਘਾਹ ਆਪਣੀ ਚੁੰਝ ਨਾਲ ਚੁੱਕ ਕੇ ਉੱਪਰ ਨੂੰ ਹਵਾ ਵਿੱਚ ਸੁੱਟ ਕੇ ਉਸ ਨੂੰ ਬੋਚਦੀਆਂ ਵੀ ਹਨ। ਕੂੰਜਾਂ ਦਾ ਆਹਰ ਠੰਢੇ ਇਲਾਕਿਆਂ ਵਿੱਚ ਤਾਂ ਇਹ ਖ਼ੁਸ਼ਕ ਘਾਹ ਦੇ ਮੈਦਾਨਾਂ ਵਿੱਚ ਹਰਿਆਵਲ ਹੀ ਖਾਂਦੀਆਂ ਹਨ, ਪਰ ਭਾਰਤ ਵਿੱਚ ਇਹ ਪਾਣੀ ਦੇ ਸੋਮਿਆਂ (ਝੀਲਾਂ, ਛੰਭਾਂ, ਛੱਪੜਾਂ, ਵੱਡੇ ਦਰਿਆਵਾਂ) ਦੇ ਨੇੜੇ ਰਹਿੰਦੀਆਂ ਹਨ ਅਤੇ ਖੇਤਾਂ ਵਿੱਚੋਂ ਮੂੰਗਫਲੀ, ਦਾਣੇ, ਕੀੜੇ-ਮਕੌੜੇ, ਡੱਡੂ, ਕਿਰਲੀਆਂ, ਸੱਪ ਆਦਿ ਦੇ ਨਾਲ ਨਾਲ ਪੁੰਗਰਦੇ ਛੋਲੇ, ਜੌਂ, ਕਣਕ ਵਰਗੀਆਂ ਦੂਸਰੀਆਂ ਹਾੜ੍ਹੀ ਦੀਆਂ ਫ਼ਸਲਾਂ ਦੇ ਬੀਜ ਤੇ ਛੋਟੇ ਪੌਦੇ ਹੁੰਦੇ ਹਨ। ਇਸ ਕਰਕੇ ਇਨਾਂ ਤੋਂ ਵਧੇਰੇ ਪ੍ਰਭਾਵਿਤ ਹੁੰਦੇ ਖੇਤਰਾਂ ਦੇ ਕਿਸਾਨ ਇਨਾਂ ਤੋਂ ਕੁਝ ਪ੍ਰੇਸ਼ਾਨ ਹੁੰਦੇ ਹਨ। ਕੂੰਜਾਂ ਨੂੰ ਕੋਸਦੇ ਹਨ ਅਤੇ ਇਨਾਂ ਤੋਂ ਫ਼ਸਲਾਂ ਦੇ ਬਚਾਅ ਲਈ ਉਪਾਅ ਕਰਦੇ ਹਨ, ਇਸ ਸਬੰਧੀ ਲੋਕ ਗੀਤ :

ਕੁੜੀਆਂ ਅਤੇ ਕੂੰਜਾਂ ਕਦੋਂ ਫ਼ਸਲਾਂ ਉਜਾੜੀਆਂ ਨੇ
ਫਿਰ ਵੀ ਪਤਾ ਨਹੀਂ ਰੱਬਾ ਇਹ ਕਿਉਂ ਮਾੜੀਆਂ ਨੇ।

ਕੂੰਜਾਂ ਆਪਣੇ ਸਾਥੀ ਲਈ ਸਾਰੀ ਉਮਰ ਵਫ਼ਾਦਾਰ ਰਹਿੰਦੀਆਂ ਹਨ ਅਤੇ ਜੇ ਇਨਾਂ ਵਿੱਚੋਂ ਇੱਕ ਨੂੰ ਕੁਝ ਹੋ ਜਾਵੇ ਤਾਂ ਦੂਜੀ ਕੂੰਜ ਕਈ ਦਿਨ ਕੁਰਲਾਉਂਦੀ ਹੈ ਅਤੇ ਖਾਣਾ-ਪੀਣਾ ਵੀ ਬੰਦ ਕਰ ਦਿੰਦੀ ਹੈ। ਮਾਰਚ ਦੇ ਮਹੀਨੇ ਵਿੱਚ ਉਸੇ ਪੈਂਡੇ ਤੋਂ ਇਹ ਵਾਪਸ ਆਪਣੇ ਗਰਮੀਆਂ ਦੇ ਅੱਡੇ ਵੱਲ ਚਲੀਆਂ ਜਾਂਦੀਆਂ ਹਨ। ਉੱਥੋਂ ਇਹ ਪਾਣੀ ਦੇ ਸੋਮਿਆਂ ਦੇ ਨੇੜੇ ਘਾਹ ਦੇ ਮੈਦਾਨਾਂ ਵਿੱਚ ਰਹਿੰਦੀਆਂ ਹਨ, ਜਿੱਥੇ ਘਾਹ ਐਨਾ ਉੱਚਾ ਹੋਣਾ ਚਾਹੀਦਾ ਹੈ ਜਿਸ ਵਿੱਚ ਇਹ ਲੁਕ ਸਕਣ, ਇੱਥੇ ਕਿਸੇ ਥੋੜੀ ਜਿੰਨੀ ਰੜੀ ਥਾਂ ਉੱਤੇ ਮਾਦਾ ਦੋ ਫਿੱਕੀ ਪੀਲੀ ਭਾਹ ਵਾਲੇ ਸਲੇਟੀ ਅੰਡੇ ਦਿੰਦੀ ਹੈ। ਅੰਡਿਆਂ ਉੱਤੇ ਲਾਖੀ ਭਾਹ ਵਾਲੀਆਂ ਗੂੜੀਆਂ ਭੂਰੀਆਂ ਵਿਰਲੀਆਂ-ਵਿਰਲੀਆਂ ਬਿੰਦੀਆਂ ਹੁੰਦੀਆਂ ਹਨ। ਨਰ ਅਤੇ ਮਾਦਾ ਵਾਰੀ-ਵਾਰੀ 27 ਤੋਂ 29 ਦਿਨ ਅੰਡੇ ਸੇਕ ਕੇ ਚੂਚੇ ਕੱਢ ਲੈਂਦੇ ਹਨ। ਚੂਚੇ 55 ਤੋਂ 65 ਦਿਨਾਂ ਵਿੱਚ ਉੱਡਣ ਦੇ ਕਾਬਲ ਹੋ ਜਾਂਦੇ ਹਨ, ਪਰ ਪੂਰਾ ਇੱਕ ਸਾਲ ਉਹ ਰਹਿੰਦੇ ਆਪਣੇ ਮਾਂ-ਬਾਪ ਦੀ ਡਾਰ ਵਿੱਚ ਹੀ ਹਨ।

ਕੂੰਜ ਜ਼ਿਕਰ ਪੰਜਾਬੀ ਸਾਹਿਤ ਦੇ ਨਾਲ ਨਾਲ ਪੁਰਾਤਨ ਗ੍ਰੰਥਾਂ ਵਿੱਚ ਵੀ ਆਉਦਾ ਹੈ। ਕੂੰਜ ਨੂੰ ਧਾਰਮਿਕ ਪੰਛੀ ਵੀ ਮੰਨਿਆ ਗਿਆ ਹੈ।ਗੁਰੂ ਗ੍ਰੰਥ ਸਾਹਿਬ ਵਿਚ ਵੀ ਕੂੰਜ ਦਾ ਵਰਣਨ ਪ੍ਰਤੀਕਾਤਮਕ ਤਰੀਕੇ ਨਾਲ ਵੱਖ ਵੱਖ ਅਰਥਾਂ ਵਿਚ ਕੀਤਾ ਗਿਆ ਹੈ:

ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ॥ ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ॥ ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ॥ ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ॥

ਇੱਕ ਸ਼ਿਕਾਰੀ ਨੇ ਜਦੋਂ ਕੂੰਜਾਂ ਦੀ ਇੱਕ ਜੋੜੀ ਵਿੱਚੋਂ ਇੱਕ ਨੂੰ ਤੀਰ ਮਾਰ ਕੇ ਮਾਰ ਦਿੱਤਾ ਸੀ ਤਾਂ ਜੋੜੀ ਦੀ ਦੂਜੀ ਕੂੰਜ ਦਾ ਕੁਰਲਾਉਣਾ ਸੁਣ ਕੇ ਬਾਬਾ ਬਾਲਮੀਕ ਨੂੰ ਰਮਾਇਣ ਲਿਖਣ ਦੀ ਪ੍ਰੇਰਨਾ ਮਿਲੀ ਸੀ। ਕੂੰਜਾਂ ਦਾ ਜ਼ਿਕਰ ਕੁਰਾਨ ਵਿੱਚ ਆਉਣ ਨਾਲ ਇਸਲਾਮ ਨੂੰ ਮੰਨਣ ਵਾਲੇ ਇਨਾਂ ਨੂੰ ਪਾਕ ਪੰਛੀ ਮੰਨਦੇ ਹਨ ਅਤੇ ਇਨਾਂ ਦੀ ਹਿਫ਼ਾਜ਼ਤ ਕਰਦੇ ਹਨ।

ਬਾਕੀ ਸਫ਼ਾ 31 ’ਤੇ

# ਕਲਾ ਦੇ ਰੂਪ ਵਿੱਚ ਸਿੱਖ ਇਤਿਹਾਸ, ਅਮਰੀਕਾ ਦੇ ਨੋਰਵਿਚ ਦੀ ਸ਼ਾਨ

ਸਰਬਜੀਤ ਕੌਰ 'ਸਰਬ'

## ਕਲਾ ਦੇ ਰੂਪ ਵਿੱਚ ਸਿੱਖ ਇਤਿਹਾਸ, ਅਮਰੀਕਾ ਦੇ ਨੋਰਵਿਚ ਦੀ ਸ਼ਾਨ : ਭਾਗ-2

ਜਿਵੇਂ ਕਿ ਅਸੀਂ ਪਿੱਛੇ ਜਾਣ ਚੁੱਕੇ ਹਾਂ ਕਿ ਸਿੱਖ ਆਰਟ ਗੈਲਰੀ ਦੇ ਡਾਇਰੈਕਟਰ ਸਰਦਾਰ ਸਵਰਨਜੀਤ ਸਿੰਘ ਖਾਲਸਾ ਦੀ ਮਿਹਨਤ ਮੁਸ਼ੱਕਤ ਨਾਲ ਬੇਗਾਨੀ ਜਗਾ ਉੱਤੇ ਬਣੇ ਸਿੱਖ ਆਰਟ ਗੈਲਰੀ ਇਸ ਸਮੇਂ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚ ਰਹੀ ਹੈ । ਕਿਉਂਕਿ ਇਸ ਸਿੱਖ ਆਰਟ ਗੈਲਰੀ ਵਿੱਚ ਸਿੱਖ ਕੌਮ ਦਾ ਇਤਿਹਾਸ ਕਲਾ ਦੇ ਰੂਪ ਵਿੱਚ ਸੰਭਾਲ ਕੇ ਰੱਖਿਆ ਹੋਇਆ ਹੈ। ਅਸੀਂ ਪਹਿਲਾਂ ਵੀ ਆਖ ਚੁੱਕੇ ਹਾਂ ਕਿ ਜੋ ਕੰਮ ਸਿੱਖ ਇਤਿਹਾਸ ਨੂੰ ਸਾਂਭਣ ਦੇ ਲਈ ਸਰਦਾਰ ਸਵਰਨਜੀਤ ਸਿੰਘ ਖਾਲਸਾ ਨੇ ਕੀਤਾ ਹੈ, ਪੰਜਾਬ ਵਿੱਚ ਵੀ ਐਨੀ ਸਿੱਖ ਇਤਿਹਾਸ ਦੀ ਸੰਭਾਲ ਨਹੀਂ ਕੀਤੀ ਗਈ । ਕਿਉਂਕਿ ਅਸੀਂ ਸਭ ਜਾਣਦੇ ਹਾਂ ਕਿ ਪੰਜਾਬ ਵਿੱਚ ਸਿਆਸਤੀ ਢਾਂਚਾ ਅਜਿਹਾ ਹੈ ਕਿ ਜਿਸ ਵਿਚ ਕੇਵਲ ਤੇ ਕੇਵਲ ਇਹ ਹੀ ਸੋਚ ਰੱਖੀ ਜਾਂਦੀ ਹੈ ਕਿ ਕਿਵੇਂ ਲੋਕਾਂ ਨੂੰ ਬੇਵਕੂਫ ਬਣਾ ਕੇ ਉਨਾਂ ਤੋਂ ਵੋਟਾਂ ਲੈ ਕੇ ਰਾਜ ਕੀਤਾ ਜਾਵੇ । ਸਾਡੀ ਵਿਰਾਸਤ ਤੇ ਸੱਭਿਆਚਾਰ ਸਿਆਸਤ ਦੀ ਇਸ ਸੋਚ ਉੱਤੇ ਲਗਾਤਾਰ ਭੇਟ ਚੜ ਰਿਹਾ ਹੈ। ਪਰ ਫਿਰ ਵੀ ਆਖਿਆ ਜਾਂਦਾ ਹੈ ਕਿ ਜੇਕਰ ਤੁਹਾਡਾ ਇਤਿਹਾਸ ਸਤਿਕਾਰ ਪੂਰਨ ਅਤੇ ਵਿਲੱਖਣਤਾ ਪ੍ਰਦਾਨ ਕਰਨ ਵਾਲਾ ਹੈ ਤਾਂ ਉਸ ਦੀ ਸੰਭਾਲ ਦੇ ਲਈ ਕੋਈ ਨਾ ਕੋਈ ਸਿੱਖ ਨਾਇਕ ਦੇ ਰੂਪ ਵਿੱਚ ਸਾਹਮਣੇ ਆ ਜਾਂਦਾ ਹੈ। ਸੋ ਸਵਰਨਜੀਤ ਸਿੰਘ ਖਾਲਸਾ ਵੀ ਅਜਿਹੇ ਸਿੱਖ ਨਾਇਕ ਹਨ ਜਿਨਾਂ ਨੇ ਸਿੱਖ ਇਤਿਹਾਸ ਨੂੰ ਕਲਾ ਦੇ ਰੂਪ ਵਿਚ ਸੰਭਾਲ ਕੇ ਰੱਖ ਲਿਆ ਹੈ ਅਤੇ ਅੱਗੇ ਹੋਰ ਖੋਜੀ ਬਿਰਤੀ ਦੇ ਦੁਆਰਾ ਸਿੱਖ ਇਤਿਹਾਸ ਨੂੰ ਲਗਾਤਾਰ ਪਹਿਚਾਣ ਕੇ ਉਸ ਨੂੰ ਕਲਾ ਦੇ ਰੂਪ ਵਿਚ ਆਉਣ ਵਾਲੀਆਂ ਪੀੜੀਆਂ ਲਈ ਸੰਭਾਲ ਕੇ ਰੱਖ ਰਹੇ ਹਨ।

ਸਵਰਨਜੀਤ ਸਿੰਘ ਖਾਲਸਾ ਦੇ ਜਨਮ ਸਬੰਧੀ ਗੱਲ ਕਰਦਿਆਂ ਉਨਾਂ ਨੇ ਦੱਸਿਆ ਕਿ ਉਨਾਂ ਦਾ ਜਨਮ 1985 ਨੂੰ ਨਵੀਂ ਦਿੱਲੀ ਵਿੱਚ ਗੁਰਸਿੱਖ ਪਰਿਵਾਰ 'ਚ ਹੋਇਆ । ਪਰ 1989 ਵਿੱਚ ਉਨਾਂ ਦੇ ਪਿਤਾ ਆਪਣੇ ਪਰਿਵਾਰ ਸਮੇਤ ਪੰਜਾਬ ਦੇ ਸ਼ਹਿਰ ਜਲੰਧਰ ਆ ਕੇ ਵਸ ਗਏ। ਇੱਥੋਂ ਹੀ ਉਨਾਂ ਆਪਣੀ ਪੜਾਈ ਗੁਰੂ ਅਮਰਦਾਸ ਪਬਲਿਕ ਸਕੂਲ ਵਿੱਚ ਸ਼ੁਰੂ ਕੀਤੀ। ਸਕੂਲ ਦੀ ਪੜਾਈ ਖ਼ਤਮ ਹੋਣ ਤੋਂ ਬਾਅਦ ਸਵਰਨਜੀਤ ਸਿੰਘ ਖਾਲਸਾ ਨੇ 41ਐ ਇੰਜੀਨੀਅਰਿੰਗ ਕਾਲਜ ਜਲੰਧਰ ਵਿੱਚ ਬੀ ਟੈਕ ਕੀਤੀ । ਬੀ ਟੈਕ ਦੀ ਪੜਾਈ ਤੋਂ ਬਾਅਦ ਉੱਚ ਸਿੱਖਿਆ ਲਈ ਸਵਰਨਜੀਤ ਸਿੰਘ ਖਾਲਸਾ ਅਮਰੀਕਾ ਚਲੇ ਗਏ । ਜਿੱਥੇ ਜਾ ਕੇ ਉਨਾਂ ਨੇ ਆਪਣੇ ਜੀਵਨ ਦੀ ਸ਼ੁਰੂਆਤ ਇਕ ਨਵੇਂ ਢੰਗ ਦੇ ਨਾਲ ਕੀਤੀ । ਇਸ ਜੀਵਨ ਦੀ ਸ਼ੁਰੂਆਤ ਵਿੱਚ ਉਨਾਂ ਦੀ ਪਤਨੀ ਅਤੇ ਪਰਿਵਾਰ ਦਾ ਪੂਰਾ ਸਾਥ ਮਿਲਿਆ। ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੇ ਨਾਲ ਨਾਲ ਸਵਰਨਜੀਤ ਸਿੰਘ ਖਾਲਸਾ ਆਪਣੇ ਮੂਲ ਨਾਲੋਂ ਕਦੇ ਨਹੀਂ ਟੁੱਟੇ, ਸਗੋਂ ਉਸ ਸਿੱਖੀ ਦੀ ਜੜ ਨੂੰ ਮਜ਼ਬੂਤ ਕਰਨ ਦੇ ਲਈ ਬੇਗਾਨੀ ਧਰਤੀ 'ਤੇ ਸਿੱਖ ਕੌਮ ਦੇ ਇਤਿਹਾਸ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ । ਜਿਸ ਵਿੱਚ ਸਮੇਂ ਸਮੇਂ ਦੇ ਨਾਲ ਸਿੱਖ ਕੌਮ ਦੀ ਰਹਿਨੁਮਾਈ ਕਰਨ ਵਾਲੀਆਂ ਰੱਬੀ ਰੂਹਾਂ ਦਾ ਜੁੜਨਾ ਸ਼ੁਰੂ ਹੋ ਗਿਆ ।

ਸਵਰਨਜੀਤ ਸਿੰਘ ਖਾਲਸਾ ਆਖਦੇ ਹਨ ਕਿ ਕਾਰੋਬਾਰ ਵਿੱਚ ਸਖ਼ਤ ਮਿਹਨਤ ਕਰਦੇ ਹੋਏ ਵੀ ਉਹ ਆਪਣੀ ਸਿੱਖ ਕੌਮ ਦੇ ਲਈ ਕੁਝ ਨਾ ਕੁਝ ਕਰਨ ਦੀ ਕੋਸ਼ਿਸ਼ ਸਦਾ ਕਰਦੇ ਰਹਿੰਦੇ ਸਨ । ਉਨਾਂ ਦੀ ਇਸ ਕੋਸ਼ਿਸ਼ ਨੂੰ ਹੀ ਪਾਤਸ਼ਾਹ ਨੇ ਭਾਗ ਲਾ ਦਿੱਤੇ ਅਤੇ ਸਾਰੀ ਸਿੱਖ ਕੌਮ ਨੂੰ ਆਪਣੇ ਵੱਲ ਆਕਰਸ਼ਿਤ ਕਰ ਲਿਆ ਅਤੇ ਇਸ ਆਕਰਸ਼ਣ ਦਾ ਮੁੱਖ ਕੇਂਦਰ ਉਨਾਂ ਦੁਆਰਾ ਸਥਾਪਤ ਕੀਤੀ ਹੋਈ ਸਿੱਖ ਆਰਟ ਗੈਲਰੀ ਹੈ। ਸਿੱਖ ਆਰਟ ਗੈਲਰੀ ਬਾਰੇ ਜਾਨਣ ਤੋਂ ਬਾਅਦ ਉਨਾਂ ਦੁਆਰਾ ਕੀਤੇ ਹੋਰ ਅਨੇਕਾਂ ਅਜਿਹੇ ਕਾਰਜ ਜਿਨਾਂ ਨੂੰ ਉਨਾਂ ਨੇ ਅੰਮ੍ਰਿਤਸਰ ਟਾਈਮਜ਼ ਨਾਲ ਸਾਂਝਾ ਕੀਤਾ । ਜਿਸ ਵਿਚ ਉਨਾਂ ਨੇ ਦੱਸਿਆ ਕਿ

1. 'ਜੀ ਆਇਆਂ' ਦੇ ਨਿਸ਼ਾਨ ਸਿਟੀ ਅਤੇ ਸ਼ਹਿਰ ਦੇ ਪ੍ਰਵੇਸ਼ ਦੁਆਰ ਦੇ ਬਾਹਰ ਅਤੇ ਇੱਥੋਂ ਤੱਕ ਕਿ ਕਨੈਟੀਕਟ ਦੇ ਸਟੇਡੀਅਮ ਵਿੱਚ ਸਥਾਪਤ ਕੀਤੇ ਗਏ ਹਨ। ਸਿੱਖ ਸੱਭਿਆਚਾਰ ਵਿੱਚ ਘਰ ਆਏ ਮਹਿਮਾਨ ਦੀ ਇੱਜ਼ਤ ਕਰਨੀ ਤੇ ਰੱਬ ਰੂਪ ਜਾਣ ਕੇ ਉਸ ਦੀ ਸੇਵਾ ਕਰਨੀ ਸਿੱਖ ਕੌਮ ਦਾ ਮੁੱਢਲਾ ਸਿਧਾਂਤ ਹੈ । 'ਜੀ ਆਇਆਂ' ਦੇ ਇਸ ਨਿਸ਼ਾਨ ਨਾਲ ਇਹ ਸਮਝ ਲੈਣਾ ਕਿ ਇਹ ਸਿੱਖ ਆਰਟ ਗੈਲਰੀ ਸਾਰੇ ਧਰਮ ਦੇ ਲੋਕਾਂ ਲਈ ਸਾਂਝ ਪੈਦਾ ਕਰਦੀ ਹੈ ।

2) 1984 ਸਿੱਖ ਨਸਲਕੁਸੀ ਨੂੰ ਮਾਨਤਾ ਦੇਣ ਲਈ ਕਾਨੂੰਨ ਪਾਸ ਕੀਤਾ ਗਿਆ।

3) ਨੌਰਵਿਚ, ਕਨੈਟੀਕਟ ਦੇ ਸਕੂਲਾਂ ਵਿਚ ਵੱਖ ਵੱਖ ਸਿੱਖ ਛੁੱਟੀਆਂ ਨੂੰ ਮਾਨਤਾ ਦਿੱਤੀ ਜਾਂਦੀ ਹੈ। ਕਹਿਣ ਤੋਂ ਭਾਵ ਸਿੱਖ ਕੌਮ ਨਾਲ ਸਬੰਧਤ ਤਰੀਕਾਂ ਉੱਤੇ ਛੁੱਟੀ ਨੂੰ ਮਾਨਤਾ



ਦਿੱਤੀ ਗਈ ਹੈ ।

4) ਸਥਾਨਕ ਰਾਜਨੀਤੀ ਅਤੇ ਡੈਮੋਕ੍ਰੇਟਿਕ ਪਾਰਟੀ ਵਿਚ ਸਵਰਨਜੀਤ ਸਿੰਘ ਖਾਲਸਾ ਸਰਗਰਮ ਭੂਮਿਕਾ ਨਿਭਾ ਰਹੇ ਹਨ । ਜਿਸ ਵਿੱਚ ਉਹ ਆਪਣੀ ਅਹਿਮ ਭੂਮਿਕਾ ਨਿਭਾਉਣ ਦੇ ਨਾਲ ਨਾਲ ਸਿੱਖੀ ਦਾ ਪ੍ਰਚਾਰ ਵੀ ਕਰ ਰਹੇ ਹਨ ।

5) ਸਵਰਨਜੀਤ ਸਿੰਘ ਖਾਲਸਾ ਨੌਰਵਿਚ, ਕਨੈਟੀਕਟ ਦੇ ਅਧਿਕਾਰੀ ਵੀ ਚੁਣੇ ਗਏ। ਐਫਬੀਆਈ ਐਵਾਰਡ ਪ੍ਰਾਪਤ ਹੋਇਆ ਹੈ ।

6) ਯੂਨਾਈਟਿਡ ਸਿੱਖਾਂ ਦੇ ਅਧੀਨ ਮਾਨਵਤਾਵਾਦੀ ਕੰਮ ਜੋ ਗੁਰੂ ਨਾਨਕ ਪਾਤਸ਼ਾਹ ਦੇ ਦੱਸੇ ਰਾਹ ਉੱਤੇ ਚਲਾਉਂਦੇ ਹਨ। ਉਸ ਵਿੱਚ ਸਰਬੱਤ ਦਾ ਭਲਾ ਇਨਾਂ ਦਾ ਮੁੱਖ ਉਦੇਸ਼ ਹੈ । ਅਸੀਂ ਸਾਰੇ ਹੀ ਜਾਣਦੇ ਹਾਂ ਕਿ ਯੂਨਾਈਟਿਡ ਸਿੱਖ ਦੇਸ਼ ਦੁਨੀਆਂ ਵਿੱਚ ਕਿਤੇ ਵੀ ਰਹਿੰਦੇ ਆਪਣੇ ਸਿੱਖ ਭਾਈਚਾਰੇ ਲਈ ਹਮੇਸ਼ਾ ਹੀ ਤਿਆਰ ਬਰ ਤਿਆਰ ਰਹਿੰਦੇ ਹਨ । ਸਿੱਖ ਕੌਮ ਦੇ ਲਈ ਉਸ ਦੇ ਇਤਿਹਾਸ ਨੂੰ ਪ੍ਰਫੁੱਲਤ ਕਰਨ ਦੇ ਲਈ ਅਤੇ ਅਜੋਕੇ ਸਮੇਂ ਵਿੱਚ ਚਲਦੇ ਹੋਏ ਸੰਘਰਸ਼ ਜਾਂ ਮਾਨਵਤਾ ਉਤੇ ਕਿਸੇ ਵੀ ਤਰਾਂ ਦੀ ਆਈ ਕਰੋਪੀ ਲਈ ਯੂਨਾਈਟਿਡ ਸਿੱਖ ਆਰਗੇਨਾਈਜੇਸ਼ਨ ਹਮੇਸ਼ਾ ਅੱਗੇ ਰਹਿੰਦੀ ਹੈ ।

7) ਸਵਰਨਜੀਤ ਸਿੰਘ ਖਾਲਸਾ ਨੇ ਬੇਗਾਨੇ ਮੁਲਕ ਵਿੱਚ ਵੀ ਪੁਲਿਸ ਅਧਿਕਾਰੀਆਂ ਨੂੰ ਸਿੱਖੀ ਬਾਰੇ ਉਹ ਜਾਣਕਾਰੀ ਦਿੱਤੀ, ਜਿਸ ਨੂੰ ਸੁਣ ਕੇ ਉਨਾਂ ਅਧਿਕਾਰੀਆਂ ਦੇ ਮਨਾਂ ਵਿੱਚ ਵੀ ਸਿੱਖ ਕੌਮ ਦੇ ਪ੍ਰਤੀ ਪਿਆਰ ਉੱਭਰਨਾ ਸ਼ੁਰੂ ਹੋ ਗਿਆ ।

8) ਕਨੈਕਟੀਕਟ ਦੀ ਸਟੇਟ ਕੈਪੀਟਲ ਭਵਨ ਵਿੱਚ ਕਿਰਪਾਨ ਦੀ ਆਗਿਆ ਜੋ ਕਿ ਸਵਰਨਜੀਤ ਸਿੰਘ ਖਾਲਸਾ ਦੀ ਮਿਹਨਤ ਮੁਸ਼ੱਕਤ ਨਾਲ ਮਿਲੀ ਹੈ ।

9) ਕਨੈਟੀਕਟ ਵਿਚ ਕਾਨੂੰਨ ਬਣਾਉਣਾ ਕਿ ਪੁਲਿਸ ਅਧਿਕਾਰੀ ਨੂੰ ਦਸਤਾਰ ਪਹਿਨਣ ਅਤੇ ਆਪਣੀ ਨਿਭਾਉਣ ਦੀ ਆਗਿਆ ਦਿੱਤੀ ਜਾਵੇ

10) ਸਿੱਖ ਮੁੱਦਿਆਂ ਨੂੰ ਸੰਯੁਕਤ ਰਾਸ਼ਟਰ ਅਤੇ ਯੂਨਾਈਟਿਡ ਸਟੇਟ ਦੇ ਸੈਨੇਟਰਾਂ ਅਤੇ ਸਭਾ ਦੇ ਮੈਂਬਰਾਂ ਕੋਲ ਲੈ ਜਾਣਾ ਤਾਂ ਜੋ ਸਿੱਖ ਕੌਮ ਕਿਸੇ ਵੀ ਤਰਾਂ ਦੇ ਵਿਤਕਰੇ ਤੋਂ ਸੁਤੰਤਰ ਰਿਹੈ। ਜੇਕਰ ਅਸੀਂ ਆਪਣੇ ਸਿੱਖ ਕੌਮ ਦੀ ਗੱਲ ਕਰੀਏ ਤਾਂ ਸਪੱਸ਼ਟ ਤੌਰ 'ਤੇ ਅਸੀਂ ਆਖ ਸਕਦੇ ਹਾਂ ਕਿ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਇਹ ਕੌਮ ਆਪਣਾ ਨਿਵਾਸ ਪਰ ਆਪਣੇ ਮੂਲ ਜੜ ਤੋਂ ਕਦੇ ਵੀ ਵੱਖ ਨਹੀਂ ਹੁੰਦੀ । ਸਿੱਖ ਕੌਮ ਦੀ ਇਹ ਸਭ ਤੋਂ ਵੱਡੀ ਖ਼ੁਸ਼ਕਿਸਮਤੀ ਹੈ ਕੀ ਇਸ ਕੌਮ ਨੂੰ ਸ਼ਬਦ ਗੁਰੂ ਦਾ ਆਸਰਾ ਮਿਲਿਆ ਹੋਇਆ ਹੈ । ਉਸੇ ਸ਼ਬਦ ਦੇ ਰਾਹੀਂ ਇਸ ਕੌਮ ਦੇ ਅੰਦਰ ਇਕ ਜੁਝਾਰੂ ਫ਼ਲਸਫ਼ਾ ਪੈਦਾ ਹੋਇਆ ਹੈ । ਜੋ ਸਿੱਖ ਕੌਮ ਦੀ ਹੋਂਦ ਬਚਾਉਣ ਦੇ ਲਈ, ਇਤਿਹਾਸ ਨੂੰ ਸਦੈਵ ਸਮਿਆਂ ਲਈ ਕਾਇਮ ਰੱਖਣ ਦੇ ਲਈ ਸਮੇਂ ਦੀ ਹਕੂਮਤ ਨਾਲ ਲਗਾਤਾਰ ਉਸ ਨੂੰ ਸੰਘਰਸ਼ ਕਰਨਾ ਪਿਆ ਹੈ । ਪਰ ਆਖ਼ਰਕਾਰ ਜਿੱਤ ਹਮੇਸ਼ਾ ਸੱਚ ਦੀ ਹੁੰਦੀ ਹੈ, ਅਜਿਹਾ ਹੀ ਮਹਿਸੂਸ ਕਰਵਾਇਆ ਹੈ ਸਵਰਨਜੀਤ ਸਿੰਘ ਖਾਲਸਾ ਦੇ ਸ਼ਬਦਾਂ ਨੇ, ਕਿ ਜੇਕਰ ਤੁਹਾਡੀ ਇਬਾਦਤ ਸੱਚੀ ਹੈ ਅਤੇ ਨੇਕ ਕੰਮ ਦੇ ਲਈ ਹੈ ਤਾਂ ਆਉਣ ਵਾਲਾ ਸਮਾਂ ਤੁਹਾਡਾ ਆਪਣਾ ਹੀ ਹੋਵੇਗਾ।

ਸਵਰਨਜੀਤ ਸਿੰਘ ਖਾਲਸਾ ਨੇ ਜਦੋਂ ਇਹ ਕਾਰਜ ਆਰੰਭ ਕੀਤਾ ਸੀ ਤਦ ਉਨਾਂ ਨਾਲ ਕੋਈ ਵੀ ਕਾਫ਼ਲਾ ਨਹੀਂ ਸੀ ਪਰ ਸਾਮਾਨ ਨਿਕਲਣ ਦੇ ਨਾਲ ਨਾਲ ਅਨੇਕਾਂ ਅਜਿਹੀਆਂ ਰੂਹਾਂ ਸਾਹਮਣੇ ਆ ਗਈਆਂ ਜੋ ਕਿ ਸਿੱਖ ਕੌਮ ਲਈ ਕੁਝ ਨਾ ਕੁਝ ਕਰ ਸਕਣ ਲਈ ਚਾਹਵਾਨ ਸਨ । ਸਵਰਨਜੀਤ ਸਿੰਘ ਖਾਲਸਾ ਦੱਸਦੇ ਹਨ ਕਿ, 2007 ਵਿਚ ਲੰਗਰ ਸੇਵਾ ਅਤੇ ਸਿੱਖ ਜਾਗਰੂਕਤਾ ਜੋ ਬੂਥਾਂ ਉੱਤੇ ਦਿੱਤੀ ਜਾਂਦੀ ਸੀ ਦੇ ਨਾਲ ਇਹ ਸਫ਼ਰ ਸ਼ੁਰੂ ਕੀਤਾ ਗਿਆ,

---

## ਚੀਫ਼ ਦੀ ਦਾਅਵਤ

ਬੋਲੇ -ਅੱਛਾ? ਮੈਨੂੰ ਪਿੰਡ ਦੇ ਲੋਕ ਬਹੁਤ ਪਸੰਦ ਹਨ। ਫਿਰ ਤਾਂ ਤੇਰੀ ਮਾਂ ਗੀਤ ਅਤੇ ਨਾਚ ਵੀ ਜਾਣਦੀ ਹੋਵੇਗੀ! ਚੀਫ਼ ਖ਼ੁਸ਼ੀ ਵਿੱਚ ਸਿਰ ਹਿਲਾਉਂਦੇ ਹੋਏ ਮਾਂ ਨੂੰ ਟਿਕਟਿਕੀ ਲਾਈ ਵੇਖਣ ਲੱਗੇ।

ਮਾਂ, ਸਾਹਿਬ ਕਹਿੰਦੇ ਹਨ, ਕੋਈ ਗਾਣਾ ਸੁਣਾਓ! ਕੋਈ ਪੁਰਾਣਾ ਗੀਤ, ਤੁਹਾਨੂੰ ਤਾਂ ਬਥੇਰੇ ਯਾਦ ਹੋਣਗੇ!

ਮਾਂ ਹੌਲ਼ੀ ਜਿਹੀ ਬੋਲੀ -ਮੈਂ ਕੀ ਗਾਵਾਂ, ਬੇਟਾ! ਮੈਂ ਕਦੋਂ ਗਾਉਂਦੀ ਹਾਂ?

ਵਾਹ, ਮਾਂ! ਮਹਿਮਾਨ ਦਾ ਆਖਿਆ ਵੀ ਕੋਈ ਟਾਲਦਾ ਹੈ। ਸਾਹਿਬ ਨੇ ਇੰਨੀ ਇੱਛਾ ਨਾਲ ਕਿਹਾ ਹੈ, ਨਹੀਂ ਗਾਓਗੇ, ਤਾਂ ਸਾਹਿਬ ਨੂੰ ਬੁਰਾ ਲੱਗੇਗਾ।

ਮੈਂ ਕੀ ਗਾਵਾਂ, ਬੇਟਾ! ਮੈਨੂੰ ਕੀ ਆਉਂਦਾ ਹੈ?

ਵਾਹ! ਕੋਈ ਵਧੀਆ ਜਿਹੇ ਟੱਪੇ ਹੀ ਸੁਣਾ ਦਿਓ! 'ਦੋ ਪੱਤਰ ਅਨਾਰਾਂ ਦੇ...'

ਦੇਸੀ ਅਫ਼ਸਰਾਂ ਅਤੇ ਉਨਾਂ ਦੀਆਂ ਬੀਵੀਆਂ ਨੇ ਇਸ ਸੁਝਾਅ 'ਤੇ ਖ਼ੂਬ ਤਾੜੀਆਂ ਵਜਾਈਆਂ। ਮਾਂ ਕਦੇ ਦੀਨ ਨਜ਼ਰਾਂ ਨਾਲ਼ ਬੇਟੇ ਦੇ ਮੂੰਹ ਵੱਲ ਵੇਖਦੀ ਅਤੇ ਕਦੇ ਨੇੜੇ ਖੜੀ ਨੂੰਹ ਦੇ ਮੂੰਹ ਵੱਲ।

ਇੰਨੇ ਵਿੱਚ ਬੇਟੇ ਨੇ ਗੰਭੀਰ ਹੁਕਮੀਆ ਅੰਦਾਜ਼ ਵਿੱਚ ਕਿਹਾ -ਮਾਂ!

ਇਸ ਤੋਂ ਬਾਅਦ ਤਾਂ ਹਾਂ-ਨਾਂਹ ਦਾ ਸਵਾਲ ਹੀ ਨਹੀਂ ਸੀ ਉਠਦਾ। ਮਾਂ ਬੈਠ ਗਈ ਅਤੇ ਪਤਲੀ, ਮਰੀਅਲ ਕੰਬਦੀ ਆਵਾਜ਼ ਵਿੱਚ ਇੱਕ ਪੁਰਾਣਾ ਵਿਆਹ-ਗੀਤ ਗਾਉਣ ਲੱਗੀ

ਹਰਿਆ ਨੀ ਮਾਏ, ਹਰਿਆ ਨੀ ਭੈਣੇ

ਹਰਿਆ ਤੇ ਭਾਗੀਂ ਭਰਿਆ...

ਦੇਸੀ ਔਰਤਾਂ ਖਿੜਖਿੜਾ ਕੇ ਹੱਸੀਆਂ। ਦੋ-ਤਿੰਨ ਪੰਕਤੀਆਂ ਗਾ ਕੇ ਮਾਂ ਚੁੱਪ ਕਰ ਗਈ। ਬਰਾਂਡਾ ਤਾੜੀਆਂ ਨਾਲ ਗੂੰਜ ਉੱਠਿਆ। ਸਾਹਿਬ ਨੇ ਤਾੜੀਆਂ ਵਜਾਉਣੀਆਂ ਬੰਦ ਹੀ ਨਾ ਕੀਤੀਆਂ। ਸ਼ਾਮਨਾਥ ਦੀ ਖਿਝ ਹੁਣ ਖ਼ੁਸ਼ੀ ਅਤੇ ਮਾਣ ਵਿੱਚ ਬਦਲ ਗਈ ਸੀ। ਮਾਂ ਨੇ ਪਾਰਟੀ ਵਿੱਚ ਨਵਾਂ ਰੰਗ ਭਰ ਦਿੱਤਾ ਸੀ।

ਤਾੜੀਆਂ ਰੁਕਣ 'ਤੇ ਸਾਹਿਬ ਬੋਲੇ -ਪੰਜਾਬ ਦੇ ਪਿੰਡਾਂ ਦੀ ਦਸਤਕਾਰੀ ਕੀ ਹੈ?

ਸ਼ਾਮਨਾਥ ਖ਼ੁਸ਼ੀ ਵਿੱਚ ਝੂਮ ਰਿਹਾ ਸੀ। ਬੋਲਿਆ ਬਹੁਤ ਕੁਝ ਹੈ, ਸਾਹਿਬ! ਮੈਂ ਤੁਹਾਨੂੰ ਇੱਕ ਸੈੱਟ ਉਨਾਂ ਚੀਜ਼ਾਂ ਦਾ ਭੇਟ ਕਰਾਂਗਾ। ਤੁਸੀਂ ਉਨਾਂ ਨੂੰ ਵੇਖ ਕੇ ਖ਼ੁਸ਼ ਹੋ ਜਾਓਗੇ।

ਪਰ ਸਾਹਿਬ ਨੇ ਸਿਰ ਹਿਲਾ ਕੇ ਅੰਗਰੇਜ਼ੀ ਵਿੱਚ ਫਿਰ ਕਿਹਾ -ਨਹੀਂ, ਮੈਂ ਦੁਕਾਨਾਂ ਦੀਆਂ ਚੀਜ਼ਾਂ ਨਹੀਂ ਮੰਗਦਾ। ਪੰਜਾਬੀਆਂ ਦੇ ਘਰਾਂ ਵਿੱਚ ਕੀ ਬਣਦਾ ਹੈ, ਔਰਤਾਂ ਖ਼ੁਦ ਕੀ ਬਣਾਉਂਦੀਆਂ ਹਨ।

ਸ਼ਾਮਨਾਥ ਕੁਝ ਸੋਚ ਕੇ ਬੋਲਿਆ-ਕੁੜੀਆਂ ਗੁੱਡੀਆਂ-ਪਟੋਲੇ ਬਣਾਉਂਦੀਆਂ ਹਨ, ਔਰਤਾਂ ਫੁਲਕਾਰੀਆਂ ਬਣਾਉਂਦੀਆਂ ਹਨ।

ਫੁਲਕਾਰੀ ਕੀ ਹੁੰਦੀ ਹੈ?

ਸ਼ਾਮਨਾਥ ਫੁਲਕਾਰੀ ਦਾ ਮਤਲਬ ਸਮਝਾਉਣ ਦੀ ਅਸਫ਼ਲ ਕੋਸ਼ਿਸ਼ ਕਰਨ ਪਿੱਛੋਂ ਮਾਂ ਨੂੰ ਬੋਲਿਆ -ਕਿਉਂ ਮਾਂ, ਆਪਣੇ ਘਰ ਕੋਈ ਪੁਰਾਣੀ ਫੁਲਕਾਰੀ ਪਈ ਹੈ?

ਮਾਂ ਚੁੱਪਚਾਪ ਅੰਦਰ ਗਈ ਅਤੇ ਆਪਣੀ ਪੁਰਾਣੀ ਫੁਲਕਾਰੀ ਚੁੱਕ ਲਿਆਈ।

ਸਾਹਿਬ ਬੜੀ ਦਿਲਚਸਪੀ ਨਾਲ ਫੁਲਕਾਰੀ ਵੇਖਣ ਲੱਗੇ। ਪੁਰਾਣੀ ਫੁਲਕਾਰੀ ਸੀ, ਥਾਂ-ਥਾਂ ਤੋਂ ਉਹਦੇ ਧਾਗੇ ਟੁੱਟ ਰਹੇ ਸਨ ਅਤੇ ਕੱਪੜਾ ਪਾਟ ਰਿਹਾ ਸੀ। ਸਾਹਿਬ ਦੀ ਦਿਲਚਸਪੀ ਵੇਖ ਕੇ ਸ਼ਾਮਨਾਥ ਬੋਲਿਆ-ਇਹ ਪਾਟੀ ਹੋਈ ਹੈ, ਸਾਹਿਬ! ਮੈਂ ਤੁਹਾਨੂੰ ਨਵੀਂ ਬਣਵਾ ਦਿਆਂਗਾ। ਮਾਂ ਬਣਾ ਦੇਣਗੇ। ਕਿਉਂ ਮਾਂ, ਸਾਹਿਬ ਨੂੰ ਫੁਲਕਾਰੀ ਬਹੁਤ ਪਸੰਦ ਹੈ। ਇਨਾਂ ਨੂੰ ਅਜਿਹੀ ਹੀ ਫੁਲਕਾਰੀ ਬਣਾ ਦਿਓਗੇ ਨਾ?

ਮਾਂ ਚੁੱਪ ਰਹੀ। ਫਿਰ ਡਰਦੀ-ਡਰਦੀ ਹੌਲੀ ਜਿਹੀ ਬੋਲੀ -ਹੁਣ ਮੇਰੀ ਨਜ਼ਰ ਕਿੱਥੇ ਹੈ ਬੇਟਾ! ਬੁੱਢੀਆਂ ਅੱਖਾਂ ਨਾਲ ਮੈਂ ਕੀ ਵੇਖਾਂਗੀ, ਕਿਵੇਂ ਬਣਾਵਾਂਗੀ?

ਸਾਹਿਬ ਨੇ ਸਿਰ ਹਿਲਾਇਆ, ਧੰਨਵਾਦ ਕੀਤਾ ਅਤੇ ਹੌਲੀ-ਹੌਲੀ ਝੂਮਦੇ ਹੋਏ ਖਾਣੇ ਦੇ ਮੇਜ਼ ਵੱਲ ਵਧ ਗਏ। ਬਾਕੀ ਮਹਿਮਾਨ ਵੀ ਉਨਾਂ ਦੇ ਪਿੱਛੇ-ਪਿੱਛੇ ਹੋ ਤੁਰੇ।

ਜਦੋਂ ਮਹਿਮਾਨ ਬਹਿ ਗਏ ਅਤੇ ਮਾਂ ਤੋਂ ਸਾਰਿਆਂ ਦਾ ਧਿਆਨ ਹਟ ਗਿਆ ਤਾਂ ਮਾਂ ਹੌਲੀ-ਜਿਹੀ ਕੁਰਸੀ ਤੋਂ ਉੱਠੀ ਅਤੇ ਸਾਰਿਆਂ ਤੋਂ ਨਜ਼ਰਾਂ ਬਚਾਉਂਦੀ ਹੋਈ ਆਪਣੀ ਕੋਠੜੀ ਵਿੱਚ ਚਲੀ ਗਈ।

ਪਰ ਕੋਠੜੀ ਵਿੱਚ ਜਾਣ ਦੀ ਦੇਰ ਸੀ ਕਿ ਅੱਖਾਂ ਵਿਚੋਂ ਛਮਛਮ ਹੰਝੂ ਵਗਣ ਲੱਗੇ। ਉਹ ਚੁੰਨੀ ਨਾਲ ਵਾਰ-ਵਾਰ ਅੱਖਾਂ ਪੂੰਝਦੀ, ਪਰ ਉਹ ਵਾਰ-ਵਾਰ ਵਗ ਤੁਰਦੇ, ਜਿਵੇਂ ਵਰਿਆਂ ਦਾ ਬੰਨ ਤੋੜ ਕੇ ਵਹਿ ਰਹੇ ਹੋਣ। ਮਾਂ ਨੇ ਬਹੁਤ ਦਿਲ ਨੂੰ ਸਮਝਾਇਆ, ਹੱਥ ਜੋੜੇ, ਰੱਬ ਦਾ ਨਾਂ ਲਿਆ। ਬੇਟੇ ਦੇ ਚਿਰੰਜੀਵ ਹੋਣ ਦੀ ਅਰਦਾਸ ਕੀਤੀ, ਵਾਰ-ਵਾਰ ਅੱਖਾਂ ਬੰਦ ਕੀਤੀਆਂ, ਪਰ ਹੰਝੂ ਬਰਸਾਤ ਦੇ ਪਾਣੀ ਵਾਂਗ ਜਿਵੇਂ ਰੁਕਦੇ ਹੀ ਨਹੀਂ ਸਨ।

ਅੱਧੀ ਰਾਤ ਦਾ ਵੇਲਾ ਹੋਵੇਗਾ। ਮਹਿਮਾਨ ਖਾਣਾ ਖਾ ਕੇ ਇੱਕ-ਇੱਕ ਕਰਕੇ ਜਾ ਚੁੱਕੇ ਸਨ। ਮਾਂ ਕੰਧ ਨਾਲ ਲੱਗੀ, ਅੱਖਾਂ ਟੱਡੀ ਕੰਧ ਨੂੰ ਵੇਖੀ ਜਾ ਰਹੀ ਸੀ। ਘਰ ਦੇ ਮਾਹੌਲ ਦਾ ਤਣਾਓ ਢਿੱਲਾ ਪੈ ਚੁੱਕਾ ਸੀ। ਮੁਹੱਲੇ ਦੀ ਖ਼ਾਮੋਸ਼ੀ ਸ਼ਾਮਨਾਥ ਦੇ ਘਰ ਉੱਤੇ ਵੀ ਛਾ ਚੁੱਕੀ ਸੀ, ਸਿਰਫ਼ ਰਸੋਈ ਵਿੱਚ ਪਲੇਟਾਂ ਖੜਕਣ ਦੀ ਅਵਾਜ਼ ਆ ਰਹੀ ਸੀ। ਉਦੋਂ ਹੀ ਅਚਾਨਕ ਮਾਂ ਦੀ ਕੋਠੜੀ ਦਾ ਬੂਹਾ ਜ਼ੋਰ-ਜ਼ੋਰ ਨਾਲ ਖੜਕਣ ਲੱਗਿਆ।

ਮਾਂ, ਬੂਹਾ ਖੋਲੋ!

ਮਾਂ ਦਾ ਦਿਲ ਬੈਠ ਗਿਆ। ਘਬਰਾ ਕੇ ਉੱਠੀ। ਕੀ ਮੈਥੋਂ ਫਿਰ ਕੋਈ ਗ਼ਲਤੀ ਹੋ ਗਈ ਹੈ? ਮਾਂ ਕਿੰਨੇ ਚਿਰ ਤੋਂ ਖ਼ੁਦ ਨੂੰ ਕੋਸ ਰਹੀ ਸੀ ਕਿ ਕਿਉਂ ਉਹਨੂੰ ਨੀਂਦ ਆ ਗਈ, ਕਿਉਂ ਊਂਘਣ ਲੱਗ ਪਈ? ਕੀ ਬੇਟੇ ਨੇ ਅਜੇ ਤੱਕ ਮਾਫ਼ ਨਹੀਂ ਕੀਤਾ? ਮਾਂ ਉੱਠੀ ਅਤੇ ਕੰਬਦੇ ਹੱਥਾਂ ਨਾਲ ਬੂਹਾ ਖੋਲਿਆ।

ਦਰਵਾਜ਼ਾ ਖੁੱਲਦਿਆਂ ਹੀ ਸ਼ਾਮਨਾਥ ਝੂਮਦਾ ਹੋਇਆ ਅੱਗੇ ਵਧਿਆ ਅਤੇ ਮਾਂ ਨੂੰ ਗਲਵੱਕੜੀ ਵਿਚ ਕੱਸ ਲਿਆ।

ਓ ਮਾਂ, ਤੁਸੀਂ ਤਾਂ ਅੱਜ ਰੰਗ ਬੰਨ ਦਿੱਤਾ... ਸਾਹਿਬ ਤੁਹਾਥੋਂ ਇੰਨਾ ਖੁਸ਼ ਹੋਏ ਕਿ ਕੀ ਦੱਸਾਂ! ਓ ਮਾਂ, ਡੀਅਰ ਮਦਰ...

ਮਾਂ ਦਾ ਨਿੱਕਾ ਜਿਹਾ ਜਿਸਮ ਸੁੰਗੜ ਕੇ ਬੇਟੇ ਦੀ ਗਲਵੱਕੜੀ ਵਿੱਚ ਛੁਪ ਗਿਆ। ਮਾਂ ਦੀਆਂ ਅੱਖਾਂ ਵਿੱਚ ਫਿਰ ਹੰਝੂ ਆ ਗਏ। ਉਨਾਂ ਨੂੰ ਪੂੰਝਦੀ ਹੋਈ ਉਹ ਹੌਲੀ-ਜਿਹੀ ਬੋਲੀ -ਬੇਟਾ, ਤੂੰ ਮੈਨੂੰ ਹਰਿਦੁਆਰ ਭੇਜ ਦੇਹ! ਮੈਂ ਕਦੋਂ ਦੀ ਤੈਨੂੰ ਕਹਿ ਰਹੀ ਹਾਂ!

ਸ਼ਾਮਨਾਥ ਦਾ ਝੂਮਣਾ ਅਚਾਨਕ ਬੰਦ ਹੋ ਗਿਆ। ਉਹਦੀਆਂ ਤਿਊੜੀਆਂ ਚੜ ਗਈਆਂ। ਉਹਦੀਆਂ ਬਾਹਵਾਂ ਦੀ ਜਕੜ ਮਾਂ ਦੇ ਸਰੀਰ ਤੋਂ ਢਿੱਲੀ ਹੋ ਗਈ।

ਕੀ ਕਿਹਾ, ਮਾਂ! ਇਹ ਕਿਹੜਾ ਰਾਗ ਤੁਸੀਂ ਫ਼ਿਰ ਤੋਂ ਛੇੜ ਦਿੱਤਾ ਹੈ? ਸ਼ਾਮਨਾਥ ਦਾ ਗੁੱਸਾ ਵਧਣ ਲੱਗ ਪਿਆ ਸੀ। ਬੋਲਦਾ ਰਿਹਾ -ਤੁਸੀਂ ਮੈਨੂੰ ਬਦਨਾਮ ਕਰਨਾ ਚਾਹੁੰਦੇ ਹੋ, ਮਾਂ? ਤੁਸੀਂ ਜਾਣਬੁਝ ਕੇ ਹਰਿਦੁਆਰ ਚਲੇ ਜਾਣਾ ਚਾਹੁੰਦੇ ਹੋ, ਤਾਂ ਕਿ ਦੁਨੀਆਂ ਕਹੇ ਕਿ ਬੇਟਾ ਮਾਂ ਨੂੰ ਆਪਣੇ ਕੋਲ ਨਹੀਂ ਰੱਖ ਸਕਦਾ।

ਨਹੀਂ ਬੇਟਾ, ਹੁਣ ਤੂੰ ਆਪਣੀ ਪਤਨੀ ਨਾਲ ਜਿਵੇਂ ਮਨ ਕਰੇ, ਰਹਿ। ਮੈਂ ਆਪਣਾ ਖਾ-ਹੰਢਾ ਲਿਆ। ਹੁਣ ਇੱਥੇ ਕੀ ਕਰਾਂਗੀ? ਹਜੇ ਕੁਝ ਦਿਨ ਜ਼ਿੰਦਗੀ ਦੇ ਬਚੇ ਹਨ, ਰੱਬ ਦਾ ਨਾਂ ਲਵਾਂਗੀ। ਤੂੰ ਬੱਸ, ਮੈਨੂੰ ਹਰਿਦੁਆਰ ਭੇਜ ਦੇਹ!

ਤੁਸੀਂ ਚਲੇ ਜਾਓਗੇ ਤਾਂ ਫੁਲਕਾਰੀ ਕੌਣ ਬਣਾਵੇਗਾ? ਸਾਹਿਬ ਨੂੰ ਤੁਹਾਡੇ ਸਾਹਮਣੇ ਹੀ ਫੁਲਕਾਰੀ ਦੇਣ ਦਾ ਵਾਅਦਾ ਕੀਤਾ ਹੈ!

ਮੇਰੀਆਂ ਅੱਖਾਂ ਕਿੱਥੇ ਕੰਮ ਕਰਦੀਆਂ ਨੇ ਹੁਣ, ਬੇਟਾ! ਜੋ ਫੁਲਕਾਰੀ ਬਣਾ ਸਕਾਂ! ਤੂੰ ਕਿਤੋਂ ਹੋਰ ਬਣਵਾ ਲੈ, ਜਾਂ ਬਣੀ-ਬਣਾਈ ਲੈ ਲੈ!

ਮਾਂ, ਤੁਸੀਂ ਮੈਨੂੰ ਧੋਖਾ ਦੇ ਕੇ ਇਉਂ ਚਲੇ ਜਾਓਗੇ! ਮੇਰਾ ਬਣਦਾ ਕੰਮ ਵਿਗਾੜ ਕੇ ਰੱਖ ਦਿਓਗੇ? ਪਤਾ ਨਹੀਂ ਕਿ ਸਾਹਿਬ ਖ਼ੁਸ਼ ਹੋਵੇਗਾ, ਤਾਂ ਮੈਨੂੰ ਤਰੱਕੀ ਮਿਲੇਗੀ!

ਮਾਂ ਚੁੱਪ ਕਰ ਗਈ। ਫਿਰ ਬੇਟੇ ਦੇ ਮੂੰਹ ਵੱਲ ਵੇਖਦੀ ਹੋਈ ਬੋਲੀ-ਹੈਂ? ਤੇਰੀ ਤਰੱਕੀ ਹੋਵੇਗੀ? ਕੀ ਸਾਹਿਬ ਤੇਰੀ ਤਰੱਕੀ ਕਰ ਦੇਵੇਗਾ? ਕੀ ਉਹਨੇ ਅਜਿਹਾ ਕੁਝ ਕਿਹਾ ਹੈ?

ਕਿਹਾ ਤਾਂ ਭਾਵੇਂ ਨਹੀਂ। ਪਰ ਤੁਸੀਂ ਵੇਖਿਆ ਹੀ ਸੀ, ਕਿੰਨਾ ਖ਼ੁਸ਼ ਗਿਆ ਹੈ। ਕਹਿੰਦਾ ਸੀ, ਜਦੋਂ ਤੇਰੀ ਮਾਂ ਫੁਲਕਾਰੀ ਬਣਾਉਣੀ ਸ਼ੁਰੂ ਕਰੇਗੀ, ਤਾਂ ਮੈਂ ਵੇਖਣ ਆਵਾਂਗਾ ਕਿ ਕਿਵੇਂ ਬਣਾਉਂਦੀ ਹੈ! ਜੇ ਸਾਹਿਬ ਖ਼ੁਸ਼ ਹੋ ਗਿਆ ਤਾਂ ਮੈਨੂੰ ਇਸ ਤੋਂ ਵੀ ਵੱਡੀ ਨੌਕਰੀ ਮਿਲ ਸਕਦੀ ਹੈ, ਮੈਂ ਵੱਡਾ ਅਫ਼ਸਰ ਬਣ ਸਕਦਾ ਹਾਂ।

ਮਾਂ ਦੇ ਚਿਹਰੇ ਦਾ ਰੰਗ ਬਦਲਣ ਲੱਗਿਆ। ਹੌਲੀ-ਹੌਲੀ ਉਹਦਾ ਝੁਰੜੀਆਂ-ਭਰਿਆ ਚਿਹਰਾ ਖਿੜਨ ਲੱਗਿਆ। ਅੱਖਾਂ ਵਿੱਚ ਥੋੜੀ-ਥੋੜੀ ਚਮਕ ਆਉਣ ਲੱਗੀ। ਬੋਲੀ -ਤਾਂ ਤੇਰੀ ਤਰੱਕੀ ਹੋਵੇਗੀ, ਬੇਟਾ!

ਤਰੱਕੀ ਇਉਂ ਹੀ ਹੋ ਜਾਵੇਗੀ? ਸਾਹਿਬ ਨੂੰ ਖ਼ੁਸ਼ ਰੱਖਾਂਗਾ, ਤਾਂ ਹੀ ਕੁਝ ਬਣੇਗਾ। ਨਹੀਂ ਤਾਂ ਉਹਦੀ ਸੇਵਾ ਕਰਨ ਵਾਲੇ ਹੋਰ ਘੱਟ ਹਨ?

ਤਾਂ ਮੈਂ ਬਣਾ ਦਿਆਂਗੀ, ਬੇਟਾ! ਜਿਵੇਂ-ਕਿਵੇਂ ਵੀ ਮੈਂ ਬਣਾ ਦਿਆਂਗੀ।

ਅਤੇ ਮਾਂ ਦਿਲ ਹੀ ਦਿਲ ਵਿੱਚ ਫਿਰ ਤੋਂ ਬੇਟੇ ਦੇ ਉੱਜਲ ਭਵਿੱਖ ਦੀਆਂ ਕਾਮਨਾਵਾਂ ਕਰਨ ਲੱਗੀ। ਅਤੇ ਮਿਸਟਰ ਸ਼ਾਮਨਾਥ, 'ਹੁਣ ਸੌਂ ਜਾਓ ਮਾਂ!' ਕਹਿੰਦਾ ਹੋਇਆ ਲੜਖੜਾਉਂਦੇ ਕਦਮਾਂ ਨਾਲ ਆਪਣੇ ਕਮਰੇ ਵੱਲ ਚੱਲ ਪਿਆ।

# ਡਿਸਕਸ ਥਰੋਅਰ ਕਮਲਪ੍ਰੀਤ ਕੌਰ ਟੋਕੀਓ ਉਲੰਪਿਕ ’ਚ ਦਿਖਾਏਗੀ ਕਮਾਲ

**ਜਤਿੰਦਰ**

ਖੇਡ ਇਤਿਹਾਸ ਵਿਚ ਅਜਿਹੇ ਕਈ ਖਿਡਾਰੀ ਮਿਲਦੇ ਹਨ, ਜਿਨਾਂ ਨੂੰ ਪਹਿਲਾਂ ਮਾਪਦੰਡਾਂ ਕਰਕੇ ਨਜ਼ਰਅੰਦਾਜ਼ ਕੀਤਾ ਗਿਆ ਤੇ ਫਿਰ ਬਾਅਦ ਵਿਚ ਉਨਾਂ ਨੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ। ਭਾਰਤ ਦਾ ਪ੍ਰਸਿੱਧ ਡਰੈਗ ਫਲਿੱਕਰ ਜੁਗਰਾਜ ਸਿੰਘ ਜਿਸ ਨੂੰ ਸੁਰਜੀਤ ਹਾਕੀ ਅਕੈਡਮੀ ਵਿਚ ਸਰੀਰਕ ਫਿੱਟਨੈਸ ਕਰਕੇ ਦਾਖਲਾ ਦੇਣ ਤੋਂ ਨਾਂਹ ਕਰ ਦਿੱਤੀ ਸੀ, ਅੱਜ ਉਸ ਨੇ ਦੇਸ਼ ਦੀ ਹਾਕੀ ਵਿਚ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਹੁਣ ਗੱਲ ਕਰਦੇ ਹਾਂ ਅਥਲੈਟਿਕਸ ਦੇ ਖੇਤਰ ਵਿਚ ਨਵਾਂ ਕੀਰਤੀਮਾਨ ਸਥਾਪਤ ਕਰਨ ਵਾਲੀ ਕਮਲਪ੍ਰੀਤ ਕੌਰ ਦੀ, ਜਿਸ ਨੂੰ ਕਿਸੇ ਵੇਲੇ ਭਾਰਤੀ ਖੇਡ ਅਥਾਰਿਟੀ ਦੇ ਖੇਡ ਸੈਂਟਰ ਬਾਦਲ ਵਿਖੇ ਦਾਖਲ ਕਰਨ ਤੋਂ ਨਾਂਹ ਕਰ ਦਿੱਤੀ ਸੀ। ਉਸ ਨੇ ਆਪਣੇ ਦਮ ’ਤੇ ਸਾਰੇ ਭਾਰਤ ਦੀਆਂ ਰਿਕਾਡਰ ਬਣਾਉਣ ਵਾਲੀਆਂ ਖਿਡਾਰਨਾਂ ਨੂੰ ਧੋਬੀ ਪਟਕਾ ਦੇ ਕੇ ਟੋਕੀਓ ਉਲੰਪਿਕ ਦਾ ਟਿਕਟ ਹਾਸਲ ਕੀਤਾ ਹੈ। ਉਸ ਵੇਲੇ ਬਾਦਲ ਦੇ ਸਾਈ ਸੈਂਟਰ ਦੇ ਕੋਚ ਕੋਲ ਇਸ ਦੀ ਛੁਪੀ ਖੇਡ ਪ੍ਰਤਿਭਾ ਨੂੰ ਪਰਖਣ ਵਾਲੀ ਸ਼ਕਤੀ ਹੁੰਦੀ ਤਾਂ ਇਹ ਕਾਰਨਾਮਾ ਕਮਲਪ੍ਰੀਤ ਕੌਰ ਨੇ 2018 ਦੀਆਂ ਜਕਾਰਤਾ ਏਸ਼ੀਅਨ ਖੇਡਾਂ ਵਿਚ ਕਰ ਦਿੱਤਾ ਹੁੰਦਾ, ਜਿਸ ਵਿਚ ਉਹ ਹਿੱਸਾ ਲੈਣ ਤੋਂ ਖੁੰਝ ਗਈ ਸੀ। ਕਮਲਪ੍ਰੀਤ ਕੌਰ ਦੀ ਥਰੋਅ ਨੇ ਚਾਰ ਨਵੇਂ ਰਿਕਾਰਡ ਕਾਇਮ ਕੀਤੇ। ਐਨ.ਆਈ.ਐਸ. ਪਟਿਆਲਾ ਵਿਖੇ ਫੈਡਰੇਸ਼ਨ ਕੱਪ ਵਿਚ ਕਮਲਪ੍ਰੀਤ ਕੌਰ ਨੇ 65.06 ਮੀਟਰ ਡਿਸਕਸ ਸੁੱਟ ਕੇ ਨਾ ਸਿਰਫ ਸੋਨ ਤਮਗਾ ਜਿੱਤਿਆ ਬਲਕਿ ਟੋਕੀਓ ਓਲੰਪਿਕ ਖੇਡਾਂ ਦੀ ਟਿਕਟ ਵੀ ਕਟਾ ਲਈ। ਕਮਲਪ੍ਰੀਤ ਨੇ 9 ਸਾਲ ਪੁਰਾਣਾ ਕੌਮੀ ਰਿਕਾਰਡ ਤੋੜਿਆ ਤੇ 65 ਮੀਟਰ ਦੀ ਹੱਦ ਪਾਰ ਕਰਨ ਵਾਲੀ ਉਹ ਭਾਰਤ ਦੀ ਪਹਿਲੀ ਮਹਿਲਾ ਡਿਸਕਸ ਥਰੋਅਰ ਬਣ ਗਈ। ਮੁਕਤਸਰ ਸਾਹਿਬ ਜ਼ਿਲੇ ਦੇ ਪਿੰਡ ਕਬਰਵਾਲਾ ਦੀ ਕਮਲਪ੍ਰੀਤ ਕੌਰ ਦਾ ਜਨਮ 4 ਮਾਰਚ, 1996 ਨੂੰ ਸਾਧਾਰਨ ਕਿਸਾਨ ਪਰਿਵਾਰ ਵਿਚ ਕੁਲਦੀਪ ਸਿੰਘ ਬੱਲ ਦੇ ਗ੍ਰਹਿ ਮਾਤਾ ਰਾਜਿੰਦਰ ਕੌਰ ਦੀ ਕੁੱਖੋਂ ਹੋਇਆ। ਕਮਲਪ੍ਰੀਤ ਨੇ ਬਾਬਾ ਈਸ਼ਰ ਸਿੰਘ ਨਾਨਕਸਰ ਪਬਲਿਕ ਸਕੂਲ ਕੱਟਿਆਂਵਾਲੀ ਤੋਂ ਦਸਵੀਂ ਕਰਨ ਉਪਰੰਤ ਬਾਰਵੀਂ ਦਸਮੇਸ਼ ਗਰਲਜ਼ ਸਕੂਲ ਬਾਦਲ ਤੋਂ ਕੀਤੀ। ਸਕੂਲੀ ਦਿਨਾਂ ਦੌਰਾਨ ਰਾਜ ਪੱਧਰੀ ਅਥਲੈਟਿਕਸ ਦੇ ਰਿਲੇਅ ਮੁਕਾਬਲੇ ਵਿਚ ਕਈ ਵਾਰ ਕਮਲਪ੍ਰੀਤ ਕੌਰ ਨੂੰ ਦੌੜਾ ਲਿਆ ਜਾਂਦਾ ਸੀ ਤੇ ਇਸ ਦੀ ਸਪੀਡ ਵੇਖ ਕੇ ਸਾਰੇ ਹੈਰਾਨ ਰਹਿ ਜਾਂਦੇ ਸਨ। ਇਸ ਦੌਰਾਨ ਉਹ ਅਥਲੈਟਿਕਸ ਟਰੈਕ ਵਿਚ ਉਤਰੀ। 2012 ਵਿਚ ਪਹਿਲੀ ਵਾਰ ਰਾਜ ਪੱਧਰੀ ਅਥਲੈਟਿਕਸ ਮੀਟ ਵਿਚ ਹਿੱਸਾ ਲੈਂਦਿਆਂ ਉਸ ਨੇ ਚੌਥਾ ਸਥਾਨ ਹਾਸਲ ਕੀਤਾ ਜਿਸ ਤੋਂ ਬਾਅਦ ਉਸ ਨੇ ਡਿਸਕਸ ਥਰੋਅ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ। ਕਮਲਪ੍ਰੀਤ ਅੰਦਰ ਥਰੋਅਰਾਂ ਵਾਲਾ ਜਜ਼ਬਾ ਕੁਦਰਤੀ ਸੀ ਅਤੇ ਉਸ ਦੀ ਖੇਡ ਪ੍ਰਤਿਭਾ ਨੂੰ ਨਿਖਾਰਨ ਵਾਲਾ ਕੋਚ ਰਾਖੀ ਤਿਆਗੀ ਦੇ ਰੂਪ ਵਿਚ ਮਿਲ ਗਿਆ। ਸਪੋਰਟਸ ਅਥਾਰਟੀ ਆਫ ਇੰਡੀਆ (ਸਾਈ) ਦੇ ਬਾਦਲ ਸੈਂਟਰ ਵਿਖੇ ਮਈ 20 13 ਵਿਚ ਸਿਖਲਾਈ ਸ਼ੁਰੂ ਕਰਨ ਵਾਲੀ ਕਮਲਪ੍ਰੀਤ ਨੇ ਦੋ ਸਾਲਾਂ ਅੰਦਰ ਹੀ ਜੂਨੀਅਰ ਨੈਸ਼ਨਲ ਅਥਲੈਟਿਕਸ ਚੈਂਪੀਅਨਸ਼ਿਪ ਵਿਚ 49.89 ਮੀਟਰ ਡਿਸਕਸ ਸੁੱਟ ਕੇ ਨਵੇਂ ਮੀਟ ਰਿਕਾਰਡ ਨਾਲ ਸੋਨ ਤਮਗਾ ਜਿੱਤ ਲਿਆ। ਅੰਡਰ-18 ਤੇ ਅੰਡਰ-20 ਦੋਵਾਂ ਵਰਗ ਵਿਚ ਨੈਸ਼ਨਲ ਚੈਂਪੀਅਨ ਬਣਨ ਵਾਲੀ ਕਮਲਪ੍ਰੀਤ ਨੇ ਗਰੈਜੂਏਸ਼ਨ ਦੇਸ਼ ਭਗਤ ਕਾਲਜ ਬਰੜਵਾਲ (ਧੂਰੀ) ਤੋਂ ਕੀਤੀ ਜਿੱਥੇ ਪੜਦਿਆਂ ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਸਾਲ 20 16 ਵਿਚ ਆਲ ਇੰਡੀਆ ਇੰਟਰ ‘ਵਰਸਿਟੀ ਵਿਚ ਚਾਂਦੀ ਦਾ ਤਮਗਾ ਜਿੱਤਿਆ। ਅਗਲੇ ਹੀ ਸਾਲ 2017 ਵਿਚ ਉਸ ਨੇ ਆਲ ਇੰਟਰ ‘ਵਰਸਿਟੀ ਵਿਚ 55.1 ਮੀਟਰ ਦੀ ਥਰੋਅ ਨਾਲ ਨਵਾਂ ਮੀਟ ਰਿਕਾਰਡ ਬਣਾਇਆ। ਉਸ ਨੇ 16 ਸਾਲ ਪਹਿਲਾਂ ਓਲੰਪੀਅਨ ਅਥਲੀਟ ਹਰਵੰਤ ਕੌਰ ਵਲੋਂ ਬਣਾਇਆ ਰਿਕਾਰਡ ਤੋੜਿਆ। ਹਰਵੰਤ ਨੇ 2011 ਵਿਚ



53 ਮੀਟਰ ਥਰੋਅ ਸੁੱਟੀ ਸੀ। ਸਾਲ 2017 ਵਿਚ ਉਸ ਨੇ ਤਾਈਪੇਈ (ਤਾਈਵਾਨ) ਵਿਖੇ ਹੋਈ ਵਿਸ਼ਵ ਯੂਨੀਵਰਸਿਟੀ ਖੇਡਾਂ ਵਿਚ ਹਿੱਸਾ ਲੈਂਦਿਆਂ ਛੇਵਾਂ ਸਥਾਨ ਹਾਸਲ ਕੀਤਾ। ਸਾਲ 2017 ਵਿਚ ਰੇਲਵੇ ਵਿਚ ਭਰਤੀ ਹੋਣ ਵਾਲੀ ਕਮਲਪ੍ਰੀਤ ਦੀ ਪੋਸਟਿੰਗ ਡੀ.ਐਮ.ਯੂ. ਪਟਿਆਲਾ ਵਿਖੇ ਹੋ ਗਈ। ਰੇਲਵੇ ਵਿਚ ਉਸ ਨੇ ਕੋਚ ਬਲਜੀਤ ਸਿੰਘ ਦੀ ਦੇਖ-ਰੇਖ ਵਿਚ ਤਿਆਰੀ ਕੀਤੀ। ਪਹਿਲੇ ਹੀ ਸਾਲ ਉਸ ਨੇ ਆਲ ਇੰਡੀਆ ਅੰਤਰ ਰੇਲਵੇ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਨਵਾਂ ਮੀਟ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗਾ ਜਿੱਤਿਆ। ਨੈਸ਼ਨਲ ਓਪਨ ਅਥਲੈਟਿਕਸ ਚੈਂਪੀਅਨਸ਼ਿਪ ਦੀ ਗੱਲ ਕਰੀਏ ਤਾਂ ਕਮਲਪ੍ਰੀਤ ਨੇ 2016 ਤੋਂ 2019 ਤੱਕ ਲਗਾਤਾਰ ਚਾਰ ਸਾਲ ਸੋਨ ਤਮਗਾ ਜਿੱਤਿਆ ਹੈ। ਫੈਡਰੇਸ਼ਨ ਕੱਪ ਵਿਚ ਉਸ ਨੇ 2017 ਤੇ 2019 ਵਿਚ ਸੋਨ ਤਮਗਾ ਜਿੱਤਿਆ ਸੀ। ਹਾਲ ਹੀ ਵਿਚ ਐਨ.ਆਈ. ਐਸ. ਪਟਿਆਲਾ ਵਿਖੇ ਹੋਏ 24ਵੇਂ ਫੈਡਰੇਸ਼ਨ ਕੱਪ ਵਿਚ ਕਮਲਪ੍ਰੀਤ ਨੇ ਤੀਜੀ ਵਾਰ ਸੋਨ ਤਮਗਾ ਜਿੱਤਿਆ। ਕਮਲਪ੍ਰੀਤ ਨੇ ਪਹਿਲੀ ਹੀ ਥਰੋਅ 65.06 ਮੀਟਰ ਸੁੱਟੀ। ਇਸ ਈਵੈਂਟ ਵਿਚ ਕਮਲਪ੍ਰੀਤ ਨੇ ਏਸ਼ਿਆਈ ਖੇਡਾਂ ਦੀ ਚੈਂਪੀਅਨ ਸੀਮਾ ਪੂਨੀਆ ਨੂੰ ਮਾਤ ਦਿੱਤੀ ਜਿਸ ਨੇ 62.64 ਮੀਟਰ ਦੀ ਥਰੋਅ ਸੁੱਟੀ ਸੀ। ਇਸ ਥਰੋਅ ਦੇ ਨਾਲ ਹੀ ਉਸ ਨੇ ਟੋਕੀਓ ਓਲੰਪਿਕ ਖੇਡਾਂ ਦੇ ਕੁਆਲੀਫਿਕੇਸ਼ਨ ਲਈ ਰੱਖੀ 63.50 ਮੀਟਰ ਦੀ ਹੱਦ ਪਾਰ ਕੇ ਉਲੰਪਿਕ ਦੀ ਟਿਕਟ ਕਟਾ ਲਈ। ਇਸ ਥਰੋਅ ਦੇ ਨਾਲ ਹੀ ਉਸ ਨੇ ਰਾਸ਼ਟਰਮੰਡਲ ਖੇਡਾਂ ਦੀ ਚੈਂਪੀਅਨ ਕ੍ਰਿਸ਼ਨਾ ਪੂਨੀਆ ਦਾ 9 ਸਾਲ ਪੁਰਾਣਾ ਕੌਮੀ ਰਿਕਾਰਡ ਵੀ ਤੋੜਿਆ ਜਿਹੜਾ ਉਸ ਨੇ 2012 ਵਿਚ 64.76 ਮੀਟਰ ਦੀ ਥਰੋਅ ਸੁੱਟ ਕੇ ਬਣਾਇਆ ਸੀ। ਅੱਜ ਜੋ ਵੀ ਮੁਕਾਮ ਕਮਲਪ੍ਰੀਤ ਕੌਰ ਨੇ ਹਾਸਲ ਕੀਤਾ ਹੈ ਉਹ ਆਪਣੀ ਅਤੇ ਆਪਣੇ ਮਾਪਿਆਂ ਦੇ ਸੀਮਤ ਸਾਧਨਾਂ ਦੇ ਨਾਲ ਹਾਸਲ ਕੀਤਾ। ਜੇ ਕਮਲਪ੍ਰੀਤ ਕੌਰ ਟੋਕੀਓ ਉਲੰਪਿਕ ਵਿਚੋਂ ਕੋਈ ਵੀ ਤਗਮਾ ਜਿੱਤ ਕੇ ਭਾਰਤ ਦੀ ਝੋਲੀ ਵਿਚ ਪਾਉਂਦੀ ਹੈ ਤਾਂ ਇਹ ਦੂਜਿਆਂ ਲਈ ਇਕ ਬਹੁਤ ਵੱਡੀ ਉਦਹਾਰਨ ਬਣੇਗੀ ਜੋ ਅਥਲੀਟ ਪਿਛਲੇ ਕਈ ਸਾਲਾਂ ਤੋਂ ਕੌਮਾਂਤਰੀ ਪੱਧਰ ਦੀਆਂ ਸਰਕਾਰੀ ਸਹੂਲਤਾਂ ਲੈ ਕੇ ਪ੍ਰੈਕਟਿਸ ਕਰ ਰਹੇ ਹਨ। ਕਮਲਪ੍ਰੀਤ ਕੌਰ ਜੋ ਇਕ ਬਹੁਤ ਹੀ ਹਸਮੁੱਖ ਤੇ ਮਿਲਾਪੜੇ ਸੁਭਾਅ ਦੀ ਖਿਡਾਰਨ ਹੈ, ਨੇ ਗੁਰਬਤ ਵਿਚੋਂ ਨਿਕਲ ਕੇ ਟੋਕੀਓ ਉਲੰਪਿਕ ਦੀ ਉਡਾਣ ਭਰੀ ਹੈ ਤੇ ਭਾਰਤ ਦੇ ਕਰੋੜਾਂ ਖੇਡ ਪ੍ਰੇਮੀਆਂ ਦੀਆਂ ਦੁਆਵਾਂ ਇਸ ਦੇ ਨਾਲ ਹਨ।

# ਫ਼ਤਹਿ ਇਬਾਰਤ-ਸਤਿੰਦਰ ਸਰਤਾਜ




**ਸਰਬਜੀਤ ਕੌਰ ਸਰਬ**

ਸੁਰਾਂ ਦੇ ਬਾਦਸ਼ਾਹ ਸਤਿੰਦਰ ਸਰਤਾਜ ਦੀ ਨਵੀਂ ਐਲਬਮ ਤਹਿਰੀਕ ਦਾ ਆਗਾਜ਼ ਸਰੋਤਿਆਂ ਦੀਆਂ ਰੂਹਾਂ ਨੂੰ ਟੁੰਬਣ ਵਾਲਾ ਸੀ ।ਇਸ ਐਲਬਮ ਦੇ ਸਾਰੇ ਹੀ ਗੀਤ ਮਨੁੱਖਤਾ ਲਈ ਕੋਈ ਨਾ ਕੋਈ ਸੁਨੇਹਾ ਲੈ ਕੇ ਆਏ ਹੋਏ ਸਨ ।ਜੋ ਇੱਕ ਆਮ ਇਨਸਾਨ ਨੂੰ ਸੱਚ ਦੇ ਰਾਹ ਤੇ ਤੋਰਨ ਵਾਲੇ ਤੇ ਪਿਆਰ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਨ ਵਾਲੇ ਸਨ। ਇਸ ਦੇ ਨਾਲ ਹੀ ਇਨਸਾਨ ਦੀ ਸੋਚ ਵਿਚ ਉਸ ਜਜ਼ਬੇ ਨੂੰ ਭਰਨ ਵਾਲੇ ਗੀਤ ਜੋ ਉਸ ਨੂੰ ਅਕਾਲ ਉੱਤੇ ਭਰੋਸਾ ਰੱਖਣ ਦੀ ਸ਼ਕਤੀ ਪੈਦਾ ਕਰਦੇ ਹਨ, ਅਜਿਹੇ ਗੀਤਾਂ ਨੂੰ ਹੀ ਸਤਿੰਦਰ ਸਰਤਾਜ ਨੇ ਇਨਸਾਨੀਅਤ ਦੀ ਝੋਲੀ ਪਾਇਆ ਹੈ ।ਫ਼ਤਹਿ ਇਬਾਰਤ ਇਕ ਅਜਿਹਾ ਗੀਤ ਜੋ ਉਸ ਸੱਚ ਦੀ ਓਟ ਤੇ ਆਧਾਰਿਤ ਹੈ , ਕਹਿਣ ਤੋਂ ਭਾਵ ਜੇਕਰ ਇਨਸਾਨ ਦੀ ਕਿਸਮਤ ਵਿਚ ਉਸ ਅਕਾਲ ਪੁਰਖ ਦੁਆਰਾ ਕਿਸੇ ਵੀ ਜਗ੍ਹਾ ਉੱਤੇ ਬਾਦਸ਼ਾਹੀ ਲਿਖੀ ਗਈ ਹੈ ਤਾਂ ਉਹ ਉਸ ਨੂੰ ਜ਼ਰੂਰ ਹੀ ਮਿਲੇਗੀ ਬੇਸ਼ਰਤ ਉਸ ਦਾ ਆਪਣਾ ਕਰਮ ਸੱਚਾ ਤੇ ਨੇਕ ਹੋਣਾ ਚਾਹੀਦਾ ਹੈ। ਅਜਿਹੀਆਂ ਖ਼ਿਰਦ ਮੰਦ ਰੂਹਾਂ ਦਾ ਇਸ ਧਰਤੀ ਉੱਤੇ ਆਉਣਾ ਸਫਲ ਹੋ ਜਾਂਦਾ ਹੈ ਜਦੋਂ ਉਹ ਨੇਕ ਤੇ ਸੁਚੱਜੇ ਕਾਰਜ ਇਨਸਾਨ ਦੀ ਭਲਾਈ ਲਈ ਕਰਦੇ ਹਨ। ਸਤਿੰਦਰ ਸਰਤਾਜ ਦੀ ਕੁਦਰਤ ਦੇ ਪ੍ਰਤੀ ਇਬਾਦਤ ਅਤੇ ਸਾਦੀਕ ਰਹਿਣ ਦੀ ਕਲਾ ਰੱਬ ਰੂਪ ਸਰੋਤਿਆਂ ਦੇ ਦਿਲਾਂ ਵਿੱਚ ਹਮੇਸ਼ਾਂ ਉੱਚੀ ਜਗ੍ਹਾ ਉੱਤੇ ਰਾਜ ਕਰਦੀ ਰਹੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਵੀ ਉਹ ਆਪਣਾ ਮੁਕਾਮ ਨਿਸਚਿਤ ਹੀ ਰੱਖੇਗੀ ।

ਜੇ ਸਾਡੀ ਤਕਦੀਰ ‘ਚ “ਫਤਹਿ ਇਬਾਰਤ” ਲਿਖੀ ਹੋਈ,
ਤਾਂ ਫਿਰ ਰੱਬ ਨੇ ਕਦਮਾਂ ਨੂੰ ਵੀ ਡੋਲਣ ਨਹੀਂ ਦੇਣਾ ।

# ਕੋਜ਼ੀਨੂਰ ਮਿਸੇਜ ਅਤੇ ਮਿਸ ਵਰਲਡ ਪੰਜਾਬਣ ਇੰਡੀਆ 2021 ਦੀ ਜੇਤੂ ਰੱਨਰਅਪ ਅਮਨਦੀਪ ਕੌਰ

**ਚੰਡੀਗੜ੍ਹ/ਏ.ਟੀ.ਨਿਊਜ਼:** ਸੁੰਦਰਤਾ , ਗਿਆਨ ਅਤੇ ਸਮਝਦਾਰੀ ਦੇ ਨਾਲ ਪੰਜਾਬੀ ਵਿਰਾਸਤ ਅਤੇ ਸਭਿਆਚਾਰ ਦੀ ਪਰਖ ਕਰਨ ਲਈ ਕੋਜੀਨੂਰ ਮਿਸੇਜ ਅਤੇ ਮਿਸ ਵਰਲਡ ਪੰਜਾਬਣ ਇੰਡਿਆ 2021 ਮੁਕਾਬਲੇ ਕਰਵਾਏ ਗਏ । ਜਿਸ ਵਿੱਚ ਅਨੇਕਾਂ ਪ੍ਰਤਿਭਾਸ਼ਾਲੀ ਪੰਜਾਬੀ ਮੁਟਿਆਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ । ਪੰਚਕੂਲਾ ਵਿਖੇ ਹੋਏ ਇੰਟਰਨੈਸ਼ਨਲ ਮੁਕਾਬਲੇ ਵਿੱਚ ਨਾਭੇ ਦੀ ਮਿਸਿਜ਼ ਅਮਨਦੀਪ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕਰ ਕੇ ਪਟਿਆਲਾ ਜ਼ਿਲ੍ਹੇ ਦੇ ਨਾਭਾ ਸ਼ਹਿਰ ਦਾ ਨਾਮ ਰੁਸ਼ਨਾ ਦਿੱਤਾ । ਦੱਸਣਯੋਗ ਹੈ ਕਿ ਇਸ ਇੰਟਰਨੈਸ਼ਨਲ ਮੁਕਾਬਲੇ ਵਿੱਚ ਸੰਸਾਰ ਭਰ ਚੋਂ ਲਗਪਗ 1000 ਦੇ ਕਰੀਬ ਪੰਜਾਬੀ ਮੁਟਿਆਰਾਂ ਵੱਲੋਂ ਆਨਲਾਈਨ ਅਪਲਾਈ ਕੀਤਾ ਗਿਆ ਸੀ । ਡਾਇਰੈਕਟਰ ਨੈਂਸੀ ਘੁਮਨ ਨੇ ਦੱਸਿਆ ਕਿ ਵੱਖ ਵੱਖ ਦੌਰ ਵਿੱਚ ਕੁਲ 2 ਹਜਾਰ ਲੜਕੀਆਂ ਵਿੱਚ ਇਹ ਮੁਕਾਬਲਾ ਹੋਇਆ ਅਤੇ ਫਿਨਾਲੇ ਵਿੱਚ 40 ਮੁਟਿਆਰਾਂ ਸਲੈਕਟ ਹੋਇਆਂ ਸਨ। ਜਿਨ੍ਹਾਂ ਵਿੱਚੋਂ ਹੀ ਮਿਸਿਜ ਵਰਲਡ ਪੰਜਾਬਣ ਇੰਡੀਆ



ਦਾ ਖਿਤਾਬ ਅਮਨਦੀਪ ਕੌਰ ਦੇ ਨਾਮ ਰਿਹਾ ।ਇਸ ਮੌਕੇ ਅਮਨਦੀਪ ਕੌਰ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ । ਗੱਲਬਾਤ ਦੌਰਾਨ ਅਮਨਦੀਪ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਉਹ ਇਹ ਐਵਾਰਡ ਜਿੱਤਣ ਨਾਲ ਪੂਰੇ ਨਾਭਾ ਅਤੇ ਪਟਿਆਲਾ ਜ਼ਿਲ੍ਹੇ ਦੀ ਸ਼ਾਨ ਬਣ ਗਈ ਹੈ । ਭਵਿੱਖ ਵਿੱਚ ਵੀ ਅਜਿਹੇ ਮੁਕਾਬਲਿਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਇੱਛੁਕ ਅਮਨਦੀਪ ਕੌਰ ਪੰਜਾਬੀ ਮੁਟਿਆਰਾਂ ਲਈ ਇੱਕ ਰੋਲ ਮਾਡਲ ਬਣ ਗਈ ਹੈ ।ਦੱਸਣਯੋਗ ਹੈ ਕਿ ਮੋਨਿਕਾ ਕਥੂਰੀਆ ਏਨ ਆਈ ਏਫ ਡੀ ਦੀ ਨਵੀਂ ਕਲੈਕਸਨ ਇੰਡੋ ਵੈਸਟਰਨ ਫੁਲਕਾਰੀ ਪਹਿਲੀ ਵਾਰ ਫਿਨਾਲੇ ਵਿੱਚ ਲਾਂਚ ਕੀਤੀ ਗਈ। ਫਿਨਾਲੇ ਵਿੱਚ ਰੱਜੀ ਜੁਲਕਾ ਅਤੇ , ਸੰਜੀਵ ਜੈਸਮਿਨ ਦੀ ਰਾਇਲ ਕਲੈਕਸਨ ਦਾ ਕੋਹੇਨੂਰ ਰਾਊਂਡ ਵੀ ਖਿੱਚ ਦਾ ਕੇਂਦਰ ਬਣਿਆ ਰਿਹਾ। ।

# ਸਾਰਾ ਗੁਰਪਾਲ ਅਤੇ ਕੁਲਜਿੰਦਰ ਸਿੰਘ ਸਿੱਧੂ ਦੀ ਆਉਣ ਵਾਲੀ ਫ਼ਿਲਮ ‘ਗੁਰਮੁਖ’

**ਚੰਡੀਗੜ੍ਹ/ਏ.ਟੀ.ਨਿਊਜ਼:** 2020 ਵਿਚ ਕੋਰੋਨਾ ਦੇ ਫੈਲਣ ਕਾਰਨ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਦੀ ਰਿਲੀਜ ਦੀਆਂ ਤਰੀਕਾਂ ਨੂੰ ਅੱਗੇ ਧੱਕ ਦਿੱਤਾ ਗਿਆ ਸੀ, ਅਤੇ ‘ਗੁਰਮੁਖ- ਦਿ ਆਈ ਵਿਟਨੇਸ’ ਉਨ੍ਹਾਂ ਵਿਚੋਂ ਇਕ ਸੀ। ਹੁਣ ਖਬਰ ਇਹ ਹੈ ਕਿ ਸਰਾ ਗੁਰਪਾਲ ਅਤੇ ਕੁਲਜਿੰਦਰ ਸਿੰਘ ਸਿੱਧੂ ਸਟਾਰਰ ਇਹ ਫ਼ਿਲਮ ਦੇ ਨਿਰਮਾਤਾ ਆਖਰਕਾਰ ਇਸ ਫ਼ਿਲਮ ਦੇ ਰੀਲੀਜ਼ ਹੋਣ ਦਾ ਐਲਾਨ ਕਰ ਚੁੱਕੇ ਹਨ। ਇਹ ਫਿਲਮ 26 ਅਗਸਤ, 2021 ਨੂੰ ਵੱਡੇ ਪਰਦੇ ਤੇ ਆਵੇਗੀ। ਪਾਲੀ ਸਿੰਘ ਭੁਪਿੰਦਰ ਦੁਆਰਾ ਲਿਖਿਆ ਅਤੇ ਨਿਰਦੇਸਤ, ਫਿਲਮ ਆਪਣੀ ਸਮੱਗਰੀ ਨਾਲ ਦਰਸਕਾਂ ਨੂੰ ਝੁੱਕਣ ਦਾ ਵਾਅਦਾ ਕਰਦੀ ਹੈ. ਇਸ ਫਿਲਮ ਦੇ ਨਾਲ, ਪਹਿਲੀ ਵਾਰ, ਦਰਸਕਾਂ ਨੂੰ ਕੁਲਜਿੰਦਰ ਸਿੰਘ ਸਿੱਧੂ ਅਤੇ ਸਾਰਾ ਗੁਰਪਾਲ ਦੀ ਜੋੜੀ ਮੁੱਖ ਭੂਮਿਕਾ




ਵਿਚ ਦੇਖਣ ਨੂੰ ਮਿਲੇਗੀ. ਫਿਲਮ ਵਿੱਚ ਬਾਲ ਕਲਾਕਾਰ ਅਨਮੋਲ ਵੀ ਮੁੱਖ ਭੂਮਿਕਾ ਵਿੱਚ ਹਨ। ਇਨ੍ਹਾਂ ਤਿੰਨਾਂ ਅਦਾਕਾਰਾਂ ਦੇ ਨਾਲ, ਫਿਲਮ ਵਿੱਚ ਅਕਾਂਸਾ ਸਰੀਨ, ਸਰਦਾਰ ਸੋਹੀ, ਹਰਦੀਪ ਗਿੱਲ, ਯਾਦ ਗਰੇਵਾਲ ਅਤੇ ਕਰਨ ਸੰਧਾਵਾਲੀਆ ਮਹੱਤਵਪੂਰਣ ਕਿਰਦਾਰਾਂ ਨੂੰ ਦਰਸਾਉਂਦੇ ਹਨ।




# ਪਾਠਕਾਂ ਦਾ ਨਜ਼ਰੀਆ

## ਮੋਦੀ ਰਾਜਨੀਤੀ ਲਈ ਚੈਲਿੰਜ ਬਣੀ ਭਾਰਤੀ ਸਿਆਸਤ ਦੀ ਜੁਝਾਰੂ ਔਰਤ ਮਮਤਾ ਬੈਨਰਜੀ

ਭਾਰਤ ਦੀ ਉੱਘੀ ਸਿਆਸਤਦਾਨ ਮਮਤਾ ਬੈਨਰਜੀ ਜੋ ਕਿ 2011 ਵਿੱਚ ਪਹਿਲੀ ਵਾਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਬਣੇ ਸਨ ਤੇ ਉਸ ਤੋਂ ਬਾਅਦ ਉਹ 2016 ਵਿੱਚ ਦੁਬਾਰਾ ਮੁੱਖ ਮੰਤਰੀ ਚੁਣੇ ਗਏ ਸਨ। ਇਸ ਤੋਂ ਪਹਿਲਾਂ ਮਮਤਾ ਦੋ ਵਾਰ ਕੇਂਦਰ ਸਰਕਾਰ ਵਿੱਚ ਰੇਲ ਮੰਤਰੀ ਵਜੋਂ ਸੇਵਾ ਨਿਭਾ ਚੁੱਕੇ ਹਨ। ਇਸਦੇ ਨਾਲ ਨਾਲ ਉਹ ਭਾਰਤ ਸਰਕਾਰ ਦੇ ਮੰਤਰੀ ਮੰਡਲ ਵਿੱਚ ਕੋਲਾ ਦੀ ਪਹਿਲੀ ਮਹਿਲਾ ਮੰਤਰੀ ਤੇ ਮਨੁੱਖੀ ਸਰੋਤ ਵਿਕਾਸ, ਯੁਵਾ ਮਾਮਲੇ, ਖੇਡ, ਔਰਤ ਅਤੇ ਬਾਲ ਵਿਕਾਸ ਰਾਜ ਮੰਤਰੀ ਵੀ ਰਹਿ ਚੁੱਕੇ ਹਨ।

ਸਿੰਗੂਰ ਵਿਖੇ ਖੇਤੀਬਾੜੀ ਅਤੇ ਕਿਸਾਨਾਂ ਦੀ ਕੀਮਤ 'ਤੇ ਵਿਸ਼ੇਸ਼ ਆਰਥਿਕ ਖੇਤਰਾਂ ਲਈ ਪੱਛਮੀ ਬੰਗਾਲ ਵਿੱਚ ਕਮਿਊਨਿਸਟ ਸਰਕਾਰ ਦੇ ਉਦਯੋਗੀਕਰਨ ਲਈ ਭੂਮੀ ਗ੍ਰਹਿਣ ਕਰਨ ਵਾਲੀਆਂ ਨੀਤੀਆਂ ਦਾ ਵਿਰੋਧ ਕਰਨ ਤੋਂ ਬਾਅਦ ਉਸ ਨੂੰ ਪ੍ਰਮੁੱਖਤਾ ਪ੍ਰਾਪਤ ਹੋਈ। ਸਾਲ 2011 ਵਿੱਚ ਬੈਨਰਜੀ ਨੇ ਪੱਛਮੀ ਬੰਗਾਲ ਵਿੱਚ ਏਆਈਟੀਸੀ ਗਠਜੋੜ ਲਈ ਵੱਡੀ ਜਿੱਤ ਹਾਸਲ ਕੀਤੀ ਅਤੇ 34 ਸਾਲਾਂ ਦੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਅਗਵਾਈ ਵਾਲੀ ਖੱਬੇ ਮੋਰਚੇ ਦੀ ਸਰਕਾਰ ਨੂੰ ਸੂਬੇ ਦੀ ਸੱਤਾ ਵਿੱਚੋਂ ਬੇਦਖਲ ਕੀਤਾ।

ਮਮਤਾ ਬੈਨਰਜੀ ਦਾ ਜਨਮ ਪੱਛਮੀ ਬੰਗਾਲ ਦੇ ਕੋਲਕਾਤਾ (ਕਲਕੱਤਾ) ਵਿਖੇ 5 ਜਨਵਰੀ 1955 ਨੂੰ ਇੱਕ ਬੰਗਾਲੀ ਹਿੰਦੂ ਪਰਿਵਾਰ ਵਿੱਚ ਹੋਇਆ ਸੀ। ਉਸ ਦੇ ਪਿਤਾ ਦਾ ਨਾਂ ਪ੍ਰੋਮੇਸਵਰ ਬੈਨਰਜੀ ਅਤੇ ਮਾਤਾ ਗਾਇਤਰੀ ਦੇਵੀ ਸਨ।

ਮਮਤਾ ਜਦੋਂ ਸਿਰਫ਼ 15 ਸਾਲਾਂ ਦੀ ਸੀ ਤਾਂ ਉਹ ਰਾਜਨੀਤੀ ਵਿੱਚ ਸ਼ਾਮਲ ਹੋ ਗਈ ਸੀ। ਜੋਗਮਾਯਾ ਦੇਵੀ ਕਾਲਜ ਵਿੱਚ ਪੜਦਿਆਂ ਉਸ ਨੇ ਕਾਂਗਰਸ (ਆਈ) ਪਾਰਟੀ ਦੇ ਵਿਦਿਆਰਥੀ ਵਿੰਗ, ਵਿਦਿਆਰਥੀ ਪਰਿਸ਼ਦ ਯੂਨੀਅਨਾਂ ਦੀ ਸਥਾਪਨਾ ਕਰਦਿਆਂ, ਭਾਰਤ ਦੇ ਸਮਾਜਵਾਦੀ ਏਕਤਾ ਕੇਂਦਰ ਨਾਲ ਜੁੜੇ ਆਲ ਇੰਡੀਆ ਡੈਮੋਕਰੇਟਿਕ ਵਿਦਿਆਰਥੀ ਸੰਗਠਨ ਨੂੰ ਹਰਾਇਆ। ਉਸ ਨੇ ਪੱਛਮੀ ਬੰਗਾਲ ਵਿੱਚ ਕਾਂਗਰਸ (ਆਈ) ਪਾਰਟੀ ਵਿੱਚ ਅਤੇ ਹੋਰ ਸਥਾਨਕ ਰਾਜਨੀਤਿਕ ਸੰਗਠਨਾਂ ਵਿੱਚ ਕਈ ਅਹੁਦਿਆਂ 'ਤੇ ਸੇਵਾ ਨਿਭਾਈ। ਮਮਤਾ ਜਦੋਂ 17 ਸਾਲਾਂ ਦੇ ਹੋਏ ਤਾਂ ਉਸ ਦੇ ਪਿਤਾ ਪ੍ਰੋਮੇਸਵਰ ਦੀ ਡਾਕਟਰੀ ਇਲਾਜ ਦੀ ਘਾਟ ਕਾਰਨ ਮੌਤ ਹੋ ਗਈ।

1970 ਵਿੱਚ ਮਮਤਾ ਨੇ ਦੇਸ਼ਬੰਧੂ ਸਿਸ਼ੂ ਸਿੱਖਿਆ ਤੋਂ ਉੱਚ ਸੈਕੰਡਰੀ ਬੋਰਡ ਦੀ ਪ੍ਰੀਖਿਆ ਪੂਰੀ ਕੀਤੀ। ਉਸ ਨੇ ਜੋਗਮਾਯਾ ਦੇਵੀ ਕਾਲਜ ਤੋਂ ਇਤਿਹਾਸ ਵਿੱਚ ਆਪਣੀ ਬੈਚੁਲਰ ਡਿਗਰੀ ਕੀਤੀ। ਇਸ ਤੋਂ ਬਾਅਦ ਉਸ ਨੇ ਕਲਕੱਤਾ ਯੂਨੀਵਰਸਿਟੀ ਤੋਂ ਇਸਲਾਮੀ ਇਤਿਹਾਸ ਵਿੱਚ ਆਪਣੀ ਮਾਸਟਰ ਡਿਗਰੀ ਪ੍ਰਾਪਤ ਕੀਤੀ। ਜਦੋਂ ਕਿ ਇਸ ਤੋਂ ਬਾਅਦ ਸ੍ਰੀ ਸਿੱਖਿਆਯਤਨ ਕਾਲਜ ਤੋਂ ਸਿੱਖਿਆ ਦੀ ਡਿਗਰੀ ਅਤੇ ਜੋਗੇਸ਼ ਚੰਦਰ ਚੌਧਰੀ ਲਾਅ ਕਾਲਜ, ਕੋਲਕਾਤਾ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ। ਕਲਿੰਗਾ ਇੰਸਟੀਚਿਊਟ ਆਫ ਇੰਡਸਟ੍ਰੀਅਲ ਟੈਕਨਾਲੋਜੀ, ਭੁਵਨੇਸ਼ਵਰ ਤੋਂ ਆਨਰੇਰੀ ਡਾਕਟਰੇਟ ਵੀ ਪ੍ਰਾਪਤ ਕੀਤੀ। ਕਲਕੱਤਾ ਯੂਨੀਵਰਸਿਟੀ ਦੁਆਰਾ ਉਸ ਨੂੰ ਡਾਕਟਰੇਟ ਆਫ ਲਿਟਰੇਚਰ (ਡੀ. ਲਿਟ.) ਦੀ ਡਿਗਰੀ ਨਾਲ ਵੀ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਮਮਤਾ ਸੂਬੇ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਤੀਜੀ ਵਾਰ ਆਪਣੀ ਪਾਰਟੀ ਟੀ ਐੱਮ ਸੀ ਦੀ ਸਰਕਾਰ ਬਣਾਉਣ ਲਈ ਜੱਦੋ-ਜਹਿਦ ਕਰ ਰਹੀ ਹੈ।।

ਪ੍ਰਸਿੱਧ ਪੱਤਰਕਾਰ ਸੁਪਤਾ ਪਾਲ ਜਿਨਾਂ ਨੇ ਮਮਤਾ ਦੇ ਜੀਵਨ ਤੇ ਇੱਕ ਕਿਤਾਬ 'ਦੀਦੀ: ਦਿ ਅਨਟੋਲਡ ਮਮਤਾ ਬੈਨਰਜੀ' ਸਿਰਲੇਖ ਹੇਠ ਲਿਖੀ ਹੈ, ਦਾ ਕਹਿਣਾ ਹੈ, 'ਮਮਤਾ ਦੇਸ ਦੀ ਸਭ ਤੋਂ ਮਜ਼ਬੂਤ ਇਰਾਦੇ ਵਾਲੀਆਂ ਔਰਤ ਆਗੂਆਂ ਵਿੱਚੋਂ ਇੱਕ ਹਨ।'

ਆਪਣੀ ਕਿਤਾਬ ਵਿੱਚ ਸੁਪਤਾ ਪਾਲ ਮਮਤਾ ਦੀ ਜੁਝਾਰੂ ਪ੍ਰਵਿਰਤੀ ਵਾਲੇ ਸੁਭਾਅ ਦੇ ਸੰਦਰਭ ਵਿੱਚ ਲਿਖਦੇ ਹਨ, 'ਆਪਣੀ ਸਿਆਸਤ ਦੇ ਵਿਲੱਖਣ ਰੂਪ ਅਤੇ ਜੁਝਾਰੂ ਪ੍ਰਵਿਰਤੀ ਕਾਰਨ ਦੀਦੀ ਨੇ ਆਪਣੇ ਕਰੀਅਰ ਵਿੱਚ ਕਈ ਅਜਿਹੀਆਂ ਚੀਜ਼ਾਂ ਨੂੰ ਸੰਭਵ ਕਰ ਦਿਖਾਇਆ ਹੈ, ਜਿਨਾਂ ਦੀ ਪਹਿਲਾਂ ਕਲਪਨਾ ਤਕ ਨਹੀਂ ਸੀ ਕੀਤੀ ਜਾ ਸਕਦੀ। ਇਸ ਵਿੱਚ ਖੱਬੇਪੱਖੀ ਸਰਕਾਰ ਨੂੰ ਅਰਸ਼ ਤੋਂ ਫ਼ਰਸ਼ ਤੱਕ ਪਹੁੰਚਾਉਣਾ ਵੀ ਸ਼ਾਮਿਲ ਹੈ।'

ਇਸੇ ਤਰਾਂ ਇੱਕ ਹੋਰ ਕਿਤਾਬ ਜੋ ਕਿ ਮਮਤਾ ਦੇ ਸਿਆਸੀ ਸਫ਼ਰ 'ਤੇ 'ਡੀਕੋਡਿੰਗ ਦੀਦੀ' ਨਾਮ ਤਹਿਤ ਪੱਤਰਕਾਰ ਦੋਲਾ ਮਿੱਤਰ ਹੁਰਾਂ ਨੇ ਲਿਖੀ ਹੈ, ਵਿੱਚ ਦੋਲਾ ਆਖਦੇ ਹਨ, 'ਦੇਸ਼ ਵਿੱਚ ਕਿਸੇ ਹੋਰ ਔਰਤ ਆਗੂ ਦੀਆਂ ਗਤੀਵਿਧੀਆਂ ਵਿੱਚ ਲੋਕਾਂ ਦੀ ਇੰਨੀ ਦਿਲਚਸਪੀ ਨਹੀਂ ਰਹਿੰਦੀ, ਜਿੰਨੀ 'ਦੀਦੀ' ਦੇ ਨਾਮ ਨਾਲ ਮਸ਼ਹੂਰ ਮਮਤਾ ਪ੍ਰਤੀ ਰਹਿੰਦੀ ਹੈ। ਇਹ ਉਨਾਂ ਦੇ ਜਾਦੂਈ ਸ਼ਖਸੀਅਤ ਦਾ ਹੀ ਕ੍ਰਿਸ਼ਮਾ ਹੈ।'

ਉਕਤ ਦੋਵੇਂ ਹੀ ਕਿਤਾਬਾਂ ਵਿੱਚ ਮਮਤਾ ਬੈਨਰਜੀ ਦੇ ਸਿਆਸੀ ਜੀਵਨ ਦੀ ਸ਼ੁਰੂਆਤ ਤੋਂ ਲੈ ਕੇ ਸਾਲ 2011 ਵਿੱਚ ਪਹਿਲੀ ਵਾਰ ਉਨਾਂ ਦੇ ਮੁੱਖ ਮੰਤਰੀ ਬਣਨ ਤਕ ਦੇ ਸਫ਼ਰ ਨੂੰ ਸਮੇਟਣ ਦੀ ਇੱਕ ਸਫਲ ਕੋਸ਼ਿਸ਼ ਕੀਤੀ ਗਈ ਹੈ। ਹਰ ਇੱਕ ਇਨਸਾਨ ਦੀ ਜ਼ਿੰਦਗੀ ਵਿੱਚ ਕੁਝ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜੋ ਕਿ ਅੱਗੇ ਚੱਲ ਕੇ ਉਨਾਂ ਦੀ ਜ਼ਿੰਦਗੀ ਦਾ ਟਰਨਿੰਗ ਪੁਆਇੰਟ ਸਾਬਤ ਹੁੰਦੀਆਂ ਹਨ। ਇਸ ਸੰਦਰਭ ਵਿੱਚ ਜਦੋਂ ਅਸੀਂ ਮਮਤਾ ਬੈਨਰਜੀ ਦੇ ਸਿਆਸੀ ਕਰੀਅਰ ਵਲ ਵੇਖਦੇ ਹਾਂ ਤਾਂ ਅਜਿਹੀਆਂ ਦੋ ਘਟਨਾਵਾਂ ਨੇ ਜੋ ਉਨਾਂ ਦੇ ਰਾਜਨੀਤਕ ਕਰੀਅਰ ਵਿੱਚ ਫ਼ੈਸਲਾਕੁੰਨ ਮੋੜ ਦਿੰਦੀਆਂ ਨਜ਼ਰ ਆਉਂਦੀਆਂ ਹਨ। ਇਨਾਂ ਵਿੱਚੋਂ ਇੱਕ ਹੈ ਸਾਲ 1990 ਵਿੱਚ ਸੀਪੀਐੱਮ ਦੇ ਇੱਕ ਕਾਰਕੁਨ ਲਾਲੂ ਆਲਮ ਵਲੋਂ ਕੀਤਾ ਗਿਆ ਜਾਨਲੇਵਾ ਹਮਲਾ ਅਤੇ ਦੂਜੀ ਸਿੰਗੂਰ ਵਿੱਚ ਟਾਟਾ ਪ੍ਰੋਜੈਕਟਾਂ ਲਈ ਜ਼ਮੀਨ ਕਬਜ਼ੇ ਖ਼ਿਲਾਫ਼ ੨੬ ਦਿਨਾਂ ਦੀ ਭੁੱਖ ਹੜਤਾਲ।

16 ਅਗਸਤ, 1990 ਨੂੰ ਕਾਂਗਰਸ ਦੀ ਅਪੀਲ 'ਤੇ ਬੰਗਾਲ ਬੰਦ ਦੌਰਾਨ ਲਾਲੂ ਆਲਮ ਨੇ ਹਾਜ਼ਰਾ ਮੋੜ 'ਤੇ ਮਮਤਾ ਦੇ ਸਿਰ ਵਿੱਚ ਸੋਟੀ ਨਾਲ ਵਾਰ ਕੀਤਾ ਸੀ। ਇਸ ਨਾਲ ਉਨਾਂ ਦੀ ਖੋਪੜੀ ਵਿੱਚ ਫਰੈਕਚਰ ਹੋ ਗਿਆ ਸੀ ਪਰ ਉਹ ਸਿਰ 'ਤੇ ਪੱਟੀ ਬੰਨਵਾ ਕੇ ਮੁੜ ਸੜਕ 'ਤੇ ਪ੍ਰਚਾਰ ਲਈ ਉੱਤਰ ਆਏ ਸਨ।

ਮਮਤਾ ਬੈਨਰਜੀ, ਜਿਨਾਂ ਦੀ ਸਾਦਗੀ ਦੀ ਪੂਰੇ ਦੇਸ਼ ਤਾਰੀਫ ਕੀਤੀ ਜਾਂਦੀ ਹੈ, ਬਾਰੇ ਪ੍ਰੋਫੈਸਰ ਸਮੀਰਨ ਪਾਲ ਆਖਦੇ ਹਨ, 'ਸਾਦਗੀ ਮਮਤਾ ਦੇ ਜੀਵਨ ਦਾ ਹਿੱਸਾ ਰਹੀ ਹੈ। ਸਫ਼ੇਦ ਸਾੜੀ ਅਤੇ ਹਵਾਈ ਚੱਪਲ ਨਾਲ ਉਨਾਂ ਦਾ ਨਾਤਾ ਟੁੱਟਿਆ ਨਹੀਂ। ਚਾਹੇ ਉਹ ਕੇਂਦਰ ਵਿੱਚ ਮੰਤਰੀ ਹੋਣ ਜਾਂ ਮਹਿਜ਼ ਸੰਸਦ ਮੈਂਬਰ। ਮੁੱਖ ਮੰਤਰੀ ਬਣਨ ਤੋਂ ਬਾਅਦ ਵੀ ਉਨਾਂ ਦੇ ਪਹਿਰਾਵੇ ਜਾਂ ਰਹਿਣ ਸਹਿਣ ਵਿੱਚ ਕੋਈ ਫ਼ਰਕ ਨਹੀਂ ਆਇਆ। ਨਿੱਜੀ ਜਾਂ ਜਨਤਕ ਜੀਵਨ ਵਿੱਚ ਉਨਾਂ ਦੇ ਰਹਿਣ-ਸਹਿਣ ਜਾਂ ਕਿਰਦਾਰ 'ਤੇ ਕੋਈ ਸਵਾਲ ਨਹੀਂ ਚੁੱਕਿਆ ਜਾ ਸਕਦਾ।'

ਪ੍ਰੋਫੈਸਰ ਪਾਲ ਅਨੁਸਾਰ ਮਮਤਾ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਰਹੀ ਹੈ ਕਿ ਉਹ ਜ਼ਮੀਨ ਨਾਲ ਜੁੜੀ ਹੋਈ ਆਗੂ ਹੈ। ਚਾਹੇ ਸਿੰਗੂਰ ਵਿੱਚ ਕਿਸਾਨਾਂ ਦੇ ਸਮਰਥਨ ਵਿੱਚ ਧਰਨਾ ਅਤੇ ਮਰਨ ਵਰਤ ਦਾ ਮਾਮਲਾ ਹੋਵੇ ਜਾਂ ਫਿਰ ਨੰਦੀਗ੍ਰਾਮ ਵਿੱਚ ਪੁਲਿਸ ਦੀਆਂ ਗੋਲੀਆਂ ਦੇ ਸ਼ਿਕਾਰ ਲੋਕਾਂ ਦੇ ਹੱਕ ਦੀ ਲੜਾਈ ਦਾ, ਮਮਤਾ ਨੇ ਹਮੇਸ਼ਾ ਮੋਰਚੇ 'ਤੇ ਰਹਿ ਕੇ ਲੜਾਈ ਕੀਤੀ।

ਉੱਧਰ ਤ੍ਰਿਣਮੂਲ ਕਾਂਗਰਸ ਦੇ ਗਠਨ ਤੋਂ ਵੀ ਪਹਿਲਾਂ ਮਮਤਾ ਦੀ ਸਿਆਸੀ ਸੂਝਬੂਝ ਨੂੰ ਨਜ਼ਦੀਕ ਤੋਂ ਵੇਖਣ ਵਾਲੇ ਪੱਤਰਕਾਰ ਤਾਪਸ ਮੁਖਰਜੀ ਦਾ ਕਹਿਣਾ ਹੈ, 'ਹਾਰ ਤੋਂ ਘਬਰਾਉਣ ਦੀ ਬਜਾਏ ਉਹ ਦੁੱਗਣੀ ਤਾਕਤ ਅਤੇ ਜੋਸ਼ ਨਾਲ ਆਪਣੀ ਮੰਜ਼ਲ ਵੱਲ ਤੁਰ ਪੈਂਦੀ ਹੈ।'

ਮੁਖਰਜੀ ਹੁਰਾਂ ਦਾ ਕਹਿਣਾ ਹੈ, 'ਸਾਲ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਮਮਤਾ ਟੀਐੱਮਸੀ ਦੇ ਇਕੱਲੇ ਸੰਸਦ ਮੈਂਬਰ ਸਨ ਪਰ 2009 ਵਿੱਚ ਉਨਾਂ ਨੇ ਪਾਰਟੀ ਦੀਆਂ ਸੀਟਾਂ ਦੀ ਗਿਣਤੀ 19 ਤੱਕ ਪਹੁੰਚਾ ਦਿੱਤੀ।'

2006 ਵਿੱਚ ਪੱਛਮੀ ਬੰਗਾਲ ਨੂੰ ਜਿੱਤਣ ਦਾਅਵਾ ਕਰਨ ਵਾਲੀ ਮਮਤਾ ਬੈਨਰਜੀ ਭਾਵੇਂ ਉਸ ਸਮੇਂ ਸਫਲ ਨਹੀਂ ਸਨ ਹੋ ਸਕੇ ਪਰ ਉਹ ਹਾਰ ਤੋਂ ਬਾਅਦ ਵੀ ਉਹ ਨਿਰਾਸ਼ ਨਹੀਂ ਹੋਏ ਤੇ ਉਸ ਸਮੇਂ ਉਨਾਂ ਖੱਬੇਪੱਖੀਆਂ 'ਤੇ 'ਸਾਇੰਟਿਫਿਕ ਰਿਗਿੰਗ' ਦਾ ਇਲਜ਼ਾਮ ਲਗਾਇਆ ਸੀ। ਇਸਦੇ ਨਾਲ ਹੀ ਉਨਾਂ 2011 ਦੀਆਂ ਚੋਣਾਂ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਸਨ ਤੇ ਇਸ ਵਿਚਕਾਰ ਨੰਦੀਗ੍ਰਾਮ ਅਤੇ ਸਿੰਗੂਰ ਵਿੱਚ ਜ਼ਮੀਨ ਕਬਜ਼ੇ ਦੇ ਸਰਕਾਰ ਦੇ ਫ਼ੈਸਲੇ ਨੇ ਉਨਾਂ ਦੇ ਹੱਥਾਂ ਵਿੱਚ ਇੱਕ ਵੱਡਾ ਮੁੱਦਾ ਥਮਾ ਦਿੱਤਾ ਸੀ।

ਮਮਤਾ ਬੈਨਰਜੀ ਦੇ ਅਕਸਰ ਵਿਰੋਧੀ ਵੀ ਇਹ ਗੱਲ ਭਲੀਭਾਂਤ ਸਵੀਕਾਰਦੇ ਹਨ ਕਿ ਕਾਂਗਰਸ ਵਿੱਚ ਹਉਮੈ ਦੀ ਲੜਾਈ ਅਤੇ ਸਿਧਾਂਤਾਂ 'ਤੇ ਟਕਰਾਅ ਤੋਂ ਬਾਅਦ ਵੱਖ ਹੋ ਕੇ ਨਵੀਂ ਪਾਰਟੀ ਬਣਾਉਣ ਤੋਂ ਬਾਅਦ ਮਹਿਜ਼ 13 ਸਾਲਾਂ ਦੇ ਅੰਦਰ ਹੀ ਸੂਬੇ ਵਿੱਚ ਲਗਭਗ 35 ਸਾਲ ਤੋਂ ਮਜ਼ਬੂਤ ਜੜਾਂ ਲਾਈ ਬੈਠੀ ਖੱਬੇਪੱਖੀ ਸਰਕਾਰ ਨੂੰ ਹਰਾ ਕੇ ਸੜਕ ਤੋਂ ਸਕੱਤਰੇਤ ਤੱਕ ਪਹੁੰਚਣ ਦਾ ਜਿਸ ਤਰਾਂ ਦਾ ਕ੍ਰਿਸ਼ਮਾ ਮਮਤਾ ਨੇ ਦਿਖਾਇਆ ਹੈ, ਉਸ ਦੀ ਮਿਸਾਲ ਇਤਿਹਾਸਕ ਪੰਨਿਆਂ ਵਿੱਚ ਬਹੁਤ ਹੀ ਘੱਟ ਵੇਖਣ ਨੂੰ ਮਿਲਦੀ ਹੈ।

ਹੁਣ ਇੱਕ ਵਾਰ ਫਿਰ ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ ਤੇ ਚੁਣਾਵੀ ਦੰਗਲ ਪੂਰੀ ਤਰਾਂ ਭਖਿਆ ਹੋਇਆ ਹੈ। ਮਮਤਾ ਇੱਕ ਵਾਰ ਫਿਰ ਆਪਣੀ ਪਾਰਟੀ ਟੀ. ਐੱਮ. ਸੀ. ਦੀ ਸਰਕਾਰ ਬਣਾਉਣ ਲਈ ਪੂਰੀ ਵਾਹ ਲਾ ਰਹੀ ਹੈ। ਉੱਧਰ ਭਾਜਪਾ ਤੇ ਦੂਜੇ ਪਾਸੇ ਕਾਂਗਰਸ ਵਾਮਪੰਥੀ ਗਠਬੰਧਨ ਵੀ ਆਪਣੀ ਤਾਕਤ ਦਾ ਮੁਜ਼ਾਹਰਾ ਕਰਦਿਆਂ ਪੱਛਮੀ ਬੰਗਾਲ ਦੀ ਸੱਤਾ 'ਤੇ ਕਾਬਜ਼ ਹੋਣ ਲਈ ਆਪਣੇ ਆਪਣੇ ਪਰ ਤੋਲ ਰਹੇ ਹਨ। ਹੁਣ ਇਹ ਤਾਂ 2 ਮਈ ਨੂੰ ਵਿਧਾਨ ਸਭਾ ਦੇ ਚੋਣ ਨਤੀਜਿਆਂ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਊਠ ਕਿਸ ਕਰਵਟ ਬੈਠਦਾ ਹੈ।ਵੈਸੇ ਉਹ ਮੋਦੀ ਦੀ ਸਿਆਸਤ ਲਈ ਚੈਲਿੰਜ ਬਣੀ ਹੋਈ ਹੈ।

**ਅੱਬਾਸ ਧਾਲੀਵਾਲ**

## ਪੰਜਾਬ ਵਿਚ ਰਾਜਨੀਤਕ ਸਰਗਰਮੀਆਂ ਤੇ ਵੋਟਰ

ਪੰਜਾਬ ਵਿਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਆ ਰਹੀਆਂ ਹਨ ਜਿਨਾਂ ਨੂੰ ਮੱਦੇਨਜ਼ਰ ਰੱਖ ਕੇ ਪੰਜਾਬ ਵਿਚ ਰਾਜਨੀਤਕ ਸਰਗਰਮੀਆਂ ਕਾਫ਼ੀ ਤੇਜ਼ ਹੋ ਗਈਆਂ ਹਨ। ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੇ ਰਾਜ ਦੇ ਲੋਕਾਂ ਨੂੰ ਭਰਮਾਉਣ ਲਈ ਹੁਣ ਤੋਂ ਹੀ ਵੱਡੇ-ਵੱਡੇ ਝੂਠ ਬੋਲਣੇ ਸ਼ੁਰੂ ਕਰ ਦਿੱਤੇ ਹਨ। ਉਮੀਦਵਾਰਾਂ ਦਾ ਐਲਾਨ ਕਰਨ ਦੇ ਨਾਲ-ਨਾਲ ਸੂਬੇ ਦੇ ਅਹਿਮ ਮੁੱਦਿਆਂ 'ਤੇ ਵੀ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ।

ਇਕ-ਦੂਸਰੇ ਨੂੰ ਚੋਰ ਤੇ ਧੋਖੇਬਾਜ਼ ਕਹਿਣ ਦੇ ਨਾਲ-ਨਾਲ ਆਪਣੇ-ਆਪ ਨੂੰ ਦੁੱਧ ਧੋਤੇ ਸਾਬਤ ਕਰਨ ਦੀ ਕੋਸ਼ਿਸ਼ ਅਤੇ ਵਿਰੋਧੀਆਂ ਨੂੰ ਵਾਅਦਾ ਖ਼ਿਲਾਫ਼ ਵੀ ਦੱਸਿਆ ਜਾ ਰਿਹਾ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਦੀ ਗੱਲ ਕੀਤੀ ਜਾ ਰਹੀ ਹੈ। ਬਿਜਲੀ, ਡੀਜ਼ਲ, ਪੈਟਰੋਲ ਤੇ ਗੈਸ ਦੀਆਂ ਕੀਮਤਾਂ ਪੰਜਾਹ ਪ੍ਰਤੀਸ਼ਤ ਤਕ ਘੱਟ ਕਰਨ ਦੇ ਐਲਾਨ ਹੁਣ ਤੋਂ ਹੀ ਕੀਤੇ ਜਾ ਰਹੇ ਹਨ। ਕਿਸਾਨ ਵੋਟ ਬੈਂਕ ਨੂੰ ਕੈਸ਼ ਕਰਨ ਵਾਸਤੇ ਕਿਸਾਨ ਅੰਦੋਲਨ ਦੇ ਨਾਮ 'ਤੇ ਕਾਨਫਰੰਸਾਂ ਕੀਤੀਆਂ ਜਾ ਰਹੀਆਂ ਹਨ। ਸਰਕਾਰ ਬਣਨ 'ਤੇ ਤਿੰਨੇ ਨਵੇਂ ਖੇਤੀ ਕਾਨੂੰਨ ਰੱਦ ਕਰਨ ਦੇ ਐਲਾਨ ਤੇ ਦਾਅਵੇ-ਵਾਅਦੇ ਕੀਤੇ ਜਾ ਰਹੇ ਹਨ। ਇਸੇ ਦੌਰਾਨ ਜੋੜ-ਤੋੜ ਵੀ ਸ਼ੁਰੂ ਹੋ ਗਿਆ ਹੈ। ਇਕ-ਦੂਜੀ ਸਿਆਸੀ ਪਾਰਟੀ ਦੇ ਕਾਰਕੁਨਾਂ ਨੂੰ ਆਪੋ-ਆਪਣੀਆਂ ਪਾਰਟੀਆਂ 'ਚ ਸ਼ਾਮਲ ਕਰ ਕੇ ਮੀਡੀਆ 'ਚ ਪ੍ਰਚਾਰ ਕਰ ਕੇ ਪਾਰਟੀ ਦਾ ਅਕਸ ਬਣਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਫ਼ਸਲੀ ਬਟੇਰਿਆਂ ਵਾਂਗ ਲੋਭੀ ਸੱਤਾ ਵੱਲੋਂ ਖਿਲਾਰਿਆ ਗਿਆ ਦਾਣਾ ਚੁਗ ਕੇ ਲੰਬੀ ਉਡਾਰੀ ਮਾਰ ਜਾਂਦੇ ਹਨ। ਪੰਜਾਬੀ ਦਾ ਅਖਾਣ ਹੈ, 'ਫ਼ਸਲੀ ਬਟੇਰੇ, ਨਾ ਤੇਰੇ, ਨਾ ਮੇਰੇ।'

ਦੂਜੇ ਪਾਸੇ ਰੁੱਸਿਆਂ ਨੂੰ ਮਨਾਉਣ ਦੀ ਕਵਾਇਦ ਸ਼ੁਰੂ ਹੁੰਦੀ ਹੈ। ਸੱਤਾਧਾਰੀ ਪਾਰਟੀ ਆਪਣਾ ਪਿਛਲੇ ਚਾਰ ਸਾਲ ਦਾ ਰਿਪੋਰਟ ਕਾਰਡ ਪੇਸ਼ ਕਰ ਕੇ ਕੀਤੇ ਵਿਕਾਸ ਦਾ ਢੰਡੋਰਾ ਪਿੱਟ ਰਹੀ ਹੈ ਜਦਕਿ ਸੂਬੇ ਦਾ ਵਿਕਾਸ ਅਜੇ ਪਿੰਡਾਂ ਤੇ ਸ਼ਹਿਰਾਂ ਦੀਆਂ ਗਲੀਆਂ-ਨਾਲੀਆਂ 'ਚ ਹੀ ਫਸਿਆ ਹੋਇਆ ਹੈ। ਟੁੱਟੇ ਰਾਹ-ਰਸਤੇ ਤੇ ਸੜਕਾਂ, ਪਗ-ਡੰਡੀਆਂ ਵਿਕਾਸ ਦੇ ਫਟੇਹਾਲ ਹੋਣ ਦੀ ਚੀਕ-ਚੀਕ ਕੇ ਦੁਹਾਈ ਪਾ ਰਹੇ ਹਨ। ਤਰਾਂ-ਤਰਾਂ ਦੇ ਮਾਫੀਆ ਗੈਂਗ ਚਿੱਟੇ ਦਿਨ ਕੁਦਰਤੀ ਸੋਮਿਆਂ ਦੀ ਲੁੱਟ ਮਚਾ ਰਹੇ ਹਨ। ਔਰਤ ਕਿਧਰੇ ਵੀ ਸੁਰੱਖਿਅਤ ਨਹੀਂ ਹੈ।

ਹਰ ਰੋਜ਼ ਬਲਾਤਕਾਰ ਦੀਆਂ ਖ਼ਬਰਾਂ ਨਸ਼ਰ ਹੋ ਰਹੀਆਂ ਹਨ। ਨਸ਼ਿਆਂ ਤੇ ਬਿਮਾਰੀਆਂ ਦੀ ਮਹਾਮਾਰੀ ਨੇ ਸੂਬੇ ਦੇ ਹਰ ਕੋਨੇ 'ਚ ਕੁਹਰਾਮ ਮਚਾਇਆ ਹੋਇਆ ਹੈ। ਸੂਬੇ ਦਾ ਹਰ ਨਵ-ਜਨਮਿਆ ਬੱਚਾ ਤਿੰਨ ਲੱਖ ਰੁਪਏ ਦਾ ਕਰਜ਼ਾਈ ਹੋ ਕੇ ਜਨਮ ਲੈ ਰਿਹਾ ਹੈ। ਮਹਿੰਗਾਈ ਬੇਲਗਾਮ ਹੈ, ਬੇਰੁਜ਼ਗਾਰੀ ਦਾ ਤਾਂਡਵ ਚੱਲ ਰਿਹਾ ਹੈ। ਨੌਜਵਾਨੀ ਭੁੱਖਮਰੀ ਤੋਂ ਬਚਣ ਵਾਸਤੇ ਵਿਦੇਸ਼ਾਂ ਵੱਲ ਪਲਾਇਨ ਕਰ ਰਹੀ ਹੈ। ਲੁੱਟ-ਪਾਟ, ਗੋਲੀਬਾਰੀ ਅਤੇ ਖੋਹ ਦੀਆਂ ਵਾਰਦਾਤਾਂ ਆਮ ਹੋ ਗਈਆਂ ਹਨ। ਸਰਕਾਰੀਤੰਤਰ ਦੀ ਲਾਲਫੀਤਾਸ਼ਾਹੀ ਲੱਕ-ਲੱਕ ਤਕ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸੀ ਹੋਈ ਹੈ। ਇੰਨਾ ਕੁਝ ਹੋ ਜਾਣ ਦੇ ਬਾਵਜੂਦ ਸੂਬੇ ਦੀਆਂ ਸਿਆਸੀ ਪਾਰਟੀਆਂ ਇਕ-ਦੂਜੀ ਤੋਂ ਵੱਧ ਕੇ ਵੱਡੇ-ਵੱਡੇ ਦਾਅਵੇ ਕਰ ਕੇ ਅਸਮਾਨ ਦੀ ਧੁੰਨੀ ਨੂੰ ਹੱਥ ਲਾ ਰਹੀਆਂ ਹਨ। ਧੰਨ ਹਨ ਪੰਜਾਬ ਦੇ ਲੋਕ ਜੋ ਪਿਛਲੇ 74 ਸਾਲ ਤੋਂ ਲਗਾਤਾਰ ਹਰ ਵਾਰ ਧੋਖਾ ਖਾਂਦੇ ਆ ਰਹੇ ਹਨ ਅਤੇ ਨੀਲੇ-ਚਿੱਟਿਆਂ ਦੀ 'ਉੱਤਰ ਕਾਟੋ, ਹੁਣ ਮੇਰੀ ਵਾਰੀ' ਵਾਲੀ ਨੂਰਾਂ ਕੁਸ਼ਤੀ ਨੂੰ ਕਾਮਯਾਬ ਕਰਦੇ ਆ ਰਹੇ ਹਨ। ਬੇਸ਼ੱਕ ਪੰਜਾਬ 'ਚ ਇਕ ਆਮ ਆਦਮੀ ਨਾਮ ਦੀ ਪਾਰਟੀ ਦਾ ਵੀ ਪਿਛਲੀਆਂ ਚੋਣਾਂ ਦੌਰਾਨ ਉਦੇ ਹੋਇਆ ਹੈ ਪਰ ਕੁੱਕੜ ਕਲੇਸ਼ ਉਸ ਪਾਰਟੀ ਦੇ ਅੰਦਰ ਵੀ ਬਹੁਤ ਵੱਡੇ ਪੱਧਰ 'ਤੇ ਚੱਲ ਰਿਹਾ ਹੈ।

ਪਾਰਟੀ ਦੀ ਪ੍ਰਧਾਨਗੀ, ਮੁੱਖ ਮੰਤਰੀ ਦਾ ਅਹੁਦਾ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਦੀ ਚੋਣ ਦੇ ਮੁੱਦੇ ਨੂੰ ਲੈ ਕੇ ਇਸ ਪਾਰਟੀ ਦੇ ਅੰਦਰੂਨੀ ਕਾਟੋ-ਕਲੇਸ਼ ਨੇ ਇਸ ਦੇ ਢੋਲ ਦਾ ਪੋਲ ਪੂਰੀ ਤਰਾਂ ਖੋਲ ਦਿੱਤਾ ਹੈ। ਇਸ ਪਾਰਟੀ 'ਚ ਅੱਜ ਵੀ ਕਿਸੇ ਦਾ ਮੂੰਹ ਕਿਸੇ ਪਾਸੇ ਅਤੇ ਕਿਸੇ ਦਾ ਕਿਸੇ ਹੋਰ ਪਾਸੇ ਹੈ। ਸਭ ਆਪੋ-ਆਪਣੀ ਤੂਤੀ ਵਜਾ ਰਹੇ ਹਨ। ਇਹ ਇਕ ਕੌੜਾ ਸੱਚ ਹੈ ਕਿ ਪੰਜਾਬ ਦੇ ਲੋਕਾਂ ਨਾਲ ਸਿਆਸਤਦਾਨਾਂ ਨੇ ਅੱਜ ਤਕ ਸਿਆਸਤ ਦੇ ਨਾਮ 'ਤੇ ਧੋਖਾ ਤੇ ਸਿਰਫ਼ ਧੋਖਾ ਹੀ ਕੀਤਾ ਹੈ। ਚੋਣਾਂ ਸਮੇਂ ਵੋਟਾਂ ਲੈਣ ਵਾਸਤੇ ਵੱਡੇ-ਵੱਡੇ ਲਾਰੇ ਲਾਏ, ਐਲਾਨ ਤੇ ਵਾਅਦੇ ਕੀਤੇ ਜੋ ਕਦੇ ਵੀ ਵਫ਼ਾ ਨਾ ਹੋਏ।

ਸੱਚੀ ਗੱਲ ਕਹਾਂ ਤਾਂ ਸਹੀ ਮਾਅਨਿਆਂ 'ਚ ਗੰਦੀ ਸਿਆਸਤ ਨੇ ਪੰਜਾਬ ਨੂੰ ਪੂਰੀ ਤਰਾਂ ਬਰਬਾਦ ਕਰ ਦਿੱਤਾ ਹੈ। ਸੰਨ 1947 ਤੋਂ ਬਾਅਦ ਪੰਜਾਬ ਅੱਠ ਟੁਕੜਿਆਂ 'ਚ ਵੰਡ ਦਿੱਤਾ, ਪੰਜਾਬ ਦੇ ਕੁਦਰਤੀ ਸੋਮੇ ਲੁੱਟ ਲਏ, ਵਾਰ-ਵਾਰ ਜਵਾਨੀ ਦਾ ਘਾਣ ਕੀਤਾ। ਪੰਜਾਬ ਨੂੰ ਤਰਾਂ-ਤਰਾਂ ਦੇ ਮਾਫੀਏ ਦੀ ਲੁੱਟ ਦਾ ਸ਼ਿਕਾਰ ਬਣਾਇਆ ਅਤੇ ਬੇਰੁਜ਼ਗਾਰੀ ਦੀ ਭੱਠ 'ਚ ਝੋਕਿਆ। ਪੰਜਾਬ ਦੇ ਦੁੱਖਾਂ ਦੀ ਗਾਥਾ ਬਹੁਤ ਲੰਬੀ ਹੈ। ਇਹ ਤਾਂ ਸਿਰਫ਼ ਇਕ ਝਲਕ ਮਾਤਰ ਹੀ ਪੇਸ਼ ਕੀਤੀ ਗਈ ਹੈ।

ਪੰਜਾਬ ਦੇ ਲੋਕਾਂ ਨੂੰ ਆਪਣੀ ਸੋਚ ਬਦਲਣੀ ਪਵੇਗੀ, ਜਾਗਰੂਕ ਹੋਣਾ ਪਵੇਗਾ। ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਚੋਣਾਂ ਵੇਲੇ ਉਮੀਦਵਾਰ ਠੋਕ ਵਜਾ ਕੇ ਚੁਣੇ ਜਾਣ ਅਤੇ ਸਿਰਫ਼ ਚੰਗੇ ਅਤੇ ਇਮਾਨਦਾਰ ਨੇਤਾ ਚੁਣ ਕੇ ਹੀ ਵਿਧਾਨ ਸਭਾ 'ਚ ਭੇਜੇ ਜਾਣ।

**ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**

## ਬੰਗਲਾਦੇਸ਼ ਭਾਰਤ ਤੋਂ ਕਿਤੇ ਵਿਕਸਿਤ

ਬੀਤੀ 26 ਮਾਰਚ ਨੂੰ ਗੁਆਂਢੀ ਬੰਗਲਾਦੇਸ਼ ਨੇ ਆਪਣੀ ਅਜ਼ਾਦੀ ਦਾ ਅੱਧਾ ਸੈਂਕੜਾ ਮਾਰਿਆ, ਜਿਸ ਨੂੰ ਬੰਗਲਾਦੇਸ਼ ਵਾਸੀਆਂ ਨੇ ਬੜੇ ਹੀ ਉਤਸ਼ਾਹ ਨਾਲ ਮਨਾਇਆ। ਇਨਾਂ ਅਜ਼ਾਦੀ ਜਸ਼ਨਾਂ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਮੁੱਖ ਮਹਿਮਾਨ ਵਜੋਂ ਵੀ ਸ਼ਾਮਲ ਹੋਏ।

ਇਸ ਦੌਰੇ ਦੌਰਾਨ ਜਿੱਥੇ ਪ੍ਰਧਾਨ ਮੰਤਰੀ ਦੇ ਹੋਏ ਸਵਾਗਤ ਦਾ ਸਭ ਨੇ ਧਿਆਨ ਖਿੱਚਿਆ, ਉੱਥੇ ਹੀ ਭਾਰਤੀ ਪ੍ਰਧਾਨ ਮੰਤਰੀ ਦਾ ਇਨਾਂ ਦੀਆਂ ਨੀਤੀਆਂ ਕਰਕੇ ਅਤੇ ਭਾਜਪਾ ਦੀ ਬੋਲਬਾਣੀ ਕਰਕੇ ਕਾਫ਼ੀ ਵਿਰੋਧ ਵੀ ਹੋਇਆ, ਜਿਸ ਕਾਰਨ ਉੱਥੇ ਦੇ ਦਰਜਨਾਂ ਨੌਜਵਾਨ ਮਾਰੇ ਵੀ ਗਏ। ਭਾਰਤੀ ਪ੍ਰਧਾਨ ਮੰਤਰੀ ਉਸ ਦੇਸ਼ ਦੇ ਜਸ਼ਨਾਂ ਵਿੱਚ ਸ਼ਾਮਲ ਹੋਣ ਗਏ ਸਨ, ਜਿਹੜਾ ਸਾਡੀ ਅਜ਼ਾਦੀ ਸਮੇਂ ਸਭ ਤੋਂ ਵੱਧ ਕਮਜ਼ੋਰ, ਗਰੀਬ ਤੇ ਖਾਸ ਕਰ ਬਟਵਾਰੇ ਤੋਂ ਬਾਅਦ ਇਹ ਪਾਕਿਸਤਾਨ ਦਾ ਸਭ ਤੋਂ ਗਰੀਬ ਅਤੇ ਪਛੜਿਆ ਹੋਇਆ ਇਲਾਕਾ ਸੀ। ਇਸ ਕਰਕੇ ਇਸ ਨੇ ਜੋ ਅੱਜ ਤਰੱਕੀ ਹਾਸਲ ਕੀਤੀ ਹੈ, ਉਹ ਬਾਕੀ ਦੇਸ਼ਾਂ ਲਈ ਇੱਕ ਅਚੰਭੇ ਵਾਲੀ ਗੱਲ ਹੈ। ਬੰਗਲਾਦੇਸ਼ ਦੇ ਹਾਕਮਾਂ ਨੇ ਆਜ਼ਾਦੀ ਤੋਂ ਬਾਅਦ ਔਰਤਾਂ ਅਤੇ ਬੱਚਿਆਂ ਦੀ ਭਲਾਈ ਵੱਲ ਖਾਸ ਧਿਆਨ ਕੇਂਦਰਤ ਕੀਤਾ, ਜਿਸ ਸਦਕਾ ਬੰਗਲਾਦੇਸ਼ ਅੱਜ ਦੇ ਦਿਨ ਤੰਦਰੁਸਤ ਅਤੇ ਵਧੀਆ ਸਿੱਖਿਅਤ ਦੇਸ਼ਾਂ ਵਿੱਚ ਸ਼ੁਮਾਰ ਹੋ ਗਿਆ ਹੈ। ਇੱਕ ਰਿਕਾਰਡ ਦੀ ਰਿਪੋਰਟ ਮੁਤਾਬਕ 98 ਫ਼ੀਸਦੀ ਇਸਦੇ ਬੱਚੇ ਪ੍ਰਾਇਮਰੀ ਸਕੂਲ ਦੀ ਪੜਾਈ ਪੂਰੀ ਕਰਦੇ ਹਨ। ਬੱਚਿਆਂ ਦੀ ਮੌਤ ਦਰ ਵਿੱਚ ਵੀ ਕਾਫ਼ੀ ਕਮੀ ਆਈ ਹੈ। ਬੰਗਲਾਦੇਸ਼ੀ ਅੱਜ ਕੱਲ ਖੁੱਲੇ ਵਿੱਚ ਜੰਗਲ-ਪਾਣੀ ਜਾਣ ਦੀ ਬਜਾਏ ਟਾਇਲਟ ਦੀ ਵਰਤੋਂ ਕਰਦੇ ਹਨ। ਇਨਾਂ ਮਾਮਲਿਆਂ ਵਿੱਚ ਇਹ ਭਾਰਤ ਅਤੇ ਪਾਕਿਸਤਾਨ ਤੋਂ ਅੱਗੇ ਹਨ। ਬੰਗਲਾਦੇਸ਼ ਦੀ ਤਰੱਕੀ ਦਾ ਇਸ ਗੱਲ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅੱਜ ਦੇ ਦਿਨ ਬੰਗਲਾਦੇਸ਼ ਦੀ ਪ੍ਰਤੀ ਵਿਅਕਤੀ ਆਮਦਨੀ ਪਾਕਿਸਤਾਨ ਦੇ ਪ੍ਰਤੀ ਵਿਅਕਤੀ ਦੀ ਆਮਦਨੀ ਤੋਂ ਕਿਤੇ ਅੱਗੇ ਵਧ ਗਈ ਹੈ। ਪਿਛਲੇ ਲਗਭਗ ਚਾਰ ਸਾਲ ਬੰਗਲਾਦੇਸ਼ ਦੀ ਆਰਥਿਕ ਵਿਕਾਸ ਦਰ ਸੱਤ ਫੀਸਦੀ ਤੋਂ ਵੱਧ ਰਹੀ, ਜੋ ਭਾਰਤ, ਪਾਕਿਸਤਾਨ ਅਤੇ ਚੀਨ ਤੋਂ ਵੀ ਵੱਧ ਸੀ। ਇਸੇ ਕਰਕੇ ਪਿੱਛੇ ਜਿਹੇ ਸੰਯੁਕਤ ਰਾਸ਼ਟਰ ਵਿਕਾਸ ਨੀਤੀ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਇਸ ਨੂੰ ਬੇਹੱਦ ਘੱਟ ਵਿਕਸਤ ਦੇ ਦਰਜੇ ਤੋਂ ਵਧਾ ਕੇ ਵਿਕਾਸਸ਼ੀਲ ਦੇਸ਼ਾਂ ਵਿੱਚ ਪਾਉਣ ਦੀ ਸਿਫ਼ਾਰਸ਼ ਕੀਤੀ ਹੈ।

ਬੰਗਲਾਦੇਸ਼ ਦੇ ਵਿਕਾਸ ਦਾ ਕਾਰਨ ਉਸਦਾ ਸਭ ਤੋਂ ਵੱਧ ਮੁਕਾਬਲੇਬਾਜ਼ ਕੱਪੜਾ ਉਦਯੋਗ ਹੈ, ਜੋ ਦੁਨੀਆ ਦਾ ਦੂਸਰਾ ਸਭ ਤੋਂ ਵੱਡਾ ਉਦਯੋਗ ਬਣ ਗਿਆ ਹੈ। ਕੱਪੜਾ ਉਦਯੋਗ ਨੇ ਹੀ ਔਰਤਾਂ ਦੀ ਹਾਲਤ ਬਿਹਤਰ ਕਰਨ ਵਿੱਚ ਮਦਦ ਕੀਤੀ ਹੈ। ਹੈਰਾਨ ਕਰਨ ਵਾਲੀ ਗੱਲ ਹੈ ਕਿ ਬੰਗਲਾਦੇਸ਼ ਦੇ ਚਾਲੀ ਲੱਖ ਕੱਪੜਾ ਕਿਰਤੀਆਂ ਵਿੱਚੋਂ ਪੰਜਾਹ ਫ਼ੀਸਦੀ ਔਰਤਾਂ ਹੀ ਹਨ। ਇਸ ਬੰਗਲਾਦੇਸ਼ ਫੇਰੀ ਦੌਰਾਨ ਪ੍ਰਧਾਨ ਮੰਤਰੀ ਨੇ ਮਰਹੂਮ ਇੰਦਰਾ ਨੇ 1971 ਵਿੱਚ ਆਪਣੇ ਗਵਾਂਢ ਵਿੱਚ ਹੁੰਦੀ ਜ਼ਿਆਦਤੀ ਦੇਖ ਕੇ ਉੱਥੇ ਚੱਲੀ ਅਜ਼ਾਦੀ ਦੀ ਲਹਿਰ ਵਿੱਚ ਮਰਹੂਮ ਸ਼ੇਖ ਮੁਜੀਬ ਉਰ ਰਹਿਮਾਨ ਦਾ ਸਾਥ ਦੇਣ ਦਾ ਮਨ ਬਣਾਇਆ। ਮਦਦ ਲਈ ਮੁਕਤੀ ਵਹਿਨੀ ਦੇ ਨਾਂਅ ਹੇਠ ਢਾਕੇ ਵਿੱਚ ਆਪਣੀ ਫੌਜ ਝੋਕ ਦਿੱਤੀ, ਜਿਸ ਸਦਕਾ ਅਖੀਰ ਬੰਗਲਾਦੇਸ਼ ਅਜ਼ਾਦ ਹੋ ਗਿਆ।

ਪਰ ਪ੍ਰਧਾਨ ਮੰਤਰੀ ਮੋਦੀ ਨੇ ਇੰਦਰਾ ਗਾਂਧੀ ਦਾ ਜ਼ਿਕਰ ਕਰਦੇ ਸਮੇਂ ਆਪਣੀ ਆਦਤ ਮੁਤਾਬਕ ਇਹ ਵੀ ਆਖ ਦਿੱਤਾ ਕਿ ਇਸ ਜੰਗੇ ਅਜ਼ਾਦੀ ਦੀ ਲਹਿਰ ਵਿੱਚ ਮੈਂ ਵੀ ਜੇਲ ਗਿਆ ਸੀ। ਇਸ ਜੰਗੇ ਅਜ਼ਾਦੀ ਦਾ ਵਿਰੋਧ ਸਿਰਫ਼ ਪਾਕਿਸਤਾਨ ਜਾਂ ਫਿਰ ਕੁਝ ਬੰਗਲਾਦੇਸ਼ੀ ਕਰ ਰਹੇ ਸਨ, ਇਸ ਕਰਕੇ ਕਿਸੇ ਭਾਰਤੀ ਦਾ ਜੰਗੇ ਅਜ਼ਾਦੀ ਦੀ ਲੜਾਈ ਦਾ ਹਮਾਇਤੀ ਹੋਵੇ, ਜੇਲ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਖੈਰ, ਉਨਾਂ ਦੀਆਂ ਉਹ ਹੀ ਜਾਨਣ। ਅਜਿਹੀਆਂ ਗੱਪਾਂ ਵਿੱਚ ਉਨਾਂ ਦਾ ਕੋਈ ਸਾਨੀ ਨਹੀਂ ਹੈ।

ਹੁਣ ਦਿਲ ਕਰਦਾ ਹੈ ਕਿ ਪ੍ਰਧਾਨ ਮੰਤਰੀ ਜੀ ਨੂੰ ਵੀ ਨਿਮਰਤਾ-ਪੂਰਵਕ ਇੱਕ ਸਵਾਲ ਕੀਤਾ ਜਾਵੇ ਕਿ ਮਿਆਂਮਾਰ ਭਾਰਤ ਤੋਂ ਕਿੰਨੀ ਦੂਰ ਹੈ, ਜਿੱਥੇ ਇੱਕ ਫਰਵਰੀ ਨੂੰ ਰਾਜ ਪਲਟਾ ਹੋ ਕੇ ਹਟਿਆ ਹੈ। ਜਿੱਥੇ ਸ੍ਰੀਮਤੀ ਸੂ ਕੀ ਦੇ ਰਾਜ ਦਾ ਤਖ਼ਤਾ ਪਲਟ ਦਿੱਤਾ ਗਿਆ ਹੈ। ਜਿੱਥੇ ਪਿਛਲੇ ਦੋ ਮਹੀਨਿਆਂ ਵਿੱਚ ਫੌਜ ਨੇ ਆਪਣੀਆਂ ਗੋਲੀਆਂ ਨਾਲ ਵਿਰੋਧ ਕਰਦੇ ਨਿਹੱਥਿਆਂ 'ਤੇ ਗੋਲੀਆਂ ਚਲਾ ਕੇ ਕੋਈ ਢਾਈ-ਤਿੰਨ ਸੌ ਤੋਂ ਵੱਧ ਨੂੰ ਮਾਰ ਮੁਕਾਇਆ ਹੈ। ਕੀ ਪ੍ਰਧਾਨ ਮੰਤਰੀ ਨੂੰ ਬੰਗਲਾਦੇਸ਼ ਦੀ ਅਜ਼ਾਦੀ ਲਈ ਇੰਦਰਾ ਗਾਂਧੀ ਵੱਲੋਂ ਪਾਇਆ ਯੋਗਦਾਨ ਮਿਆਂਮਾਰ ਵਿੱਚ ਭਾਰਤ ਨੂੰ ਦਖ਼ਲ ਦੇਣ ਲਈ ਨਹੀਂ ਪ੍ਰੇਰਦਾ? ਤੁਹਾਡੇ ਗੁਆਂਢ ਵਿੱਚ ਲੋਕਤੰਤਰ ਦੀ ਹੱਤਿਆ ਹੋ ਰਹੀ ਹੋਵੇ ਅਤੇ ਤੁਸੀਂ ਖਾਮੋਸ਼ ਰਹੋ, ਇਸ ਤੋਂ ਵੱਡੀ ਗੱਲ ਭਾਰਤ ਦੇ ਪ੍ਰਧਾਨ ਮੰਤਰੀ ਦੀ 56 ਇੰਚ ਦੀ ਛਾਤੀ ਹੋਵੇ, ਅਜਿਹੀ ਹੋ ਜਾਵੇ, ਕੀ ਇਹ ਸਾਡੀ ਨਿਪੁੰਸਕਤਾ ਨਹੀਂ? ਪ੍ਰਧਾਨ ਮੰਤਰੀ ਜੀ ਇਸ ਗੱਲੋਂ ਅਣਜਾਣ ਹਨ ਕਿ ਬਰਮਾ ਅਤੇ ਸ੍ਰੀਲੰਕਾ ਵਰਗੇ ਦੇਸ਼ ਲਗਭਗ ਇੱਕ ਸਦੀ ਪਹਿਲਾਂ ਭਾਰਤ ਦੇ ਹੀ ਹਿੱਸੇ ਸਨ? ਸਾਡੇ ਅਤੇ ਉਨਾਂ ਦੇ ਵੱਡੇ-ਵਡੇਰਿਆਂ ਵਿੱਚ ਕੋਈ ਫ਼ਰਕ ਨਹੀਂ। ਸਭ ਦੀਆਂ ਰਗਾਂ ਵਿੱਚ ਇੱਕ ਤਰਾਂ ਦਾ ਹੀ ਖ਼ੂਨ ਦੌੜ ਰਿਹਾ ਸੀ। ਫਿਰ ਮਿਆਂਮਾਰ ਵਿੱਚ ਦਖ਼ਲ ਦੇ ਕੇ ਲੋਕਤੰਤਰ ਨੂੰ ਬਚਾਉਣ ਤੋਂ ਝਿਜਕ ਕਿਸ ਗੱਲ ਦੀ? 1971 ਦੇ ਐਕਸ਼ਨ ਤੋਂ ਸਿੱਖੋ, ਦਖ਼ਲ ਦਿਓ, ਆਪਣੇ ਵੱਲੋਂ ਚੰਗੇ ਗੁਆਂਢੀ ਅਤੇ ਵੱਡੇ ਭਾਈ ਵਾਲਾ ਫ਼ਰਜ਼ ਨਿਭਾਓ।

**ਐਡਵੋਕੇਟ ਗੁਰਮੀਤ ਸ਼ੁਗਲੀ**

## ਕਿਸਾਨਾਂ ਨੇ ਐਫਸੀਆਈ...

ਵਿਸਾਖੀ ਮੌਕੇ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਕੀਤੀ ਜਾ ਰਹੀ ਲਾਮਬੰਦੀ ਕਾਨਫਰੰਸ ਅਤੇ ਹੋਰ ਅਗਲੇ ਘੋਲ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਸਾਰਿਆਂ ਨੂੰ ਸੱਦਾ ਦਿੱਤਾ ਗਿਆ।

**ਕੌਮੀ ਪੱਧਰ 'ਤੇ ਵੀ ਐਫਸੀਆਈ ਦਫ਼ਤਰਾਂ ਦਾ ਘਿਰਾਓ**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਦੇਸ਼ ਭਰ 'ਚ ਐਫਸੀਆਈ ਦਫ਼ਤਰਾਂ ਦਾ ਘਿਰਾਓ ਕੀਤਾ ਗਿਆ। ਖ਼ਪਤਕਾਰ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਦੇ ਨਾਂ ਮੰਗ ਪੱਤਰ ਵੀ ਭੇਜਿਆ ਗਿਆ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਦੱਸਿਆ ਕਿ ਵਿਜੈਵਾੜਾ ਤੇ ਆਂਧਰਾ ਪ੍ਰਦੇਸ਼ ਦੇ ਆਂਗਲੇ ਵਿਚ ਐਫਸੀਆਈ ਦਫ਼ਤਰਾਂ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਮੰਗ ਪੱਤਰ ਸੌਂਪਿਆ ਗਿਆ। ਹਰਿਆਣਾ ਦੇ ਮੰਡੀ ਕੈਥਲ, ਗੁੜਗਾਉਂ, ਸੋਨੀਪਤ, ਅੰਬਾਲਾ, ਕਰਨਾਲ, ਬੱਡੋਵਾਲ ਸਮੇਤ ਐਫਸੀਆਈ ਦਫ਼ਤਰਾਂ 'ਤੇ ਕਿਸਾਨਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ। ਕਿਸਾਨਾਂ ਨੇ ਨੋਇਡਾ ਵਿੱਚ ਐਫਸੀਆਈ ਦੇ ਦਫ਼ਤਰ ਦੇ ਬਾਹਰ ਵੀ ਰੋਸ ਪ੍ਰਦਰਸ਼ਨ ਕੀਤਾ। ਉੱਤਰ ਪ੍ਰਦੇਸ਼ ਦੇ ਅਤਰੌਲੀ, ਅਲੀਗੜ੍ਹ ਸਣੇ ਕਈ ਥਾਵਾਂ 'ਤੇ ਮੰਗ ਪੱਤਰ ਦਿੱਤਾ ਗਿਆ। ਇਸ ਤੋਂ ਇਲਾਵਾ ਬਿਹਾਰ ਦੇ ਸੀਤਾਮੜੀ ਵਿਚ ਵੱਡੀ ਗਿਣਤੀ 'ਚ ਕਿਸਾਨਾਂ ਨੇ ਇਕਜੁੱਟ ਹੋ ਕੇ ਐਫਸੀਆਈ ਦਫ਼ਤਰ ਦੇ ਬਾਹਰ ਪ੍ਰਦਰਸ਼ਨ ਕੀਤਾ। ਰਾਜਸਥਾਨ ਦੇ ਸ੍ਰੀ ਗੰਗਾਨਗਰ, ਗੋਲੂਵਾਲਾ ਸਣੇ ਕਈ ਥਾਵਾਂ 'ਤੇ ਕਿਸਾਨਾਂ ਨੇ ਖਪਤਕਾਰ ਮੰਤਰੀ ਦੇ ਨਾਂ ਮੰਗ ਪੱਤਰ ਸੌਂਪਿਆ ਅਤੇ ਧਰਨਾ ਪ੍ਰਦਰਸ਼ਨ ਕੀਤਾ। ਕਿਸਾਨ ਆਗੂ ਨੇ ਕਿਹਾ ਕਿ ਦੇਸ਼ ਦੇ ਹੋਰਨਾਂ ਹਿੱਸਿਆਂ ਦੇ ਕਿਸਾਨ ਐਫਸੀਆਈ ਦੇ ਘਟਦੇ ਬਜਟ ਕਾਰਨ ਮਾੜੀਆਂ ਵਿੱਤੀ ਹਾਲਤਾਂ ਤੋਂ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਮੋਰਚਾ ਤੇ ਮੁਜ਼ਾਹਰਾਕਾਰੀ ਕਿਸਾਨ ਇਸ ਸੰਕਟ ਬਾਰੇ ਡੂੰਘਾਈ ਤੋਂ ਵਾਕਿਫ਼ ਹਨ। ਭਾਰਤ ਇਸ ਸੰਦਰਭ ਵਿੱਚ ਆਪਣੇ ਖ਼ਪਤਕਾਰਾਂ ਤੇ ਉਤਪਾਦਕਾਂ ਨੂੰ ਖੇਤੀਬਾੜੀ ਬਾਰੇ ਕੀਤੇ ਸਮਝੌਤੇ ਰਾਹੀਂ ਵਿਸ਼ਵ ਵਪਾਰ ਸੰਗਠਨ ਦੇ ਸ਼ਖ਼ਤ ਢਾਂਚੇ ਵਿੱਚ ਲੈ ਆਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਗੱਲਬਾਤ ਵਿੱਚ ਰੱਖੇ ਗਏ ਪ੍ਰਸਤਾਵ ਵਿੱਚ ਭੋਜਨ ਦੇ ਅਧਿਕਾਰ, ਪ੍ਰਭੂਸੱਤਾ, ਭੋਜਨ ਅਤੇ ਪੋਸ਼ਣ ਸਬੰਧੀ ਸੁਰੱਖਿਆ ਦੇ ਪ੍ਰਸਤਾਵ ਨਹੀਂ ਹਨ। ਭਾਰਤ ਦਾ ਭੋਜਨ ਭੰਡਾਰ ਪ੍ਰੋਗਰਾਮ ਸਥਾਈ ਹੱਲ ਤੋਂ ਬਿਨਾਂ ਡਬਲਿਊਟੀਓ ਵਿੱਚ ਰੱਖਿਆ ਗਿਆ ਹੈ। ਵਿਸ਼ਵ ਵਪਾਰ ਸੰਗਠਨ ਦੇ ਸਮਝੌਤੇ ਨੇ ਖੇਤੀਬਾੜੀ ਮਾਡਲ ਨੂੰ ਇੱਕ ਇਸ ਤਰ੍ਹਾਂ ਦਾ ਪ੍ਰਬੰਧ ਬਣਾਇਆ ਹੈ, ਜੋ ਆਮ ਨਾਗਰਿਕਾਂ ਦੇ ਹਿੱਤਾਂ ਦੇ ਖ਼ਿਲਾਫ਼ ਹੈ ਅਤੇ ਜੋ ਖੇਤੀ-ਕਾਰੋਬਾਰੀ ਕਾਰਪੋਰੇਟਾਂ ਨੂੰ ਮੁਨਾਫ਼ਾ ਲੈਣ ਦੀ ਆਗਿਆ ਦਿੰਦਾ ਹੈ। ਉਨ੍ਹਾਂ ਮੁਤਾਬਕ ਖੇਤੀਬਾੜੀ ਦੇ ਤਿੰਨ ਕਾਨੂੰਨ, ਜਿਨ੍ਹਾਂ ਨੂੰ 'ਸੁਧਾਰ' ਕਿਹਾ ਗਿਆ ਹੈ, ਭਾਰਤ ਦੇ ਪੀਡੀਐਸ (ਜਨਤਕ ਵੰਡ ਪ੍ਰਣਾਲੀ) ਸਿਸਟਮ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਲਿਆਂਦੇ ਗਏ ਹਨ। ਇਹੀ ਕਾਰਨ ਹੈ ਕਿ ਮੁਜ਼ਾਹਰਾਕਾਰੀ ਕਿਸਾਨ ਸਾਰੇ ਕਿਸਾਨਾਂ ਦੇ ਕਾਨੂੰਨੀ ਅਧਿਕਾਰ ਵਜੋਂ ਐਮਐਸਪੀ ਦੀ ਮੰਗ ਅਤੇ ਤਿੰਨੋਂ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ। ਕਿਸਾਨ ਮੋਰਚੇ ਦੇ ਸੀਨੀਅਰ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਦਿੱਲੀ ਬਾਰਡਰਾਂ ਤੋਂ ਅਸੀਂ ਓਨਾ ਚਿਰ ਵਾਪਸ ਨਹੀਂ ਮੁੜਾਂਗੇ, ਜਿੰਨਾ ਚਿਰ ਕਾਲੇ ਕਾਨੂੰਨ ਰੱਦ ਨਹੀਂ ਹੁੰਦੇ। ਉਨ੍ਹਾਂ ਕਿਹਾ ਕਿ ਜਿੱਥੇ ਸੰਵਿਧਾਨ ਅਨੁਸਾਰ ਸਰਕਾਰ ਲੋਕਾਂ ਦੀ ਹੁੰਦੀ ਤੇ ਲੋਕਾਂ ਲਈ ਕੰਮ ਕਰਦੀ ਹੈ, ਉੱਥੇ ਹੁਣ ਮੋਦੀ ਸਰਕਾਰ ਕਾਰਪੋਰੇਟਾਂ ਦੀ ਸਰਕਾਰ ਹੈ ਤੇ ਕਾਰਪੋਰੇਟ ਦੇ ਪੈਸੇ ਨਾਲ ਬਣੀ ਹੈ ਤੇ ਕਾਰਪੋਰੇਟ ਦੇ ਭਲੇ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੂਜੇ ਦੇਸ਼ਾਂ ਸਮੇਤ ਅਮਰੀਕਾ ਦੀਆਂ 87 ਜਥੇਬੰਦੀਆਂ ਵਲੋਂ ਵੀ ਅੰਦੋਲਨ ਨੂੰ ਸਮਰਥਨ ਮਿਲ ਰਿਹਾ ਹੈ, ਪਰ ਸਰਕਾਰ ਅੰਦੋਲਨ ਨੂੰ ਹਿੰਸਕ ਕਰਨ ਲਈ ਉਕਸਾਉਣ ਦੀਆਂ ਸਾਜ਼ਿਸ਼ਾਂ ਕਰ ਰਹੀ ਹੈ। ਇਸ ਮੌਕੇ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਇਹ ਸੰਘਰਸ਼ ਨਵੀਆਂ ਪੈੜਾਂ ਪਾ ਰਿਹਾ ਹੈ ਤੇ ਇਸ ਵਿਚੋਂ ਨਵੀਂ ਲਹਿਰ ਉੱਠੇਗੀ ਜੋ ਇਤਿਹਾਸ ਸਿਰਜੇਗੀ। ਉਨ੍ਹਾਂ ਕਿਹਾ ਕਿ ਇਹ ਲੜਾਈ ਇਕੱਲੇ ਕਾਨੂੰਨ ਰੱਦ ਕਰਵਾਉਣ ਦੀ ਨਹੀਂ, ਸਗੋਂ ਲੋਕਾਂ ਦੀਆਂ ਆਸਾਂ ਨਾਲ ਭਰੀ ਹੋਈ ਕਾਰਪੋਰੇਟ ਘਰਾਣਿਆਂ ਖ਼ਿਲਾਫ਼ ਮੋਰਚੇਬੰਦੀ ਦਾ ਘੋਲ ਹੈ, ਲੜਾਈ ਨੀਤੀਆਂ ਦੀ ਹੈ। ਉਨ੍ਹਾਂ ਕਿਹਾ ਕਿ ਮਲੋਟ ਦੀ ਘਟਨਾ ਅਣਸੁਖਾਵੀ ਘਟਨਾ ਹੈ, ਪਰ ਭਾਜਪਾ ਵਾਲਿਆਂ ਨੂੰ ਲੋਕਾਂ ਦੇ ਗੁੱਸੇ ਨੂੰ ਸਮਝਣਾ ਚਾਹੀਦਾ ਹੈ। ਇਨ੍ਹਾਂ ਨੂੰ ਬਾਹਰ ਹੀ ਨਹੀਂ ਨਿਕਲਣਾ ਚਾਹੀਦਾ। ਉਨ੍ਹਾਂ ਕਿਹਾ ਕਿ ਹਕੂਮਤ ਦਾ ਧੱਕਾ ਬਰਦਾਸ਼ਤ ਨਹੀਂ ਹੋਵੇਗਾ ਅਤੇ ਜੇ ਦੀਪ ਸਿੱਧੂ ਵੀ ਸਾਡੇ ਪੰਡਾਲ ਵਿਚ ਹੁੰਦਾ ਤਾਂ ਉਸ ਦੀ ਅਸੀਂ ਗ੍ਰਿਫ਼ਤਾਰੀ ਨਾ ਹੋਣ ਦਿੰਦੇ। ਇਸ ਮੌਕੇ ਜਗਜੀਤ ਸਿੰਘ ਡੱਲੇਵਾਲ ਤੇ ਰੁਲਦੂ ਸਿੰਘ ਨੇ ਕਿਹਾ ਕਿ ਭਾਜਪਾ ਵਾਲੇ ਸਾਡੇ ਦੁਸ਼ਮਣ ਹਨ ਤੇ ਇਨ੍ਹਾਂ ਨੂੰ ਪਿੰਡਾਂ ਤੇ ਸ਼ਹਿਰਾਂ ਵਿਚ ਵੜਨ ਨਹੀਂ ਦਿਆਂਗੇ।

ਨੁਮਾਇੰਦੇ ਹਾਜ਼ਰ ਸਨ।

## ਕਿਸਾਨ ਜਥੇਬੰਦੀਆਂ ਵੱਲੋਂ...

ਬੀਤੇ ਐਤਵਾਰ ਨੂੰ ਭਾਜਪਾ ਦੇ ਯੂਥ ਵਿੰਗ ਦੇ ਮੰਡਲ ਪ੍ਰਧਾਨ ਦੀ ਨਿਯੁਕਤੀ ਲਈ ਸਰਹਿੰਦ ਨਹਿਰ ਦੇ ਕਿਨਾਰੇ ਸਥਿਤ ਵਾਲਮੀਕਿ ਆਸ਼ਰਮ ਰੋਪੜ ਵਿਖੇ ਦੁਪਹਿਰ 12 ਵਜੇ ਮੀਟਿੰਗ ਰੱਖੀ ਗਈ ਸੀ। ਜਦੋਂ ਇਸ ਮੀਟਿੰਗ ਬਾਰੇ ਕਿਸਾਨ ਜਥੇਬੰਦੀਆਂ ਨੂੰ ਸੂਚਨਾ ਮਿਲੀ ਤਾਂ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਇਕੱਠੇ ਹੋ ਗਏ। ਡੀਐੱਸਪੀ ਤਲਵਿੰਦਰ ਸਿੰਘ ਤੇ ਐੱਸਐੱਚਓ ਰਾਜੀਵ ਚੌਧਰੀ ਦੀ ਅਗਵਾਈ ਹੇਠ ਪੁਲਿਸ ਪਾਰਟੀ ਵਲੋਂ ਵਾਲਮੀਕਿ ਆਸ਼ਰਮ ਵੱਲ ਜਾਂਦੀ ਸਰਹਿੰਦ ਨਹਿਰ ਦੀ ਸੜਕ 'ਤੇ ਨਾਕਾਬੰਦੀ ਕਰ ਦਿੱਤੀ ਅਤੇ ਕਿਸਾਨ ਆਗੂਆਂ ਨੂੰ ਰੋਕ ਲਿਆ। ਯੂਥ ਵਿੰਗ ਭਾਜਪਾ ਦੀ ਮੀਟਿੰਗ ਵਿਚ ਭਾਜਪਾ ਦੇ ਕੌਮੀ ਬੁਲਾਰੇ ਇਕਬਾਲ ਸਿੰਘ ਲਾਲਪੁਰਾ ਤੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਅਠਵਾਲ ਪਹੁੰਚੇ ਸਨ। ਕਿਸਾਨ ਆਗੂਆਂ ਨੇ ਇਕਬਾਲ ਸਿੰਘ ਲਾਲਪੁਰਾ ਤੇ ਜਤਿੰਦਰ ਸਿੰਘ ਦੇ ਖਿਲਾਫ ਕਾਲੀਆਂ ਝੰਡੀਆਂ ਲੈ ਕੇ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਭਾਜਪਾ ਆਗੂ ਜਲਦਬਾਜ਼ੀ ਵਿਚ ਹੀ ਮੀਟਿੰਗ ਖ਼ਤਮ ਕਰਕੇ ਨਿਕਲ ਗਏ।

## 31 ਮਾਰਚ 1522..

ਜਿਵੇਂ ਮਾਂ ਦੀ ਠੰਢੀ ਛਾਂ ਹੈ,ਇਸੇ ਤਰ੍ਹਾਂ ਉਨ੍ਹਾਂ ਪਾਸ ਬੈਠਿਆਂ ਵੀ ਹਿਰਦੇ ਵਿਚ ਸ਼ਾਂਤੀ ਤੇ ਠੰਢ ਪੈਂਦੀ ਹੈ।

ਬਲਵੰਡ ਖੀਵੀ ਨੇਕ ਜਨ ਜਿਸ ਬਹੁਤੀ ਛਾਉ ਪਤ੍ਰਾਲੀ।।

ਬੀਬੀ ਅਮਰੋ ਜੀ ਮਾਤਾ ਖੀਵੀ ਜੀ ਦੀ ਸਪੁੱਤਰੀ ਸੀ, ਇਨ੍ਹਾਂ ਨੂੰ ਬਾਣੀ ਬਹੁਤ ਕੰਠ ਸੀ। ਇਨ੍ਹਾਂ ਦੇ ਨਿੱਤ ਉਠ ਬਾਣੀ ਪੜਨ ਕਾਰਨ ਹੀ ਭਾਈ ਅਮਰਦਾਸ ਜੀ ਦੀ ਖਿੱਚ ਗੁਰੂ ਅੰਗਦ ਸਾਹਿਬ ਨੂੰ ਮਿਲਣ ਦੀ ਹੋਈ।

ਮਨ ਨੂੰ ਅਜਿਹੀ ਚੋਟ ਲੱਗੀ ਕਿ ਬੀਬੀ ਅਮਰੋ ਜੀ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਆਏ। ਫਿਰ ਗੁਰੂ ਜੀ ਦੇ ਹੋ ਗਏ ਤੇ ਐਸੀ ਘਾਲ ਘਾਲੀ ਕਿ 'ਪਿਉ ਦਾਦੇ ਜੇਵੇਹਾ ਪੋਤਾ ਪ੍ਰਵਾਣ ਹੋਆ।'

ਜੇਕਰ ਧਿਆਨ ਨਾਲ ਨਜ਼ਰ ਮਾਰੀਏ ਤਾਂ ਗੁਰੂ ਅਮਰਦਾਸ ਨੂੰ ਸਿੱਖੀ ਵਲ ਪ੍ਰੇਰਨ ਦਾ ਮਾਣ ਮਾਤਾ ਖੀਵੀ ਜੀ ਨੂੰ ਹੀ ਜਾਂਦਾ ਹੈ।ਮਾਂ ਦੇ ਦੁੱਧ ਅਤੇ ਗੁੜਤੀ ਨੇ ਇਹ ਚਮਤਕਾਰ ਦਿਖਾਇਆ, ਜਿਸ ਨੂੰ ਕਦੇ ਅੱਖਾਂ ਤੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਮਾਤਾ ਖੀਵੀ ਜੀ ਆਪਣੀ ਸੰਤਾਨ ਨੂੰ ਕਿਵੇਂ ਕੀਲ ਕੇ ਰੱਖਦੀ ਸੀ। ਇਸ ਦੀ ਇਕ ਉਦਾਹਰਣ ਉਸ ਸਮੇਂ ਦੀ ਹੈ, ਜਦੋਂ ਘੋੜੀ ਤੇ ਸਵਾਰ ਹੋ ਦਾਸੂ ਜੀ ਨੇ ਗੁਰੂ ਅਮਰਦਾਸ ਜੀ ਦਾ ਪਿੱਛਾ ਕੀਤਾ ਸੀ। ਮਾਤਾ ਖੀਵੀ ਨੂੰ ਜਦ ਦਾਤੂ ਜੀ ਤੇ ਦਾਸੂ ਜੀ ਵਲੋਂ ਗੁਰੂ ਅਮਰਦਾਸ ਜੀ ਨੂੰ ਬਾਸਰਕੇ ਰਾਹ ਵਿਚ ਘੇਰ ਲੈਣ ਦੀ ਖ਼ਬਰ ਮਿਲੀ ਤਾਂ ਆਪ ਜੀ ਉਸ ਸਮੇਂ ਤੁਰ ਕੇ ਗੁਰੂ ਅਮਰਦਾਸ ਜੀ ਦੇ ਪਾਸ ਗਏ ਅਤੇ ਉਨ੍ਹਾਂ ਨਿਮਰਤਾ ਵਿਚ ਭਿੱਜ ਜੋ ਸ਼ਬਦ ਆਖੇ, ਉਹ ਸ਼ਬਦ ਹਰ ਮਾਂ ਨੂੰ ਸਦਾ ਚੇਤੇ ਰੱਖਣੇ ਚਾਹੀਦੇ ਹਨ।ਇਥੇ ਇਹ ਵੀ ਯਾਦ ਰਵੇ ਕਿ ਗੁਰੂ ਅਮਰਦਾਸ ਜੀ ਉਸ ਸਮੇਂ ਅਜੇ ਗੁਰੂ ਨਹੀਂ ਸਨ ਬਣੇ। ਮਾਤਾ ਖੀਵੀ ਜੀ ਨੂੰ ਬਾਸਰਕੇ ਦੇਖ ਕੇ ਗੁਰੂ ਅਮਰਦਾਸ ਜੀ ਨੇ ਕਿਹਾ, "ਤੁਸਾਂ ਕਿਉਂ ਖੇਚਲ ਕੀਤੀ, ਮੈਨੂੰ ਬੁਲਾ ਲੈਣਾ ਸੀ"। ਮਾਤਾ ਜੀ ਨੇ ਕਿਹਾ, "ਗੁਰੂ ਨਾਨਕ ਦੇ ਘਰ ਦੀ ਦੌਲਤ ਹੀ ਗਰੀਬੀ ਹੈ, ਨਿਮਰਤਾ ਹੈ। ਮੈਂ ਦੋਵੇਂ ਬੱਚੇ ਨਾਲ ਲੈ ਕੇ ਆਈ ਹਾਂ। ਇਨ੍ਹਾਂ ਨੇ ਲੋਕਾਂ ਦੇ ਚੁੱਕ 'ਚ ਆਪ ਜੀ ਦੀ ਬੇਅਦਬੀ ਕੀਤੀ ਹੈ। ਆਪ ਜੀ ਨੂੰ ਘੇਰਿਆ ਹੈ। ਆਪ ਮਿਹਰ ਕਰੋ, ਭੁੱਲਣਹਾਰ ਜਾਣ ਕੇ ਤੇ ਆਪਣੇ ਸਮਝ ਕੇ ਬਖ਼ਸ਼ ਦਿਓ ਨੇ। ਗੁਰੂ ਅਮਰਦਾਸ ਜੀ ਨੇ ਕਿਹਾ 'ਬਖ਼ਸ਼ਸ਼ ਦਾਤਾ ਤਾਂ ਗੁਰੂ ਅੰਗਦ ਦੇਵ ਜੀ ਹੀ ਹਨ ਤਾਂ ਮਾਤਾ ਜੀ ਨੇ ਹੋਰ ਨਿਮਰ ਹੋ ਕੇ ਕਿਹਾ, 'ਮੈਨੂੰ ਪਤਾ ਹੈ ਕਿ ਇਹ ਅਪਰਾਧ ਬਖ਼ਸ਼ਣ ਯੋਗ ਨਹੀਂ, ਮਿਹਰ ਕਰ ਦਿਓ ਨੇ। ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਤੇ ਧੰਨ ਮਾਤਾ ਖੀਵੀ ਜੀ ਕਹਿ ਕੇ ਬੱਚਿਆਂ ਨੂੰ ਛਾਤੀ ਨਾਲ ਲਗਾ ਲਿਆ। ਫਿਰ ਜਦ ਗੁਰੂ ਅੰਗਦ ਦੇਵ ਜੀ ਨੇ ਮਾਤਾ ਖੀਵੀ ਜੀ ਨੂੰ, ਅਮਰਦਾਸ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਦੇਣ ਦੀ ਖ਼ਬਰ ਦਿੱਤੀ ਤਾਂ ਆਪ ਜੀ ਨੇ ਖੁਸ਼ੀ ਮਨਾਈ।ਗੁਰੂ ਅੰਗਦ ਦੇਵ ਜੀ ਨੇ ਕਿਹਾ, 'ਸਾਨੂੰ ਪਤਾ ਹੈ ਕਿ ਤੁਸੀਂ ਰਜ਼ਾ ਵਿਚ ਰਾਜ਼ੀ ਹੋ। ਪੁੱਤਰਾਂ ਦੀ ਗੱਲ ਵੀਚਾਰੋ। ਮਾਤਾ ਜੀ ਨੇ ਪੁੱਤਰਾਂ ਦੇ ਸੰਬੰਧ ਵਿਚ ਕਿਹਾ, 'ਪੁੱਤਰ ਪੁੱਤਰਪੁਣੇ ਵਿਚ ਹਨ, ਤੁਸੀਂ ਹੀ ਮਿਹਰ ਕਰੋ। ਮਾਤਾ ਜੀ ਦੋਵੇਂ ਪੁੱਤਰਾਂ ਨੂੰ ਬਹੁਤ ਸਮਝਾਉਂਦੇ ਰਹੇ। ਬੜੇ ਮਿੱਠੇ ਢੰਗ ਨਾਲ ਕਹਿੰਦੇ ਕਿ ਇਹ ਮੇਰੀ ਜਾਂ ਤੇਰੀ ਸਿਫ਼ਾਰਸ਼ ਦੀ ਗੱਲ ਨਹੀਂ, ਕਿਸੇ ਦੇ ਹੱਥ ਕੁਝ ਨਹੀਂ, ਸਭ ਕੁਝ ਕਰਤਾਰ ਦੇ ਅਧੀਨ ਹੈ।

**ਕਹਿ ਕਾਹੂ ਕੇ ਕਰ ਬਿਥੈ, ਸਭ ਕਰਤਾਰ ਅਧੀਨੈ ॥**

ਭਾਈ ਕੇਸਰ ਸਿੰਘ ਨੇ ਬੰਸਾਵਲੀਨਾਮਾ ਵਿਚ ਲਿਖਿਆ ਹੈ ਕਿ

ਮਾਤਾ ਜੀ ਸਮਝਾਉਂਦੇ ਕਿ, 'ਪੰਡ ਭਾਰੀ ਹੈ, ਤੁਸਾਂ ਤੇ ਚੁਕੀ ਨਾ ਜਾਸੀ। ਇਹ ਚੁਕੇਗਾ ਸਾਗੀ। ਛੇ ਮਹੀਨੇ ਤੱਕ ਮਾਤਾ ਜੀ ਸਮਝਾਉਂਦੇ ਰਹੇ।

ਦੋਵੇਂ ਪੁੱਤਰਾਂ 'ਚੋਂ ਗੱਦੀ ਕਿਸ ਨੂੰ ਨਾ ਮਿਲਣ ਦਾ ਰੋਸ ਹੋਇਆ।ਦਾਸੂ ਜੀ ਗੁਰਗੱਦੀ ਜਾ ਬੈਠੇ। ਉਨ੍ਹਾਂ ਦਾ ਸਿਰ ਫਿਰ ਗਿਆ।

ਇਸੇ ਤਰ੍ਹਾਂ ਜਦੋਂ ਭਰੇ ਦਰਬਾਰ ਵਿਚ ਦਾਤੂ ਜੀ ਨੇ ਗੁਰੂ ਅਮਰਦਾਸ ਜੀ ਨੂੰ ਲੱਤ ਮਾਰੀ ਤਾਂ ਗੁਰੂ ਪਾਤਸ਼ਾਹ ਨੇ ਉਸ ਦੇ ਪੈਰ ਪਕੜ ਲਏ ਤੇ ਕਿਹਾ 'ਤੁਹਾਡੇ ਚਰਨ ਕੋਮਲ ਤੇ ਮੇਰੇ ਹੱਡ ਕਰੜੇ' ਹਨ ਇਹ ਆਖ ਕੇ ਆਪ ਜੀ ਨੇ ਖਿਮਾ ਦੀ ਹੱਦ ਦੱਸੀ। ਅਹੰਕਾਰੀ ਦਾਤੂ ਦਾ ਪੈਰ ਪੀੜਾ ਨਾਲ ਐਸਾ ਵਿਗੜਿਆ ਕਿ ਪਿਛੋਂ ਗੁਰੂ ਅਰਜਨ ਜੀ ਦੀ ਚਰਨ-ਛੁਹ ਨਾਲ ਹੀ ਠੀਕ ਹੋ ਸਕਿਆ।

ਪੈਰ ਵਿਚ ਪੀੜ ਉਠਣ 'ਤੇ ਵੀ ਮਾਂ ਦਾ ਹਿਰਦਾ ਪਿਘਲਿਆ ਨਹੀਂ। ਉਨ੍ਹਾਂ ਦਾਤੂ ਦਾ ਸਾਥ ਨਾ ਦਿੱਤਾ। ਉਹ ਮਨਮੁਖ ਦਾ ਸਾਥ ਕਿਵੇਂ ਦੇ ਸਕਦੇ ਸਨ।

ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਵੀ ਮਾਤਾ ਜੀ ਲੰਗਰ ਦੀ ਸੇਵਾ ਕਰਦੇ ਰਹੇ। ਖਡੂਰ ਸਾਹਿਬ ਉਸੇ ਤਰ੍ਹਾਂ ਲੰਗਰ ਜਾਰੀ ਰਹਿਆ। ਗੁਰੂ ਅਮਰਦਾਸ ਜੀ ਵੇਲੇ ਲੰਗਰ ਵਿਚ ਨਿੱਤ ਘਿਉ, ਮੈਦਾ ਪੱਕਦਾ ਤੇ ਰਬਾਬੀ ਸੱਤਾ ਜੀ ਨੇ ਫਿਰ 'ਨਿਤ ਰਸੋਈ ਤੇਰੀਐ, ਘਿਉ ਮੈਦਾ ਖਾਣੁ' ਦੀ ਧੁਨੀ ਉਠਾਈ। ਭਾਵੇਂ ਮਾਤਾ ਜੀ ਕਾਫ਼ੀ ਬਿਰਧ ਹੋ ਗਏ ਸਨ ਪਰ ਲੰਗਰ ਦੀ ਨਿਗਰਾਨੀ ਪੂਰੀ ਤਰ੍ਹਾਂ ਕਰਦੇ। ਜਦੋਂ ਅੰਮ੍ਰਿਤਸਰ ਵੱਸਿਆ ਤਾਂ ਆਪ ਜੀ ਕੁਝ ਚਿਰ ਉੱਥੇ ਵੀ ਆ ਕੇ ਸੇਵਾ ਕਰਦੇ ਰਹੇ। ਸੰਨ 1582 ਵਿਚ ਆਪ ਜੀ ਖਡੂਰ ਸਾਹਿਬ ਹੀ ਅਕਾਲ ਚਲਾਣਾ ਕਰ ਗਏ ਅਤੇ ਗੁਰੂ ਅਰਜਨ ਦੇਵ ਜੀ ਨੇ ਆਪ ਆ ਕੇ ਹੱਥੀਂ ਸਸਕਾਰ ਕੀਤਾ। ਮਾਤਾ ਖੀਵੀ ਜੀ ਨੇ ਜੋ ਸੇਵਾ ਦੀ ਰੀਤ ਚਲਾਈ, ਉਹ ਹੁਣ ਤੱਕ ਚੱਲਦੀ ਆ ਰਹੀ ਹੈ। ਜੇ ਪਹਿਲੀ ਸਿੱਖ ਬੇਬੇ ਨਾਨਕੀ ਸੀ ਤਾਂ ਪਹਿਲੀ ਸੇਵਿਕਾ ਮਾਤਾ ਖੀਵੀ ਜੀ ਸਨ।

## ਪੂਰੀ ਜ਼ਿੰਦਗੀ ਸਮਾਜਿਕ...

ਸੰਨ 1953 ਵਿਚ ਡਾ. ਅੰਬੇਡਕਰ ਸਾਹਿਬ ਨੇ ਬੀ.ਬੀ.ਸੀ. ਤੋਂ ਪ੍ਰਸਾਰਿਤ ਕੀਤੇ ਇਕ ਭਾਸ਼ਣ ਵਿਚ ਕਿਹਾ ਕਿ ਉਹ ਬੁੱਧ ਧਰਮ ਨੂੰ ਇਸ ਲਈ ਮੰਨਦੇ ਹਨ, ਕਿਉਂਕਿ ਇਸ ਵਿਚ ਸੰਮਤਾ, ਸਮਾਨਤਾ ਅਤੇ ਭਾਈਚਾਰੇ ਦੇ ਤਿੰਨੇ ਅਸੂਲ ਇਕ ਥਾਂ ਮਿਲਦੇ ਹਨ। ਬੁੱਧ ਧਰਮ ਵਹਿਮ-ਪ੍ਰਸਤੀ ਦੀ ਥਾਂ ਸੂਝ ਦੀ ਸਿੱਖਿਆ ਦਿੰਦਾ ਹੈ। ਇਹ ਵਿਚਾਰ ਤੇ ਬਰਾਬਰੀ ਸਿਖਾਉਂਦਾ ਹੈ। ਉਨ੍ਹਾਂ ਲੱਖਾਂ ਪੈਰੋਕਾਰਾਂ ਨਾਲ ਬੁੱਧ ਧਰਮ ਗ੍ਰਹਿਣ ਕੀਤਾ। ਡਾ. ਅੰਬੇਡਕਰ ਗਿਆਨ ਨੂੰ ਇਕ ਸ਼ਕਤੀ ਵਜੋਂ ਲੈਂਦੇ ਸਨ। ਉਹ ਕਿਹਾ ਕਰਦੇ ਸਨ ਕਿ ਅਨੁਸੂਚਿਤ ਜਾਤੀਆਂ ਦੇ ਲੋਕ ਓਨਾ ਚਿਰ ਆਪਣੀ ਸੁਤੰਤਰਤਾ ਅਤੇ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ ਜਿੰਨਾ ਚਿਰ ਉਹ ਗਿਆਨ ਦੇ ਖ਼ੇਤਰ ਵਿਚ ਡੂੰਘਾ ਨਹੀਂ ਉਤਰਦੇ। ਉਹ ਚਾਹੁੰਦੇ ਸਨ ਕਿ ਦਲਿਤ ਸਮਾਜ ਦੇ ਵਿਦਿਆਰਥੀ ਗਿਆਨ ਹਾਸਲ ਕਰਨ ਅਤੇ ਸਮਾਜ ਨੂੰ ਅਗਵਾਈ ਦੇਣ। ਉਨ੍ਹਾਂ ਦੇ ਦਿੱਤੇ ਪਹਿਲੇ ਆਦੇਸ਼ 'ਸਿੱਖਿਅਤ ਬਣੋ' ਦੇ ਅਨੁਸਾਰ ਕੁਝ ਲੋਕਾਂ ਨੇ ਵਿੱਦਿਆ ਪ੍ਰਾਪਤੀ ਨੂੰ ਆਪਣੀ ਨਿੱਜੀ ਸਫ਼ਲਤਾ ਦਾ ਸਾਧਨ ਬਣਾ ਕੇ ਆਪਣੇ ਪਰਿਵਾਰ ਤੱਕ ਹੀ ਸੀਮਤ ਕਰ ਲਿਆ। ਦੂਜਾ ਆਦੇਸ਼ 'ਸੰਘਰਸ਼ ਕਰੋ' ਨੂੰ ਸਿਰਫ ਸਿਆਸੀ ਲੀਡਰਾਂ ਦਾ ਕੰਮ ਸਮਝ ਕੇ ਉਸ ਨੂੰ ਅਣਗੌਲਿਆ ਕਰ ਦਿੱਤਾ। ਤੀਜੇ ਆਦੇਸ਼ 'ਸੰਗਠਿਤ ਹੋਵੋ' ਦੇ ਅਨੁਸਾਰ ਉਸ ਬਾਰੇ ਸਮਾਜ ਦਾ ਰਵੱਈਆ ਹੀ ਉਲਟ ਦਿਸ਼ਾ ਵੱਲ ਹੋ ਗਿਆ ਲੱਗਦਾ ਹੈ। ਸਾਡੀ ਸੰਸਦੀ ਵਿਵਸਥਾ ਉਨ੍ਹਾਂ ਦੀ ਦੇਣ ਹੈ। ਉਨ੍ਹਾਂ ਦੇ ਯਤਨਾਂ ਸਦਕਾ ਹੀ ਤਿੰਨ ਰੰਗੇ ਕੌਮੀ ਝੰਡੇ ਵਿਚ ਅਸ਼ੋਕ ਚੱਕਰ ਦਾ ਨਿਸ਼ਾਨ ਰੱਖਿਆ ਗਿਆ। ਜਦੋਂ ਤਿੰਨ ਅਗਸਤ ਨੂੰ ਬਣੇ ਪਹਿਲੇ ਕੇਂਦਰੀ ਮੰਡਲ ਵਿਚ ਆਪ ਨੂੰ ਕਾਨੂੰਨ ਮੰਤਰੀ ਬਣਾਇਆ ਗਿਆ ਤਾਂ ਅੰਬੇਡਕਰ ਸਾਹਿਬ ਨੇ ਔਰਤਾਂ ਦੀ ਉੱਨਤੀ ਤੇ ਮੁਕਤੀ ਵਾਸਤੇ ਪੂਰੀ ਵਾਹ ਲਾਈ ਤੇ ਔਰਤਾਂ ਦੇ ਰੁਤਬੇ ਨੂੰ ਵਧਾਉਣ ਲਈ ਸੰਵਿਧਾਨ ਸਭਾ ਵਿਚ ਹਿੰਦੂ ਕੋਡ ਬਿੱਲ ਪੇਸ਼ ਕੀਤਾ। ਹਿੰਦੂ ਕੋਡ ਬਿੱਲ ਸਬੰਧੀ ਜਦੋਂ ਮੰਤਰੀ ਮੰਡਲ ਵਿਚ ਵਿਰੋਧ ਹੋਇਆ ਤਾਂ ਆਪ ਨੇ ਮੰਤਰੀ ਮੰਡਲ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਮਗਰੋਂ 26 ਜਨਵਰੀ, 1950 ਨੂੰ ਆਪ ਦੁਆਰਾ ਨਿਰਮਿਤ 395 ਧਾਰਾਵਾਂ ਤੇ 9 ਅਨੁਸੂਚੀਆਂ ਵਾਲਾ ਸੰਵਿਧਾਨ ਲਾਗੂ ਕਰ ਦਿੱਤਾ ਗਿਆ। ਬਾਬਾ ਸਾਹਿਬ ਨੇ ਕਈ ਕਿਤਾਬਾਂ ਵੀ ਲਿਖੀਆਂ। ਗ਼ਰੀਬ ਲੋਕਾਂ ਦੇ ਹੱਕਾਂ ਲਈ ਲੜਦੀ ਇਹ ਸ਼ਖ਼ਸੀਅਤ 6 ਦਸੰਬਰ, 1956 ਨੂੰ ਆਪਣਾ ਭੌਤਿਕ ਚੋਲਾ ਤਿਆਗ ਕੇ ਸਦਾ ਲਈ ਅਲੋਪ ਹੋ ਗਈ। ਉਨ੍ਹਾਂ ਦੇ ਮਹਾਨ ਕਾਰਜਾਂ ਨੂੰ ਸਲਾਮ ਕਰਦਿਆਂ ਭਾਰਤ ਸਰਕਾਰ ਨੇ ਉਨ੍ਹਾਂ ਨੂੰ 1990 ਵਿਚ ਸਰਬਉੱਚ ਸਨਮਾਨ 'ਭਾਰਤ ਰਤਨ' ਨਾਲ ਨਿਵਾਜ਼ਿਆ। ਦੇਸ਼-ਵਿਦੇਸ਼ਾਂ ਵਿਚ ਹਰ ਸਾਲ 14 ਅਪ੍ਰੈਲ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਦੀ ਜੈਅੰਤੀ ਬਹੁਤ ਧੂਮ-ਧਾਮ ਨਾਲ ਮਨਾਈ ਜਾਂਦੀ ਹੈ।

## ਪੰਜਾਬੀ ਸਾਹਿਤ ਦੀ ਹਰਮਨ..

ਰਾਜਸਥਾਨ ਦੇ 'ਕੀਚਨ' ਪਿੰਡ ਦੇ ਲੋਕੀਂ ਇਨ੍ਹਾਂ ਕੂੰਜਾਂ ਨੂੰ ਦਾਣੇ ਪਾਉਂਦੇ ਹਨ ਅਤੇ ਉੱਥੇ ਸਰਦੀਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕੂੰਜਾਂ ਆਉਂਦੀਆਂ ਹਨ। ਸੈਲਾਨੀ ਇਨ੍ਹਾਂ ਕੂੰਜਾਂ ਨੂੰ ਦੇਖਣ ਦੂਰੋਂ-ਦੂਰੋਂ ਪਿੰਡ ਕੀਚਨ ਜਾਂਦੇ ਹਨ। 'ਸਾਰਸ ਕੂੰਜ' ਦੇ ਖ਼ਤਰੇ ਦੇ ਕਗਾਰ ਉੱਤੇ ਪਹੁੰਚਣ ਕਰਕੇ ਉੱਤਰ ਪ੍ਰਦੇਸ਼ ਸਰਕਾਰ ਨੇ ਇਸ ਨੂੰ ਆਪਣਾ 'ਰਾਜ ਪੰਛੀ' ਘੋਸ਼ਿਤ ਕੀਤਾ ਹੈ।ਵਿਸਾਖ ਮਹੀਨੇ ਕੂੰਜਾਂ ਦੇ ਆਪਣੇ ਵਤਨ ਮੌਸਮ ਠੀਕ ਹੋਣ ਅਤੇ ਉੱਤਰੀ ਭਾਰਤ ਵਿਚ ਗਰਮੀ ਦੇ ਮੌਸਮ ਦੀ ਸ਼ੁਰੂਆਤ ਹੋਣ 'ਤੇ ਇਹ ਆਪਣੇ ਵਤਨ ਵਾਪਸ ਚਲੀਆਂ ਜਾਂਦੀਆਂ ਹਨ। ਇਸ ਸਮੇਂ ਹੀ ਪੰਜਾਬ ਵਿਚ ਕਣਕਾਂ ਪੱਕ ਕੇ ਕਟਾਈ ਲਈ ਤਿਆਰ ਹੁੰਦੀਆਂ ਹਨ। ਇਸੇ ਕਾਰਨ ਦੋਹਾਂ ਸਬੰਧੀ ਪ੍ਰਸਿੱਧ ਹੈ:

**ਕਣਕਾਂ ਕੂੰਜੀਂ ਮਹਿਨਾ ਜੇ ਰਹਿਣ ਵਿਸਾਖ।**

ਭਾਵੇਂ ਕਈ ਨਵੇਂ ਗੀਤਾਂ ਵਿਚ ਵੀ ਕੂੰਜਾਂ ਦਾ ਜ਼ਿਕਰ ਆਉਂਦਾ ਹੈ ਪਰ ਅਫ਼ਸੋਸ ਨਵੀਂ ਪੀੜੀ ਨੂੰ ਨਾ ਕੂੰਜ ਬਾਰੇ ਪਤਾ ਹੈ ਤੇ ਨਾ ਹੀ ਉਸ ਦੀ ਮਹੱਤਤਾ ਬਾਰੇ-ਇਸੇ ਲਈ ਅੱਜ ਦੀ ਪੀੜੀ ਦੇ ਨੌਜਵਾਨ ਗ਼ੈਰ ਅਨੁਸ਼ਾਸਿਤ ਹੋ ਕੇ ਬੇਲਗਾਮ ਹੋਏ ਫਿਰਦੇ ਹਨ।

## ਕਲਾ ਦੇ ਰੂਪ ਵਿੱਚ ਸਿੱਖ...

ਜਿਸ ਨਾਲ ਸਥਾਨਕ ਅਮਰੀਕੀ ਲੋਕਾਂ ਨੂੰ ਸਿੱਖ ਅਤੇ ਪੰਜਾਬ ਦੀ ਕਹਾਣੀ ਬਾਰੇ ਜਾਗਰੂਕ ਕੀਤਾ ਜਾ ਸਕੇ।

ਆਪਣੀ ਜ਼ਿੰਦਗੀ ਦੇ ਸਫ਼ਰ ਨੂੰ ਸਾਂਝਾ ਕਰਦੇ ਹੋਏ ਸਵਰਨ ਸਿੰਘ ਖਾਲਸਾ ਨੇ ਦੱਸਿਆ ਕਿ 2010 ਵਿੱਚ ਉਨ੍ਹਾਂ ਨੇ ਮਾਸਟਰ ਡਿਗਰੀ ਖਤਮ ਕੀਤੀ ਅਤੇ ਆਪਣਾ ਵਪਾਰ ਸ਼ੁਰੂ ਕਰ ਲਿਆ ਅਤੇ ਇਸ ਦੇ ਨਾਲ ਹੀ ਆਪਣੇ ਜ਼ਿੰਦਗੀ ਦੇ ਉਸ ਸਫ਼ਰ ਨੂੰ ਵੀ ਨਾਲ ਲੈ ਲਿਆ ਜੋ ਸਿੱਖ ਕੌਮ ਦੀ ਰਹਿਨੁਮਾਈ ਕਰਦਾ ਸੀ। ਸਿੱਖ ਪੰਥ ਨੂੰ ਸਮਰਪਿਤ ਸਰਦਾਰ ਸਵਰਨਜੀਤ ਸਿੰਘ ਖ਼ਾਲਸਾ ਜਿਹੀਆਂ ਰੂਹਾਂ ਕੌਮ ਦਾ ਨਾਮ ਰੁਸ਼ਨਾਉਂਦੀਆਂ ਹਨ ਤੇ ਇਹ ਆਪਣੀ ਜ਼ਿੰਦਗੀ ਦੇ ਉਹ ਹਸੀਨ ਪਲ ਵੀ ਆਪਣੀ ਕੌਮ ਨੂੰ ਸਮਰਪਿਤ ਕਰ ਦਿੰਦੀਆਂ ਹਨ ਜੋ ਵਜੂਦ ਵਿਚ ਵਾਰ ਵਾਰ ਨਹੀਂ ਆਉਂਦੇ। ਅਕਸਰ ਇਹ ਗੱਲ ਕੀਤੀ ਜਾਂਦੀ ਹੈ ਕਿ ਜੋ ਵੀ ਸਾਡਾ ਬੀਤ ਚੁੱਕਿਆ ਸਮਾਂ ਹੈ ਉਹ ਕਦੇ ਵੀ ਦੁਬਾਰਾ ਵਾਪਸ ਨਹੀਂ ਆਉਂਦਾ ਪਰ ਇੱਥੇ ਇਹ ਵੀ ਗੱਲ ਬਣਦੀ ਹੈ ਕਿ ਜੇਕਰ ਉਸ ਸਮੇਂ ਵਿਚ ਇਕ ਅਜਿਹਾ ਕਾਰਜ ਆਰੰਭਿਆ ਜਾਵੇ ਜੋ ਤੁਹਾਨੂੰ ਦੁਨੀਆ ਦੀ ਬਾਦਸ਼ਾਹੀ ਪ੍ਰਦਾਨ ਕਰ ਦਿੰਦਾ ਹੈ ਤਾਂ ਅਸੀਂ ਆਖ ਸਕਦੇ ਹਾਂ ਕਿ ਸਮੇਂ ਦੀ ਸੰਭਾਲ ਹੀ ਮਨੁੱਖ ਨੂੰ ਜ਼ਿੰਦਗੀ ਦੇ ਹਸੀਨ ਪਲ ਬਖ਼ਸ਼ ਦਿੰਦੀ ਹੈ। ਸੋ ਸਵਰਨਜੀਤ ਸਿੰਘ ਖਾਲਸਾ ਨੇ ਵੀ ਆਪਣੀ ਜ਼ਿੰਦਗੀ ਵਿੱਚ ਉਹ ਕਾਰਜ ਆਰੰਭਿਆ ਜੋ ਉਨ੍ਹਾਂ ਲਈ ਹੀ ਨਹੀਂ ਸਗੋਂ ਸਾਰੀ ਸਿੱਖ ਕੌਮ ਦੀ ਵਿਰਾਸਤ ਤੇ ਉਸ ਦੇ ਇਤਿਹਾਸ ਨੂੰ ਸੰਭਾਲ ਕੇ ਰੱਖਣ ਦੀ ਸੋਝੀ ਬਖ਼ਸ਼ਦਾ ਸੀ। ਇਸੇ ਸਫ਼ਰ ਵਿੱਚ ਉਨ੍ਹਾਂ ਨੇ 2007 ਵਿੱਚ ਲੰਗਰ ਸੇਵਾ ਅਤੇ ਸਿੱਖ ਜਾਗਰੂਕਤਾ ਬੂਥਾਂ ਨਾਲ ਸਿੱਖੀ ਦਾ ਪ੍ਰਚਾਰ ਸ਼ੁਰੂ ਕੀਤਾ ਗਿਆ ਸੀ, ਜਿਸ ਨਾਲ ਸਥਾਨਕ ਅਮਰੀਕੀ ਲੋਕਾਂ ਨੂੰ ਸਿੱਖ ਅਤੇ ਪੰਜਾਬ ਦੀ ਅਜਿਹੀ ਕਹਾਣੀ ਬਾਰੇ ਜਾਗਰੂਕ ਕਰਨਾ ਸੀ ਜੋ ਉਸ ਦੀ ਵਿਲੱਖਣਤਾ ਦੀ ਨਿਸ਼ਾਨੀ ਸੀ।

2010-2015 ਦੇ ਸਮੇਂ ਦੌਰਾਨ 200 ਤੋਂ ਵੱਧ ਪੇਸ਼ਕਾਰੀ ਦਿੱਤੀ ਅਤੇ 1200 ਤੋਂ ਵੱਧ ਹਾਈ ਪ੍ਰੋਫਾਈਲ ਲੋਕਾਂ ਅਤੇ ਪੁਲਿਸ ਅਫਸਰਾਂ ਨੂੰ ਸਿੱਖਾਂ ਬਾਰੇ ਜਾਗਰੂਕ ਕੀਤਾ ਅਤੇ ਸਮੇਂ ਸਮੇਂ ਦੇ ਨਾਲ ਅਨੇਕਾਂ ਸਥਾਨਕ ਸਮਾਗਮਾਂ ਵਿਚ ਵੱਧ ਚੜ ਕੇ ਹਿੱਸਾ ਲਿਆ ਅਤੇ ਆਪਣੀ ਸਿੱਖ ਕੌਮ ਦੀ ਰਹਿਨੁਮਾਈ ਕੀਤੀ।

2016 ਵਿੱਚ ਸਰਦਾਰ ਸਵਰਨਜੀਤ ਸਿੰਘ ਖਾਲਸਾ ਮੇਅਰ ਦੁਆਰਾ ਸ਼ਹਿਰ ਯੋਜਨਾ ਦੇ ਕਾਰਜਸ਼ੀਲ ਹੋਣ ਲਈ ਨਾਮਜ਼ਦ ਹੋਏ।

2018 ਵਿੱਚ ਲੰਮੇ ਸੰਘਰਸ਼ ਤੋਂ ਬਾਅਦ ਕਨੈਟੀਕਟ ਵਿਚ ਸਿੱਖ ਨਸਲਕੁਸ਼ੀ ਨੂੰ ਮਾਨਤਾ ਦੇਣ ਲਈ ਬਿਲ ਪਾਸ ਕਰਵਾਇਆ ਗਿਆ

2019 ਵਿੱਚ ਸਵਰਨਜੀਤ ਸਿੰਘ ਖ਼ਾਲਸਾ ਨੂੰ ਕਨੈਟੀਕਟ ਵਿਚ ਆਫਿਕਲ ਲਈ ਚੁਣਿਆ ਗਿਆ। ਅਜੋਕੇ ਸਮੇਂ ਵੀ ਇਹ ਸਾਰੀਆਂ ਗਤੀਵਿਧੀਆਂ ਜੋ ਸਿੱਖ ਕੌਮ ਦੀ ਵਿਲੱਖਣਤਾ ਨੂੰ ਕਾਇਮ ਕਰਨ ਵਿਚ ਆਪਣਾ ਆਪਣਾ ਬਹੁਮੁੱਲਾ ਯੋਗਦਾਨ ਪਾਉਂਦੀਆਂ ਹਨ।

ਸਵਰਨਜੀਤ ਸਿੰਘ ਖਾਲਸਾ ਜੀ ਨਾਲ ਗੱਲਬਾਤ ਕਰਨ ਤੋਂ ਬਾਅਦ ਜੋ ਮਹਿਸੂਸ ਹੋਇਆ ਹੈ ਉਸ ਵਿਚ ਇਕ ਗੱਲ ਖਾਸ ਤੌਰ 'ਤੇ ਸਪੱਸ਼ਟ ਹੋ ਜਾਂਦੀ ਹੈ ਕਿ ਇਕ ਸੱਚਾ ਸਿੱਖ, ਸ਼ਬਦ ਗੁਰੂ ਦੀ ਓਟ ਲੈਣ ਵਾਲਾ ਇਨਸਾਨ ਆਪਣੇ ਧਰਮ ਵਿੱਚ ਤਾਂ ਪਰਪੱਕ ਹੈ ਹੀ ਪਰ ਨਾਲ ਹੀ ਉਹ ਸਾਰੇ ਧਰਮਾਂ ਦੀਆਂ ਚੰਗੀਆਂ ਗੱਲਾਂ ਦਾ ਸਤਿਕਾਰ ਕਰਨ ਵਾਲਾ ਗੁਰੂ ਦਾ ਸਿੱਖ ਹੈ। ਜਿਸ ਦੀ ਜ਼ਿੰਦਗੀ ਦਾ ਇੱਕੋ ਇੱਕ ਮਕਸਦ ਹੈ ਕਿ ਆਪਣੀ ਵਿਰਾਸਤ ਦੇ ਫ਼ਕਰ ਨੂੰ ਅਜਿਹੀ ਰੋਸ਼ਨੀ ਪ੍ਰਦਾਨ ਕੀਤੀ ਜਾਵੇ ਜਿਸ ਉੱਤੇ ਆਉਣ ਵਾਲੀਆਂ ਪੀੜੀਆਂ ਵੀ ਮਾਣ ਮਹਿਸੂਸ ਕਰਨ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**






**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**